



Year: 14; issue No. 55 ISSN :2321-4449
Kahani Dhara (Punjabi Quarterly) Oct.-Dec.,2019, R.N.I. Regd. No. PUN PUN 2006/19971

***ਕਹਾਣੀ ਸੰਗ੍ਰਹਿ ..ਚਾਨਣ ਦੀ ਲੀਕ (1992), ਮੈਂ ਸੈਤਾਨ ਤੇ ਇੰਦੂਮਣੀ (1997), ਤੀਜਾ ਨੇਤਰ (2005), ਮਰਨ ਰੁੱਤ (2010), ਕੁਵੇਲੇ ਤੁਰਿਆ ਪਾਂਧੀ (2013), ਕੁੰਭੀ ਨਰਕ (2017) ਤੋਂ ਬਾਅਦ ਭਗਵੰਤ ਰਸੂਲਪੁਰੀ ਦਾ ਪਲੇਠਾ ਨਾਵਲ***




"ਮੈਂ ਤੈਨੂੰ ਦੱਸਾਂ ਇਹ ਭੋਇੰ ਵੇਖਣ ਨੂੰ ਭਾਵੇਂ ਪਥਰੀਲੀ ਏ... ਸਖ਼ਤ ਏ... ਪਰ ਹੈਗੀ ਜ਼ਰਖ਼ੇਜ਼ ਏ... ਦੁਨੀਆਂ ਦੇ ਹਰ ਕੋਨੇ ਤੋਂ ਬੇਰੁਜ਼ਗਾਰੀ ਨਾਲ ਝੰਬੇ ਬੰਦੇ ਦੀਆਂ ਏਸੇ ਭੋਇੰ 'ਚ ਜੜ੍ਹਾਂ ਲੱਗਦੀਆਂ ਨੇ ਤਾਂ ਉਹਦੇ ਹੱਥਾਂ ਨੂੰ ਡਾਲਰ ਲੱਗਣ ਲੱਗ ਪੈਂਦੇ ਨੇ...ਏਸ ਭੋਇੰ ਦੇ ਹਰ ਕੋਨੇ 'ਤੇ ਭਾਂਤ-ਸੁਭਾਂਤੇ ਬੰਦਿਆਂ ਨੇ ਆਪਣੀਆਂ ਜੜ੍ਹਾਂ ਐਨੀਆਂ ਡੂੰਘੀਆਂ ਲਾ ਲਈਆਂ ਨੇ ਕਿ ਅਗਲੀਆਂ ਪੀੜ੍ਹੀਆਂ ਕੋਲੋਂ ਵੀ ਪੁੱਟਣੀਆਂ ਮੁਸ਼ਕਲ ਨੇ...ਤੂੰ ਇਹਨੂੰ ਪਥਰੀਲੀ ਭੋਇੰ ਕਹਿੰਦੈ?... ਉਏ ਕਮਲਿਆ ਇਹੀ ਜ਼ਰਖ਼ੇਜ਼ ਭੋਇੰ ਏ... ਏਸ ਭੋਇੰ 'ਤੇ ... ਤੂੰ ਵੇਖ ਸੈਕੜੇ ਏਕੜ ਰਕਬੇ 'ਤੇ ਤਰ੍ਹਾਂ ਤਰ੍ਹਾਂ ਦੇ ਫਰੂਟ ਲੱਗੇ ਹੋਏ ਨੇ...ਤੂੰ ਕਹੇਗਾ, ਹੁੰਦੇ ਤਾਂ ਖਾਦਾ ਤੇ ਸਪਰੇਆਂ ਨਾਲ ਈ ਨੇ... ਤੇਰੀ ਗੱਲ ਠੀਕ ਏ... ਹੁਣ ਤੂੰ ਵੇਖ ਲੈ ਹਰ ਪੰਜਾਬੀ ਮਾਪਾ ਪੰਜਾਬ ਦੀ ਪੜ੍ਹਾਈ ਦੀ ਖਾਦ ਨਾਲ ਤਿਆਰ ਆਪਣੀ ਪਨੀਰੀ ਦੀਆਂ ਜੜ੍ਹਾਂ ਏਸ ਪਥਰੀਲੀ ਧਰਤੀ 'ਤੇ ਲਾਉਣ ਲਈ ਤਰਲੋਮੱਛੀ ਹੋ ਰਿਹਾ ਏ...ਤੈਨੂੰ ਪਤੈ ਈ ਏ ਉਧਰ ਪੰਜਾਬ 'ਚ ਜ਼ਹਿਰੀਲੀ ਸਪਰੇਆਂ ਵਾਲੀ ਪੜ੍ਹਾਈ ਕਰ ਕਰ ਕੇ ਕਿੰਨੇ ਮੁੰਡੇ ਕੁੜੀਆਂ ਰੁਲ਼ੀ ਜਾ ਰਹੇ ਨੇ...!!!"

(ਨਾਵਲ ਦੇ ਇਕ ਪਾਤਰ ਦੇ ਬੋਲ)

**ਅਕਤੂਬਰ-ਦਸੰਬਰ,2019 ਅੰਕ :55**

**KAHANI DHARA (Punjabi Quarterly)**
**R.N.I.Regd No.PUN PUN/2006/19971**
**IÚÚN 2321-4449**

**e-mail:**
kahanidhara@gmail.com
bhagwantraúulpuri@gmail.com

**ਸੰਪਾਦਕ**

**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:50 ਰੁ.,10 ਅੰਕ:500 ਰੁ.,**
**(ਕਾਲਜ ਲਾਇਬਰੇਰੀ ਲਈ 600/-)**
**10 ਅੰਕ: ਡਾਲਰ:100, ਤੇ ਪੌਂਡ: 80**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

## ਅੰਦਰ ਪੜ੍ਹੋ

***ਸੰਪਾਦਕੀ***
ਸਵੈ ਜੀਵਨੀ 'ਚ ਪੰਜਾਬੀ ਦਲਿਤ ਲੇਖਕ -2
ਪੰਜਾਬੀ ਵਿਚ ਪਹਿਲੀ ਵਾਰ, ਗੁਰਦਿਆਲ ਸਿੰਘ ਨਾਲ ਵਿਨੋਦ ਸ਼ਾਹੀ ਦੀ ਮੁਲਾਕਾਤ-7
***ਕਹਾਣੀਆਂ***
ਉਹ ਬੰਦਾ /-ਪ੍ਰੋ. ਹਰਭਜਨ ਸਿੰਘ-21
ਭਗਵੇਂ ਬੱਦਲਾਂ 'ਚ.../-ਦੀਪਤੀ ਬਬੂਟਾ-38
ਸ਼ੁਗਰ ਰੋਗ /-ਗੋਵਰਧਨ ਗੱਬੀ-58
ਪੀੜ ਪਰੁੰਨੇ/ -ਗੁਰਦੀਪ ਸਿੰਘ ਢੁੱਡੀ-66
ਦੇਰ ਨਾ ਹੋ ਜਾਏ/ -ਜਸਵਿੰਦਰ ਕੌਰ ਬਿੰਦਰਾ-73
ਹਲਕਾਅ /-ਬਲਵੀਰ ਕੌਰ ਰੀਹਲ-80
ਸੂਲੀ ਉੱਤੇ ਟੰਗੀ ਅਣਖ / -ਅਸਗਰ ਅਲੀ ਜਾਵੇਦ-84
ਧੁੰਦਲਕਾ /-ਗੁਲਾਮ ਮੁਹੰਮਦ ਜ਼ਾਹਿਦ-89
***ਸਵੈ ਬਿਰਤਾਂਤ***
ਡੈਡੀ ਸਾਹਿਬ/-ਨਿਰੁਪਮਾ ਦੱਤ-91
ਦਿਲ ਦੀ ਸੁਣੋ/-ਸ਼ਰੀਨ ਆਨੰਦਿਤਾ-102
***ਜਨਬੋਧ***
ਭਾਰਤੀ ਦਰਸ਼ਨ ਦਾ ਬ੍ਰਾਹਮਣੀਕਰਨ/ - ਡਾ. ਸੇਵਾ ਸਿੰਘ-104
***ਆਲੋਚਨਾ***
'ਖਾਂਡਵ ਦਾਹ'/-ਜਗਵਿੰਦਰ ਜੋਧਾ-109
'ਸ਼ਰ੍ਹੇਆਮ'/-ਡਾ. ਪਰਗਟ ਸਿੰਘ ਟਿਵਾਣਾ-114
ਜਿਉਣਾ ਸੱਚ ਬਾਕੀ ਝੂਠ/-ਲਖਵੀਰ ਚੰਦ-118
ਜੀਰੋ ਕੰਜਰੀ / - ਡਾ. ਦੀਦਾਰ ਸਿੰਘ-122
***ਹੁੰਗਾਰਾ***-127



*ਟਾਇਟਲ ਪੇਂਟਿੰਗ: ਅਰਪਿਤਾ ਸਿੰਘ*

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਕਤੂਬਰ, 2019) ਟਾਇਟਲ ਪੇਂਟਿੰਗ: ਸਵੀ ਸਵਰਕਰ**



**ਸੰਪਾਦਕੀ**

# ਸਵੈ ਜੀਵਨੀ 'ਚ ਪੰਜਾਬੀ ਦਲਿਤ ਲੇਖਕ

ਭਾਰਤੀ ਦਲਿਤ ਸਮਾਜ ਦੀ ਸਮਾਜਿਕ ਇਤਿਹਾਸਕਾਰੀ ਦੀ ਸਟੀਕ ਝਲਕ ਦਲਿਤ ਲੇਖਕਾਂ ਵੱਲੋਂ ਲਿਖੀਆਂ ਸਵੈ-ਜੀਵਨੀਆਂ ਰਹੀਆਂ ਮਿਲਦੀ ਹੈ। ਇਹ ਇਕ ਅਜਿਹਾ ਸਮਾਜ ਹੈ ਜਿਸ ਨੂੰ ਮੁੱਖ ਧਾਰਾ ਦੇ ਸਮਾਜ ਵੱਲੋਂ ਮਾਨਤਾ ਨਹੀਂ ਦਿੱਤੀ ਜਾਂਦੀ ਸੀ। ਜਿਨ੍ਹਾਂ ਨੂੰ ਜੀਉਣ ਲਈ ਕੋਈ ਸਾਧਨ ਨਹੀਂ ਦਿੱਤੇ ਜਾਂਦੇ ਅਤੇ ਨਾ ਹੀ ਰਹਿਣ ਲਈ ਭੂਮੀ ਦਿੱਤੀ ਜਾਂਦੀ ਸੀ। ਅਜ਼ਾਦੀ ਉਪਰੰਤ ਭਾਵੇਂ ਕਿ ਸੰਵਿਧਾਨ ਵਿਚ ਪੜ੍ਹਾਈ ਦਾ, ਜਾਇਦਾਦ ਦਾ, ਸਮਾਨਤਾ ਨਾਲ ਜੀਉਣ ਦਾ ਅਧਿਕਾਰ ਦੇ ਦਿੱਤੇ ਗਏ ਪਰ ਭਾਰਤੀ ਸਮਾਜ ਸਭ ਕੁਝ ਦੇਣ ਤੋਂ ਗੁਰੇਜ਼ ਕਰਦਾ ਰਿਹਾ। ਦਲਿਤ ਸਵੈ ਜੀਵਨੀਆਂ ਰਾਹੀਂ ਅਸੀਂ ਭਾਰਤ ਦੀ ਸਮਾਜਿਕ ਬਣਤਰ ਨੂੰ ਸਮਝ ਸਕਦੇ ਹਾਂ। ਮਰਾਠੀ ਭਾਸ਼ਾ ਵਿਚ ਇਸ ਦੀ ਠੋਸ ਪ੍ਰੰਪਰਾ ਰਹੀ ਹੈ, ਜਿਨ੍ਹਾਂ ਰਾਹੀ ਅਸੀਂ ਜਾਤ-ਪਾਤ ਵਿਚ ਜਕੜੇ ਭਾਰਤੀ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਸ਼ਰਣ ਕੁਮਾਰ ਲਿੰਬਾਲੇ ਆਪਣੀ ਸਵੈ ਜੀਵਨੀ 'ਅੱਕਰਮਾਸ਼ੀ' ਵਿਚ ਆਪਣੇ ਹੇਠਲੇ ਡੰਡੇ 'ਤੇ ਬੈਠੇ ਦਲਿਤ ਸਮਾਜ ਦੀ ਇਤਿਹਾਸਕਾਰੀ ਕਰਦਾ ਹੈ, ਜਿਸ ਨੂੰ ਉੱਚ ਵਰਗ ਲਿਤਾੜਦਾ ਹੋਇਆ, ਦਲਿਤ ਨਾਰੀਆਂ ਦਾ ਸ਼ੋਸ਼ਣ ਕਰਦਾ ਹੈ। ਅੱਕਰਮਾਸ਼ੀ' ਦਾ ਅਰਥ ਹੈ ਗਿਆਰਾਂ ਮਾਸ਼ੇ। ਬਾਰਾਂ ਮਾਸ਼ੇ ਨਹੀਂ। ਅੱਕਰਮਾਸ਼ੀ ਵਿਅਕਤੀ ਦਾ ਜਨਮ ਪ੍ਰੰਪਰਿਕ ਸੰਬੰਧਾਂ (ਪਤੀ-ਪਤਨੀ) ਤੋਂ ਨਹੀਂ ਹੁੰਦਾ। ਲਿੰਬਾਲੇ ਦਾ ਜਨਮ ਇਸੇ ਤਰ੍ਹਾਂ ਹੁੰਦਾ ਹੈ। ਉੱਚ ਵਰਗ ਦੇ ਲੋਕਾਂ ਵੱਲੋਂ ਨਿਮਨ ਵਰਗ ਦੀਆਂ ਔਰਤਾਂ ਨੂੰ ਰਖੇਲ ਬਣਾ ਕੇ ਰੱਖਣ ਦਾ ਆਮ ਵਰਤਾਰਾ ਸੀ, ਇਨ੍ਹਾਂ ਔਰਤਾਂ ਦੇ ਬੱਚੇ ਵੀ ਹੋ ਜਾਂਦੇ ਸਨ ਜਿਨ੍ਹਾਂ ਨੂੰ ਸਮਾਜ ਵਿਚ ਅਸਲ ਪਿਤਾ ਦਾ ਨਾਂ ਨਹੀਂ ਮਿਲਦਾ ਸੀ। ਇਸ ਸਮਾਜ ਵਿਚ ਲਿੰਬਾਲੇ ਪੈਦਾ ਹੁੰਦਾ ਹੈ। ਅਤਿ ਦੀ ਗਰੀਬ ਬਸਤੀ 'ਚ, ਜਿੱਥੇ ਬੱਚਿਆਂ ਨੂੰ ਪੇਟ ਭਰਨ ਲਈ ਪਸ਼ੂਆਂ ਦੇ ਗੋਬਰ ਵਿਚੋਂ ਕਣਕ ਲੱਭਣੀ ਪੈਂਦੀ ਹੈ। ਉਸ ਨੇ ਆਪਣੇ ਸਮਾਜ ਦਾ ਬਹੁਤ ਹੀ ਭਿਆਨਿਕ ਕਰੂਰ ਚਿਹਰਾ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਜਦੋਂ 'ਅੱਕਰਮਾਸ਼ੀ' ਛਪਦੀ ਹੈ ਤਾਂ ਉਸ ਦੀ ਭਾਸ਼ਾ ਨੂੰ ਲੈ ਕੇ ਵੀ ਅਨੇਕਾਂ ਸਵਾਲ ਉਠਾਏ ਗਏ ਸਨ। ਉਸ ਤੋਂ ਬਾਅਦ ਮਹਾਂਰਾਸ਼ਟਰ ਦੇ ਦਲਿਤ ਸਮਾਜ ਦੀ ਇਤਿਹਾਸਕਾਰੀ 'ਗੱਠੜੀ ਚੋਰ' ਰਾਹੀਂ ਲਕਸ਼ਮਣ ਗਾਇਕਵਾੜ ਵੀ ਕਰਦਾ ਹੈ। ਉਹ ਮਹਾਂਰਾਸ਼ਟਰ ਵਿਚ ਰਹਿ ਰਹੇ ਦਲਿਤਾਂ ਦੇ ਘ੍ਰਿਣਾਉਣੇ ਯਥਾਰਥ ਨੂੰ ਪੇਸ਼ ਕਰਦਾ ਹੈ ਜੋ ਸਮਾਜ ਜੇਬ ਕਤਰੇ, ਚੋਰੀ ਕਰਨ ਵਾਲੇ ਤੇ ਠੱਗ ਆਦਿ ਵੱਜੋਂ ਸਮਾਜ ਵਿਚ ਜਾਣਿਆ ਜਾਂਦਾ ਹੈ। ਜਾਤੀ ਵਿਤਕਰਿਆਂ ਨੂੰ ਭੋਗਣ ਵਾਲੀ ਇਹ ਜਾਤੀ ਚੋਰੀਆਂ, ਕਤਲ, ਡਾਕੇ, ਜੇਬ ਕਤਰਨ ਵਰਗੇ ਅਪਰਾਧਾ ਦੀ ਹੋਣੀ ਭੋਗਦੀ ਹੈ। ਜਿਸ ਸਮਾਜ ਵਿਚ ਪੁਲਿਸ ਦੀ ਕੁੱਟ, ਜਬਰ ਤੇ ਖੋਹ ਖਿੱਚ ਆਮ ਵਰਤਾਰਾ ਰਹਿੰਦਾ ਹੈ। ਲੇਖਕ ਇਸ ਸਮਾਜ ਵਿਚੋਂ ਉੱਠ ਕੇ ਪੜ੍ਹਦਾ 'ਤੇ ਆਪਣੇ ਸਮਾਜ ਦੀ ਵਿਕਰਾਲ ਤਸਵੀਰ ਭਾਰਤੀ ਪਾਠਕਾਂ ਅੱਗੇ ਪੇਸ਼ ਕਰਦਾ ਹੈ। ਇਸ ਤੋਂ ਉਪਰੰਤ ਮਰਾਠੀ ਵਿਚ ਦਲਿਤ ਸਵੈ ਜੀਵਨੀ ਦੀ ਇਕ ਲੰਮੀ ਪ੍ਰੰਪਰਾ ਚੱਲਦੀ ਹੈ। ਦਰਜਨਾ ਦੇ ਕਰੀਬ ਦਲਿਤ ਸਮਾਜ ਵਿਚੋਂ ਲੇਖਕ ਉਭਰਦੇ ਹਨ, ਜਿਨ੍ਹਾਂ ਨੇ ਆਪਣੀਆਂ ਸਵੈ ਜੀਵਨੀਆਂ ਵਿਚ ਰੌਂਗਟੇ ਖੜੇ ਕਰ ਦੇਣ ਵਾਲੇ ਅਨੁਭਵ ਲਿਖੇ ਹਨ। ਜਿਸ ਕਾਰਨ ਹਿੰਦੀ ਸਮੇਤ ਹੋਰ ਭਾਸ਼ਾਵਾਂ ਵਿਚ ਦਲਿਤ ਸਵੈ ਜੀਵਨੀਆਂ ਲਿਖਣ ਦੀ ਪ੍ਰੰਪਰਾ ਚੱਲੀ। ਹਿੰਦੀ ਵਿਚ ਦਲਿਤ ਸਵੈ ਜੀਵਨੀ ਦਾ ਮੁੱਢ ਓਮ ਪ੍ਰਕਾਸ਼ ਵਾਲਮੀਕੀ ਦੀ ਸਵੈ ਜੀਵਨੀ 'ਜੂਠਨ' ਤੋਂ ਬੱਝਦਾ ਹੈ। 'ਜੂਠਨ' ਰਾਹੀਂ ਅਸੀਂ ਭਾਰਤ ਦੇ ਬਾਲਮੀਕੀ ਬਨਾਮ ਭੰਗੀ ਜਾਤੀ ਦੀ ਸਮਾਜਿਕ ਇਤਿਹਾਸਕਾਰੀ ਨੂੰ ਸਮਝ ਸਕਦੇ ਹਾਂ। ਉਸ ਨੇ ਆਪਣੀ ਨੌਕਰੀ ਦੌਰਾਨ ਹੁੰਦੇ ਜਾਤੀ ਵਿਤਕਰਿਆਂ ਨੂੰ ਅਧਾਰ ਬਣਾ ਕੇ ਪੜ੍ਹੇ ਲਿਖੇ ਉੱਚ ਵਰਗ ਦੇ ਮਨਾਂ ਅੰਦਰ ਪਈਆਂ

ਜਾਤ ਦੀਆਂ ਵਿਆਪਕ ਜੜ੍ਹਾਂ ਨੂੰ ਪਾਠਕਾਂ ਸਨਮੁੱਖ ਰੱਖਿਆ ਹੈ।ਚੇਤੇ ਰਹੇ ਪਹਿਲੇ ਭਾਗ ਵਿਚ ਵਾਲਮੀਕੀ ਦੇ ਬਚਪਨ, ਪਹਿਲੀ ਜਮਾਤ ਦੇ ਦਾਖਲੇ ਤੋਂ ਲੈ ਕੇ ਉੱਚ ਸਿੱਖਿਆ, ਨੌਕਰੀ ਅਤੇ ਫਿਰ 1985 'ਚ ਮਹਾਂਰਾਸ਼ਟਰ ਬਦਲੀ ਹੋਣ ਤੱਕ ਦੀ ਕੰਡਿਆ ਭਰੀ ਯਾਤਰਾ ਹੈ।ਉਸ ਦਾ ਬਚਪਨ ਬਹੁਤ ਹੀ ਕਰੂਰ, ਸ਼ੋਸ਼ਣ ਅਤੇ ਅਣਮਨੁੱਖੀ ਸਥਿਤੀਆਂ ਵਿਚ ਬਤੀਤ ਹੁੰਦਾ ਹੈ।ਉਹ ਲਿਖਦਾ ਹੈ ਕਿ ਬਚਪਨ ਵਿਚ ਕਿਵੇਂ ਉਹ ਲੋਕਾਂ ਦੀ ਜੂਠ ਉੱਤੇ ਗੁਜ਼ਾਰਾ ਕਰਦਾ ਰਿਹਾ। ਕਿਵੇਂ ਉਸ ਨੂੰ ਨਫ਼ਰਤ ਦੀ ਪੀੜ੍ਹਾ ਸਹਿਣੀ ਪਈ। ਇਹ ਨਫ਼ਰਤ ਕੇਵਲ ਨੌਕਰੀ, ਸਕੂਲ ਤੇ ਕਾਲਜ ਵਿਚ ਹੀ ਨਹੀਂ ਬਲਕਿ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਵਿਚ ਵੀ ਵੇਖਣ ਨੂੰ ਮਿਲਦੀ ਸੀ। ਕਿਵੇਂ ਰਿਸ਼ਤੇਦਾਰਾਂ ਨੇ ਉਸ ਦੇ ਵਿਆਹ ਦੇ ਕਾਰਡ ਉੱਤੇ ਉਸ ਦਾ ਉਪ ਨਾਂ 'ਵਾਲਮੀਕੀ' ਪ੍ਰਿੰਟ ਨਹੀਂ ਕਰਵਾਇਆ ਤਾਂ ਕਿ ਜਾਤੀ ਭੇਦ ਨਾ ਖੁੱਲ੍ਹ ਜਾਵੇ। ਇਸ ਤਰ੍ਹਾਂ ਸਵੈ ਜੀਵਨੀ ਵਿਚ ਉਸ ਨੇ ਹਿੰਦੂ ਸਮਾਜ ਵੱਲੋਂ ਰਚੀ ਗਈ ਵਰਣ ਵਿਵਸਥਾ ਅਤੇ ਪਿੰਡ ਦੇ ਸਮਾਜਿਕ ਢਾਂਚੇ ਨੂੰ ਉਜਾਗਰ ਕੀਤਾ ਹੈ। ਕਿਵੇਂ ਵਾਲਮੀਕੀ ਸਮਾਜ ਨੂੰ ਭੂਗੋਲਿਕ ਪੱਧਰ 'ਤੇ ਉਸ ਥਾਂ ਤੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਰਿਹਾ, ਜਿੱਥੇ ਪੂਰੇ ਪਿੰਡ ਦੀ ਗੰਦਗੀ ਜਮ੍ਹਾਂ ਹੁੰਦੀ ਹੈ।ਅਜਿਹੇ ਵਾਤਾਵਰਣ ਵਿਚ ਵਾਲਮੀਕੀ ਪੜ੍ਹਿਆ, ਨੌਕਰੀ ਤੇ ਲੱਗਾ ਤੇ ਹਿੰਦੀ ਸਾਹਿਤ ਵਿਚ ਆਪਣੀਆਂ ਲਿਖਤਾਂ ਨਾਲ ਪ੍ਰਸਿੱਧ ਹੁੰਦਾ ਹੈ।ਉਪਰੰਤ ਦਲਿਤ ਚੇਤਨਾ ਤੇ ਚਿੰਤਨ ਦੀ ਲਹਿਰ ਪੰਜਾਬ 'ਚ ਪਰਵੇਸ਼ ਕਰਦੀ ਹੈ।

ਪੰਜਾਬ ਦੇ ਦਲਿਤ ਸਮਾਜ ਦੀ ਤਸਵੀਰ ਦੇ ਭਿੰਨ ਭਿੰਨ ਚਿਹਰੇ ਵੀ ਪੰਜਾਬੀ ਦੇ ਕੁੱਝ ਦਲਿਤ ਲੇਖਕਾਂ ਨੇ ਪੇਸ਼ ਕੀਤੇ ਹਨ।ਪੰਜਾਬ ਵਿਚ ਰਹਿ ਰਹੇ ਦਲਿਤਾਂ ਦੀ ਸਮਾਜਿਕ ਸਥਿਤੀ ਅਸੀਂ ਇਨ੍ਹਾਂ ਸਵੈ ਜੀਵਨੀਆਂ ਦੇ ਬਿਰਤਾਂਤ ਰਾਹੀਂ ਸਮਝ ਸਕਦੇ ਹਾਂ।ਹੁਣ ਪੰਜਾਬੀ ਵਿਚ ਦਲਿਤ ਸਵੈ ਜੀਵਨੀ ਦੀ ਠੋਸ ਪਰੰਪਰਾ ਬਣ ਚੁੱਕੀ ਹੈ।ਇਨ੍ਹਾਂ ਸਵੈ ਜੀਵਨੀਆਂ ਵਿਚ ਲੇਖਕਾਂ ਨੇ ਦਲਿਤ ਹੋਂਦ ਤੇ ਚੇਤਨਾ ਨੂੰ ਕੇਂਦਰ ਵਿਚ ਰੱਖ ਕੇ ਮੁੱਖ ਤੌਰ ਤੇ ਸਮਾਜਿਕ ਅਨਿਆਂ, ਜਾਤ ਦੀ ਮਾਨਸਿਕ ਪੀੜਾ, ਸਰੀਰਕ ਜ਼ੁਲਮ, ਸਮਾਜ ਵਿਚ ਉੱਚ ਜਾਤੀਆਂ ਵੱਲੋਂ ਦਲਿਤ ਨਾਰੀ ਦਾ ਸ਼ੋਸ਼ਣ ਅਤੇ ਮਨੁੱਖੀ ਅਧਿਕਾਰਾਂ ਦੇ ਹਨਨ ਦੇ ਬਿਰਤਾਂਤ ਸਿਰਜੇ ਹਨ।ਸੈਂਕੜੇ ਸਾਲ ਜਿਨ੍ਹਾਂ ਨੂੰ ਸਮਾਜਿਕ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ ਹੋਵੇ ਅਤੇ ਉਨ੍ਹਾਂ ਦੀ ਆਰਥਿਕ ਦਸ਼ਾ ਨੂੰ ਸੀਮਤ ਕਰਨ ਲਈ ਅਨੇਕਾਂ ਕਾਨੂੰਨ ਘੜੇ ਗਏ ਹੋਣ, ਜਿਸ ਨਾਲ ਉਨ੍ਹਾਂ ਨੂੰ ਸਾਧਨ ਵਿਹੂਣੇ ਬਣਾ ਦਿੱਤਾ ਗਿਆ ਹੋਵੇ, ਇਨ੍ਹਾਂ ਸਾਰੇ ਵਰਤਾਰਿਆਂ ਵਿਚੋਂ ਲੰਘਦਾ ਹੋਇਆ ਲੇਖਕ ਆਪਣੀ ਤੇ ਆਪਣੇ ਸਮਾਜ ਦੀ ਹੋਣੀ ਬਿਆਨ ਹੀ ਨਹੀਂ ਕਰਦਾ ਬਲਕਿ ਉਸ ਸਮਾਜ ਦੀ ਹਰ ਪੱਖ ਤੋਂ ਇਤਿਹਾਸਕਾਰੀ ਵੀ ਕਰਦਾ ਹੈ।ਪੰਜਾਬ ਦੇ ਸਮਾਜ ਦੀ ਜਾਤੀਗਤ ਵੰਡ ਦੇ ਯਥਾਰਤ ਦੀ ਪੇਸ਼ਕਾਰੀ ਵਿਚ ਆਰਥਿਕ ਮੰਦਹਾਲੀ ਨੂੰ ਵੀ ਸਵੈ ਜੀਵਨੀਕਾਰਾਂ ਨੇ ਪੇਸ਼ ਕੀਤਾ ਹੈ।ਸਭ ਤੋਂ ਪਹਿਲਾਂ, ਆਦਿ ਧਰਮ ਲਹਿਰ ਨਾਲ ਜੁੜੇ ਪੰਡਤ ਬਖਸ਼ੀ ਰਾਮ ਦੀ ਸਵੈ ਜੀਵਨੀ 'ਮੇਰਾ ਜੀਵਨ ਸੰਘਰਸ਼' ਪੜ੍ਹਨ ਨੂੰ ਮਿਲਦੀ ਹੈ।ਜਿਸ ਨੇ 47 ਦੇ ਆਸ ਪਾਸ ਦੇ ਸਮੇਂ ਵਿਚ ਪੰਜਾਬ ਦੇ ਦਲਿਤ ਸਮਾਜ ਦੀ ਹੋਂਦ ਨੂੰ ਬਿਆਨ ਕੀਤਾ ਹੈ। ਉਹ ਆਦਿ ਧਰਮ ਲਹਿਰ ਰਾਹੀ ਚੇਤਨ ਹੋ ਰਹੇ ਦੁਆਬੇ ਦੇ ਦਲਿਤਾਂ ਨੂੰ ਪੇਸ਼ ਕਰਦਾ ਹੈ।ਜਿਹੜੇ ਦਲਿਤ ਪਿੰਡਾਂ ਵਿਚ ਜਾਤੀ ਪੀੜ੍ਹਾ ਹੰਢਾਉਂਦੇ ਸਨ।ਉਨ੍ਹਾਂ ਸਮਿਆਂ ਵਿਚ ਲੋਕ ਕਵੀ ਗੁਰਦਾਸ ਰਾਮ ਆਲਮ ਦਾ ਉਭਾਰ ਹੁੰਦਾ ਹੈ।ਆਲਮ ਵੀ ਆਦਿ ਧਰਮ ਲਹਿਰ ਤੇ ਬਾਲਮੀਕ ਸਭਾ ਪੰਜਾਬ ਵਿਚ ਕਾਰਜਸ਼ੀਲ ਹੁੰਦਾ ਹੈ।ਆਲਮ ਨੇ ਉਸ ਸਮੇਂ ਦੇ ਆਪਣੇ ਸਮਾਜ ਦੇ ਬੜੇ ਪ੍ਰਮਾਣਿਕ ਵੇਰਵੇ ਆਪਣੇ ਸਵੈ ਕਥਨ 'ਮੇਰਾ ਜੀਵਨ ਪੰਧ' ਵਿਚ ਦਿੱਤੇ ਹਨ। ਭਾਵੇਂ ਕਿ ਇਹ ਦੋਵੇਂ ਸਵੈ ਜੀਵਨੀਆਂ ਪਰੰਪਰਕ ਕਿਸਮ ਦੀਆਂ ਸਵੈ ਜੀਵਨੀਆਂ ਨਹੀਂ ਹਨ ਪਰ ਅਸੀਂ ਦਲਿਤ ਸਮਾਜ ਦੀ ਤਸਵੀਰ ਨੂੰ ਇਨ੍ਹਾਂ ਰਾਹੀ ਸਮਝ ਸਕਦੇ ਹਾਂ।ਆਲਮ ਰੋਟੀ ਰੋਜ਼ੀ ਖ਼ਾਤਰ ਕੋਇਟੇ ਵਿੱਚ ਮਜ਼ਦੂਰੀ ਕਰਦਾ ਹੈ। ਜਿੱਥੇ ਉਸ ਨੂੰ ਨੌਂ ਆਨੇ ਮਿਲਦੇ ਹਨ। ਦੁਆਬੇ ਦੇ ਵਾਲਮੀਕੀ ਸਮਾਜ ਨੂੰ ਅਸੀਂ



ਆਲਮ ਅਤੇ ਬਖਸ਼ੀ ਰਾਮ ਦੀ ਜੀਵਨੀ ਰਾਹੀਂ ਸਮਝ ਸਕਦੇ ਹਾਂ।

ਦੁਆਬੇ ਦਾ ਦਲਿਤ ਸਮਾਜ ਖਾਸ ਕਰਕੇ ਚਮਾਰਾਂ ਦੀ ਸਭਿਆਚਾਰਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਇਤਿਹਾਸਕਾਰੀ ਨੂੰ ਅਸੀਂ ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਰਾਹੀ ਸਮਝ ਸਕਦੇ ਹਾਂ।ਮਾਧੋਪੁਰੀ ਦੀ ਇਹ ਸਵੈ ਜੀਵਨੀ ਅੰਗਰੇਜ਼ੀ, ਹਿੰਦੀ, ਉਰਦੂ ਵਿਚ ਅਨੁਵਾਦ ਹੋ ਕੇ ਸਭ ਤੋਂ ਵੱਧ ਚਰਚਾ ਦਾ ਕੇਂਦਰ ਰਹੀ ਹੈ।ਉਸ ਨੇ ਆਪਣੀ ਪੁਸਤਕ ਵਿਚ ਬੇਬਾਕ ਹੋ ਕੇ ਜਾਤੀ ਵਿਤਕਰਿਆ ਦੇ ਪ੍ਰਸੰਗ ਲਿਖੇ। ਐਨੀਆਂ ਕਠੋਰ ਪ੍ਰਸਥਿਤੀਆਂ, ਸੰਤਾਪ, ਜਾਤੀ ਵਿਤਕਰੇ ਭੋਗਣ ਦੇ ਬਾਵਜੂਦ ਵੀ ਮਾਧੋਪੁਰੀ ਡੋਲਦਾ ਨਹੀਂ ਹੈ।ਕਾਲੇ ਹਨੇਰੇ ਵਿਚੋਂ ਉਹ ਆਪਣੀ ਸਮਰੱਥਾ ਨਾਲ ਚਾਨਣ ਵੱਲ ਜਾਂਦਾ ਹੈ ਉਸ ਦਾ ਵਾਰ ਵਾਰ ਜਾਤੀ ਟਕਰਾਅ ਪਿੰਡ ਦੇ ਜੱਟਾਂ ਨਾਲ ਹੁੰਦਾ ਹੈ।ਸਮਾਜ ਦੇ ਵਿਤਕਰਿਆ ਨਾਲ ਉਹ ਪੈਰ ਪੈਰ ਤੇ ਛਾਂਗ ਹੁੰਦਾ ਹੈ ਪਰ ਉਹਦੇ ਅੰਦਰੋਂ ਹਰੀਆਂ ਕਰੂੰਬਲਾਂ ਫੁੱਟਦੀਆਂ ਰਹਿੰਦੀਆਂ ਹਨ। ਇਹ ਸਵੈ ਜੀਵਨੀ ਪਾਠਕ ਨੂੰ ਪ੍ਰੇਸ਼ਾਨ ਕਰਦੀ ਹੈ ਕਿ ਕਿਵੇਂ ਦਲਿਤ ਸਮਾਜ ਮੁੱਖ ਧਾਰਾ ਦੇ ਸਮਾਜ ਵੱਲੋਂ ਅਤਿ ਦਰਜੇ ਨਾਲ ਨਪੀੜਿਆ ਜਾ ਰਿਹਾ ਹੈ।ਬਲਬੀਰ ਨੇ ਆਪਣੇ ਆਲੇ-ਦੁਆਲੇ, ਵੱਡੀ ਗਿਣਤੀ ਵਿਚ ਰਹਿ ਰਹੇ ਚਮਾਰਾਂ ਦੀ ਵਿਆਪਕ ਪੱਧਰ ਤੇ ਇਤਿਹਾਸਕਾਰੀ ਕੀਤੀ ਹੈ।ਇਸ ਅਤਿ ਦੀ ਦਲਿੱਦਰ ਭਰੀ ਜ਼ਿੰਦਗੀ ਚੋਂ ਇਕ ਨਾਇਕ ਮਾਧੋਪੁਰੀ ਉਭਰਦਾ ਹੈ ਜਿਵੇਂ ਲਿੰਬਾਲੇ, ਲਕਸ਼ਮਣ ਗਾਇਕਵਾੜ ਤੇ ਓਮ ਪ੍ਰਕਾਸ਼ ਉਭਰਦੇ ਹਨ।ਜੋ ਕਠਿਨ ਸਥਿਤੀਆਂ ਵਿਚ ਪੜ੍ਹ ਕੇ ਕੇਂਦਰ ਸਰਕਾਰ ਦੇ ਮਹੱਤਵਪੂਰਨ ਵਿਭਾਗ ਵਿਚ ਉੱਚ ਅਹੁੱਦੇ 'ਤੇ ਪਹੁੰਚ ਜਾਂਦਾ ਹੈ। ਉਸ ਨੇ ਆਪਣੀ ਸਵੈ ਜੀਵਨੀ ਵਿਚ ਦਲਿਤ ਵੇਹੜਿਆਂ ਦੀ ਡਾਇਲੈਕਟਸ ਨੂੰ ਬੜੀ ਕੁਸ਼ਲਤਾ ਨਾਲ ਬਿਰਤਾਂਤ 'ਚ ਵਰਤਿਆ ਹੈ।

ਮੇਰੇ ਅੱਗੇ ਮਾਲਵੇ ਦੇ ਦਲਿਤਾਂ ਦੀ ਇਤਿਹਾਸਕਾਰੀ ਕਰਦੀ ਇਕ ਸਵੈ ਜੀਵਨੀ 'ਟੋਏ ਟਿੱਬੇ' ਪਈ ਹੈ।ਇਸ ਸਵੈ ਜੀਵਨੀ ਦਾ ਲੇਖਕ ਭੂਰਾ ਸਿੰਘ ਕਲੇਰ ਹੈ।ਲੇਖਕ ਨੇ ਆਪਣੀ ਸਵੈ ਜੀਵਨੀ ਵਿਚ ਜਿਹੜੇ ਦਲਿਤ ਸਮਾਜ ਦਾ ਯਥਾਰਥ ਪੇਸ਼ ਕੀਤਾ ਹੈ, ਉਹ ਇਕੱਲਾ ਉਸ ਦਾ ਹੀ ਯਥਾਰਥ ਨਹੀਂ, ਬਲਕਿ ਉਸ ਨੇ ਸਮੁੱਚੇ ਦਲਿਤ ਯਥਾਰਥ ਦੀ ਸਮੂਹਿਕ ਪੇਸ਼ਕਾਰੀ ਕੀਤੀ ਹੈ।ਇਹ ਯਥਾਰਥ ਪੰਜਾਬ ਦੇ ਹਰ ਸਾਧਨ ਹੀਣ ਦਲਿਤ ਦਾ ਯਥਾਰਥ ਹੈ।ਅੱਜ ਦੇ ਸਮੇਂ ਵਿਚ ਬੇਜ਼ਮੀਨੇ ਦਲਿਤਾਂ ਵੱਲੋਂ ਕੀਤੀਆਂ ਜਾ ਰਹੀਆਂ ਆਤਮ ਹੱਤਿਆਵਾਂ ਦੇ ਕਾਰਨ ਇਸ ਸਵੈ ਜੀਵਨੀ ਚੋਂ ਲੱਭੇ ਜਾ ਸਕਦੇ ਹਨ ਕਿ ਬੰਦਾ ਐਨਾ ਲਚਾਰ ਹੋ ਜਾਂਦਾ ਹੈ ਉਸ ਅੱਗੇ ਇਕ ਵੀ ਰੋਸ਼ਨੀ ਦੀ ਕਿਰਨ ਨਜ਼ਰ ਨਹੀਂ ਆਉਂਦੀ।ਜਿਸ ਨੂੰ ਵੇਖ ਕੇ ਉਹ ਜੀਣ ਦੀ ਕੋਸ਼ਿਸ਼ ਕਰ ਸਕੇ।ਇਸ ਸਵੈ ਜੀਵਨੀ ਦਾ ਲੇਖਕ ਅਨੇਕਾਂ ਵਾਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦਾ ਹੈ, ਕਿਉਂਕਿ ਉਹਨੂੰ ਸਵੇਰੇ ਦੀ ਰੋਟੀ ਤੋਂ ਬਾਅਦ ਸ਼ਾਮ ਦੀ ਰੋਟੀ ਖਾਣ ਦੀ ਫਿਕਰ ਹੈ।ਕਲੇਰ ਆਪਣੀ ਇਸ ਜੀਵਨੀ ਵਿਚ ਕਿਤੇ ਵੀ ਮਿੱਥ ਕੇ ਜਾਤੀ ਟਕਰਾਓ, ਜਾਤੀ ਗੌਰਵ ਨੂੰ ਪੇਸ਼ ਨਹੀਂ ਕਰਦਾ। ਉਹਦਾ ਟਕਰਾਓ ਆਪਣੇ ਕਿੱਤੇ ਨਾਲ ਹੈ, ਜਿਹੜਾ ਕਿੱਤਾ ਉਹਨੂੰ ਦੋ ਡੰਗ ਦੀ ਰੋਟੀ ਵੀ ਨਹੀਂ ਦਿੰਦਾ।ਲੇਖਕ ਵਾਰ ਵਾਰ ਆਪਣੇ ਪਿਤਾ ਪੁਰਖੀ ਕਿੱਤੇ ਤੋਂ ਨਾਬਰ ਹੁੰਦਾ ਹੈ ਪੂਰੀ ਜੀਵਨੀ 'ਚ ਕਲੇਰ ਆਪਣੇ ਆਪ ਨੂੰ ਅੱਤ ਦੇ ਗਰੀਬ, ਸਮਾਜਿਕ ਤੌਰ ਤੇ ਦੱਬੇ ਹੋਏ ਅਤੇ ਸਾਧਨ ਵਿਹੂਣੇ ਸਮਾਜਿਕ ਪ੍ਰਾਣੀ ਦੇ ਤੌਰ ਤੇ ਆਪਣੇ ਆਪ ਨੂੰ ਪੇਸ਼ ਕਰਦਾ ਹੈ।ਗਰੀਬੀ ਤੇ ਕੰਗਾਲੀ ਐਨੀ ਕਿ ਉਸ ਨੂੰ ਦਿਨ ਰਾਤ ਨਿੱਤ ਦੋ ਡੰਗ ਦੀ ਰੋਟੀ ਦੀ ਚਿੰਤਾ ਸਤਾਈ ਜਾਂਦੀ ਹੈ।ਫਿਰ ਵੀ ਉਹ ਪਿਤਾ ਪੁਰਖੀ ਕਿੱਤਾ ਜੁੱਤੀਆਂ ਬਣਾਉਣ ਦਾ ਕੰਮ ਕਰਦਾ ਹੈ। 'ਟੋਏ ਟਿੱਬੇ' ਵਿਚ ਕਲੇਰ ਪੰਜਾਬ ਦੇ ਉਸ ਦਲਿਤ ਸਮਾਜ ਨੂੰ ਪੇਸ਼ ਕਰਦਾ ਹੈ ਜਿਸ ਦਾ ਵਿਕਾਸ ਬੜੀ ਹੌਲੀ ਹੌਈ ਹੁੰਦਾ ਹੈ।

ਅਤਰਜੀਤ ਮਾਲਵੇ ਖਿੱਤੇ ਦਾ ਇਕ ਹੋਰ ਪ੍ਰਸਿੱਧ ਕਹਾਣੀਕਾਰ ਹੈ ਜਿਸ ਨੇ ਆਪਣੀ ਸਵੈ ਜੀਵਨੀ

'ਅੱਕ ਦਾ ਦੁੱਧ' ਵਿਚ ਪੰਜਾਬ ਦੇ ਦਲਿਤਾਂ ਦੀ ਇਤਿਹਾਸਕਾਰੀ ਬੜੀ ਪ੍ਰਮਾਨਿਕ ਤਰੀਕੇ ਨਾਲ ਕੀਤੀ ਹੈ। ਉਹ ਆਪਣੀ ਜ਼ਿੰਦਗੀ ਦੀ ਕਹਾਣੀ ਨਹੀਂ ਕਹਿੰਦਾ ਬਲਕਿ ਮਾਲਵੇ ਵਿਚ ਰਹਿ ਰਹੇ ਦਲਿਤ ਲੋਕਾਂ ਦਾ ਪਿਛਲੀ ਇਕ ਸਦੀ ਦਾ ਇਤਿਹਾਸ ਬਿਆਨ ਕਰਦਾ ਹੈ। ਮਾਲਵਾ ਇਕ ਅਜਿਹਾ ਭੂਗੋਲਿਕ ਖਿੱਤਾ ਹੈ, ਜਿਸ ਵਿਚ ਦਲਿਤ ਸਿੱਧੇ ਰੂਪ ਵਿਚ ਖੇਤ ਮਜ਼ਦੂਰੀ ਨਾਲ ਜੁੜੇ ਹੋਏ ਹਨ। ਅਤਰਜੀਤ ਐਨੀ ਜ਼ੁਰਅਤ ਨਾਲ ਸੱਚ ਬਿਆਨ ਕਰਦਾ ਹੈ ਕਿ ਉਹਨੂੰ ਰਤਾ ਵੀ ਹੀਣ ਭਾਵਨਾ ਦਾ ਅਹਿਸਾਸ ਨਹੀਂ ਹੁੰਦਾ। ਅਤਰਜੀਤ ਜਿਸ ਜਾਤੀ ਵਿਚ ਪੈਦਾ ਹੁੰਦਾ ਹੈ ਉਸ ਦੇ ਕਬਾਇਲੀ ਸੱਭਿਆਚਾਰ ਨੂੰ ਉਹ ਪੇਸ਼ ਕਰਦਾ ਹੈ। ਉਹ ਆਪਣੇ ਪੜ੍ਹਨ ਤੇ ਨੌਕਰੀ ਲੱਗਣ ਦੀਆਂ ਕੌੜੀਆਂ ਕੁਸੈਲੀਆਂ ਘਟਨਾਵਾਂ ਨੂੰ ਸਮੁੱਚੇ ਸਮਾਜ ਦਾ ਅੰਗ ਬਣਾ ਕੇ ਪੇਸ਼ ਕਰਦਾ ਹੈ। ਅਤਰਜੀਤ ਨੇ ਪਿੰਡੇ 'ਤੇ ਜੋ ਜਾਤੀ ਪੀੜਾ ਹੰਢਾਈ ਹੈ, ਉਸ ਨੂੰ ਉਸ ਨੇ ਬੇਬਾਕੀ ਨਾਲ ਪੇਸ਼ ਕੀਤਾ ਹੈ। ਸਾਡਾ ਸਮਾਜ ਤੇ ਖਾਸ ਕਰਕੇ ਪੇਂਡੂ ਸਮਾਜ ਸਦੀਆਂ ਤੋਂ ਜਾਤੀ ਪਾਤੀ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ। 'ਅੱਕ ਦਾ ਦੁੱਧ' ਵਿਚ ਅਤਰਜੀਤ ਇਕ ਨਾਇਕ ਵਜੋਂ ਉਭਰਦਾ ਹੈ ਜੋ ਦੱਬੇ ਕੁਚਲੇ ਦਲਿਤ ਪਰਿਵਾਰ ਵਿਚ ਜਨਮ ਲੈਂਦਾ ਹੈ ਹਰ ਮੁਸ਼ਕਲਾਂ ਦਾ ਟਾਕਰਾ ਕਰਦਾ ਹੈ। ਉਸ ਦਾ ਚ੍ਰਤਿਰ ਇਨਕਲਾਬੀ ਕਮਿਊਨਿਸਟ ਲਹਿਰ ਬਣਾਉਂਦੀ ਹੈ। ਇਸ ਕਰਕੇ ਉਹ ਸਮਾਜ ਨੂੰ ਦੋ ਵਰਗਾ ਵਿਚ ਵੰਡਿਆ ਵੇਖਦਾ ਹੈ। ਪਰ ਜਾਤੀ ਪੀੜਾ ਹੰਢਾਉਂਦਾ ਉਹ ਸਪੱਸਟ ਦਿਸ ਪੈਂਦਾ ਹੈ। ਨਕਸਲਵਾੜੀ ਲਹਿਰ ਵਿਚ ਕੰਮ ਕਰਨ ਕਰਕੇ ਉਹ ਪੁਲਸ ਤਸ਼ੱਦਦ ਦਾ ਸ਼ਿਕਾਰ ਵੀ ਹੁੰਦਾ ਹੈ। ਪਰ ਉਹ ਕਮਿਊਨਿਸਟਾਂ 'ਤੇ ਸਵਾਲ ਵੀ ਖੜਾ ਕਰਦਾ ਹੈ ਕਿ ਕਮਿਊਨਿਸਟਾਂ ਨੇ ਕਦੇ ਵੀ ਕਮਿਊਨਿਸਟ ਸਭਿਆਚਾਰ ਸਿਰਜਣ ਦੀ ਪਹਿਲ ਨਹੀਂ ਕੀਤੀ ਸਗੋਂ ਉਹ ਖੁਦ ਵੀ ਜਾਤੀ ਪਾਤੀ ਵਿਵਸਥਾ ਅਤੇ ਛੂਤ ਛਾਤ ਨਾਂ ਦੀ ਨਾ-ਮੁਰਾਦ ਬਿਮਾਰੀ ਦੇ ਕੀਟਾਣੂਆਂ ਦਾ ਸ਼ਿਕਾਰ ਰਹਿੰਦਾ ਹੈ। ਸਾਰੀ ਉਮਰ 'ਅੱਕ ਦਾ ਦੁੱਧ' ਪੀਣ ਵਾਲਾ ਬਿੰਬ ਸਵੈ ਜੀਵਨੀ ਵਿਚੋਂ ਉਭਰਦਾ ਹੈ। ਮੁਕੱਦਮੇ, ਮਾਂ ਦਾ ਵਿਧਵਾ ਹੋਣਾ, ਘਰੋਂ ਦੁਰਕਾਰ ਦੇਣਾ, ਨਾਨਕਿਆਂ ਵੱਲੋਂ ਨਫ਼ਰਤ, ਘਰੇ ਅਤਿ ਦੀ ਗਰੀਬੀ ਇਸ ਸਥਿਤੀ ਵਿਚ ਅਤਰਜੀਤ ਇਕ ਮਿਸ਼ਾਲੀ ਮਨੁੱਖ ਬਣਦਾ ਹੈ। ਅਤਰਜੀਤ ਪੰਜਾਬ ਦੇ ਦਲਿਤ ਸਮਾਜ ਦੀ ਵੱਖਰੀ ਕਿਸਮ ਦੀ ਤਸਵੀਰ ਪੇਸ਼ ਕਰਦਾ ਹੈ, ਜਿਹੜਾ ਦਲਿਤ ਖੱਬੇ ਪੱਖੀ ਲਹਿਰਾਂ ਨਾਲ ਜੁੜਿਆ ਹੋਇਆ ਹੈ।

ਮਾਲਵੇ ਦਾ ਇਕ ਹੋਰ ਲੇਖਕ ਹੋਇਆ ਹੈ ਗੁਰਦਾਸ ਸਿੰਘ ਘਾਰੂ ਜਿਸ ਨੇ ਆਪਣੀ ਸਵੈ ਜੀਵਨੀ 'ਪਗਡੰਡੀਆਂ ਤੋਂ ਜੀਵਨ ਮਾਰਗ ਤੱਕ' ਰਾਹੀਂ ਮਾਲਵੇ ਦੇ ਅਤਿ ਦੇ ਸਾਧਨ ਹੀਣ ਦਲਿਤ ਵੇਹੜਿਆਂ ਦੀ ਸਮਾਜਿਕ ਇਤਿਹਾਸਕਾਰੀ ਕੀਤੀ ਹੈ। ਘਾਰੂ ਨੇ ਆਪਣਾ ਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਮਜ਼ਦੂਰੀ ਕੀਤੀ ਨਾਲ ਨਾਲ ਉਸ ਨੇ ਭਾਰਤੀ ਕਮਿਊਨਿਸਟ ਪਾਰਟੀ ਵਿਚ ਸਮਾਜ ਬਦਲਣ ਲਈ ਸੰਘਰਸ਼ ਵੀ ਕੀਤਾ। ਘਾਰੂ ਕਵੀ ਸੰਤ ਰਾਮ ਉਦਾਸੀ ਦਾ ਵੱਡਾ ਭਰਾ ਹੈ। ਸਮਾਜਿਕ ਬਰਾਬਰੀ ਲਈ ਉਹਦੇ ਪੁਰਖਿਆ ਨੇ ਬਹੁਤ ਲੰਮੀ ਲੜਾਈ ਲੜੀ। ਘਾਰੂ ਨੇ ਪੰਜਾਹ ਸਾਲ ਦੇ ਉਸ ਪੰਜਾਬ ਦੀ ਉਹ ਇਤਿਹਾਸਕਾਰੀ ਕੀਤੀ ਹੈ ਜਿਸ 'ਚ ਦਲਿਤਾਂ ਤੋਂ ਵਗਾਰ ਦਾ ਕੰਮ ਲਿਆ ਜਾਂਦਾ ਸੀ। ਜਿਸ ਸਮੇਂ ਜੱਟ ਤੇ ਹੋਰ ਉੱਚ ਜਾਤਾਂ ਵਾਲੇ ਉਨ੍ਹਾਂ ਨੀਵੀਆਂ ਜਾਤਾਂ ਤੋਂ ਭਿੱਟ ਮੰਨਦੇ ਸਨ। ਤੇ ਉਨ੍ਹਾਂ ਨੂੰ ਖੂਹਾਂ, ਨਲਕਿਆਂ ਆਦਿ ਤੋਂ ਪਾਣੀ ਵੀ ਆਪ ਨਹੀਂ ਸੀ ਪੀਣ ਦਿੰਦੇ। ਇਹ ਦਲਿਤ ਆਰਥਿਕ ਤੌਰ ਤੇ ਬੰਧੂਆਂ ਮਜ਼ਦੂਰ ਸਨ ਤੇ ਸਮਾਜਿਕ ਤੌਰ ਤੇ ਹਾਸ਼ੀਏ ਤੇ ਧਕੇਲੇ ਹੋਏ ਸਨ। ਘਾਰੂ ਨੇ ਮਜ਼ਬੀ ਸਿੱਖ ਜਿਹੜੇ ਕਿ ਮੂਲ ਰੂਪ ਵਿਚ ਖੇਤ ਮਜ਼ਦੂਰੀ ਕਰਦੇ ਹਨ ਦੀ ਇਤਿਹਾਸਕਾਰੀ ਕੀਤੀ ਹੈ।

ਪ੍ਰੇਮ ਗੋਰਖੀ ਪੰਜਾਬੀ ਦਾ ਇਕ ਹੋਰ ਸੂਖਮ ਭਾਵੀ ਕਥਾਕਾਰ ਹੈ। ਉਸ ਦੀ ਸਵੈ ਜੀਵਨੀ 'ਗੈਰ ਹਾਜ਼ਰ ਆਦਮੀ' ਕਾਫੀ ਦੇਰ ਪਹਿਲਾ ਛਪ ਕੇ ਆ ਜਾਂਦੀ ਹੈ। ਗੋਰਖੀ ਦੁਆਬੇ ਦੇ ਦਲਿਤ ਸਮਾਜ ਵਿਚੋਂ ਉਭਰਦਾ



ਅਜਿਹਾ ਲੇਖਕ ਨੇ ਜਿਸ ਨੇ ਸੁਚੇਤ ਹੋ ਕੇ ਦਲਿਤ ਚੇਤਨਾ ਦਾ ਅਸਰ ਨਹੀਂ ਕਬੂਲਿਆ। ਉਹ ਉਸ ਵੇਲੇ ਪੂਰੇ ਭਾਰਤ ਵਿਚ ਤੇ ਖਾਸ ਕਰਕੇ ਮਰਾਠੀ ਵਿਚ ਫੈਲ ਰਹੀ ਦਲਿਤ ਚੇਤਨਾ ਦੀ ਲਹਿਰ ਤੋਂ ਪ੍ਰਭਾਵਿਤ ਨਹੀਂ ਹੁੰਦਾ। ਪਰ ਉਸ ਨੇ ਆਪਣੀ ਕਿਸਮ ਨਾਲ ਦਲਿਤ ਸਮਾਜ ਦੀ, ਖਾਸ ਕਰਕੇ ਔਰਤ ਦੀ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਾਨਸਿਕ ਇਤਿਹਾਸਕਾਰੀ ਕੀਤੀ ਹੈ। ਗੋਰਖੀ ਨੇ ਆਪਣੀ ਸਵੈ ਜੀਵਨੀ ਵਿਚ ਦੱਬੇ ਕੁਚਲੇ ਲੋਕਾਂ ਦੇ ਪ੍ਰਮਾਨਿਕ ਚਿੱਤਰ ਉਲੀਕੇ ਹਨ। ਉਸ ਨੇ ਆਪਣੇ ਪਿੰਡੇ ਤੇ ਹੰਢਾਏ ਕੌੜੇ ਸੱਚ ਨੂੰ ਪੇਸ਼ ਕੀਤਾ ਹੈ। ਇਸ ਪੁਸਤਕ ਨੂੰ ਇਕ ਅਜਿਹੀ ਰਚਨਾ ਵਜੋਂ ਪੜ੍ਹਨ ਦੀ ਤੇ ਸਮਝਣ ਦੀ ਜ਼ਰੂਰਤ ਹੈ ਜੋ ਸਮਾਜ ਦੀਆਂ ਹੇਠਲੀਆਂ ਪਰਤਾਂ 'ਚੋਂ ਆਉਂਦੇ ਇਕ ਵਿਅਕਤੀ ਦੇ ਸੰਘਰਸ਼ ਦੀ ਗਾਥਾ ਬਿਆਨ ਕਰਦੀ ਹੈ। ਉਹ ਵਿਅਕਤੀ ਜਿਹਨੂੰ ਮਨੁੱਖ ਹੋਣ ਦੇ ਗੌਰਵ ਦਾ ਅਹਿਸਾਸ ਨਹੀਂ। ਅਸੀਂ ਇਸ ਜੀਵਨੀ ਵਿਚ ਗੋਰਖੀ ਨੂੰ ਹਵਸ, ਜ਼ੁਰਮ, ਘ੍ਰਿਣਾ ਤੇ ਬੇਈਮਾਨੀ ਆਦਿ 'ਚ ਵਿਚਰਦਾ ਇਕ ਅਜਿਹਾ ਮਨੁੱਖ ਵੀ ਵੇਖਦੇ ਹਾਂ, ਜਿਸ ਦੇ ਮਨ ਅੰਦਰ ਮਾਨਵਤਾ ਦੀ ਚਿਣਗ ਹੈ, ਜਿਹਨੂੰ ਮਘਾਉਣ 'ਚ ਗੋਰਖੀ ਸਫ਼ਲਤਾ ਹਾਸਿਲ ਕਰਦਾ ਹੈ। ਇਹ ਜੀਵਨੀ ਲਘੂ ਮਨੁੱਖ ਦੀ ਵੱਡੀ ਕਹਾਣੀ ਵਜੋਂ ਪੇਸ਼ ਹੋਈ ਹੈ। ਗੋਰਖੀ ਨੇ ਆਪਣੇ ਪਰਿਵਾਰ ਦੇ, ਗਰੀਬੀ ਦੇ, ਕਰੂਰ ਜੀਵਨ ਦੇ ਪ੍ਰਸੰਗ ਰੌਚਿਕ ਕਥਾ ਸ਼ੈਲੀ ਵਿਚ ਪੇਸ਼ ਕੀਤੇ ਹਨ। ਜਲੰਧਰ ਦੇ ਨਜ਼ਦੀਕ ਲਾਡੋਵਾਲੀ ਪਿੰਡ ਵਿਚ ਉਹ ਆਪਣੇ ਛੋਟੇ ਭਰਾ ਪ੍ਰਿਥੀ ਸਮੇਤ ਪਰਿਵਾਰ ਨਾਲ ਡੂਨੇ ਪੱਤਲਾਂ ਬਣਾਉਣ ਦਾ ਕੰਮ ਕਰਦਾ ਹੈ। ਪਿਤਾ ਸਫ਼ੈਦੀ ਦਾ ਕੰਮ ਕਰਦਾ ਹੈ ਤੇ ਨਾਲ ਨਾਲ ਫਾਊਂਡਰੀ/ ਕਾਰਖਾਨੇ 'ਚ ਦਿਹਾੜੀ ਵੀ ਕਰਦਾ ਹੈ। ਗੋਰਖੀ ਵੀ ਛੋਟੀ ਮੋਟੀ ਨੌਕਰੀ ਜਾਂ ਦਿਹਾੜੀ ਕਰਦਾ ਹੈ। ਇਸ ਸੱਚ ਨੂੰ ਗੋਰਖੀ ਬੜੇ ਸਹਿਜ ਤਰੀਕੇ ਨਾਲ ਪੇਸ਼ ਕਰਦਾ ਹੈ। ਗੋਰਖੀ ਇਸ ਜੀਵਨੀ ਵਿਚ ਆਪਣੇ ਆਪ ਨੂੰ ਮੁਜ਼ਰਿਮ ਬਣਾਏ ਜਾਣ ਦੀ ਹਕੀਕਤ ਨੂੰ ਨਿਰ-ਸੰਕੋਚ ਬਿਆਨ ਕਰਦਾ ਹੈ। ਸਾਈਕਲ ਚੋਰੀ ਦਾ ਇਲਜ਼ਾਮ, ਸਮਾਜਿਕ ਬਦਨਾਮੀ, ਪੁਲਸ ਦੀ ਮਾਰ, ਅਦਾਲਤੀ ਖੱਜਲ-ਖੁਆਰੀ ਪੈਸੇ ਲਈ ਸ਼ਰਾਬ ਕੱਢਣੀ, ਪਿਸਤੌਲ ਕੋਲ ਰੱਖਣਾ, ਬਿਜਲੀ ਬੋਰਡ ਦੇ ਸਟੋਰ ਤੋਂ ਸਾਮਾਨ ਚੋਰੀ ਕਰਨਾ ਆਦਿ ਬਿਆਨ ਕਰਦਾ ਹੋਇਆ ਕੁਝ ਵੀ ਲਕੋਂਦਾ ਨਹੀਂ। ਅੱਗੇ ਗੋਰਖੀ ਪਿੰਡ ਦੇ ਜ਼ਿੰਮੀਦਾਰਾਂ ਵੱਲੋਂ ਦਲਿਤਾਂ ਦਾ ਸਮੂਹਿਕ ਬਾਈਕਾਟ, ਮੁੰਡਿਆਂ ਨਾਲ ਪੁਲਸ ਦੀ ਬਦਫੈਲੀ, ਦਲਿਤ ਕੁੜੀ ਦੇ ਸਰੀਰ ਵੇਚਣ ਦੀ ਹਕੀਕਤ ਵਰਗੇ ਪ੍ਰਮਾਨਿਕ ਚਿੱਤਰ ਵੀ ਪੇਸ਼ ਕਰਦਾ ਹੈ। ਗੋਰਖੀ ਨੇ ਸਵੈ ਜੀਵਨੀ ਵਿਚ ਅੱਧੀ ਕੁ ਦਰਜਨ ਔਰਤਾਂ ਨਾਲ ਵਰਜਿਤ ਪਿਆਰ ਸੰਬੰਧਾਂ ਦਾ ਜ਼ਿਕਰ ਵੀ ਕੀਤਾ ਹੈ। ਲਾਲ ਸਿੰਘ ਦਿਲ ਪੰਜਾਬੀ ਕਵਿਤਾ ਵਿਚ ਬਹੁਤ ਵੱਡਾ ਨਾਂ ਹੋਇਆ ਹੈ। ਜਿਸ ਨੇ ਆਪਣੀ ਕਵਿਤਾ ਰਾਹੀਂ ਬਹੁਤ ਸੂਖਮ ਗੱਲਾਂ ਕਹੀਆਂ ਨੇ। ਉਸ ਨੇ 'ਦਾਸਤਾਨ' ਨਾਂ ਹੇਠ ਆਪਣੀ ਸਵੈ ਜੀਵਨੀ ਵੀ ਲਿਖੀ ਹੈ। ਪੰਜਾਬ ਦੀ ਜਾਤ ਪਾਤ ਇਸ ਸਵੈ ਜੀਵਨੀ ਦਾ ਕੇਂਦਰੀ ਧੁਰਾ ਹੈ। ਉਹ ਬੜੇ ਮਾਣ ਨਾਲ ਕਹਿੰਦਾ ਹੈ ਕਿ ਮੈਂ ਚਮਾਰਾਂ ਦੇ ਘਰ ਜੰਮਿਆ ਹਾਂ। ਉਸ ਨੇ ਬੜੇ ਦਲੇਰਾਨਾ ਢੰਗ ਨਾਲ ਦਲਿਤ ਵਿਹੜਿਆ ਦਾ, ਦਲਿਤ ਘਰਾਂ ਦਾ ਦਲਿਤ ਲੋਕਾਂ ਦਾ 'ਦਾਸਤਾਨ' ਵਿਚ ਵਰਨਣ ਕੀਤਾ ਹੈ। ਇਸ ਕਿਤਾਬ ਵਿਚ ਦਿਲ ਦਾ ਉਹ ਸਮਕਾਲ ਪੇਸ਼ ਹੋਇਆ ਹੈ ਜਿਸ ਕਾਲ ਵਿਚ ਉਹ ਬੇਬਸੀ ਦੀ ਜ਼ਿੰਦਗੀ ਜਿਉਂਦਾ ਹੋਇਆ ਜਾਤ ਪਾਤ ਦੀ ਪੀੜ੍ਹਾ ਸਹਿੰਦਾ ਹੋਇਆ ਨਕਸਲੀ ਲਹਿਰ ਵਿਚ ਪ੍ਰਵੇਸ਼ ਕਰਦਾ ਹੈ। ਨਕਸਲੀ ਦਿਲ ਜਦੋਂ ਪਲਿਸ ਦੇ ਧੱਕੇ ਚੜ੍ਹਦਾ ਹੈ ਤਾਂ ਪੁਲਸੀਆਂ ਉਹਦੀ ਜਾਤ ਨੂੰ ਲੈ ਕੇ ਉਸ ਨੂੰ ਜ਼ਲੀਲ ਕਰਦਾ ਹੈ। ਕਿਵੇਂ ਉਸ ਦਾ ਨਕਸਲੀ ਲਹਿਰ ਤੋਂ ਮੋਹ ਭੰਗ ਹੋ ਜਾਂਦਾ ਤੇ ਉਹ ਉਤਰ ਪ੍ਰਦੇਸ਼ ਜਾ ਕੇ ਮੁਸਲਮਾਨ ਧਰਮ ਗ੍ਰਹਿਣ ਕਰ ਲੈਂਦਾ ਹੈ। ਇਸ ਸਵੈ ਜੀਵਨੀ ਰਾਹੀਂ ਪੰਜਾਬ ਦੇ ਦਲਿਤਾਂ ਵੱਲੋਂ ਧਰਮ ਤਬਦੀਲੀ ਦੇ ਕਾਰਨਾਂ ਨੂੰ ਸਮਝਿਆ ਜਾ ਸਕਦਾ ਹੈ।

**-ਭਗਵੰਤ ਰਸੂਲਪੁਰੀ**

***ਪੰਜਾਬੀ ਵਿਚ ਪਹਿਲੀ ਵਾਰ,***
***ਗੁਰਦਿਆਲ ਸਿੰਘ ਨਾਲ ਵਿਨੋਦ ਸ਼ਾਹੀ ਦੀ ਮੁਲਾਕਾਤ***

# ''ਮੈਂ ਕਦੀ ਵੀ ਕਿਸੇ ਆਲੋਚਕ ਦੀ ਸਲਾਹ ਨਹੀਂ ਮੰਨੀ, ਮੈਂ ਉਹੀ ਲਿਖਿਆ ਜੋ ਮੈਨੂੰ ਚੰਗਾ ਲੱਗਾ''- ਗੁਰਦਿਆਲ ਸਿੰਘ

*ਵਿਨੋਦ ਸ਼ਾਹੀ-ਭਾਰਤ ਵਿਚ ਅੰਗ੍ਰੇਜ਼ਾਂ ਦੇ ਨਾਲ ਇਕ ਖਾਸ ਤਰ੍ਹਾਂ ਦਾ ਬਸਤੀਵਾਦ ਆਇਆ। ਅੰਗ੍ਰੇਜ਼ਾ ਦੇ ਜਾਣ ਤੋਂ ਬਾਅਦ ਲੋਕਤੰਤਰ ਦੀ ਸਥਾਪਨਾ ਹੋਈ, ਪ੍ਰੰਤੂ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਆਉਣ ਵਾਲੇ ਲੋਕਤੰਤਰ ਦਾ ਰੂਪ ਯੋਰੋਪਿਅਨ ਜਨਤੰਤਰ ਤੋਂ ਵੱਖਰਾ ਹੈ। ਕਿਉਂਕਿ ਉਸ ਦਾ ਇਕ ਦਮਨਕਾਰੀ ਰੂਪ ਇਥੇ ਲਾਗੂ ਹੋਇਆ ਹੈ। ਆਜ਼ਾਦੀ ਦੇ 63 ਸਾਲ ਬੀਤ ਜਾਣ ਤੋਂ ਬਾਅਦ ਵੀ ਰਾਜਸ਼ਾਹੀ ਦੇ ਪ੍ਰਤਿ ਗੁੱਸਾ ਅਤੇ ਸੱਤਾ ਦੇ ਪ੍ਰਤੀ ਰੋਸ ਦੀ ਭਾਵਨਾ ਲੋਕਾਂ ਦੇ ਮਨਾਂ ਵਿਚ ਹਮੇਸ਼ਾ ਬਰਕਰਾਰ ਰਹਿੰਦੀ ਹੈ। ਤੁਹਾਡੇ ਸਾਰੇ ਨਾਵਲਾਂ 'ਚ ਵੀ, ਪਾਤਰਾਂ ਦੇ ਮਨਾਂ ਵਿਚ, ਆਪਣੀ ਸਰਕਾਰ ਹੋਵੇ ਜਾਂ ਅੰਗ੍ਰੇਜ਼ਾਂ ਦੀ ਸਰਕਾਰ ਰਹੀ ਹੋਵੇ, ਉਸ ਦੇ ਪ੍ਰਤੀ ਇਕ ਵਿਰੋਧ ਦੀ ਭਾਵਨਾ ਰਹਿੰਦੀ ਹੈ, ਚਾਹੇ ਉਹ ਇਕ ਵਿਦਰੋਹ ਦਾ ਰੂਪ ਧਾਰਨ ਕਰੇ ਜਾਂ ਨਾ ਕਰੇ। ਇਤਿਹਾਸ ਦੀਆਂ ਜੜ੍ਹਾਂ ਨੂੰ ਲੱਭਦਿਆਂ ਹੋਇਆ ਤੁਸੀਂ ਦੱਸੋਂ ਕਿ ਭਾਰਤ ਦੇ ਜੰਨ ਤੰਤਰ ਦਾ ਵਿਕਾਸ ਕਿਸ ਤਰ੍ਹਾਂ ਹੋਇਆ ਅਤੇ ਕੀ ਵਰਤਮਾਨ 'ਚ ਤੁਹਾਨੂੰ ਸਥਿਤੀ ਵਿਚ ਕੋਈ ਤਬਦੀਲੀ ਨਜ਼ਰ ਆਉਂਦੀ ਹੈ?*

ਗੁਰਦਿਆਲ ਸਿੰਘ-ਸਾਡੀ ਸਮਾਜਿਕ, ਧਾਰਮਿਕ ਜਾਂ ਰਾਜਨੀਤਿਕ ਵਿਵਸਥਾ ਜਿਸ ਤਰ੍ਹਾਂ ਦੀ ਵੀ ਸੀ, ਚਾਹੇ ਉਹ ਮੁਸਲਿਮ ਰਾਜ ਸੀ, ਚਾਹੇ ਹਿੰਦੂ ਸੀ ਜਾਂ ਬਾਆਦ ਵਿਚ ਅੰਗਰੇਜ਼ ਆਏ, ਉਨ੍ਹਾਂ ਨੇ ਹਮੇਸ਼ਾਂ ਹੀ ਲੋਕਾਂ ਨੂੰ ਦਬਾ ਕੇ ਰੱਖਣ ਦੀ ਕੋਸ਼ਿਸ਼ ਕੀਤੀ, ਇਸ ਲਈ ਗੁੱਸਾ ਤਾਂ ਲੋਕਾਂ ਦੇ ਮਨਾਂ ਵਿਚ ਹਮੇਸ਼ਾ ਹੀ ਰਿਹਾ। ਆਪਣੇ ਨਾਵਲ 'ਆਹਣ' ਵਿਚ ਵੀ ਮੈਂ cautiously ਇਹੀ ਪੇਸ਼ ਕੀਤਾ ਹੈ।

*ਵਿਨੋਦ ਸ਼ਾਹੀ-ਪ੍ਰੰਤੂ ਕੀ ਤੁਸੀਂ ਇਹ ਫਰਕ ਮਹਿਸੂਸ ਨਹੀਂ ਕਰਦੇ ਕਿ ਮੁਸਲਮਾਨ ਜਾਂ ਹਿੰਦੂ ਰਾਜਿਆਂ ਦੀ ਬਜਾਏ ਅੰਗਰੇਜ਼ਾ ਦੇ ਜ਼ਮਾਨੇ ਵਿਚ ਹਾਲਾਤ ਬਹੁਤ ਖਰਾਬ ਸੀ? ਮੁਸਲਮਾਨ ਅਤੇ ਹਿੰਦੂਆਂ ਦੀ ਇਕ ਸਾਂਝੀ ਸੰਸਕ੍ਰਿਤੀ ਬਣੀ, ਪ੍ਰੰਤੂ ਅੰਗਰੇਜ਼ਾਂ ਦੇ ਨਾਲ ਇਕ ਸਾਂਝੀ ਸੰਸਕ੍ਰਿਤੀ ਕਦੀ ਨਹੀਂ ਪੈਦਾ ਹੋ ਸਕੀ।*

ਗੁਰਦਿਆਲ ਸਿੰਘ-ਹਾਂ ਉਹ ਇਸ ਲਈ ਕਿ ਬਾਬਰ ਤੋਂ ਬਾਅਦ ਹਿਮਾਯੂ ਤਾਂ ਥੋੜੀ ਦੇਰ ਹੀ ਰਿਹਾ, ਪ੍ਰੰਤੂ ਜਦੋਂ ਉਸਦਾ ਬੇਟਾ ਅਕਬਰ ਆਇਆ, ਉਸਨੇ ਲੋਕਾਂ ਉੱਤੇ ਰਾਜ ਕਰਨ ਦੇ ਲਈ ਹਿੰਦੂ ਰਾਜਿਆਂ ਦੇ ਨਾਲ ਸਮਝੌਤੇ ਕਰਨੇ ਸ਼ੁਰੂ ਕੀਤੇ। ਲੋਕਾਂ ਦੇ ਮਨ ਵਿਚ ਵਿਰੋਧ ਤਾਂ ਉਸ ਵੇਲੇ ਹੀ ਪੈਦਾ ਹੋਇਆ, ਜਿਹੜਾ ਗਾਹੇ ਬਗਾਹੇ ਕਿਸੇ ਨਾ ਕਿਸੇ ਰੂਪ ਵਿਚ ਨਿਕਲਦਾ ਰਿਹਾ। ਇਤਿਹਾਸ ਦੇ ਇਸ ਅਰਥ ਨੂੰ ਸਮਝਣਾ ਵੀ ਜ਼ਰੂਰੀ ਹੈ। ਅਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 1857 ਦੇ ਵਿਦਰੋਹ 'ਚ ਅੰਗ੍ਰੇਜ਼ਾਂ ਦੀ ਸਹਾਇਤਾ ਸਿੱਖਾਂ ਨੇ ਕੀਤੀ। ਸਿੱਖ ਰਾਜਿਆਂ ਦੇ ਸਬੰਧ ਵਿਚ ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਵਿਚ ਇਹ ਗੱਲ ਦਰਜ਼ ਹੈ ਕਿ ਉਸ ਸਮੇਂ ਦੇ ਸਿੱਖ ਰਾਜੇ ਅਤੇ ਪਿੰਡ ਦੇ ਵੱਡੇ ਤਾਕਤਵਾਰ ਸਰਦਾਰਾਂ ਦਾ ਕਬਜ਼ਾ ਹੋ ਚੁੱਕਾ ਸੀ ਅਤੇ ਜੇਕਰ ਉਸ ਦਾ ਵਿਰੋਧ ਕਰਨਗੇ ਤਾਂ ਉਹ ਉਨ੍ਹਾਂ ਨੂੰ ਸਹਿਨ ਨਹੀਂ ਕਰਨਗੇ ਤੇ ਮਾਰ ਦੇਣਗੇ, ਇਸ ਲਈ ਸਿੱਖਾਂ ਨੇ ਇਸ ਵਿਚ ਭਲਾਈ ਸਮਝੀ ਕਿ ਉਨ੍ਹਾਂ ਨਾਲ ਸਮਝੌਤਾ ਕਰ ਲਿਆ ਜਾਵੇ।

*ਵਿਨੋਦ ਸ਼ਾਹੀ-ਕੀ ਇਸ ਦਾ ਇਹ ਕਾਰਨ ਸੀ ਕਿ ਇਥੋਂ ਦੇ ਹਿੰਦੂ ਅਤੇ ਸਿੱਖ ਰਾਜੇ ਸਮਝਦੇ ਸਨ ਕਿ ਜੇਕਰ ਅੰਗਰੇਜ਼ ਰਾਜ ਨਹੀਂ ਕਰਨਗੇ ਤਾਂ ਮੁਸਲਮਾਨ ਰਾਜੇ ਉਨ੍ਹਾਂ ਉੱਤੇ ਕਬਜ਼ਾ ਜਮਾ ਲੈਣਗੇ ਅਤੇ ਉਨ੍ਹਾਂ ਉੱਤੇ ਰਾਜ ਕਰਨਗੇ ਅਤੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਦੇਣ ਦੇ ਲਈ ਉਨ੍ਹਾਂ ਨੇ ਅੰਗਰੇਜ਼ਾਂ ਨਾਲ ਸਮਝੌਤਾ*



*ਕੀਤਾ?*

ਗੁਰਦਿਆਲ ਸਿੰਘ-ਨਹੀਂ ਮੈਨੂੰ ਅਜਿਹਾ ਲਗਦਾ ਹੈ ਕਿ ਇਥੋਂ ਦੇ ਲੋਕ ਹਮੇਸ਼ਾਂ ਤੋਂ ਹਮਲਾਵਰ ਦੇ ਅੱਗੇ ਝੁਕਦੇ ਰਹੇ ਹਨ, ਚਾਹੇ ਉਹ ਕੋਈ ਹਮਲਾਵਰ ਰਹੇ ਹੋਣ। ਇਹੀ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਰਹੀ ਹੈ। ਸਿੱਖ ਕੌਮ ਤਾਂ 2000 ਸਾਲ ਤੱਕ ਲਗਾਤਾਰ ਜ਼ੁਲਮ ਸਹਿਨ ਦੇ ਬਾਅਦ ਹੀ ਪੈਦਾ ਹੋਈ। ਉਦਾਹਰਣ ਦੇ ਲਈ ਬਾਬਰ ਦੇ ਸਬੰਧ ਵਿਚ ਕਿਹਾ ਜਾਂਦਾ ਹੈ ਕਿ ਉਸ ਦੇ ਕੋਲ 15000 ਤੋਂ ਲੈ ਕੇ 25000 ਤੱਕ ਸੈਨਾ ਸੀ। ਪ੍ਰੰਤੂ ਸਾਡੀ ਆਬਾਦੀ ਕਰੋੜਾਂ ਵਿਚ ਹੋਣ ਦੇ ਬਾਵਜੂਦ ਕਿਸੇ ਨੇ ਉਸਦਾ ਵਿਰੋਧ ਨਹੀਂ ਕੀਤਾ ਅਤੇ ਉਹ ਆਰਾਮ ਨਾਲ ਦਿੱਲੀ ਤੱਕ ਜਾ ਪਹੁੰਚਿਆ। ਅੰਗਰੇਜ਼ਾਂ ਤੋਂ ਪਹਿਲਾਂ ਆਉਣ ਵਾਲੇ ਸਾਰੇ ਹਮਲਾਵਰ ਪਹਿਲਾਂ ਪੰਜਾਬ ਉੱਤੇ ਹਮਲੇ ਕਰਦੇ ਸੀ। ਫ਼ਸਲਾਂ ਬਰਬਾਦ ਕਰ ਦੇਣਾ, ਲੋਕਾਂ ਨੂੰ ਮਾਰ ਦੇਣਾ, ਉਨ੍ਹਾਂ ਦੀ ਜ਼ਮੀਨ ਉੱਤੇ ਕਬਜ਼ਾ ਕਰ ਲੈਣਾ। ਕੁੜੀਆਂ ਨੂੰ ਚੁੱਕ ਕੇ ਲੈ ਜਾਣਾ ਆਮ ਗੱਲਾਂ ਸਨ। ਮੁਕਾਬਲਾਂ ਨਾ ਕਰਨ ਦੀ ਗੱਲ ਤਾਂ ਸਾਡੀ ਸਾਰੀਆਂ ਅਖਾਉਤਾ ਵਿਚ ਵੀ ਮਿਲਦੀ ਹੈ। ਪੰਜਾਬ ਵਿਚ ਇਕ ਪ੍ਰਚੱਲਿਤ ਕਹਾਵਤ ਹੈ-

ਮਨੂ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ
ਜਿਓ ਜਿਓ ਸਾਨੂੰ ਵੱਢਦਾ ਅਸੀਂ ਦੂਣੇ ਸਵਾਏ ਹੋਏ।

ਭਾਵ ਕਿ ਕਿ ਵਿਦਰੋਹ ਨਹੀਂ ਕੀਤਾ, ਬਲਕਿ ਇਹ ਕਿਹਾ ਕਿ ਜਿਵੇਂ ਜਿਵੇਂ ਅਸੀਂ ਮਰਾਗੇ ਅਸੀਂ ਫਿਰ ਉੱਠਦੇ ਜਾਵਾਗੇ, ਜੰਮਦੇ ਜਾਵਾਗੇ।

*ਵਿਨੋਦ ਸ਼ਾਹੀ-ਪੋਰਸ ਦੇ ਜ਼ਮਾਨੇ ਤੋਂ ਹਰਸ਼ਵਰਧਨ ਦੇ ਕਾਲ ਤੱਕ ਭਾਵ ਪੰਜਵੀਂ ਛੇਵੀਂ ਸਦੀ ਤੱਕ ਤਾਂ ਮੁਕਾਬਲਾ ਕਰਨ ਦੇ ਪੂਰਾ ਸਮਰੱਥਾ ਤਾਂ ਇਥੋਂ ਦੇ ਇਲਾਕੇ ਦੇ ਲੋਕਾਂ ਵਿਚ ਮੌਜੂਦ ਸੀ ਅਤੇ ਲੋਕਾਂ ਵੱਲੋਂ ਵਿਰੋਧ ਦਾ ਵਰਣਨ ਵੀ ਮਿਲਦਾ ਹੈ। ਕੀ ਕਾਰਨ ਸੀ ਕਿ ਸੱਤਵੀਂ ਸਦੀ ਦੇ ਬਾਅਦ ਤੋਂ ਇਥੋਂ ਦੇ ਲੋਕਾਂ ਨੇ ਮੁਕਾਬਲਾ ਕਰਨਾ ਬੰਦ ਕਰ ਦਿੱਤਾ?*

ਗੁਰਦਿਆਲ ਸਿੰਘ-ਜਿਹੜੀ ਗੱਲ ਮੇਰੇ ਮਨ ਵਿਚ ਵਾਰ ਵਾਰ ਆਉਂਦੀ ਹੈ, ਉਹ ਇਹ ਕਿ ਈਸਾ ਤੋਂ ਦੋ ਤਿੰਨ ਹਜ਼ਾਰ ਸਾਲ ਪਹਿਲਾ ਆਰੀਆ ਲੋਕ ਸਿੰਧ ਦੇ ਇਲਾਕੇ ਵਿਚ ਆ ਕੇ ਵਸ ਗਏ। ਉਹ ਖੇਤੀਬਾੜੀ ਕਰਨ ਵਾਲੇ ਲੋਕ ਸਨ। ਉਤਰੀ ਭਾਰਤ ਯਾਨੀ ਕਿ ਪੰਜਾਬ ਅਤੇ ਉਤਰ ਪ੍ਰਦੇਸ਼ ਤੱਕ ਦਾ ਇਲਾਕਾ ਬਹੁਤ ਖੁਸ਼ਹਾਲ ਸੀ। ਜੰਗਲੀ ਕੰਦਮੂਲ ਆਸਾਨੀ ਨਾਲ ਮਿਲ ਜਾਂਦਾ ਸੀ। ਚਾਰਾਂਦਾ ਦੀ ਘਾਟ ਨਹੀਂ ਸੀ, ਬਾਰਾਂ ਮਹੀਨੇ ਵਹਿਣ ਵਾਲੀਆਂ ਨਦੀਆਂ ਇਸ ਖੇਤਰ ਵਿਚ ਸਨ। ਜਿਨ੍ਹਾਂ ਵਿਚ ਪੰਜ ਅੱਜ ਵੀ ਪੰਜਾਬ ਵਿਚ ਹੈ। ਭਾਵ ਕਿ ਇਹ ਸਾਰਾ ਖੇਤਰ ਭੂਗੋਲਿਕ ਰੂਪ ਤੋਂ ਰਹਿਣ ਦੇ ਲਈ, ਫ਼ਸਲਾਂ, ਦਰੱਖਤ ਆਦਿ ਉਗਾਉਣ ਦੇ ਲਈ ਅਨਕੂਲ ਸੀ। ਜਿਵੇਂ ਜਿਵੇਂ ਆਰੀਆ ਲੋਕਾਂ ਦੀ ਆਬਾਦੀ ਵਧੀ, ਉਹ ਗੰਗਾਂ ਦੇ ਮੈਦਾਨ ਦੇ ਵੱਲ ਅੱਗੇ ਵਧਦੇ ਗਏ। ਇਨ੍ਹਾਂ ਸਾਰੀਆਂ ਸਹੂਲਤਾਂ ਦੇ ਕਾਰਨ ਲੋਕ ਆਰਾਮ ਪਸੰਦ ਹੁੰਦੇ ਗਏ। ਇਤਿਹਾਸਕ ਤੌਰ ਉੱਤੇ ਦੇਖਿਆ ਤਾਂ ਇਹ ਗੱਲ ਸਮਝ ਆਉਂਦੀ ਹੈ ਕਿ ਇਥੋਂ ਦੇ ਸਥਾਨਿਕ ਟ੍ਰਾਇਬਲ ਲੋਕ ਆਰੀਆ ਲੋਕਾਂ ਨੂੰ ਤੰਗ ਕਰਦੇ ਸਨ। ਪ੍ਰੰਤੂ ਆਰੀਆ ਲੋਕਾਂ ਦੇ ਕੋਲ ਵਧੀਆ ਹਥਿਆਰ ਸਨ। ਉਨ੍ਹਾਂ ਨੇ ਉਥੋਂ ਦੇ ਸਥਾਨਿਕ ਲੋਕਾਂ ਨੂੰ ਹਰਾ ਦਿੱਤਾ ਅਤੇ ਸਾਰੇ ਉੱਤਰੀ ਭਾਰਤ ਉੱਤੇ ਆਪਣਾ ਕਬਜ਼ਾ ਕਰ ਲਿਆ। ਇਥੋਂ ਦੇ ਸਥਾਨਿਕ ਲੋਕ ਦੱਖਣੀ ਭਾਰਤ 'ਚ ਜਾ ਕੇ ਵਸ ਗਏ ਅਤੇ ਆਰੀਆ ਲੋਕਾਂ ਦੇ ਨਾਲ ਇਨ੍ਹਾਂ ਦਾ ਝਗੜਾ ਸਮਾਪਤ ਹੋ ਗਿਆ। ਕਿਹਾ ਜਾਂਦਾ ਹੈ ਕਿ ਉਹ ਲੋਕ ਦਰਾਵਿੜ ਹੈ। ਫਿਰ ਦੋ ਢਾਈ ਹਜ਼ਾਰ ਸਾਲ ਤੱਕ ਆਰੀਆ ਲੋਕਾਂ ਨੂੰ ਕਿਸੇ ਵੀ ਹੋਰ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਹੂਣ ਅਤੇ ਸ਼ੱਕ ਲੋਕਾਂ ਦੇ ਹਮਲਿਆ ਦੇ ਸਮੇਂ ਤੱਕ ਉਨ੍ਹਾਂ ਦੇ ਕੋਲ ਐਨੀ ਸ਼ਕਤੀ ਸੀ ਕਿ ਉਹ ਉਨ੍ਹਾਂ ਦਾ ਸਾਹਮਣਾ ਕਰ ਸਕੇ। ਖਾਸ ਕਰਕੇ ਪੰਜਾਬ ਦੇ ਲੋਕ ਵਧੇਰੇ ਨਕਾਰਾ ਹੋਏ, ਕਿਉਂਕਿ ਇਨ੍ਹਾਂ ਨੂੰ ਰੋਟੀ ਰੋਜੀ ਲਈ ਕਿਸੇ ਤਰ੍ਹਾਂ ਦੀ ਮਿਹਨਤ ਦੀ ਜ਼ਰੂਰਤ ਨਹੀਂ ਪੈਂਦੀ ਸੀ। ਬਾਹਰ ਤੋਂ

ਆਉਣ ਵਾਲੇ ਲੋਕ ਜਿਵੇਂ ਕਿ ਮੁਸਲਮਾਨ-ਰੇਗਿਸਤਾਨ ਤੋਂ ਆਏ ਸਨ, ਉਨ੍ਹਾਂ ਦਾ ਜੀਵਨ ਬਹੁਤ ਕਠਿਨ ਰਿਹਾ ਸੀ। ਇਹੀ ਗੱਲ ਅੰਗਰੇਜ਼ਾ ਦੀ ਵੀ ਸੀ। ਪੂਰੀ ਦੁਨੀਆਂ ਵਿਚ ਉਨ੍ਹਾਂ ਦੇ ਫੈਲਣ ਦਾ ਮੈਨੂੰ ਇਹੀ ਕਾਰਨ ਲੱਗਦਾ ਹੈ ਕਿ ਇੰਗਲੈਂਡ ਦੀ ਭੂਗੋਲਿਕ ਸਥਿਤੀ ਬਹੁਤ ਚੰਗੀ ਨਹੀਂ ਸੀ। ਪੂਰਾ ਸਾਲ ਉਥੋਂ ਦੇ ਲੋਕਾਂ ਨੂੰ ਸਖਤ ਮਿਹਨਤ ਕਰਨੀ ਪੈਂਦੀ ਸੀ। ਚਾਰੇ ਪਾਸਿਆਂ ਤੋਂ ਇਹ ਸਮੁੰਦਰ ਨਾਲ ਘਿਰਿਆ ਹੋਇਆ ਹੈ ਅਤੇ ਸਾਲ ਵਿਚ ਅੱਠ ਮਹੀਨੇ ਬਰਫ਼ ਨਾਲ ਢੱਕਿਆ ਰਹਿੰਦਾ ਹੈ। ਜ਼ਮੀਨ ਵੀ ਪਹਾੜੀ ਤੇ ਪਥਰੀਲੀ ਹੈ। ਪਤਝੜ ਵਿਚ ਦਰੱਖਤਾਂ ਦੇ ਪੱਤੇ ਝੜ ਜਾਣ ਤੇ ਠੰਢ ਵਿਚ ਜਾਨਵਰ ਜਾਂ ਤਾਂ ਮਰ ਜਾਂਦੇ ਜਾਂ ਦੱਖਣ ਵੱਲ ਚਲੇ ਜਾਂਦੇ ਸਨ। ਜਿਉਂਦੇ ਰਹਿਣ ਦੇ ਲਈ ਇੱਥੋਂ ਦੇ ਲੋਕ, ਬਰਫ਼ ਦੀ ਉਪਰਲੀ ਪਰਤ ਤੋੜ ਕੇ ਉਨ੍ਹਾਂ ਦੇ ਥੱਲਿਓਂ ਮੱਛੀਆਂ ਫੜ ਕੇ ਤੇ ਪੱਕਾ ਕੇ ਖਾਂਦੇ ਸਨ। ਉਨ੍ਹਾਂ ਨੇ ਹਜ਼ਾਰਾਂ ਸਾਲ ਤੱਕ ਇਹੀ ਔਖਾ ਜੀਵਨ ਬਤੀਤ ਕੀਤਾ ਸੀ। ਕੋਲੰਬਸ ਤੋਂ ਬਾਅਦ ਜਦੋਂ ਉਨ੍ਹਾਂ ਨੇ ਜਹਾਜ਼ ਬਣਾ ਲਿਆ ਅਤੇ ਸਮੁੰਦਰ ਪਾਰ ਕੀਤਾ, ਉਨ੍ਹਾਂ ਨੂੰ ਕਈ ਕਈ ਮਹੀਨ ਸਮੁੰਦਰ ਵਿਚ ਰਹਿਣਾ ਪੈਂਦਾ, ਇਸ ਤਰ੍ਹਾਂ ਜਿਉਂਦੇ ਰਹਿਣ ਦੇ ਲਈ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ। ਇਨ੍ਹਾਂ ਸਾਰੀਆਂ ਸਥਿਤੀਆਂ ਨੇ ਉਨ੍ਹਾਂ ਨੂੰ ਕਾਫੀ ਮਜਬੂਤ ਬਣਾ ਦਿੱਤਾ। ਕਿਹਾ ਜਾਂਦਾ ਹੈ ਜਦੋਂ ਕੋਲੰਬਸ ਅਮਰੀਕਾ ਤੋਂ ਵਾਪਸ ਆ ਰਿਹਾ ਸੀ ਤਾਂ ਉਨ੍ਹਾਂ ਦੇ ਨਾਲ ਐਨੇ ਲੋਕ ਸਨ ਕਿ ਉਨ੍ਹਾਂ ਦੇ ਖਾਣੇ ਦਾ ਪ੍ਰਬੰਧ ਕਰਨਾ ਮੁਸ਼ਕਲ ਸੀ। ਇਕ ਟਾਪੂ ਉੱਤੇ ਰੁਕ ਕੇ ਉਸ ਨੇ ਕਾਫ਼ੀ ਲੋਕਾਂ ਨੂੰ ਮਾਰ ਦਿੱਤਾ, ਅਤੇ ਓਨੇ ਲੋਕਾਂ ਨੂੰ ਜਿਉਂਦੇ ਰੱਖਿਆ ਜਿਨ੍ਹਾਂ ਦੇ ਲਈ ਖਾਣਾ ਉਸ ਦੇ ਕੋਲ ਸੀ।

*ਵਿਨੋਦ ਸ਼ਾਹੀ- ਤਾਂ ਇਸ ਦਾ ਮਤਲਬ ਇਹ ਹੋਇਆ ਕਿ ਇਹ ਤਾਂ ਤਬਾਹੀ ਸੀ ਜੋ ਮੁਸਲਮਾਨਾਂ ਅਤੇ ਅੰਗਰੇਜ਼ਾਂ ਦੇ ਨਾਲ ਪੂਰੀ ਦੁਨੀਆਂ ਵਿਚ ਫੈਲੀ। ਅੰਗਰੇਜ਼ਾਂ ਨੇ ਹਿੰਦੁਸਤਾਨ ਵਰਗ ਦੀ ਆਰਥਿਕਤਾ ਦੇ ਪੂਰੇ ਅਧਾਰ ਨੂੰ ਤੋੜ-ਭੰਨ ਦਿੱਤਾ। ਹਾਲਾਂਕਿ ਅੰਗਰੇਜ਼ ਹੀ ਇਕ ਅਜਿਹੀ ਸ਼ਾਸ਼ਨ ਪ੍ਰਣਾਲੀ ਲੈ ਕੇ ਆਏ ਜਿਸ ਨੂੰ ਅਸੀਂ ਲੋਕਤੰਤਰ ਕਹਿੰਦ ਹਾਂ। ਪ੍ਰੰਤੂ ਅੰਗਰੇਜ਼ ਕੌਮ ਦਾ ਇਤਿਹਾਸ ਜੇਤੂ ਲੋਕਾਂ ਦਾ ਹੈ, ਦੂਜੇ ਲੋਕਾਂ ਤੇ ਰਾਜ ਕਰਨ ਦਾ ਇਤਿਹਾਸ ਹੈ, ਦਮਨ ਦਾ ਇਤਿਹਾਸ ਹੈ। ਪ੍ਰੰਤੂ ਮੁਸਲਮਾਨ ਹਮਲਾਵਰ ਜਿਸ ਤਰ੍ਹਾਂ ਨਾਲ ਇਥੋਂ ਲੋਕਾਂ ਦਾ ਹਿੱਸਾ ਬਣ ਗਏ, ਅੰਗਰੇਜ਼ ਉਸ ਤਰ੍ਹਾਂ ਨਾਲ ਭਾਰਤ ਦਾ ਹਿੱਸਾ ਕਦੇ ਨਹੀਂ ਬਣ ਸਕੇ। ਕੀ ਤੁਹਾਨੂੰ ਇਸ ਦਮਨਚੱਕਰ ਅਤੇ ਸਮਾਜਵਾਦ ਦੀ ਟੱਕਰ ਤੋਂ ਪੈਦਾ ਹੋਏ ਨਿਜ਼ਾਮਵਾਦ ਤੋਂ ਮੁਕਤੀ ਦਾ ਕੋਈ ਰਾਹ ਨਜ਼ਰ ਆਉਂਦਾ ਹੈ? ਤੁਸੀਂ ਅਜੇ ਤੱਕ ਨਿਰਾਸ਼ਾਵਾਦੀ ਬਣ ਕੇ ਰਹੇ ਸੀ ਕਿ ਇਥੋਂ ਕੇ ਲੋਕ ਆਰਾਮਪਸੰਦ ਹੋ ਗਏ ਅਤੇ ਸਮਝੌਤਾਵਾਦੀ ਬਣੇ ਅਤੇ ਸਾਇਦ ਅਜੇ ਵੀ ਉਸ ਰਾਹ ਉੱਤੇ ਚੱਲਦੇ ਜਾ ਰਹੇ ਹਨ। ਕੀ ਤੁਸੀਂ ਗਾਂਧੀ ਜਾਂ ਦੂਸਰੇ ਲੋਕਾਂ ਦੇ ਵਾਂਗ ਭ੍ਰਿਸ਼ਟ ਵਿਵਸਥਾ ਤੋਂ ਮੁਕਤੀ ਦਾ ਕੋਈ ਰਾਹ ਦੇਖਦੇ ਹੋ?*

ਗੁਰਦਿਆਲ ਸਿੰਘ- ਰਸਤਾ ਇਸ ਲਈ ਨਜ਼ਰ ਨਹੀਂ ਆਉਂਦਾ ਕਿ ਅਜ਼ਾਦੀ ਦੇ 63 ਸਾਲ ਦੇ ਬਾਅਦ ਤੱਕ ਵੀ ਅਨੇਕ ਸਰਕਾਰਾਂ ਆਈਆਂ ਤੇ ਗਈਆਂ, ਪ੍ਰੰਤੂ ਕੋਈ ਵੀ ਸਰਕਾਰ ਪੂਰੀ ਤਰ੍ਹਾਂ ਨਾਲ ਲੋਕਤੰਤਰਕ ਵਿਵਸਥਾ ਵਿਕਸਿਤ ਨਹੀਂ ਕਰ ਸਕੀ। ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣ ਵਾਲੀਆਂ ਰਾਜਨੀਤਿਕ ਪਾਰਟੀਆਂ ਆਜ਼ਾਦੀ ਦੇ ਸੰਘਰਸ਼ ਦੇ ਸਮੇਂ ਤੱਕ ਤਾਂ ਠੀਕ ਸਨ, ਕਿਉਂਕਿ ਆਜ਼ਾਦੀ ਤੱਕ ਸਭ ਦਾ ਮੁੱਦਾ ਇਕ ਹੀ ਸੀ ਕਿ ਆਜ਼ਾਦੀ ਕਿਵੇਂ ਪ੍ਰਾਪਤ ਕੀਤੀ ਜਾਵੇ। ਉਨ੍ਹਾਂ ਵਿਚ ਮਹਾਤਮਾ ਗਾਂਧੀ ਸਭ ਤੋਂ ਵੱਧ ਕਾਮਯਾਬ ਹੋਇਆ। ਉਨ੍ਹਾਂ ਨੇ ਅਹਿੰਸਾ ਦਾ ਰਾਹ ਅਪਨਾਇਆ। ਅਹਿੰਸਾ ਦਾ ਅਰਥ ਹੈ ਟੱਕਰ ਨਾ ਲਓ ਅਤੇ ਜਿਸ ਦਾ ਮਤਲਬ ਹੈ ਸਮਝੌਤਾ ਕਰੋ। ਨਹਿਰੂ ਦੀ ਪੁਸਤਕ ਮੈਂ ਪੜ੍ਹੀ ਹੈ ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਗਾਂਧੀ ਦੇ ਨਾਲ ਉਨ੍ਹਾਂ ਦਾ ਕਈ ਵਾਰ ਮੱਤਭੇਦ ਹੋਇਆ, ਪ੍ਰੰਤੂ ਫਿਰ ਸਮਝੌਤਾ ਹੋਇਆ ਅਤੇ ਅੰਤ ਰਾਜਸ਼ਕਤੀ ਦਾ ਪ੍ਰਤੀਕ ਨਹਿਰੂ ਬਣੇ। ਗਾਂਧੀ ਸਭਿਆਚਾਰਕ-ਨੈਤਿਕ ਕਦਰਾਂ ਕੀਮਤਾਂ ਤੱਕ ਹੀ ਸੀਮਤ ਰਹੇ, ਪ੍ਰੰਤੂ ਨਹਿਰੂ ਅਤੇ ਪਟੇਲ ਵਰਗੇ ਲੋਕਾਂ ਨੇ ਇਨ੍ਹਾਂ ਤੋਂ ਬਾਹਰ ਜਾ ਕੇ ਗੱਲ ਕੀਤੀ।



*ਵਿਨੋਦ ਸ਼ਾਹੀ-ਪ੍ਰੰਤੂ ਰਾਜਸ਼ਾਹੀ ਦੇ ਉਲਟ ਆਰਥਿਕ ਤਰੱਕੀ ਦਾ ਮਾਡਲ ਕੇਵਲ ਗਾਂਧੀ ਹੀ ਸਾਡੇ ਸਾਹਮਣੇ ਰੱਖਦੇ ਸਨ। ਗਾਂਧੀ ਦੀ ਆਤਮ ਨਿਰਭਰਤਾ ਖਾਦੀ ਉਦਯੋਗਾ ਦੀ ਗੱਲ ਹੋਵੇ, ਹੱਥੀਂ ਦੇ ਕਰਨ ਵਾਲੇ ਉਦਯੋਗਾ ਦੇ ਸ਼ਿਲਪੀ ਹੋਣ, ਇਨ੍ਹਾਂ ਨੂੰ ਮੁੜ ਵਸਾਉਣ ਦੀ ਗੱਲ ਗਾਂਧੀ ਜੀ ਨੇ ਹੀ ਕੀਤੀ ਹੈ। ਜਾਤੀ ਪ੍ਰਥਾ ਨੂੰ ਤੋੜਨ ਅਤੇ ਹਰੀਜਨ ਭਲਾਈ ਦੀ ਗੱਲ ਵੀ ਕਰਦੇ ਹਨ। ਦੂਜੇ ਪਾਸੇ ਪਟੇਲ ਅਤੇ ਨਹਿਰੂ ਵਰਗੇ ਲੋਕ ਸਰਮਾਏਦਾਰ ਲੋਕਾਂ ਅਤੇ ਉਦਯੋਗਕ ਵਿਕਾਸ ਦਾ ਮਾਡਲ ਪੇਸ਼ ਕਰਦੇ ਹਨ। ਅਜਿਹਾ ਪ੍ਰਤੀਤ ਹੁੰਦਾ ਕਿ ਉਹ ਅੰਗਰੇਜ਼ਾਂ ਦੇ ਵੱਲੋਂ ਲਿਆਂਦੇ ਗਏ ਨਿਜ਼ਾਮਵਾਦ ਅਤੇ ਸਮਝੌਤਾਵਾਦ ਦੇ ਵੱਲ ਝੁਕਦੇ ਹਨ ਜਦਕਿ ਗਾਂਧੀ ਦਾ ਮਾਡਲ ਇਸਦੇ ਵਿਰੋਧ 'ਚ ਲੱਗਦਾ ਹੈ। ਤੁਹਾਡੀ ਇਸ ਸਬੰਧੀ ਕੀ ਦਲੀਲ ਹੈ?*

ਗੁਰਦਿਆਲ ਸਿੰਘ- ਗਾਂਧੀ ਜੀ ਦਾ ਮਾਡਲ ਇਕ ਆਈਡੀਅਲ ਅਦਰਸ਼ਵਾਦ ਦਾ ਮਾਡਲ ਹੈ। ਉਨ੍ਹਾਂ ਨੇ ਕਿਤੇ ਲਿਖਿਆ ਹੈ ਕਿ-ਸੱਤਾ ਦੀਆਂ ਅਨੇਕ ਪਰਿਭਾਸ਼ਾਵਾਂ ਹਨ, ਪ੍ਰੰਤੂ ਮੇਰੀ ਪਰਿਭਾਸ਼ਾ ਇਹ ਹੈ ਕਿ ਮੇਰਾ ਮਨ ਜਿਸ ਗੱਲ ਨੂੰ ਸੱਚ ਮੰਨਦਾ ਹੈ, ਮੈਂ ਉਸ ਨੂੰ ਸੱਚ ਕਹਾਂ। ਹੁਣ ਮਨ ਦੀ ਆਵਾਜ਼ ਦੀ ਜਿਹੜੀ ਧਾਰਨਾ ਹੈ, ਉਸ ਵਿਚ ਵਿਅਕਤੀ ਦਾ ਸਾਰਾ ਪਰਿਵਾਰ, ਪਰਿਵੇਸ਼, ਪੂਰਾ ਦੇਸ਼ ਉਸ ਵਿਚ ਆਉਂਦਾ ਹੈ। ਇਹ ਮਾਡਲ ਇਕ ਆਦਰਸ਼ ਸਮਾਜ ਦਾ ਮਾਡਲ ਹੈ। ਜਿਸ ਵਿਚ ਕਿਸੇ ਦੇ ਨਾਲ ਕੋਈ ਮੱਤਭੇਦ ਨਹੀਂ ਹੋਵੇਗਾ, ਨਾ ਆਰਥਿਕ ਪੱਧਰ 'ਤੇ , ਨਾ ਹੀ ਸਮਾਜਿਕ ਪੱਧਰ ਤੇ। ਔਰਤਾਂ ਅਤੇ ਮਰਦਾਂ ਨੂੰ ਬਰਾਬਰ ਮੌਕੇ ਮਿਲਣਗੇ, ਨਿਮਨਜਾਤੀਆਂ ਅਤੇ ਵਰਗਾਂ ਨੂੰ ਉਚਿਤ ਮੌਕੇ ਮਿਲਣਗੇ। ਪ੍ਰੰਤੂ ਸਵਾਲ ਉੱਠਦਾ ਹੈ ਕਿ ਭੇਦਭਾਵ ਨੂੰ ਸਮਾਪਤ ਕਿਵੇਂ ਕੀਤਾ ਜਾਵੇ? ਉਨ੍ਹਾਂ ਨੇ ਇਹ ਤਾਂ ਕਹਿ ਦਿੱਤਾ ਕਿ ਮੈਂ ਅਜਿਹਾ ਦੇਸ਼ ਚਾਹੁੰਦਾ ਹਾਂ, ਪ੍ਰੰਤੂ ਉਨ੍ਹਾਂ ਦੇ ਅਦਰਸ਼ ਨੂੰ ਯਥਾਰਥ ਵਿਚ ਪਰਿਵਰਤਨ ਕਰਨ ਦੇ ਲਈ ਕੋਈ ਸਿਸਟਮ ਤਾਂ ਅਜਿਹਾ ਬਣਾਉਣਾ ਪਵੇਗਾ। ਸਾਡੀਆਂ ਰਾਜਨੀਤਿਕ ਪਾਰਟੀਆਂ 63 ਸਾਲਾਂ ਦੇ ਅੰਦਰ ਅਜਿਹੀ ਵਿਵਸਥਾ ਵਿਕਸਿਤ ਹੀ ਨਹੀਂ ਕਰ ਸਕੀਆਂ।

*ਵਿਨੋਦ ਸ਼ਾਹੀ- ਕੀ ਉਹ ਅਜਿਹਾ ਇਸ ਲਈ ਕਰ ਸਕੇ ਕਿ ਉਹ ਗਾਂਧੀ ਦੇ ਮਾਡਲ ਨੂੰ ਛੱਡ ਕੇ ਪੂੰਜੀਵਾਦੀ ਸਿਸਟਮ ਦੇ ਪਿੱਛੇ ਚਲ ਪਏ? ਅੱਜ ਜਿਸ ਰਸਤੇ ਉੱਤੇ ਬਾਕੀ ਦੁਨੀਆਂ ਭਟਕ ਰਹੀ ਹੈ ਉਸੇ ਰਾਹ ਦਾ ਹਿੰਦੁਸਤਾਨ ਵੀ ਸ਼ਿਕਾਰ ਹੋ ਗਿਆ?*

ਗੁਰਦਿਆਲ ਸਿੰਘ-ਪ੍ਰੰਤੂ ਉਸ ਤੋਂ ਬਿਨਾ ਉਸ ਦੇ ਕੋਲ ਕੋਈ ਹੋਰ ਚਾਰਾ ਵੀ ਨਹੀਂ ਸੀ। ਹੁਣ ਰਾਜ ਕਰਨ ਦੇ ਲਈ ਜਾਂ ਵੋਟ ਲੈਣ ਦੇ ਲਈ ਜਾਂ ਤਾਂ ਗਾਂਧੀ ਦੇ ਦੱਸੇ ਰਾਹ ਤੇ ਚੱਲ ਕੇ ਉਹ ਰਾਜ ਸੱਤਾ ਨੂੰ ਪ੍ਰਾਪਤ ਕਰਨ, ਪ੍ਰੰਤੂ ਉਸ ਗੱਲ ਦੀ ਸੰਭਾਵਨਾਵਾਂ ਨਹੀਂ ਬਣ ਸਕਦੀ ਸੀ, ਕਿਉਂਕਿ ਗਾਂਧੀ ਨੂੰ ਤਾਂ ਕਾਂਗਰਸ ਨੇ ਏਧਰ-ਉਧਰ ਕਰ ਦਿੱਤਾ ਸੀ। ਉਸਤੋਂ ਬਾਅਦ ਕੇਵਲ ਸੱਤਾ ਨੂੰ ਹਥਿਆਣ ਦੀ ਹੀ ਗੱਲ ਰਹਿ ਗਈ। ਨਹਿਰੂ ਦੇ ਸਬੰਧ ਵਿਚ ਮੇਰਾ ਵਿਚਾਰ ਹੈ ਕਿ ਉਸ ਵਿਚ ਬਹੁਤ ਵੱਡੀਆਂ ਕਮਜ਼ੋਰੀਆਂ ਸਨ, ਵਿਅਕਤੀਗਤ ਤੌਰ ਤੇ। ਉਸ ਨੇ ਆਪਣੀ ਬੇਟੀ ਨੂੰ ਆਪਣੇ ਜਵਾਈ ਤੋਂ ਅਲੱਗ ਕਰਕੇ ਆਪਣੇ ਕੋਲ ਰੱਖਿਆ। ਆਪਣੇ ਜੀਂਦੇ ਜੀਅ ਉਸ ਨੂੰ ਕਾਂਗਰਸ਼ ਦਾ ਪ੍ਰਧਾਨ ਬਣਾਇਆ ਉਸ ਨੂੰ ਪੂਰੀ ਟ੍ਰੇਨਿੰਗ ਦਿੱਤੀ ਰਾਜਨੀਤਿਕ ਨੇਤਾ ਬਣਨ ਦੀ। ਨਹਿਰੂ ਤੋਂ ਬਾਅਦ ਦੋ ਸਾਲ ਦੇ ਲਈ ਸ਼ਾਸਤਰੀ ਜੀ ਆਏ, ਪ੍ਰੰਤੂ ਉਸ ਨੂੰ ਇਨ੍ਹਾਂ ਲੋਕਾਂ ਵਰਗੀ ਰਾਜਨੀਤੀ ਨਹੀਂ ਆਉਂਦੀ ਸੀ। ਉਸ ਦੀ ਮੌਤ ਤੋਂ ਬਾਅਦ ਇੰਦਰਾ ਗਾਂਧੀ ਦੇ ਹੱਥ 'ਚ ਸੱਤਾ ਆਈ। ਉਸ ਨੇ ਸੱਤਾ ਕਾਇਮ ਰੱਖਣ ਦੇ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾਏ। ਇਲਾਹਾਬਾਦ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਜਦੋਂ ਉਸ ਨੂੰ ਜ਼ਰੂਰਤ ਪਈ ਉਸ ਨੇ ਐਮਰਜੈਸੀ ਲਗਾ ਦਿੱਤੀ। ਜ਼ਰੂਰਤ ਪੈਣ ਤੇ ਵਿਰੋਧੀ ਨੇਤਾਵਾਂ ਨੂੰ ਜ਼ੇਲ੍ਹਾਂ ਵਿਚ ਸੁੱਟ ਦਿੱਤਾ। ਜੈ ਪ੍ਰਕਾਸ਼ ਨਰਾਇਣ ਦਾ ਵੀ ਇਹੀ ਹਾਲ ਕੀਤਾ। ਉਸ ਤੋਂ ਬਾਅਦ ਤਿੰਨ ਸਾਲ ਤੱਕ ਏਧਰ ਉਧਰ ਦੇ ਲੋਕ ਇਕੱਠੇ ਕਰਕੇ ਸੱਤਾ ਚਲਾਉਂਦੇ ਰਹੇ, ਫਿਰ ਉਨ੍ਹਾਂ ਨੂੰ 84 ਸਾਲਾਂ ਮੋਰਾਰਜੀ

ਡਿਸਾਈ ਮਿਲੇ, ਜਿਹੜਾ ਪੁਰਾਣਾ ਆਈ. ਏ. ਐੱਸ. ਅਫ਼ਸਰ ਸੀ ਪੂਰਾ ਬਓਰੋਕ੍ਰੇਟ ਸੀ। ਉਸ ਨੇ ਜੋ ਕੁਝ ਵੀ ਕੀਤਾ, ਉਹ ਕਿਸੇ ਵੀ ਤਰ੍ਹਾਂ ਲੋਕਾਂ ਦੇ ਪੱਖ ਵਿਚ ਨਹੀਂ ਜਾਂਦਾ ਸੀ। 80 ਦੇ ਬਾਅਦ ਜਿਹੜਾ ਸਮਾਂ ਆਇਆ, ਉਸ ਵਿਚ ਹਰ ਰਾਜਨੀਤਿਕ ਪਾਰਟੀ, ਇਥੋਂ ਤੱਕ ਕਿ ਲੈਫਟ ਵਾਲੇ, ਉਨ੍ਹਾਂ ਸਾਰਿਆਂ ਦਾ ਨਿਸ਼ਾਨਾ ਸੱਤਾ ਹਾਸਲ ਕਰਨਾ ਹੀ ਰਿਹਾ ਹੈ।

*ਵਿਨੋਦ ਸ਼ਾਹੀ- ਤਾਂ ਫਿਰ ਬਦਲਵਾਂ ਮਾਡਲ ਕਿਸ ਦੇ ਕੋਲ ਹੈ? ਨਾ ਉਹ ਬੀ ਜੇ ਪੀ ਕੇ ਕੋਲ ਹੈ, ਨਾ ਉਹ ਕਾਂਗਰਸ ਅਤੇ ਨਾ ਹੀ ਲੈਫ਼ਟ ਪਾਰਟੀਆਂ ਦੇ ਕੋਲ ਹੈ, ਤਾਂ ਕੀ ਉਹ ਮਾਓਵਾਦੀਆਂ ਦੇ ਕੋਲ ਹੈ? ਲੋਕ ਕਿਨ੍ਹਾਂ ਵੱਲ ਵੇਖਣ?*

ਗੁਰਦਿਆਲ ਸਿੰਘ- ਮਾਓਵਾਦੀਆਂ ਦੇ ਕੋਲ ਇਸ ਦਾ ਹੱਲ ਨਹੀਂ ਹੈ। ਐਨਾ ਵੱਡਾ ਦੇਸ਼, ਜਿਸਦੀ ਆਬਾਦੀ 115 ਕਰੋੜ ਤੋਂ ਵੀ ਵੱਧ ਹੋ ਚੁੱਕੀ ਹੈ। ਅਤੇ ਇਸ ਵਿਚ 70-80 ਪ੍ਰਤੀਸ਼ਤ ਲੋਕ ਪਿੰਡਾਂ ਵਿਚ ਰਹਿਣ ਵਾਲੇ ਹਨ। ਪੰਜਾਬ ਦੀ ਉਦਾਹਰਣ ਲਓ-ਇਸ ਵਿਚ ਮੁੱਖ ਰੋਜਗਾਰ ਖੇਤੀ ਹੈ। ਜੇਕਰ ਇਕ ਕਿਸਾਨ ਦੇ ਕੋਲ 20 ਕਿਲੇ ਜ਼ਮੀਨ ਹੈ ਜਿਹੜੀ ਉਸ ਦੀ ਮੌਤ ਤੋਂ ਬਾਅਦ ਉਸਦੇ ਤਿੰਨ ਪੁੱਤਰਾਂ ਵਿਚ ਵੰਡੀ ਜਾਵੇਗੀ। ਕੋਈ ਕਾਨੂੰਨ ਇਸ ਬਟਵਾਰੇ ਨੂੰ ਨਹੀਂ ਰੋਕ ਸਕਿਆ। ਲਗਾਤਾਰ ਬਟਵਾਰੇ ਦੇ ਖੇਤ ਛੋਟੇ ਹੋ ਜਾਣ ਤੋਂ ਹੋਇਆ ਇਹ ਹੈ ਕਿ ਜੇਕਰ ਉਸ ਵਿਚ ਕਸਤੂਰੀ ਵੀ ਬੀਜ਼ ਦਿੱਤੀ ਜਾਵੇ, ਤਾਂ ਕਿਸਾਨ ਪਰਿਵਾਰ ਦਾ ਗੁਜਾਰਾ ਉਸ ਵਿਚ ਨਹੀਂ ਹੋ ਸਕਦਾ। ਕਿਸੇ ਨੇ ਇਹ ਵੇਖਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਅਜਿਹਾ ਕਿਸ ਹੱਦ ਤੱਕ ਚੱਲ ਸਕੇਗਾ। ਸ਼ਹਿਰ ਬਣਦੇ ਜਾ ਰਹੇ ਹਨ, ਅਤੇ ਕਈ ਹੋਰ ਯੋਜਨਾਵਾਂ ਵੀ ਲਾਗੂ ਹੋ ਰਹੀਆਂ ਹਨ, ਸੜਕਾਂ ਬਣ ਰਹੀਆਂ ਹਨ, ਪ੍ਰੰਤੂ ਖੇਤੀ ਨਾਲ ਜੁੜੀਆਂ ਇਨ੍ਹਾਂ ਪ੍ਰਮੁੱਖ ਸਮੱਸਿਆਵਾਂ ਦੇ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

*ਵਿਨੋਦ ਸ਼ਾਹੀ-ਜਿਹੜਾ ਇਹ ਸ਼ਹਿਰੀਕਰਨ ਹੋ ਰਿਹਾ ਹੈ, ਉਸਨੇ ਪੂਰੀ ਦੁਨੀਆਂ ਨੂੰ ਇਕ ਅੰਨੀ ਦੌੜ ਵਿਚ ਸੁੱਟ ਦਿੱਤਾ ਹੈ। ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਵੱਧ ਰਹੀ ਹੈ, ਸਮੁੰਦਰ ਜ਼ਹਿਰੀਲੇ ਹੋ ਰਹੇ ਹਨ, ਪੂਰੀ ਦੀਆਂ ਪੂਰੀਆਂ ਜੀਵ ਪ੍ਰਜਾਤੀਆਂ ਖਤਰੇ ਵਿਚ ਹਨ, ਤਾਂ ਕੀ ਇਹ ਸੰਕਟ ਪੂਰੀ ਦੁਨੀਆਂ ਦਾ ਨਹੀਂ, ਕੇਵਲ ਹਿੰਦੁਸਤਾਨ ਦਾ ਹੀ ਹੈ? ਤਾਂ ਕੀ ਬਦਲ ਦੇ ਲਈ ਸਾਨੂੰ ਉਸ ਅਵਸਥਾ ਵਿਚ ਨਹੀਂ ਜਾਣਾ ਪਵੇਗਾ ਕਿ ਜਦੋਂ ਖੇਤੀ 'ਤੇ ਨਿਰਭਰ ਵਿਵਸਥਾ ਸੀ? ਕੀ ਪੂਰੀ ਦੁਨੀਆਂ ਦੀ ਮੁਕਤੀ ਇਸ ਗੱਲ ਵਿਚ ਸ਼ਾਮਿਲ ਨਹੀਂ ਹੈ ਕਿ ਖੇਤੀਬਾੜੀ ਨੂੰ ਉੱਚ ਤਕਨੀਕ ਦੀ ਸਹਾਇਤਾ ਨਾਲ ਸੁਧਾਰਿਆ ਜਾਵੇਗਾ ਅਤੇ ਇਸੇ ਤਰ੍ਹਾਂ ਲੋਕਤੰਤਰ ਨੂੰ ਵੀ ਡੀਸੈਂਟਰਲਾਈਜੇਸ਼ਨ ਦੇ ਵੱਲ ਮੋੜਨਾ ਪਵੇਗਾ।*

ਗੁਰਦਿਆਲ ਸਿੰਘ- ਡੀਸੈਂਟਰਲਾਈਜੇਸ਼ਨ ਦੇ ਸਨਮੁੱਖ ਸਮੱਸਿਆ ਇਹ ਹੈ ਕਿ 1901 ਦੀ ਜਨਗਣਨਾ ਦੇ ਅਨੁਸਾਰ ਪੂਰੇ ਸੰਸਾਰ ਦੀ ਆਬਾਦੀ 1 ਅਰਬ ਸੀ, ਹੁਣ ਇਕ ਸਦੀ ਦੇ ਅੰਦਰ ਅੰਦਰ ਇਹ ਅਬਾਦੀ 6 ਅਰਬ ਹੋ ਚੁੱਕੀ ਹੈ। ਇਸ ਛੇ ਅਰਬ ਦੀ ਅਬਾਦੀ ਦੇ ਲਈ ਮੁਢਲੀਆਂ ਲੋੜਾ ਤਾਂ ਪੂਰੀਆਂ ਕਰਨੀਆਂ ਪੈਣਗੀਆਂ। ਉਨ੍ਹਾਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਦੇ ਲਈ ਸਥਾਨ ਚਾਹੀਦੇ ਨੇ ਅਤੇ ਆਬਾਦੀ ਐਨੀ ਵੱਧ ਜਾਣ ਦੇ ਕਾਰਨ ਸਥਾਨ ਬਚੇ ਹੀ ਨਹੀਂ। ਭਾਰਤ ਵਿਚ ਤਾਂ ਬਿਲਕੁਲ ਨਹੀਂ ਬੱਚਿਆ। ਪਾਕਿਸਤਾਨ ਦੀ ਆਬਾਦੀ 14-15 ਕਰੋੜ, ਬੰਗਲਾਦੇਸ਼ ਦੀ 12 ਕਰੋੜ ਅਤੇ ਭਾਰਤ ਦੀ ਆਬਾਦੀ 1 ਅਰਬ 15 ਕਰੋੜ ਦੇ ਲੱਗਭੱਗ ਹੈ। ਜਦਕਿ ਆਜ਼ਾਦੀ ਦੇ ਸਮੇਂ ਇਸ ਉਪਮਹਾਂਦੀਪ ਦੀ ਕੁਲ ਜਨਸੰਖਿਆ 40-45 ਕਰੋੜ ਦੀ ਸੀ। ਮੁਢਲੀਆਂ ਲੋੜਾ ਤੋਂ ਇਲਾਵਾ, ਹੁਣ ਚਾਹੇ ਪੇਂਡੂ ਜਨਸੰਖਿਆ ਹੋਵੇ ਤਾਂ ਸ਼ਹਿਰੀ, ਉਨ੍ਹਾਂ ਦੀ ਸਾਰੀ ਦੀ ਸਾਰੀ ਸ਼ਕਤੀ ਕਿਸੇ ਉਤਪਾਦਨ ਵਿਚ ਲਗਾਈ ਜਾਵੇ? ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਬਣਨ ਤੇ ਕਿਹਾ ਕਿ ਅਸੀਂ ਹਰ ਪਰਿਵਾਰ ਦੇ ਘੱਟ ਤੋਂ ਘੱਟ ਇਕ ਮੈਂਬਰ ਨੂੰ ਹਰ ਸਾਲ ਘੱਟ ਤੋਂ ਘੱਟ 100 ਦਿਨ ਕੰਮ



ਦੇਣ ਦੀ ਕੋਸ਼ਿਸ਼ ਕਰਾਂਗੇ। ਪ੍ਰੰਤੂ ਪਿੰਡਾਂ ਵਿਚ ਸੁਭਾਵਿਕ ਤੌਰ ਤੇ ਹੋਣ ਵਾਲੀ ਉਨਤੀ ਦੇ ਅੰਤਰਗਤ ਜੇਕਰ ਕੋਈ ਕੰਮ ਧੰਦਾ ਨਹੀਂ ਰਿਹਾ, ਤਾਂ ਮਨਮੋਹਨ ਸਿੰਘ ਉਨ੍ਹਾਂ ਨੂੰ ਕਿਵੇਂ ਕੰਮ ਦੇ ਸਕਦੇ ਹਨ? ਹਾਲ ਹੀ ਵਿਚ ਆਈ ਰਿਪੋਰਟ ਦੇ ਅਨੁਸਾਰ ਦਸ ਕਰੋੜ ਪਰਿਵਾਰ ਅਜਿਹੇ ਚੁਣੇ ਗਏ, ਜਿਸ 'ਚ ਪ੍ਰਤੀ ਪਰਿਵਾਰ ਇਕ ਮੈਂਬਰ ਨੂੰ 100 ਦੇ ਬਜਾਏ 45 ਦਿਨ ਦੇ ਲਈ ਕੰਮ ਮਿਲੇ।

ਇਸ ਦੇ ਅੰਤਰਗਤ ਸਾਡੀ ਪੁਰਾਣੀ 'ਸੁੱਖਰਹਿਣੀ' ਪ੍ਰਵਿਰਤੀ ਇਕ ਹੱਦ ਤੱਕ ਵੱਧ ਚੁੱਕੀ ਹੈ ਕਿ ਕੋਈ ਵਿਅਕਤੀ ਆਪਣੇ ਕੰਮ 'ਚ ਕੁਸ਼ਲ ਨਹੀਂ ਹੈ। ਜਿਸ ਵੀ ਦਫ਼ਤਰ ਵਿਚ ਜਾਓ, ਤੁਸੀਂ ਵੇਖੋਗੇ ਕਿ ਕਰਮਚਾਰੀ ਚਾਹੇ ਅਫ਼ਸਰ ਹੋਣ, ਕਲਰਕ ਹੋਣ ਜਾਂ ਦੂਜੇ ਕਰਮਚਾਰੀ ਹੋਣ, ਆਪਣੀ ਸੀਟ ਤੇ ਨਹੀਂ ਮਿਲਣਗੇ। ਇਕ ਹੀ ਦਿਨ ਵਿਚ ਜਿਹੜੀ ਫਾਇਲ ਦਾ ਕੰਮ ਖਤਮ ਹੋ ਜਾਣਾ ਚਾਹੀਦਾ, ਦੋ ਦੋ ਮਹੀਨੇ ਤੱਕ ਲਟਕੀ ਰਹਿੰਦੀ ਹੈ। ਪੱਖੇ, ਬਿਜਲੀ ਫਜ਼ੂਲ ਚਲ ਰਹੀ ਹੈ ਅਤੇ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨ ਵਾਲਾ ਕੋਈ ਨਹੀਂ।

*ਵਿਨੋਦ ਸ਼ਾਹੀ- ਕੀ ਅੰਗਰੇਜ਼ਾਂ ਤੋਂ ਉਧਾਰ ਲਈ ਗਈ ਉਸ ਵਿਵਸਥਾ ਦੀ ਘਾਟ ਦਾ ਕਾਰਨ ਅਜਿਹਾ ਹੈ ਜਾਂ ਕੋਈ ਹੋਰ ਕਾਰਨ ਤੁਹਾਨੂੰ ਲੱਗਦਾ ਹੈ?*

ਗੁਰਦਿਆਲ ਸਿੰਘ-ਇਕ ਕਾਰਨ ਤਾਂ ਇਹ ਹੈ ਕਿ ਅੰਗਰੇਜ਼ ਇਕ ਭ੍ਰਿਸ਼ਟ ਵਿਵਸਥਾ ਏਥੇ ਛੱਡ ਕੇ ਗਏ। ਉਹ ਲੋਕ ਜੋ ਵੀ ਕਰ ਰਹੇ ਸਨ ਕੇਵਲ ਆਪਣੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਕਰ ਰਹੇ ਸੀ। ਜਿਵੇਂ ਕਿ ਭਗਤ ਸਿੰਘ ਅਤੇ ਹੋਰ ਕ੍ਰਾਂਤੀਕਾਰੀਆਂ ਉੱਤੇ ਮੁਕੱਦਮੇ ਚਲਾਏ ਗਏ, ਅਤੇ ਐਨੀ ਸਖ਼ਤ ਸਜ਼ਾ ਉਨ੍ਹਾਂ ਨੂੰ ਦਿੱਤੀ ਜਾਂਦੀ ਸੀ ਕਿ ਲੋਕ ਅੰਗਰੇਜ਼ਾਂ ਤੋਂ ਡਰ ਕੇ ਰਹੇ। ਫਿਰ ਵੀ ਅੰਗਰੇਜ਼ ਤਾਂ ਇਕ ਲੱਖ ਤੋਂ ਵਧੇਰੇ ਗਿਣਤੀ ਵਿਚ ਕਦੀ ਵੀ ਭਾਰਤ ਵਿਚ ਨਹੀਂ ਰਹੇ। ਨਿੱਤ ਦਾ ਕੰਮ ਕਾਜ਼ ਤਾਂ ਏਥੋਂ ਦੇ ਲੋਕ ਹੀ ਵੇਖਦੇ ਸਨ। ਤਾਲਸਤਾਏ ਨੇ ਗਾਂਧੀ ਨੂੰ ਇਕ ਪੱਤਰ ਲਿੱਖਿਆ ਸੀ, ਜਿਸ ਵਿਚ ਉਨ੍ਹਾਂ ਨੇ ਲਿਖਿਆ ਕਿ ਜਿਹੜੀ ਕੌਮ ਗੁਲਾਮ ਨਹੀਂ ਰਹਿਣਾ ਚਾਹੁੰਦੀ, ਉਸ ਨੂੰ ਕਦੇ ਕੋਈ ਗੁਲਾਮ ਬਣਾ ਕੇ ਨਹੀਂ ਰੱਖ ਸਕਦਾ। ਸਾਡੀ ਮਾਨਸਿਕਤਾ ਗੁਲਾਮ ਰਹਿਣ ਦੀ ਬਣ ਚੁੱਕੀ ਹੈ।

*ਵਿਨੋਦ ਸ਼ਾਹੀ-ਇਸ ਸਾਰੇ ਪਿਛੋਕੜ ਦੇ ਅਧਾਰ ਤੇ ਅਸੀਂ ਤੁਹਾਡੇ ਨਾਵਲਾਂ ਉੱਤੇ ਕੇਂਦਰਤ ਹੁੰਦੇ ਹਾਂ। ਤੁਸੀਂ ਆਪਣੇ ਨਾਵਲਾਂ ਵਿਚ ਜਨਤੰਤਰ ਅਤੇ ਸਾਡੇ ਸਮਾਜ ਦੇ ਅੰਤਰਵਿਰੋਧਾ ਨੂੰ ਦਰਸਾਇਆ ਗਿਆ ਹੈ। ਇਨ੍ਹਾਂ ਵਿਚ ਕਈ ਨਾਵਲ ਕਈ ਹੱਲ ਵੀ ਪੇਸ਼ ਕਰਦੇ ਹਨ। ਇਹ ਕਿਸੇ ਪੋਇਟਿਕ ਹੱਲ ਦੇ ਵੱਲ ਇਸ਼ਾਰਾ ਕਰਦੇ ਹਨ ਅਤੇ ਗਹਿਰਾ ਅਨੁਭਵ ਸਾਨੂੰ ਪ੍ਰਦਾਨ ਕਰਦੇ ਹਨ। ਉਹ ਅਜਿਹਾ ਨਾਵਲ ਹੈ ਜੋ ਸਾਡੀ ਪੂਰੀ ਸਮਾਜਿਕ ਵਿਵਸਥਾ ਨੂੰ ਤੋੜਦੇ ਹੋਏ ਸਾਡੇ ਟ੍ਰਾਈਬਲ ਬੇਸ ਦੇ ਵੱਲ ਜਾਂ ਸਾਡੀਆਂ ਜੜ੍ਹਾਂ ਦੇ ਵੱਲ ਮੁੜਦੀ ਹੈ, ਇਥੋਂ ਪੈਦਾ ਹੋਣ ਵਾਲੀਆਂ ਸਥਿਤੀਆਂ, ਇਥੋਂ ਪੈਦਾ ਹੋਣ ਵਾਲੇ ਵਿਅਕਤੀ ਉਸ ਸਿਸਟਮ ਦੇ ਅੰਤਰਵਿਰੋਧ ਵਿਚ ਖੜੇ ਵੀ ਦਿਖਾਈ ਦਿੰਦੇ ਹਨ ਅਤੇ ਕਈ ਕਈ ਟੁੱਟਦੇ ਵੀ ਦਿਖਾਈ ਦਿੰਦੇ ਹਨ। ਕੀ ਤੁਹਾਨੂੰ ਅਜਿਹੇ ਨਾਇਕਾਂ ਵਿਚੋਂ ਹੀ ਕੋਈ ਬਦਲ ਨਜ਼ਰ ਆਉਂਦਾ ਹੈ?*

ਗੁਰਦਿਆਲ ਸਿੰਘ-ਸੰਭਾਵਨਾਵਾਂ ਤਾਂ ਕਦੇ ਵੀ ਸਮਾਪਤ ਨਹੀਂ ਹੁੰਦੀਆਂ। ਸਵਾਲ ਉੱਠਦਾ ਹੈ ਕਿ ਸੰਭਾਵਨਾਵਾਂ ਕਿਸ ਮਾਤਰਾਂ ਵਿਚ ਮੌਜੂਦ ਹੈ। ਇਸ ਸਾਰੇ ਸਿਸਟਮ ਨੂੰ ਬਦਲਣ ਦੇ ਲਈ ਲੋਕਾਂ 'ਚ ਜਾਂ ਮੇਰੇ ਪਾਤਰਾਂ 'ਚ ਜਾਂ ਉਨ੍ਹਾਂ ਦੇ ਪਰਵੇਸ਼ 'ਚ ਉਹ ਸੰਭਾਵਨਾਵਾਂ ਕਿੰਨੀ ਮਾਤਰਾ ਵਿਚ ਹਨ। ਉਦਾਹਰਨ ਦੇ ਲਈ ਅਣਹੋਣੇ' ਨਾਵਲ ਦਾ ਬਿਸ਼ਨਾ। ਉਹ ਇਸ ਸਾਰੇ ਸਿਸਟਮ ਦੇ ਵਿਰੋਧ ਵਿਚ ਖੜਾ ਹੈ। ਉਹ ਕਿਸੇ ਚੌਧਰੀ ਜਾਂ ਕਿਸੇ ਵੱਡੇ ਵਿਅਕਤੀ ਦੇ ਅਧੀਨ ਨਹੀਂ ਹੁੰਦਾ। ਉਹ ਇਸ ਕਿਸਮ ਦਾ ਵਿਅਕਤੀ ਹੈ ਜੋ ਸਾਰੇ ਸਿਸਟਮ ਦੇ ਵਿਰੋਧ 'ਚ ਤਾਂ ਹੈ ਪ੍ਰੰਤੂ ਜਿਸ ਵਿਚ ਕੋਈ ਚੇਤਨਾ ਨਹੀਂ ਹੈ। ਉਸ ਨੂੰ ਇਹ ਨਹੀਂ ਪਤਾ ਕਿ ਉਸ ਵਿਵਸਥਾ

ਦੀਆਂ ਜੜ੍ਹਾਂ ਕਿੱਥੇ ਤੱਕ ਹੈ ਅਤੇ ਜੜ੍ਹਾਂ ਤੋਂ ਖਤਮ ਕਰਕੇ ਕਿਸ ਤਰ੍ਹਾਂ ਪਰਿਵਰਤਨ ਲਿਆਈਏ? ਉਸ ਪਾਤਰ ਦੇ ਕੋਲ ਅਜਿਹੀਆਂ ਸੰਭਾਵਨਾਵਾਂ ਹੀ ਨਹੀਂ ਹਨ। ਉਸ ਨਾਵਲ 'ਚ ਹੋਰ ਪਾਤਰ ਜਿਵੇਂ ਮੁੱਖੀਆਂ ਜਾਂ ਪ੍ਰਭਾਵਸ਼ਾਲੀ ਲੋਕ ਹਨ, ਉਹ ਉਸ ਸਮੇਂ ਦੀ ਸਰਕਾਰ ਦਾ ਵਿਰੋਧ ਕਰਦੇ ਹਨ, ਜਿਹੜੀ ਉਸ ਪਿੰਡ ਨੂੰ ਉਜਾੜਨਾ ਚਾਹੁੰਦੀ ਹੈ। ਸਦੀਆਂ ਤੋਂ ਚੱਲਿਆ ਆ ਰਿਹਾ ਵਿਰੋਧ ਹੁਣ ਸਾਹਮਣੇ ਆਉਂਦਾ ਹੈ, ਪ੍ਰੰਤੂ ਵਿਦਰੋਹ ਦਾ ਰੂਪ ਫਿਰ ਵੀ ਨਹੀਂ ਲੈਂਦਾ। ਇਨਕਲਾਬ ਦੀ ਸੰਭਾਵਨਾ ਉਸ ਸਥਿਤੀ ਵਿਚ ਪੈਦਾ ਨਹੀਂ ਹੁੰਦੀ। ਇਕ ਗੱਲ ਜ਼ਰੂਰ ਹੈ ਕਿ ਜਿੰਨੀਆਂ ਸੰਭਾਵਨਾਵਾਂ ਯਥਾਰਥ ਰੂਪ ਵਿਚ ਇਸ ਵੇਲੇ ਸਾਡੇ ਸਮਾਜ ਵਿਚ ਮੌਜੂਦ ਹਨ, ਮੈਂ ਉਨ੍ਹਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਰਾਜਨੀਤਿਕ ਵਿਵਸਥਾ ਅਤੇ ਲੋਕਾਂ ਦਾ ਸੰਬੰਧ ਕੇਵਲ ਇਸ ਹੱਦ ਤੱਕ ਹੋ ਗਿਆ ਹੈ ਕਿ ਸਰਕਾਰੀ ਤੰਤਰ ਲੋਕਾਂ ਨੂੰ ਉਸ ਸੀਮਾ ਤੱਕ ਨਹੀਂ ਜਾਣ ਦਿੰਦਾ ਜਿੱਥੇ ਉਹ ਵਿਦਰੋਹ ਕਰ ਸਕੇ। ਵਿਦਰੋਹ ਤੋਂ ਪਹਿਲਾਂ ਹੀ ਉਹ ਸਮਝੌਤਾ ਕਰ ਲੈਂਦੇ ਹਨ। ਉਦਾਹਰਨ ਦੇ ਲਈ ਬਾਦਲ ਨੇ ਲੁਧਿਆਣਾ 'ਚ 21 ਯੂਨਿਟ ਲੱਭੇ ਜਿਹੜੇ ਪ੍ਰਦੂਸ਼ਣ ਫੈਲਾ ਰਹੇ ਸਨ। ਉਸ ਨੇ ਆਪਣੀ ਪੱਧਰ ਤੇ ਐਲਾਨ ਕੀਤਾ ਕਿ ਇਸ ਦੀ ਬਿਜਲੀ ਸਪਲਾਈ ਬੰਦ ਕਰ ਦਿੱਤੀ ਜਾਵੇ। ਬੀ ਜੇ ਪੀ ਦੇ ਜ਼ੋਰ ਦੇਣ ਤੇ ਇਹ ਆਰਡਰ ਵਾਪਸ ਲੈਣਾ ਪਿਆ। ਜਦੋਂ ਇਕ ਰਾਜਨੀਤਿਕ ਸਿਸਟਮ 'ਚ ਸਮਝੌਤੇ ਦੀ ਸੰਭਾਵਨਾਵਾਂ ਬਣ ਜਾਂਦੀ ਹੈ ਤਾਂ ਉਥੇ ਲੋਕਾਂ ਦੀ ਸਾਰੀ ਸ਼ਕਤੀ-ਮਾਨਵਤਾ ਦੇ ਮੁੱਲਾਂ ਨੂੰ ਬਚਾਉਣ ਦੀ ਸਾਰੀ ਸ਼ਕਤੀ, ਉਨਤੀ ਜਾਂ ਉਸ ਸਿਸਟਮ 'ਚ ਮਾਨਵਵਾਦੀ ਤੱਤ ਪੈਦਾ ਕਰਨ ਦੇ ਹਾਲਾਤ ਉਨ੍ਹਾਂ ਸਾਰੀਆਂ ਸੰਭਾਵਨਾਵਾਂ ਨੂੰ ਸੱਤਾ ਤੰਤਰ ਪੂਰੀ ਤਰ੍ਹਾਂ ਸਮਾਪਤ ਕਰਨ ਉੱਤੇ ਤੁਲ ਜਾਂਦਾ ਹੈ।

*ਵਿਨੋਦ ਸ਼ਾਹੀ- ਜੇਕਰ ਅਸੀਂ ਇਸ ਨੂੰ ਦੂਜੇ ਤਰ੍ਹਾਂ ਕਹੀਏ ਕਿ ਜੇਕਰ ਪ੍ਰਦੂਸ਼ਣ ਫੈਲਾਉਣ ਵਾਲੀਆਂ ਇਕਾਈਆਂ ਨੂੰ ਬੰਦ ਕਰਵਾਉਣ ਦੀ ਚੇਤਨਾ ਜਿਹੜੀ ਉਭਰੀ, ਉਸ ਨੂੰ ਅਸੀਂ ਕੀ ਨਹੀਂ ਕਹਿ ਸਕਦੇ ਕਿ ਇਹ ਇਕ ਕਦਮ ਅੱਗੇ ਦੇ ਵੱਲ ਹੈ? ਅੱਜ ਸਮਝੌਤਾ ਹੋ ਗਿਆ ਠੀਕ ਗੱਲ ਹੈ, ਪ੍ਰੰਤੂ ਕੱਲ ਜਿਹੜਾ ਮੀਡੀਆ ਅਤੇ ਜਾਗ੍ਰਤਿ ਲੋਕ ਉਸ ਗੱਲ ਨੂੰ ਉਛਾਲਣਗੇ। ਕੀ ਅਸੀਂ ਆਜ਼ਾਦੀ ਤੋਂ ਬਾਅਦ ਹੁਣ ਤੱਕ ਕਾਫੀ ਸਾਰੀਆਂ ਅਜਿਹੀਆਂ ਗੱਲਾਂ ਨੂੰ ਸਵਾਲਾਂ ਦੇ ਘੇਰੇ ਵਿਚ ਨਹੀਂ ਲਿਆਂਦਾ, ਜਿਹੜੀਆਂ ਪਹਿਲਾਂ ਅੱਖਾਂ ਤੋਂ ਉਹਲੇ ਸੀ ਅਤੇ ਜਿਨ੍ਹਾਂ ਦੇ ਸਬੰਧ ਵਿਚ ਗੱਲਬਾਤ ਵੀ ਨਹੀਂ ਹੁੰਦੀ ਸੀ? ਹੁਣ ਸਾਡਾ ਮੀਡੀਆ, ਨਿਆ ਪ੍ਰਣਾਲੀ 'ਚ ਇਕ ਪੱਧਰ ਤੇ ਐਕਟਵਿਜਮ ਨਜ਼ਰ ਆਉਂਦਾ ਹੈ। ਕੀ ਇਸ ਨੂੰ ਅਸੀਂ ਸਮਝੌਤਾ ਹੀ ਕਹਾਂਗੇ?*

ਗੁਰਦਿਆਲ ਸਿੰਘ-ਮੇਰੇ ਵਿਚਾਰ ਅਨੁਸਾਰ ਪੂਰੇ ਸਮਾਜਿਕ, ਆਰਥਿਕ ਦ੍ਰਿਸ਼ ਨੂੰ ਸਹੀ ਰੂਪ ਨਾਲ ਲਾਗੂ ਕਰਨ ਦੀ ਸ਼ਕਤੀ ਵਧੇਰੇ ਕਰਕੇ ਰਾਜਨੀਤਿਕ ਹੈ ਅਤੇ ਰਾਜਨੀਤਿਕ ਸਿਸਟਮ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕਾ ਹੈ। ਸਰਕਾਰ ਬਚਾਉਣ ਦੇ ਲਈ ਰਾਜਨੀਤਿਕ ਪਾਰਟੀਆਂ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ। ਉਨ੍ਹਾਂ ਨੂੰ ਇਸ ਗੱਲ ਦੀ ਕੋਈ ਸ਼ਰਮ ਨਹੀਂ, ਕੋਈ ਮਾਨਵਤਾ ਦਾ ਪੱਖ ਜਾਂ ਕੋਈ ਹੋਰ ਵਿਚਾਰ ਉਨ੍ਹਾਂ ਨੂੰ ਨਹੀਂ। ਹੁਣ ਸਵਾਲ ਉੱਠਦਾ ਹੈ ਕਿ ਸੰਭਾਵਨਾਵਾਂ ਹੈ ਕਿੱਥੇ? ਸੰਭਾਵਨਾਵਾਂ ਲੋਕਾਂ ਵਿਚ ਹੀ ਮੌਜੂਦ ਹਨ। ਪ੍ਰੰਤੂ ਲੋਕਾਂ ਦੀ ਚੇਤਨਾ ਰਾਜਨੀਤਿਕ ਸਿਸਟਮ ਨੇ ਇਸ ਪੱਧਰ ਤੱਕ ਥੱਲੇ ਲਿਆ ਕੇ ਰੱਖ ਦਿੱਤੀ ਹੈ ਕਿ ਅੱਜ ਤੱਕ ਲੋਕ ਸਾਮੰਤਵਾਦੀ ਪ੍ਰਵਿਰਤੀ ਤੋਂ ਬਾਹਰ ਨਹੀਂ ਆ ਪਾ ਰਹੇ ਸਨ।

*ਵਿਨੋਦ ਸ਼ਾਹੀ- ਰਾਜਨੀਤਿਕ ਸਥਿਤੀਆਂ ਬਦਲਣ ਦੀ ਗੱਲ ਕਰਦੇ ਹੋਏ ਇਕ ਸਵਾਲ ਉੱਠਦਾ ਹੈ ਕਿ ਜਿਸ ਸਮੇਂ ਦੇਸ਼ ਆਜ਼ਾਦ ਹੋਣ ਦੇ 25-30 ਸਾਲ ਤੱਕ, ਕਹਿ ਲਓ ਕਿ ਬੀ ਜੇ ਪੀ ਦੇ ਦੌਰ ਤੱਕ, ਰਾਜਨੀਤਿਕ ਪਾਰਟੀਆਂ ਅਜਿਹੇ ਦਲਾਂ ਵਿਚ ਵੰਡੀਆਂ ਹੋਈਆਂ ਸਨ ਜਿਨ੍ਹਾਂ ਨੂੰ ਅਸੀਂ ਸੰਪਰਦਾਇਕ ਕਹਿ ਸਕਦੇ ਹਾਂ। ਸੰਪਰਦਾਇਕ ਚੇਤਨਾ ਦੇ ਅਧਾਰ 'ਤੇ ਵੋਟਾਂ ਦੀ ਵੰਡ ਸੀ। ਕਿਹਾ ਗਿਆ ਕਿ ਇਹ ਹਿੰਦੂ ਵੋਟ ਹੈ, ਮੁਸਲਮਾਨ ਵੋਟ ਹੈ, ਸਿੱਖ ਵੋਟ ਹੈ। ਇਸ ਵਿਚ ਦਲਿਤ ਵੋਟ ਭਾਰੀ ਗਿਣਤੀ ਵਿਚ ਆਏ, ਇਸੇ ਤਰ੍ਹਾਂ ਔਰਤਾਂ ਦੇ ਵੋਟ ਵੀ ਵੱਡੀ ਗਿਣਤੀ ਵਿਚ ਉਭਰੇ, ਹੁਣ ਨਵੀਂ ਪੀੜ੍ਹੀ ਆ ਰਹੀ ਹੈ ਜਿਸ ਨੂੰ ਨੌਜਵਾਨ ਵੋਟ ਕਿਹਾ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਵਿਚ ਜਿਹੜੀ ਇਕ ਫਿਰਕੂ ਪ੍ਰਣਾਲੀ ਚੱਲ ਰਹੀ ਸੀ, ਉਸ ਨੂੰ ਕੁੱਝ ਹੱਦ ਤੱਕ ਤੋੜਿਆ ਵੀ ਅਤੇ ਕੁਝ ਹੱਦ ਤੱਕ ਬਦਲਿਆ ਵੀ। ਕੀ ਦੋ ਕਦਮ ਅੱਗੇ ਅਤੇ ਇਕ ਕਦਮ ਪਿੱਛੇ ਵਾਲੀ ਗਤੀ ਤੋਂ ਹੀ ਤੁਹਾਨੂੰ ਪੂਰੀ ਰਾਜਨੀਤਿਕ ਵਿਵਸਥਾ 'ਚ ਇਕ ਬਹੁਤ ਵੱਡੀ ਹਲਚਲ ਨਜ਼ਰ ਨਹੀਂ ਆਉਂਦੀ?*



ਗੁਰਦਿਆਲ ਸਿੰਘ-ਨਹੀਂ, ਮੈਨੂੰ ਹਲਚਲ ਇਸ ਲਈ ਨਜ਼ਰ ਨਹੀਂ ਆਉਂਦੀ ਕਿਉਂਕਿ ਪਿਛਲੇ 63 ਸਾਲਾਂ 'ਚ ਜਿੰਨੇ ਵੀ ਸਮੀਕਰਣ ਬਣੇ ਉਹ ਸਾਰੇ ਦੇ ਸਾਰੇ ਕੇਵਲ ਉੱਚ ਮੱਧ ਵਰਗ ਦੇ ਅੰਦਰ ਹੀ ਵੜੀ ਜਾ ਰਹੇ ਹਨ।

*ਵਿਨੋਦ ਸ਼ਾਹੀ-ਤਾਂ ਫਿਰ ਕਾਂਸ਼ੀ ਰਾਮ ਮਾਇਆਵਤੀ ਕਿੱਥੋਂ ਉਭਰੇ ਹਨ?*

ਗੁਰਦਿਆਲ ਸਿੰਘ-ਉਹ ਆਪਣੇ ਹੀ ਲੋਕਾਂ ਦੀ ਬਰਬਾਦੀ ਕਰ ਰਹੇ ਹਨ। ਉਹ ਆਈ ਤਾਂ ਸੀ ਦਲਿਤ ਲੋਕਾਂ ਦੀ ਭਲਾਈ ਦੇ ਲਈ, ਪ੍ਰੰਤੂ ਯੂ. ਪੀ. 'ਚ ਉਸ ਨੇ ਬ੍ਰਾਹਮਣਾਂ ਦੀ ਸਭਾ ਬੁਲਾਈ। ਉਨ੍ਹਾਂ ਹਜ਼ਾਰਾਂ ਬ੍ਰਾਹਮਣਾਂ ਨੇ ਮਿਲ ਕੇ ਸੋਨੇ ਦਾ ਤਾਜ਼ ਬਣਵਾ ਕੇ ਮਾਇਆਵਤੀ ਦੇ ਸਿਰ ਉੱਤੇ ਰੱਖਿਆ। ਉਸ ਨੇ ਬਿਆਨ ਦਿੱਤਾ ਕਿ ਅੰਬੇਡਕਰ ਜੀ ਜਾਤੀ ਵਿਰੋਧੀ ਨਹੀਂ ਸਨ, ਜੇਕਰ ਜਾਤੀ ਵਿਰੋਧੀ ਹੁੰਦੇ ਤਾਂ ਸਵਰਣ ਜਾਤੀ ਦੀ ਔਰਤ ਨਾਲ ਸ਼ਾਦੀ ਕਿਓਂ ਕਰਦੇ? ਉਹ ਦਲਿਤ ਲੋਕਾਂ ਦੀ ਪ੍ਰਤੀਨਿਧ ਕਰਨ ਆਈ ਸੀ, ਪ੍ਰੰਤੂ ਉਸ ਦੇ ਅੱਧੇ ਤੋਂ ਵੱਧ ਐਮ. ਐਲ. ਏ. ਸਵਰਣ ਜਾਤੀ ਦੇ ਹਨ।

*ਵਿਨੋਦ ਸ਼ਾਹੀ-ਪਹਿਲਾਂ ਕਾਂਗਰਸ ਵੀ ਪਲੇਟ ਵਿਚ ਰੱਖ ਕੇ ਅਹੁਦੇ ਵੰਡਦੀ ਸੀ ਕਿ ਫਲਾਂ ਰਾਸਟਰਪਤੀ ਜਾਂ ਫਲਾ ਪ੍ਰਧਾਨ ਮੰਤਰੀ ਆਦਿ ਆਦਿ ਹੋਵੇਗਾ, ਪ੍ਰੰਤੂ ਸਮੇਂ ਦੇ ਨਾਲ ਅਜਿਹੇ ਹਾਲਾਤ ਬਣੇ ਕਿ ਦੋ ਵਾਰ ਸਿੱਖ ਹੀ ਪ੍ਰਧਾਨ ਮੰਤਰੀ ਬਣ ਸਕੇ। ਕੀ ਇਹ ਬਦਲਾਵ ਦਾ ਚਿੰਨ ਹੈ?*

ਗੁਰਦਿਆਲ ਸਿੰਘ-ਮੈਂ ਨਿਰਾਸ਼ਾਵਾਦੀ ਨਹੀਂ ਹੋਣਾ ਚਾਹੁੰਦਾ। ਪ੍ਰੰਤੂ ਸਾਡੀ ਜਿਹੜੀ ਉਨਤੀ ਹੋ ਰਹੀ ਹੈ, ਉਸ ਵਿਚ ਸੰਭਾਵਨਾਵਾਂ ਇਸ ਹੱਦ ਤੱਕ ਥੱਲੇ ਆ ਗਈਆਂ ਕਿ ਜਿਹੜੇ ਕਿਸਾਨ ਆਪਣੀ ਜ਼ਮੀਨ ਦੇ ਲਈ ਪੁਸ਼ਤ ਦਰ ਪੁਸ਼ਤ ਦੁਸ਼ਮਣੀਆਂ ਨਿਭਾਉਂਦੇ ਹੋਏ ਹੱਤਿਆ ਤੱਕ ਕਰ ਸਕਦੇ ਸੀ, ਹੁਣ ਉਹ ਕਿਸਾਨ ਕਰਜ਼ੇ ਦੇ ਥੱਲੇ ਦੱਬ ਕੇ ਖੁਦਕੁਸ਼ੀਆਂ ਕਰ ਰਹੇ ਹਨ। ਹੁਣ ਤੱਕ ਹੋਈ ਪ੍ਰਗਤੀ ਨੇ ਕਿਸਾਨਾਂ ਦੀ ਮਾਨਸਿਕਤਾ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ।

*ਵਿਨੋਦ ਸ਼ਾਹੀ-ਪੂੰਜੀਵਾਦ ਦੀ ਪ੍ਰਗਤੀ ਸਾਰੀ ਦੁਨੀਆਂ ਵਿਚ ਕੀ ਇਸੇ ਤਰ੍ਹਾਂ ਨਹੀਂ ਹੋਈ, ਜਿਸ ਤਰ੍ਹਾਂ 'ਗ੍ਰੈਪਸ ਆਫ਼ ਰੈਥ' ਦੀ ਗੱਲ ਕੀਤੀ ਜਾਵੇ? ਅਮਰੀਕਾ ਜਾਂ ਯੂਰੋਪ 'ਚ ਕੀ ਇਸੇ ਤਰ੍ਹਾਂ ਉਜਾੜਾ ਨਹੀਂ ਹੋਇਆ? ਜਿਵੇਂ ਜਿਵੇਂ ਉਦਯੋਗਿਕ ਪ੍ਰਗਤੀ ਹੋਈ, ਖੇਤੀਬਾੜੀ ਤਬਾਹ ਹੋਈ, ਕਿਸਾਨ ਅਤੇ ਮਜ਼ਦੂਰ ਉਜੜਨ ਲਈ ਮਜਬੂਰ ਹੋਏ। ਪੂਰੀ ਦੁਨੀਆਂ ਵਿਚ ਕੀ ਉਨ੍ਹਾਂ ਨੂੰ ਗੰਦੀ ਬਸਤੀਆਂ ਵਿਚ ਸਲੱਮ 'ਚ ਨਹੀਂ ਵਸਣਾ ਪਿਆ?*

ਗੁਰਦਿਆਲ ਸਿੰਘ-ਇਸ ਮਾਡਲ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਮਾਰਕਸਵਾਦ ਪੜ੍ਹਿਆ ਹੈ ਜਿਸ ਦੇ ਸਬੰਧ ਵਿਚ ਕਿਹਾ ਜਾ ਰਿਹਾ ਹੈ ਕਿ ਉਹ ਖਤਮ ਹੋ ਗਿਆ ਹੈ। ਅਜਿਹਾ ਕੇਵਲ ਹੁਣ ਹੀ ਨਹੀਂ ਕਿਹਾ ਜਾ ਰਿਹਾ, ਇਹ ਮਾਰਕਸ ਦੇ ਜਿਉਂਦੇ ਜੀਅ ਵੀ ਕਿਹਾ ਜਾਂਦਾ ਸੀ, ਉਸਦੇ ਬਾਅਦ ਦੁਨੀਆਂ ਵਿਚ ਜਿਨੇ ਵੀ ਅਰਥ ਸ਼ਾਸ਼ਤਰੀ ਹਨ ਜਿਨ੍ਹਾਂ ਨੂੰ ਅਸੀਂ ਪੂੰਜੀਵਾਦੀ ਇਕੋਨੋਮਿਸਟਸ ਕਹਿੰਦੇ ਹਾਂ,

ਉਹ ਹਮੇਸ਼ਾ ਇਹੀ ਕਹਿੰਦੇ ਰਹੇ ਹਨ ਕਿ ਮਾਰਕਸਇਜ਼ਮ ਮਰ ਰਿਹਾ ਹੈ ਪ੍ਰੰਤੂ ਮਾਰਕਸ ਜਿੰਦਾਬਾਦ। ਰਸ਼ੀਆ 'ਚ 70 ਸਾਲ ਦੇ ਲਈ ਮਾਰਕਸਵਾਦ ਰਿਹਾ। ਹੁਣ ਯੂ. ਐਸ. ਐਸ. ਆਰ ਖਤਮ ਹੋਣ ਉੱਤੇ ਕੀ ਹੋ ਰਿਹਾ ਹੈ-ਹੁਣ ਇਕ ਡਬਲ ਰੋਟੀ 300 ਰੂਬਲ 'ਚ ਵਿਕ ਰਹੀ ਹੈ। ਚੀਨ ਵਿਚ ਇਹੀ ਹੋ ਰਿਹਾ ਹੈ। ਉਨ੍ਹਾਂ ਨੇ ਅਮਰੀਕਾ ਤੋਂ ਸਹਾਇਤਾ ਲੈਣੀ ਸ਼ੁਰੂ ਕਰ ਦਿੱਤੀ।

ਮੈਨੂੰ 1986 'ਚ ਸੋਵਿਅਤ ਰਸ਼ੀਆ ਦੇ ਵੱਲੋਂ ਐਵਾਰਡ ਮਿਲਿਆ। 1987 'ਚ ਮੈਂ ਪੰਦਰਾ ਦਿਨ ਲਈ ਉਥੇ ਗਿਆ। ਗਿਆਨਰੰਜਨ 'ਪਹਿਲ' ਦੇ ਸੰਪਾਦਕ ਮੇਰੇ ਨਾਲ ਸੀ। ਉਥੇ ਅਸੀਂ ਉਨ੍ਹਾਂ ਦਾ ਹਾਂ ਪੱਖੀ ਤੇ ਨਾਹ ਪੱਖੀ ਪੱਖ ਵੀ ਵੇਖਿਆ। ਅਸੀਂ ਲੈਨਿਨ ਗ੍ਰਾਦ 'ਚ ਇਕ ਹੋਟਲ ਵਿਚ ਠਹਿਰੇ ਸੀ। ਉਥੇ ਸਰਕਾਰ ਦਾ ਪ੍ਰਤੀਨਿੱਧੀ ਜੋ ਸਾਡੇ ਨਾਲ ਸੀ, ਉਹ ਹਮੇਸ਼ਾ ਕਹਿੰਦਾ ਸੀ ਕਿ ਇਥੇ ਨਿਆਂ ਨਹੀਂ ਹੋ ਰਿਹਾ। ਸਵੇਰੇ ਜਾਂਦੇ ਸਮੇਂ ਅਸੀਂ ਲੋਕਾਂ ਨੇ ਕੁੱਝ ਨੰਗ-ਧੜੰਗੇ ਨੌਜਵਾਨ ਛੱਤ ਉੱਤੇ ਚੜ੍ਹ ਕੇ ਟੀਨ ਦੀ ਛੱਤ ਠੀਕ ਕਰਦੇ ਦੇਖੇ, ਜਦ ਕਿ ਅਸੀਂ ਲੋਕਾਂ ਨੇ ਕਾਫ਼ੀ ਗਰਮ ਕੱਪੜੇ ਪਾਏ ਹੋਏ ਸਨ। ਮੈਂ ਉਸ ਪ੍ਰਤੀਨਿੱਧ ਨੂੰ ਜੋ ਸਾਡੇ ਨਾਲ ਸੀ, ਨੂੰ ਪੁੱਛਿਆ ਕਿ ਇਨ੍ਹਾਂ ਲੋਕਾਂ ਦੀ ਤਨਖਾਹ ਕਿੰਨੀ ਹੋਵੇਗੀ? ਉਹ ਪ੍ਰਤੀਨਿੱਧੀ ਹਿੰਦੀ ਪੰਜਾਬੀ ਜਾਣਦਾ ਸੀ। ਉਹ ਹਿੰਦੀ ਵਿਚ ਪੀ ਐਚ ਡੀ ਸੀ। ਉਹ ਉਨ੍ਹਾਂ ਨੂੰ ਗਾਲਾਂ ਦੇਣ ਲੱਗ ਪਿਆ। ਕਹਿਣ ਲੱਗਾ ਮੈਂ ਪੀਐਚ. ਡੀ. ਕੀਤੀ, ਮੈਨੂੰ ਕੇਵਲ 300 ਰੂਬਲ ਮਿਲਦੇ ਹਨ ਅਤੇ ਜਦਕਿ ਅਜਿਹੇ ਲੋਕਾਂ ਨੂੰ 800 ਰੂਬਲ ਹਰ ਮਹੀਨੇ ਮਿਲ ਰਹੇ ਹਨ। ਮੈਂ ਉਸ ਨੂੰ ਕਿਹਾ ਕਿ ਉਹ 8 ਘੰਟੇ ਅਜਿਹੀ ਸਖ਼ਤ ਮਿਹਨਤ ਕਰਨਗੇ ਜਦ ਕਿ ਤੇਰੇ ਵਰਗੇ ਲੋਕ ਫਾਇਵ ਸਟਾਰ 'ਚ ਘੁੰਮ ਕੇ ਸਾਡੇ ਨਾਲ ਖਾਣਾ ਖਾ ਰਹੇ ਹਨ ਅਤੇ ਸ਼ਹਿਰ ਦੇ ਸਭ ਤੋਂ ਵਧੀਆ ਹਿੱਸੇ ਵਿਚ ਰਹਿ ਰਹੇ ਸਨ।

*ਵਿਨੋਦ ਸ਼ਾਹੀ-ਇਸਦਾ ਮਤਲਬ ਹੈ ਜਿਹੜਾ ਪੂੰਜੀਵਾਦ ਜਾਂ ਉਤਰ ਪੂੰਜੀਵਾਦ ਵਿਵਸਥਾ ਆਈ ਉਸਨੇ ਦੁਨੀਆਂ 'ਚ ਪ੍ਰਤੀਨਿੱਧੀਆਂ ਅਤੇ ਸੁਪਰ ਪ੍ਰਤੀਨਿੱਧੀਆਂ ਦੇ ਇਕ ਨਵੇਂ ਬ੍ਰਾਹਮਣਵਾਦ ਦੀ ਸਿਰਜਣਾ ਕੀਤੀ, ਜਿਸ ਨੂੰ ਸਵਰਣਵਾਦ ਜਾਂ ਉੱਚਮੱਧਵਰਗੀ ਸੋਚ ਦਾ ਨਾਮ ਦਿੱਤਾ ਜਾ ਸਕਦਾ ਹੈ। ਇਸ ਨਵੇਂ ਤਰ੍ਹਾਂ ਦਾ ਵਰਗ ਸਾਰੀ ਦੁਨੀਆਂ ਵਿਚ ਉਤਪਨ ਹੋਇਆ। ਇਸ ਸਾਰੀ ਕ੍ਰਿਆ ਨਾਲ ਪੂਰੀ ਦੀ ਪੂਰੀ ਸਿੱਖਿਆ ਪ੍ਰਣਾਲੀ ਮੁਸੀਬਤ 'ਚ ਪੈ ਗਈ ਹੈ। ਵਿਗਿਆਨ ਜਾਂ ਤਕਨੀਕੀ ਪੜ੍ਹਾਈ ਕਰਨ ਤੋਂ ਬਾਅਦ ਵੀ ਵਿਦਿਆਰਥੀਆਂ ਦੇ ਅੱਗੇ ਰੋਜਗਾਰ ਦੇ ਸਾਧਨ ਨਹੀਂ ਹਨ। ਉਨ੍ਹਾਂ ਨੂੰ ਇਹ ਸਮਝ ਨਹੀਂ ਆਉਂਦਾ ਕਿ ਉਹ ਕਿਹੜੇ ਰਾਹੇ ਪੈਣ, ਕਿਹੜੀ ਦਿਸ਼ਾ ਵੱਲ ਜਾਣ। ਸਾਰੀ ਅਕਾਦਮਿਕ ਪ੍ਰਣਾਲੀ ਮੁਸੀਬਤ ਵਿਚ ਹੈ। ਕੀ ਲੋਕਾਂ ਨੂੰ ਆਪਣੇ ਪ੍ਰੰਪਰਾਗਤ ਗਿਆਨ ਦੇ ਵੱਲ ਮੁੜਨਾ ਚਾਹੀਦਾ ਕਿ ਉਸ ਗਿਆਨ ਨੂੰ ਹਾਸਿਲ ਕੀਤਾ ਜਾਵੇ ਜੋ ਕਿਸੇ ਇਕ ਟ੍ਰਾਈਬਲ ਦੇ ਕੋਲ ਵੀ ਹੋ ਸਕਦਾ ਹੈ।*

ਗੁਰਦਿਆਲ ਸਿੰਘ-ਇਤਿਹਾਸ ਦੇ ਸਬੰਧ ਵਿਚ ਦੋ ਵਿਊ ਪੁਆਇੰਟ ਹਨ। ਇਕ ਵਿਊ ਪੁਆਇੰਟ ਦੇ ਅਨੁਸਾਰ ਸਾਰੀ ਮਨੁੱਖੀ ਸਭਿਅਤਾ ਜਿੱਥੋਂ ਸ਼ੁਰੂ ਹੁੰਦੀ ਹੈ, ਇਕ ਪੂਰਾ ਚੱਕਰ ਸਮਾਪਤ ਕਰਨ ਤੋਂ ਬਾਅਦ ਫਿਰ ਉੱਥੇ ਸਮਾਪਤ ਹੁੰਦੀ ਹੈ। ਮਾਰਕਸ ਨੇ ਕਿਹਾ ਕਿ ਜਦੋਂ ਸਮਾਜਿਕ ਜੀਵਨ ਸ਼ੁਰੂ ਹੋਇਆ, ਉਸ ਸਮੇਂ ਕੋਈ ਰਾਜੇ ਮਹਾਂਰਾਜੇ ਨਹੀਂ ਸਨ, ਲੋਕ ਆਪਸ ਵਿਚ ਵਸਤੂਆਂ ਵੰਡ ਲੈਂਦੇ ਸਨ। ਵਟਾਂਦਰਾ ਸਿਸਟਮ ਦੇ ਬੰਦ ਹੋਣ ਤੋਂ ਬਾਅਦ ਉਦਯੋਗੀਕਰਨ ਦੀ ਸ਼ੁਰੂਆਤ ਹੋਈ। ਉਦਯੋਗੀਕਰਨ ਨਾਲ ਕੀ ਹੋਇਆ ਕਿ ਪੂੰਜੀਵਾਦੀ ਲੋਕਾਂ ਨੇ ਮਜਦੂਰ ਜਾਂ ਦੂਸਰੇ ਲੋਕਾਂ ਨੂੰ ਆਪਣੇ ਕੰਮ ਦੇ ਲਈ ਰੱਖਣਾ ਸ਼ੁਰੂ ਕਰ ਦਿੱਤਾ। ਇਸ ਨਾਲ ਪੁਰਾਣਾ ਖੇਤੀ ਜੀਵਨ ਟੁੱਟਣਾ ਸ਼ੁਰੂ ਹੋ ਗਿਆ। ਲੋਕ ਇਕ ਥਾਂ ਤੋਂ ਦੂਜੇ ਥਾਂ ਤੇ ਵਸਣੇ ਸ਼ੁਰੂ ਹੋ ਗਏ। ਅਮਰੀਕਾ ਵਿਚ ਇਹੀ ਹੋਇਆ। ਸਟਾਇਨ ਬੈਕ ਦੇ ਨਾਵਲ 'ਗ੍ਰੇਪਸ ਆਫ ਰੈਥ' 'ਚ ਬਿਲਕੁਲ ਸਪੱਸ਼ਟ ਹੈ ਕਿ ਜਦੋਂ ਉਹ ਪਰਿਵਾਰ ਉਜੜਕੇ ਜਾਣ ਲੱਗਦਾ ਹੈ, ਤਾਂ ਪਰਿਵਾਰ ਦਾ ਮੁੱਖੀਆਂ ਰਾਸਤੇ ਵਿਚ ਮਰ ਜਾਂਦਾ ਹੈ। ਉਸਦੇ



ਨਾਲ ਇਕ ਪਾਦਰੀ ਵੀ ਹੈ। ਉਹ ਲੋਕ ਪਾਦਰੀ ਨੂੰ ਮਰ ਚੁੱਕੇ ਵਿਅਕਤੀ ਦੇ ਲਈ ਪ੍ਰਾਥਨਾ ਕਰਨ ਦੇ ਲਈ ਕਹਿੰਦੇ ਹਨ। ਪਾਦਰੀ ਕਹਿੰਦਾ ਹੈ ਕਿ ਉਸ ਕਿਸ ਦੇ ਲਈ ਪ੍ਰਾਥਨਾ ਕਰੇ, ਕਿਉਂਕਿ ਇਹ ਵਿਅਕਤੀ ਤਾਂ ਉਸ ਸਮੇਂ ਮਰ ਗਿਆ ਸੀ, ਜਦੋਂ ਆਪਣੇ ਘਰ ਤੋਂ ਨਿਕਲ ਪਿਆ ਸੀ।

ਪੂੰਜੀਵਾਦ ਨੇ ਪੁਰਾਣੀ ਖੇਤੀ ਵਿਵਸਥਾ ਨੂੰ ਸਮਾਪਤ ਕਰਕੇ ਆਪਣੀ ਨੀਂਹ ਰੱਖੀ, ਹੁਣ ਤੁਸੀਂ ਉਸ ਦਾ ਵਿਕਾਸ ਨਹੀਂ ਰੋਕ ਸਕਦੇ। ਤੁਸੀਂ ਉਸ ਨੂੰ ਬਦਲ ਜ਼ਰੂਰ ਸਕਦੇ ਹੋ। ਪ੍ਰੰਤੂ ਉਸ ਬਦਲਾਵ ਵਿਚ ਸਾਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਜਿਹੜੀਆਂ ਸਮੱਸਿਆਵਾਂ ਸਧਾਰਨ ਲੋਕਾਂ ਦੇ ਲਈ ਪੈਦਾ ਹੋਣਗੀਆਂ, ਉਨ੍ਹਾਂ ਨਾਲ ਕਿਵੇਂ ਨਿਪਟਿਆ ਜਾਵੇ। ਜਿਵੇਂ ਚੋਮਸਕੀ ਨੇ ਵਾਰ ਵਾਰ ਕਿਹਾ ਕਿ ਸਾਰੇ ਅਮਰੀਕਾ ਦੇ ਕੇਵਲ 20 ਪ੍ਰਤੀਸ਼ਤ ਲੋਕ ਹੀ ਅਜਿਹੇ ਹਨ ਜਿਹੜੀ ਸਾਰੀ ਅਰਥਵਿਵਸਥਾ ਨੂੰ ਕੰਟਰੋਲ ਕਰਦੇ ਹਨ। ਅਜਿਹੇ ਲੋਕਾਂ ਵਿਚ ਵੱਡੇ ਵੱਡੇ ਬਿਊਰੋਕ੍ਰੇਟ, ਵਪਾਰੀ, ਰਾਜਨੀਤਿਕ ਨੇਤਾ ਅਤੇ ਮੀਡੀਏ ਦੇ ਲੋਕ ਆਉਂਦੇ ਹਨ। ਇਨ੍ਹਾਂ 20 ਪ੍ਰਤੀਸ਼ਤ ਲੋਕਾਂ ਨੇ ਕੀ ਕੀਤਾ ਹੈ ਕਿ ਜਿੱਥੇ ਵੀ ਇਹ ਲੋਕ ਦੇਖਦੇ ਹਨ ਕਿ ਕਿਸੇ ਤਰ੍ਹਾਂ ਦੇ ਵਿਰੋਧ ਦੀ ਸੰਭਾਵਨਾ ਨਹੀਂ ਹੋ ਸਕਦੀ ਹੈ, ਅਜਿਹੇ ਢੰਗ ਪ੍ਰਯੋਗ ਵਿਚ ਲਿਆਉਂਦੇ ਹਨ ਕਿ ਆਮ ਬੰਦੇ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਆਉਂਦੀ। ਉਦਾਹਰਣ ਦੇ ਲਈ ਇੰਗਲੈਂਡ ਵਿਚ ਵੇਖਿਆ ਕਿ ਕੋਈ ਵੀ ਜੋ ਕਾਰਖਾਨਾ ਹੈ ਉਸ ਦੇ ਬਾਹਰ ਪੰਜ ਛੇ ਬਾਰ ਬਣੀਆਂ ਹੁੰਦੀਆਂ ਹਨ। ਕਾਰਖਾਨੇ ਤੋਂ ਨਿਕਲ ਕੇ ਮਜ਼ਦੂਰ ਪਹਿਲਾ ਤਿੰਨ ਡਿੱਬੇ ਬੀਅਰ ਦੇ ਪੀਂਦੇ ਹਨ, ਉਸ ਤੋਂ ਬਾਅਦ ਵਿਸਕੀ ਪੀਂਦੇ ਹਨ। ਅੱਧੇ ਪੈਸੇ ਆਪਣੀ ਤਨਖਾਹ ਦੇ ਉਸ ਵਿਚ ਹੀ ਖਰਚ ਕਰ ਦਿੰਦੇ ਹਨ। ਅਜਿਹੀ ਵਿਵਸਥਾ ਕਾਇਮ ਕੀਤੀ ਗਈ ਹੈ ਕਿ ਇਕ ਵਿਅਕਤੀ ਨੂੰ ਘੱਟ ਤੋਂ ਘੱਟ ਤਨਖਾਹ ਦੇ ਕੇ ਵੱਧ ਤੋਂ ਵੱਧ ਕੰਮ ਕਿਵੇਂ ਲਿਆ ਜਾ ਸਕਦਾ ਹੈ। ਮਾਰਕਸਵਾਦ ਦੇ ਅਨੁਸਾਰ ਇਕ ਵਿਅਕਤੀ ਨੂੰ ਘੱਟ ਤੋਂ ਘੱਟ ਐਨੀ ਤਨਖਾਹ ਮਿਲਣੀ ਚਾਹੀਦੀ ਕਿ ਉਹ ਵਿਅਕਤੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਸਕੇ। ਉਸ ਤੋਂ ਵੱਧ ਮਿਲਣ ਤੇ ਉਹ ਸੁੱਖ ਅਰਾਮ ਵਿਚ ਪੈ ਜਾਵੇਗਾ। ਪ੍ਰੰਤੂ ਹੁਣ ਪੂੰਜੀਵਾਦ, ਸਾਮਰਾਜਵਾਦ ਦੀ ਵਿਵਸਥਾ ਅਜਿਹੀ ਬਣੀ ਹੈ, ਚਾਹੇ ਉਹਨੂੰ ਯੂਰਪੀ ਜਾਂ ਅਮਰੀਕਨ ਮਾਡਲ ਕਹਿ ਲਓ, ਉਸਨੇ ਲੋਕਾਂ ਨੂੰ ਸੁੱਖ ਅਤੇ ਆਰਾਮ ਵਿਚ ਪਾ ਦਿੱਤਾ ਹੈ।

*ਵਿਨੋਦ ਸ਼ਾਹੀ-ਪ੍ਰੰਤੂ ਉੱਚ ਤਕਨੀਕ ਦੀ ਇਕ ਹੋਰ ਸਥਿਤੀ ਅਸੀਂ ਵੇਖੀਏ ਤਾਂ ਇਕ ਗਲੋਬਲ ਦੁਨੀਆਂ ਬਣ ਗਈ ਹੈ, ਜਿੱਥੇ ਇਕ ਦੇਸ਼ ਦੇ ਨਾਲ ਕੁਝ ਵੀ ਵਾਪਰ ਜਾਣ ਤੇ ਉਸ ਦਾ ਅਸਰ ਬਾਕੀ ਦੁਨੀਆਂ ਉੱਤੇ ਵੀ ਪੈਂਦਾ ਹੈ। ਸਾਰੀ ਦੁਨੀਆਂ ਦੇ ਉਤਪਾਦਨ, ਸਟਾਕ ਅਕਸਚੇਂਜ ਇਕ ਦੂਜੇ ਨਾਲ ਜੁੜ ਗਏ ਹਨ। ਮੀਡੀਆ ਦੇ ਰਸਤੇ ਨਾਲ ਦੂਜੇ ਦੇਸ਼ ਵਿਚ ਜੋ ਵੀ ਹੋ ਰਿਹਾ ਹੈ ਉਹ ਤੁਹਾਨੂੰ ਪਤਾ ਚੱਲ ਜਾਂਦਾ ਹੈ। ਪ੍ਰੰਤੂ ਇਹ ਸਾਰੀ ਦੁਨੀਆਂ ਕੇਵਲ ਉੱਚ ਤਕਨੀਕ ਦੁਆਰਾ ਜੁੜੇ ਲੋਕਾਂ ਦੀ ਦੁਨੀਆਂ ਹੈ। ਉਹ ਦੂਜੀ ਦੁਨੀਆਂ ਜਿਸਦੀ ਗੱਲ ਮਾਰਕਸਵਾਦ ਕਰਦਾ ਹੈ, ਉਸ ਦੁਨੀਆਂ ਦੇ ਏਕੀਕਰਣ ਦੀ ਗੱਲ ਵੀ ਤਾਂ ਹੁਣ ਪਹਿਲੀ ਵਾਰ ਸਾਹਮਣੇ ਆ ਰਹੀ ਹੈ। ਹੁਣ ਦੁਨੀਆਂ ਦਾ ਨਿਮਨ ਵਰਗ ਵੀ ਤਾਂ ਇਕ ਹੋ ਰਿਹਾ ਹੈ, ਜਿਹੜਾ ਪਹਿਲਾ ਸੰਭਵ ਨਹੀਂ ਸੀ। ਦੁਨੀਆਂ ਦੀ ਹੱਦਾਂ ਦੇ ਟੁੱਟਣ ਦੀ ਸ਼ੁਰੂਆਤ ਵੀ ਤਾਂ ਇਸੇ ਦੌਰ ਦੀ ਉਪਜ ਹੈ।*

ਗੁਰਦਿਆਲ ਸਿੰਘ-ਹੱਦਾਂ ਵੀ ਇਨ੍ਹਾਂ ਕਾਰਨ ਟੁੱਟੀਆਂ ਹਨ ਕਿ ਸਾਡੇ ਦੇਸ਼ ਨੂੰ ਬਿਓਰੋਕ੍ਰੇਟਸ ਜਾਂ ਰਾਜਨੀਤਿਕ ਨੇਤਾਵਾਂ ਦੀ ਅਜਿਹੀ ਜੁੰਡਲੀ ਹੀ ਚਲਾ ਰਹੀ ਹੈ, ਜਿਸ ਦੇ ਸਾਹਮਣੇ ਵੀ ਮਾਡਲ ਸਭ ਤੋਂ ਉਨਤ ਦੇਸ਼ਾਂ ਦਾ ਹੀ ਹੈ। ਦੂਜਾ ਕੋਈ ਹੋਰ ਮਾਡਲ ਕਿਸੇ ਦੇ ਦਿਮਾਗ ਵਿਚ ਆਉਂਦਾ ਹੀ ਨਹੀਂ। ਮੈਂ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਨ ਤੇ ਵਧਾਈ ਦਿੰਦੇ ਹੋਇਆ ਪੰਜਾਬੀ ਵਿਚ ਇਕ ਪੱਤਰ ਲਿਖਿਆ ਕਿ ਉਸ ਨੂੰ ਦੋ ਮੁੱਦਿਆਂ ਦੇ ਵੱਲ ਧਿਆਨ ਜ਼ਰੂਰ ਦੇਣਾ ਚਾਹੀਦਾ-ਇਕ ਤਾਂ ਪੂਰੀ ਤਰ੍ਹਾਂ ਸਾਰੇ ਪੜ੍ਹੇ ਲਿਖੇ ਲੋਕ ਅਤੇ ਦੂਜਾ ਜਨਸੰਖਿਆ ਕੰਟਰੋਲ। ਜੇਕਰ ਆਪਣੇ ਸਮੇਂ ਵਿਚ ਉਹ ਇਹ ਦੋ ਗੱਲਾਂ ਸ਼ੁਰੂ ਕਰ ਦੇਣ ਤਾਂ ਇਤਿਹਾਸ

ਵਿਚ ਇਕ ਬਹੁਮੁੱਲਾ ਯੋਗਦਾਨ ਪਾਉਣਗੇ। ਜਵਾਬ ਵਿਚ ਇਕ ਧੰਨਵਾਦ ਸਤਰ ਆਈ ਕਿ ਤੁਹਾਡੀ ਵਧਾਈ ਸਵੀਕਾਰ ਕਰਦੇ ਹਾਂ ਅਤੇ ਜਿਨ੍ਹਾਂ ਸਮੱਸਿਆਵਾਂ ਦੇ ਸਬੰਧ ਵਿਚ ਮੈਂ ਧਿਆਨ ਦਿਵਾਇਆ ਸੀ ਉਸ ਦੇ ਬਾਰੇ ਵਿਚ ਐਨਾ ਵੀ ਲਿਖਣ ਦੀ ਹਿੰਮਤ ਨਹੀਂ ਕੀਤੀ ਕਿ ਤੁਹਾਡੇ ਸੁਝਾਵ ਚੰਗੇ ਹਨ ਤੇ ਮੈਂ ਕੋਸ਼ਿਸ਼ ਕਰਾਂਗਾ। ਹੁਣ ਅਜਿਹੇ ਰਾਜਨੀਤਿਕ ਲੋਕਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ? ਅਤੇ ਇਨ੍ਹਾਂ ਦੋ ਗੱਲਾਂ ਨੂੰ ਹੱਲ ਕੀਤੇ ਬਿਨਾ, ਤੁਸੀਂ ਭਾਰਤ ਨੂੰ crisis ਵਿਚੋਂ ਨਹੀਂ ਕੱਢ ਸਕਦੇ, ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਓ।

*ਵਿਨੋਦ ਸ਼ਾਹੀ-ਇਤਿਹਾਸ, ਸਮਾਜ ਸ਼ਾਸ਼ਤਰ, ਸੰਸਕ੍ਰਿਤੀ ਜਾਂ ਵਿਚਾਰਧਾਰਾ ਦੀ ਗੱਲ ਕਰਨ ਤੇ ਤੁਹਾਡੇ ਤੋਂ ਆਪਣੇ ਅਨੁਭਵ ਉੱਤੇ ਅਧਾਰਿਤ ਜਵਾਬ ਮਿਲਦੇ ਹਨ। ਤੁਸੀਂ ਜੀਵਨ ਢੰਗ ਤੇ ਉੱਚ ਜੀਵਨ ਮੁੱਲਾਂ ਦੀ ਗੱਲ ਕਰਦੇ ਹੋ। ਤੁਹਾਡੇ ਵਰਗਾ ਵੱਡਾ ਲੇਖਕ ਪੰਜਾਬੀ ਵਿਚ ਹੈ?, ਜਿਸ ਨੂੰ ਪੂਰਾ ਦੇਸ਼ ਜਾਣਦਾ ਹੋਵੇ। ਅਸੀਂ ਆਸ ਰੱਖਦੇ ਹਾਂ ਕਿ ਪੰਜਾਬੀ ਸਾਹਿਤ ਦਾ ਦਾਇਰਾ ਬਹੁਤ ਵੱਡਾ ਹੋ ਜਾਣਾ ਚਾਹੀਦਾ, ਪਰ ਇਕ ਵੀ ਹੋਰ ਲੇਖਕ ਅਸੀਂ ਅਜਿਹਾ ਨਹੀਂ ਚੁਣ ਸਕਦੇ, ਜਿਹੜਾ ਗੁਰਦਿਆਲ ਸਿੰਘ ਦੇ ਬਰਾਬਰ ਆ ਖੜਾ ਹੁੰਦਾ ਹੈ। ਪ੍ਰੰਤੂ ਅਜੀਬ ਜਿਹੀ ਘੌੜਦੌੜ ਲੱਗੀ ਹੋਈ ਹੈ। ਕੇਵਲ ਥੋੜਾ ਜਿਹਾ ਨਾਂ ਕਮਾਉਣ ਦਾ ਸਾਧਨ ਹੋ ਗਈ ਹੈ। ਪ੍ਰੰਤੂ ਜਿਹੜੇ ਗੰਭੀਰ ਮਸਲੇ ਹਨ- ਸਮਾਜ ਨੂੰ ਬਦਲਣ ਦੀ ਗੱਲ, ਜੀਵਨ ਨੂੰ ਬਦਲਣ ਦੀ ਗੱਲ, ਸਾਹਿਤ ਵਿਚ ਪਿੱਛੇ ਰਹਿ ਗਈ ਹੈ। ਸਾਹਿਤ ਲਗਾਤਾਰ ਉਥਲ ਪੁੱਥਲ ਕਿਓਂ ਹੁੰਦਾ ਜਾ ਰਿਹਾ ਹੈ? ਕੇਵਲ ਓਪਰੀ ਗੱਲਾਂ-ਕਲਾਤਮਿਕਤਾ ਜਾਂ ਵਿਸ਼ਾ ਵਸਤੂ ਦੀ ਗੱਲ ਕਰਕੇ ਆਲੋਚਕ ਵੀ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਨ। ਸਮੱਸਿਆਵਾਂ ਨਾਲ ਲੜਨ ਦਾ ਕੋਈ ਯਤਨ ਇਨ੍ਹਾਂ ਲੇਖਕਾਂ ਦੇ ਵੱਲੋਂ ਨਜ਼ਰ ਨਹੀਂ ਆ ਰਿਹਾ। ਪੰਜਾਬੀ ਸਾਹਿਤ ਅਜੇ ਤੱਕ ਭਾਵੁਕਤਾ ਦੇ ਦਾਇਰੇ ਤੋਂ ਬਾਹਰ ਨਹੀਂ ਆ ਪਾਇਆ ਜਾਂ ਯਥਾਰਥ ਦੇ ਪ੍ਰਤੀ ਇਕ ਸਪੱਸ਼ਟ ਦ੍ਰਿਸ਼ਟੀਕੋਣ ਉਸ ਦੇ ਕੋਲ ਨਹੀਂ ਹੈ? ਕੀ ਪੰਜਾਬੀ ਸਾਹਿਤਕ ਦ੍ਰਿਸ਼ 'ਚ ਤੁਹਾਨੂੰ ਕੁਝ ਗਤੀਰੋਧ ਨਜ਼ਰ ਆਉਂਦਾ ਹੈ? ਇਸ ਸਾਹਿਤਕ ਗਰੀਬੀ ਦਾ ਕੀ ਕਾਰਨ ਲੱਗਦਾ ਹੈ?*

ਗੁਰਦਿਆਲ ਸਿੰਘ-ਮੇਰਾ ਸਪੱਸਟ ਜਵਾਬ ਹੈ ਕਿ ਜਦੋਂ ਤੁਹਾਡੇ ਪੂਰੇ ਦੇਸ਼ ਦੇ ਸਿਸਟਮ ਤੋਂ ਸੰਭਾਵਨਾਵਾਂ ਖਤਮ ਹੋ ਜਾਣ ਜਾਂ ਉਸ ਵਿਚ ਐਨਾ ਵਧੇਰੇ ਭ੍ਰਿਸ਼ਟਾਚਾਰ ਜਾਂ ਨਾ ਮੁੱਖੀ ਅੰਸ਼ ਆ ਜਾਵੇ, ਜਿੱਥੇ ਇਕ ਐਮ. ਪੀ. 30 ਲੱਖ ਲੈ ਕੇ ਇਕ ਬੇਗਾਨੀ ਔਰਤ ਨੂੰ ਆਪਣੀ ਪਤਨੀ ਬਣਾ ਕੇ ਪਾਸਪੋਰਟ ਲੈ ਕੇ ਦੇ ਸਕਦਾ ਹੈ ਅਤੇ ਕੈਨੇਡਾ ਛੱਡਣ ਜਾਂਦਾ ਹੈ, ਅਤੇ ਹਵਾਈ ਅੱਡੇ ਤੋਂ ਫੜਿਆ ਜਾਂਦਾ ਹੈ, ਉਥੇਂ ਤੁਹਾਨੂੰ ਕੀ ਉਮੀਦ ਹੋ ਸਕਦੀ ਹੈ? ਇਹ ਇਕ ਅਜਿਹਾ ਉਦਾਹਰਨ ਹੈ ਜਿਹੜਾ ਤੁਹਾਨੂੰ ਇਕ ਪੂਰੀ ਵਿਵਸਥਾ ਪ੍ਰਣਾਲੀ ਨੂੰ ਉਜਾਗਰ ਕਰਦਾ ਹੈ।

ਫਿਰ ਵਧੇਰੇ ਕਰਕੇ ਲੇਖਕ ਨਿਮਨ ਮੱਧਵਰਗੀ ਸ੍ਰੇਣੀਆਂ ਵਿਚੋਂ ਹੀ ਆਉਂਦੇ ਹਨ। ਉਸ ਵਿਚੋਂ ਕੋਈ ਇਕ ਵਿਅਕਤੀ ਅਧਿਆਪਕ ਜਾਂ ਅਫ਼ਸਰ ਬਣ ਜਾਂਦਾ ਹੈ, ਅਤੇ ਪੜ੍ਹਨ ਲਿਖਣ ਦੇ ਕਾਰਨ ਜਾਂ ਤੁਸੀਂ ਉਸਨੂੰ ਅੰਮਬੀਸ਼ਨ ਜਾਂ ਵਿਅਕਤੀਗਤ ਸੀਮਾ ਵੀ ਕਹਿ ਸਕਦੇ ਹੋ, ਇਕ ਅਜੀਬ ਸਮੱਸਿਆ ਉੱਠ ਪੈਂਦੀ ਹੈ ਉਸਦੀ ਆਈਡੈਂਟੀ ਦੀ। ਉਹ ਬਾਕੀਆਂ ਤੋਂ ਵੱਖਰਾ ਦਿਸਣ ਦੇ ਲਈ ਕਵਿਤਾ, ਕਹਾਣੀ, ਜਾਂ ਨਾਵਲ ਆਦਿ ਲਿਖਣ ਲੱਗ ਪੈਂਦਾ ਹੈ ਜਿਵੇਂ ਕੋਈ ਖਾਲੀ ਸਮਾਂ ਬਤੀਤ ਕਰਨ ਦੇ ਲਈ ਕੋਈ ਸਾਇਡ ਬਿਜਨੈਸ ਕਰ ਰਿਹਾ ਹੈ। ਹੁਣ ਉਸ ਦੇ ਕੋਲ ਵਿਸ਼ਾ ਕੋਈ ਹੈ ਨਹੀਂ, ਨਾ ਹੀ ਕੋਈ ਦ੍ਰਿਸ਼ਟੀ ਹੈ, ਨਾ ਹੀ ਉਸ ਨੂੰ ਮਾਲੂਮ ਹੈ ਕਿ ਸਮਾਜ ਦੇ ਅੰਦਰ ਕੀ ਹੋ ਰਿਹਾ ਹੈ, ਕਿਸਾਨ ਖੁਸ਼ਕਸ਼ੀਆਂ ਕਿਓਂ ਕਰ ਰਹੇ ਹਨ?

ਭਾਵ ਕਿ ਸਮਾਜਿਕ ਵਿਵਸਥਾ ਜਿਸ ਤਰ੍ਹਾਂ ਨਾਲ ਬਦਲ ਰਹੀ ਹੈ, ਬਿਗੜ ਰਹੀ ਹੈ, ਉਸਦੀ ਤਹਿ ਤੱਕ ਜਾਣ ਦੀ ਸੰਭਾਵਨਾ ਕਿਸੇ ਵੀ ਤਰ੍ਹਾਂ ਦੇ ਲੇਖਕ ਦੀ ਪਹਿਲੀ ਸ਼ਰਤ ਹੈ, ਤਾਂ ਹੀ ਕੋਈ ਸਾਹਿਤ ਰਚਿਆ



ਜਾ ਸਕਦਾ ਹੈ। ਜਿਵੇਂ ਅਜ਼ਾਦੀ ਦੀ ਲੜਾਈ ਦੇ ਦੌਰਾਨ ਪ੍ਰੇਮ ਚੰਦ, ਨਾਨਕ ਸਿੰਘ ਜਾਂ ਪੂਰਨ ਸਿੰਘ ਆਪਣੇ ਸਮੇਂ ਦੀ ਸਚਾਈ ਲਿਖ ਰਹੇ ਸਨ।

ਇਸ ਤੋਂ ਇਲਾਵਾ ਜ਼ਰੂਰੀ ਹੈ-ਅਨੁਭਵ ਅਤੇ ਉਸ ਅਨੁਭਵ ਨੂੰ ਗਿਆਨ ਵਿਚ ਬਦਲਣਾ। ਗਿਆਨ ਦੀ ਸੰਭਾਵਨਾਵਾਂ ਚਾਰੇ ਪਾਸਿਆ 'ਚ ਪਸਰੀ ਹੋਈ ਹੈ। ਸਧਾਰਨ ਲੋਕ ਤਾਂ ਕੇਵਲ ਓਪਰੀ ਸੱਤਾ ਦੀਆਂ ਗੱਲਾਂ ਹੀ ਵੇਖ ਸਕਦੇ ਹਨ, ਸੱਤਾ ਦੇ ਅੰਦਰਲੀਆਂ ਗੱਲਾਂ ਕੌਣ ਵੇਖੇਗਾ? ਉਸ ਨੂੰ ਇਕ ਲੇਖਕ ਵੇਖੇਗਾ। ਵਿਦਵਾਨ ਵੇਖੇਗਾ। ਸਧਾਰਨ ਵਿਅਕਤੀ ਦੇ ਕੋਲ ਐਨਾ ਗਿਆਨ ਅਤੇ ਸ਼ਕਤੀ ਨਹੀਂ ਹੁੰਦੀ। ਆਮ ਮਨੁੱਖ ਨੂੰ ਤਾਂ ਸਿਧਾਂਤਾਂ ਦੇ ਬਾਰੇ ਵਿਚ ਨਹੀਂ ਪਤਾ, ਉਸ ਨੂੰ ਕੇਵਲ ਐਨਾ ਹੀ ਪਤਾ ਹੈ ਕਿ ਮੈਂ ਦੁੱਖ ਭੋਗ ਰਿਹਾ ਹਾਂ, ਮੈਂ ਸੌਖੀ ਜ਼ਿੰਦਗੀ ਜਿਉਣੀ ਚਾਹੁੰਦਾ ਹਾਂ। ਅਸਾਨ ਜ਼ਿੰਦਗੀ ਕਿਵੇਂ ਮਿਲ ਸਕਦੀ ਹੈ, ਇਹ ਕੌਣ ਦੇ ਸਕਦਾ ਹੈ- ਸਾਧਾਰਨ ਲੋਕਾਂ ਦੀ ਸੋਚ ਇਥੋਂ ਤੱਕ ਹੀ ਸੀਮਿਤ ਹੋ ਗਈ ਹੈ। ਇਸ ਲਈ ਕੋਈ ਉੱਠ ਕੇ ਰਾਧਾ ਸੁਵਾਮੀ ਦੇ ਡੇਰੇ ਉੱਤੇ ਚਲੇ ਜਾਂਦਾ ਹੈ, ਕੋਈ ਸੱਚੇ ਸੌਦਾ ਵਾਲੇ ਦੇ ਕੋਲ। ਉਥੇ ਹੱਲ ਨਹੀਂ ਨਿੱਕਲਿਆ ਤਾਂ ਨਾਨਕਸਰ ਚਲਾ ਜਾਂਦਾ ਹੈ। ਨਹੀਂ ਤਾਂ ਅੰਮ੍ਰਿਤਸਰ ਚਲੇ ਜਾਂਦਾ ਹੈ। ਸਮੱਸਿਆ ਫਿਰ ਵੀ ਖਤਮ ਨਹੀਂ ਹੁੰਦੀ। ਭਟਕਦਾ ਫਿਰਦਾ ਹੈ। ਉਸ ਭਟਕਣ ਤੋਂ ਉਸ ਨੂੰ ਕੌਣ ਕੱਢ ਸਕਦਾ ਹੈ? ਉਸ ਨੂੰ ਕੱਢਣਾ ਹੈ ਚੇਤਨ ਲੋਕਾਂ ਨੇ, ਜਿਹੜੇ ਲੋਕ ਕਿਸੇ ਕਾਰਜ ਲਈ ਪ੍ਰਤੀਬੱਧ ਹਨ।

ਸਾਡੀ ਪ੍ਰੰਪਰਾ ਐਨੀ rigid ਹੋ ਗਈ ਹੈ ਕਿ ਉਸ ਨੂੰ ਤੋੜੇ ਬਿਨਾ ਕੋਈ ਇਨਕਲਾਬ ਨਹੀਂ ਹੋ ਸਕਦਾ। ਅਕਾਦਮਿਕ, ਸਮਾਜਸ਼ਾਸ਼ਤਰ, ਸਾਹਿਤਕ ਜਾਂ ਗਿਆਨ ਦੀ ਹੋਰ ਕਿਸੇ ਵੀ ਧਾਰਾ 'ਚ ਜਿੱਥੇ ਮਨੁੱਖ ਸੀਮਤ ਹੋ ਜਾਂਦਾ ਹੈ, ਉਸਦੀ ਮੌਤ ਨਿਸਚਿਤ ਹੈ।

ਲੋਕ ਵਿਕਾਸ ਦੇ ਸਬੰਧ ਵਿਚ ਕੇਵਲ ਸੱਤਹੀ ਗੱਲਾਂ ਹੀ ਅਖਬਾਰਾਂ ਵਿਚ ਵੇਖਦੇ ਹਨ ਕਿ ਐਨੇ ਟਰੈਕਟਰ ਆ ਗਏ, ਐਨੀ ਉਪਜ ਹੋ ਗਈ। ਪ੍ਰੰਤੂ ਮੈਨੂੰ ਨਾਹਪੱਖੀ ਪ੍ਰਭਾਵ ਵੀ ਦਿਖਾਈ ਦਿੰਦੇ ਹਨ। ਓਪਰੀ ਗੱਲਾਂ ਅਤੇ ਅੰਕੜੇ ਮੈਨੂੰ ਪ੍ਰਭਾਵਿਤ ਨਹੀਂ ਕਰਦੇ। ਤੁਸੀਂ ਅਖ਼ਬਾਰ ਵਿਚ ਪੜ੍ਹ ਲਿਆ ਕਿ ਪੰਜਾਬ ਦੇ ਕੋਲ ਭਾਰਤ ਦੀ 2.25 ਪ੍ਰਤੀਸ਼ਤ ਜ਼ਮੀਨ ਹੈ ਅਤੇ ਸੈਂਟਰਲ ਪੂਲ 'ਚ 40 ਪ੍ਰਤੀਸ਼ਤ ਅਨਾਜ਼ ਪੈਦਾ ਹੁੰਦਾ ਹੈ। ਪਰ ਕੀ ਤੁਸੀਂ ਕਦੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਦਾ ਹਾਲ ਵੇਖਿਆ ਹੈ? ਕੀੜੇਮਾਰ ਦਵਾਈਆਂ ਦੇ ਮਾੜੇ ਪ੍ਰਭਾਵ ਕਿਸਾਨਾਂ ਨੂੰ ਝੱਲਣੇ ਪੈਂਦੇ ਹਨ ਜਾਂ ਕਿੰਨੇ ਲੋਕਾਂ ਦੇ ਚਾਰਾ ਕੱਟਣ ਦੀ ਮਸ਼ੀਨ ਨਾਲ ਅੰਗ ਕੱਟ ਜਾਂਦੇ ਹਨ। ਉੱਚ ਜਾਤੀਆਂ ਦੀ ਸਮੰਤਵਾਦੀ ਪ੍ਰਵਿਰਤੀ ਅਜੇ ਤੱਕ ਮੌਜੂਦ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਸਮਝੇ ਬਗੈਰ ਅਤੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਕੇ ਤੁਸੀਂ ਸਾਹਿਤ ਕਿਵੇਂ ਰਚ ਸਕਦੇ ਹੋ।

*ਵਿਨੋਦ ਸ਼ਾਹੀ-ਵਧੇਰੇ ਕਰਕੇ ਲੇਖਕ ਇਥੇ ਪੰਜਾਬ ਦੀ ਉਸ ਗੁਲਾਮ ਮਾਨਸਿਕਤਾ ਵਾਲੀ ਮੂਲਧਾਰਾ ਨੂੰ ਲੈ ਕੇ ਹੀ ਲਿਖਦੇ ਹਨ ਅਤੇ ਸਾਇਦ ਇਸ ਲਈ ਵੱਡੇ ਸਾਹਿਤ ਦੇ ਲਿਖੇ ਜਾਣ ਦੀ ਗੱਲ ਏਥੇ ਨਜ਼ਰ ਨਹੀਂ ਆਉਂਦੀ। ਪੰਜਾਬ ਦੇ ਪੂਰੇ ਸਾਹਿਤ ਵਿਚ ਵਿਚਾਰਧਾਰਾਕ ਉਥਲ ਪੁੱਥਲ ਘੱਟ ਹੀ ਹੋਈ ਹੈ। ਮਹਾਰਾਜਾ ਰਣਜੀਤ ਦੇ ਸਮੇਂ ਤੋਂ ਬਾਅਦ 'ਚ ਇਕ ਸਮਝੌਤੇ ਦੀ ਭਾਵਨਾ ਹੀ ਨਜ਼ਰ ਆਉਂਦੀ ਹੈ। ਜਿਨੀਆਂ ਵੀ ਮੂਵਮੈਂਟ ਹਨ ਚਾਹੇ ਉਹ ਗ਼ਦਰ ਪਾਰਟੀ ਦੀ ਹੀ ਗੱਲ ਕੀਤੀ ਜਾਵੇ, ਸਾਰੀਆਂ ਭਾਰਤ ਦੇ ਬਾਹਰ ਤੋਂ ਹੀ ਚਲਾਈਆਂ ਗਈਆਂ। ਇਹ ਮੇਰਾ ਆਪਣਾ ਵਿਸ਼ਲੇਸ਼ਣ ਹੈ ਜਿਹੜਾ ਮੈਂ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਸਾਂ। ਇਹ ਮਾਨਸਿਕਤਾ ਅਜੇ ਵੀ ਮੌਜੂਦ ਹੈ ਕਿ ਨੌਜਵਾਨਾਂ ਨੂੰ ਅਜੇ ਵੀ ਅਮਰੀਕਾ ਜਾਂ ਕੈਨੇਡਾ ਹੀ ਸਵਰਗ ਦਾ ਦੂਜਾ ਰੂਪ ਲੱਗਦਾ ਹੈ।*

ਗੁਰਦਿਆਲ ਸਿੰਘ-ਤੁਹਾਡੀ ਗੱਲ ਕਾਫ਼ੀ ਹੱਦ ਤੱਕ ਠੀਕ ਹੈ। ਜਿੰਨੇ ਵੀ ਅੰਦੋਲਨ ਹੋਏ, ਗ਼ਦਰ ਪਾਰਟੀ, ਸੰਨ ਪੰਜਾਹ ਦੀ ਲੈਫਟ ਪਾਰਟੀਆਂ ਦੀ ਮੂਵਮੈਂਟ, 70 'ਚ ਨਕਸਲਾਇਟ ਅਤੇ 80 ਦੇ ਬਾਅਦ

ਭਿੰਡਰਵਾਲੇ ਦੀ ਮੂਵਮੈਂਟ ਆਈ-ਇਹ ਸਾਰੀਆਂ idealism, romanticism, ਭਾਵੁਕਤਾ ਦਾ ਹੀ ਨਤੀਜਾ ਹੈ, ਲੋਕਾਂ ਦੇ ਸੰਘਰਸ਼ ਨਾਲ ਇਹ ਅੰਦੋਲਨ ਪੈਦਾ ਨਹੀਂ ਹੋਏ ਸਨ, ਇਸ ਲਈ ਕੋਈ ਵੱਡੀ ਤਬਦੀਲੀ ਇਹ ਨਹੀਂ ਲਿਆ ਪਾਈਆਂ।

ਸਮਕਾਲ ਵਿਚ ਹਰ ਕਿਸਾਨ ਦੁੱਖੀ ਹੈ। ਕੀੜੇਮਾਰ ਦਵਾਈਆਂ, ਟ੍ਰੈਕਟਰਾਂ ਦੀਆਂ ਕੀਮਤਾਂ ਵੱਧ ਗਈਆਂ ਹਨ। ਮੈਂ ਅਕਸਰ ਇਸ ਸਬੰਧੀ ਲੇਖ ਲਿਖਦਾ ਰਹਿੰਦਾ ਹਾਂ। ਪ੍ਰੰਤੂ ਉਨ੍ਹਾਂ ਲੋਕਾਂ ਨੂੰ ਨਹੀਂ ਪਤਾ ਕਿ ਮੈਂ ਕੇਵਲ ਇਨਾਂ ਕਿਸਾਨਾਂ ਦੇ ਸਾਧਾਰਨ ਸੱਚ ਨੂੰ ਹੀ ਬਿਆਨ ਕਰ ਰਿਹਾ ਹਾਂ। ਲੋਕਾਂ ਨੂੰ ਆਪਣੇ ਸਾਧਾਰਣ ਤੱਥ ਹੀ ਮਾਲੂਮ ਨਹੀਂ ਹੈ। ਮੂਵਮੈਂਟ ਉਦੋਂ ਪੈਦਾ ਹੁੰਦੀ ਹੈ, ਜਦੋਂ ਚੇਤਨਾ ਉਤਪਨ ਹੁੰਦੀ ਹੈ। ਹਰ ਤਰ੍ਹਾਂ ਦੀ-ਸਮਾਜਿਕ, ਰਾਜਨੀਤਿਕ, ਆਰਥਿਕ ਚੇਤਨਾ। ਸ਼ਿਵਦਾਨ ਸਿੰਘ ਚੌਹਾਨ ਨਾਲ ਮੇਰੇ ਚੰਗੇ ਸੰਬੰਧ ਸਨ। ਉਹ ਇਕ ਬਹੁਤ ਵੱਡੇ ਵਿਦਵਾਨ ਸਨ। ਇਕ ਵਾਰ ਚਾਹ ਪੀਂਦੇ ਪੀਂਦੇ ਕਹਿਣ ਲੱਗੇ ਕਿ ਭਾਰਤ ਵਿਚ ਇਨਕਲਾਬ ਨਹੀਂ ਆ ਸਕਦਾ। ਮੈਂ ਬਹੁਤ ਹੈਰਾਨ ਹੋਇਆ ਅਤੇ ਕਿਹਾ ਕਿ ਅਸੀਂ ਤੁਹਾਡੇ ਵਿਚਾਰਾਂ ਨੂੰ ਪੜ੍ਹ ਪੜ੍ਹ ਕੇ ਇੰਨਕਲਾਬ ਵੱਲ ਵਧੇ ਹਾਂ ਅਤੇ ਤੁਸੀਂ ਅਜਿਹਾ ਕਹਿ ਰਹੇ ਹੋ। ਉਹ ਕਹਿਣ ਲੱਗੇ ਕਿ ਦੱਸੋਂ ਕਿ ਕੀ ਦੁਨੀਆਂ ਵਿਚ ਕਦੇ ਪਸ਼ੂਆਂ ਨੇ ਵਿਦਰੋਹ ਕੀਤਾ ਹੈ?

*ਵਿਨੋਦ ਸ਼ਾਹੀ-ਤੁਹਾਡਾ ਖੁਦ ਦਾ ਜੀਵਨ ਇਕ ਵਿਕਾਸ ਯਾਤਰਾ ਰਹੀ ਹੈ, ਜੋ ਤੁਹਾਡੀਆਂ ਰਚਨਾਵਾਂ ਵਿਚ ਸਾਫ਼ ਝਲਕਦਾ ਹੈ। ਤੁਸੀਂ ਇਕ ਨਿਮਨ ਮੱਧ ਵਰਗੀ ਪਰਿਵਾਰ ਵਿਚ ਜਨਮੇ ਅਤੇ ਮਜਦੂਰੀ ਤੋਂ ਜੀਵਨ ਸ਼ੁਰੂ ਕਰਦੇ ਹੋਏ ਪ੍ਰੋਫੈਸਰ ਦੇ ਅਹੁੱਦੇ ਤੱਕ ਪਹੁੰਚੇ। ਤੁਹਾਡੀ ਰਚਨਾ ਯਾਤਰਾ ਕਿਸਾਨਾਂ ਅਤੇ ਮਜਦੂਰਾਂ ਦੀ ਗੱਲ ਕਰਦੇ ਹੋਏ ਹੀ ਅੱਗੇ ਵੱਧਦੀ ਹੈ। ਅਤੇ ਬਾਕੀ ਪੰਜਾਬ ਦੀ ਰਚਨਾ ਯਾਤਰਾ ਤੋਂ ਇਹ ਸਪੱਸ਼ਟ ਵੱਖਰੀ ਨਜ਼ਰ ਆਉਂਦੀ ਹੈ।*

ਗੁਰਦਿਆਲ ਸਿੰਘ-ਮੈਂ ਅੱਠ ਸਾਲ ਦੇ ਲਈ ਮਜ਼ਦੂਰ ਦਾ ਜੀਵਨ ਜਿਆ ਸੀ। ਜਦੋਂ ਮੇਰੇ ਪਿਤਾ ਨੇ ਮੈਨੂੰ 7ਵੀਂ ਕਲਾਸ ਵਿਚੋਂ ਪੜ੍ਹਨ ਤੋਂ ਹਟਾ ਲਿਆ ਸੀ ਕਿਉਂਕਿ ਉਹ ਪਰਿਵਾਰ ਦਾ ਗੁਜ਼ਾਰਾ ਇਕੱਲਿਆਂ ਚਲਾ ਸਕਣਾ ਉਸ ਦੇ ਲਈ ਮੁਸ਼ਕਲ ਸੀ। ਮੈਂ ਕਰੀਬ 12 ਸਾਲਾਂ ਦਾ ਸੀ ਅਤੇ ਦੋਵੇਂ ਭਰਾਵਾਂ ਤੋਂ ਵੱਡਾ ਸੀ। ਪਹਿਲਾਂ ਤਾਂ ਮੈਂ ਪੜ੍ਹਾਈ ਤੋਂ ਡਰਦਾ ਸੀ, ਪ੍ਰੰਤੂ ਜਦੋਂ ਮੈਨੂੰ ਆਪਣੇ ਪਿਤਾ ਦੇ ਨਾਲ ਬੜ੍ਹਾਈ ਦਾ ਕੰਮ ਕਰਨਾ ਪਿਤਾ, ਜਿਹੜਾ ਮੈਨੂੰ ਬਹੁਤ ਮੁਸ਼ਕਲ ਲੱਗਾ, ਮੈਂ ਉਰਦੂ ਵਿਚ ਖੁਦ ਹੀ ਇਕ ਪੱਤਰ ਲਿਖਿਆ ਅਤੇ ਆਪਣੇ ਪਿਤਾ ਦੇ ਹਸਤਾਖ਼ਰ ਥੱਲੇ ਪੰਜਾਬੀ ਵਿਚ ਕਰ ਦਿੱਤੇ ਅਤੇ ਆਪਣੇ ਮਿਡਲ ਸਕੂਲ ਦੇ ਹੈਡਮਾਸਟਰ ਮਦਨ ਮੋਹਨ ਸ਼ਰਮਾਂ ਜੀ ਕੋਲ ਲੈ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਹਸਤਾਖ਼ਰ ਕਿਸ ਦੇ ਹਨ। ਮੈਂ ਦੱਸਿਆ ਕਿ ਮੇਰੇ ਪਿਤਾ ਜੀ ਦੇ। ਉਨ੍ਹਾਂ ਨੇ ਉਹ ਪੱਤਰ ਆਪਣੇ ਕੋਲ ਰੱਖ ਲਿਆ ਮੈਨੂੰ ਪਿਤਾ ਜੀ ਨੂੰ ਬੁਲਾ ਕੇ ਲਿਆਉਣ ਨੂੰ ਕਿਹਾ। ਜਦੋਂ ਮੈਂ ਵਾਪਸ ਜਾਣ ਲਈ ਮੁੜਿਆ, ਉਹ ਆਪਣੀਆਂ ਅੱਖਾਂ ਰੁਮਾਲ ਨਾਲ ਪੂੰਝ ਰਹੇ ਸਨ। ਮੈਂ ਜੋ ਵੀ ਬਣਿਆ ਉਸ ਹੈਡਮਾਸਟਰ ਸਾਹਿਬ ਦੇ ਕਾਰਨ ਹੀ ਬਣ ਸਕਿਆ। ਮੈਂ ਆਪਣੇ ਪਿਤਾ ਨਾਲ 8 ਸਾਲ ਕੰਮ ਕੀਤਾ, ਹਰ ਦਿਨ 14-14 ਘੰਟੇ ਤੱਕ। ਪ੍ਰੰਤੂ ਹੈਡਮਾਸਟਰ ਸਾਹਿਬ ਨੇ ਮੇਰਾ ਪਿੱਛਾ ਨਹੀਂ ਛੱਡਿਆ ਅਤੇ ਪੜ੍ਹਾਈ ਕਰਨ ਦੇ ਲਈ ਕਹਿੰਦੇ ਰਹੇ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਉਸ ਦੇ ਕੋਲ ਕਿਸੇ ਵੀ ਸਮੇਂ ਆ ਸਕਦਾ ਹਾਂ, ਜਦੋਂ ਵੀ ਮੈਨੂੰ ਮੌਕਾ ਮਿਲੇ। ਮੈਂ ਰਾਤ ਨੂੰ 12-12 ਵਜੇ ਤੱਕ ਵੀ ਉਨ੍ਹਾਂ ਦੇ ਕੋਲ ਜਾਂਦਾ ਰਿਹਾ। ਕੰਮ ਕਰਨ ਦੇ ਨਾਲ ਨਾਲ ਮੈਟ੍ਰਿਕ ਦੀ ਪੜ੍ਹਾਈ ਕਰਨ ਵਿਚ ਉਨ੍ਹਾਂ ਨੇ ਮੇਰੀ ਸਹਾਇਤਾ ਕੀਤੀ। ਉਸ ਤੋਂ ਬਾਅਦ ਪੰਜਾਬੀ ਪੜ੍ਹਨ ਦੀ ਲਗਨ ਦੇ ਕਾਰਨ ਮੈਂ ਗਿਆਨੀ ਕਰ ਲਈ। ਉਸਤੋਂ ਬਾਅਦ ਹੈਡਮਾਸਟਰ ਸਾਹਿਬ ਖੁਦ ਮੈਨੂੰ ਉਥੇ ਦੇ ਬੀ ਡੀ ਓ ਦੇ ਕੋਲ ਲੈ ਕੇ ਗਏ ਅਤੇ ਪ੍ਰਾਈਮਰੀ ਸਕੂਲ ਦਾ ਅਧਿਆਪਕ ਨਿਯੁਕਤ ਕਰਵਾ ਦਿੱਤਾ। ਉਸ ਤੋਂ ਬਾਅਦ ਮੈਂ ਪੜ੍ਹਦਾ ਰਿਹਾ ਅਤੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੇ ਅਹੁੱਦੇ



ਤੱਕ ਪਹੁੰਚਾ।

ਇਨ੍ਹਾਂ ਸਾਰੀਆਂ ਚੀਜਾਂ ਨੇ ਮੇਰੇ ਉੱਤੇ ਇਸ ਤਰ੍ਹਾਂ ਦਾ ਪ੍ਰਭਾਵ ਪਾਇਆ ਹੋਇਆ ਸੀ ਕਿ ਮੈਂ ਜੇਕਰ ਲਿਖਣ ਨਾ ਲੱਗਦਾ, ਤਾਂ ਪਾਗਲ ਹੋ ਜਾਂਦਾ। ਮਤਲਬ ਮੇਰੇ ਅਨੁਭਵ ਨੇ ਮੈਨੂੰ ਲਿਖਣ ਦੇ ਲਈ ਮਜਬੂਰ ਕੀਤਾ। ਪ੍ਰੰਤੂ ਗੱਲ ਉੱਥੇ ਅਟਕ ਗਈ ਕਿ ਲਿਖਾਗਾ ਕੀ। ਖੁਦ ਨੂੰ ਪੁੱਛਿਆ ਕਿ ਕੀ ਤੂੰ ਜਾਣਦਾ ਏ ਕਹਾਣੀ ਕੀ ਹੁੰਦੀ ਹੈ? ਨਾਵਲ ਕੀ ਹੁੰਦਾ ਹੈ? ਮੈਂ ਵੱਧ ਤੋਂ ਵੱਧ ਪੜ੍ਹਨ ਲਈ ਮਜਬੂਰ ਹੋਇਆ। ਅਤੇ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਜਿੰਨਾਂ ਸੰਭਵ ਹੋ ਸਕਿਆ, ਦੁਨੀਆਂ ਦੀਆਂ ਬੇਹਤਰੀਨ ਕਹਾਣੀਆਂ ਨੂੰ ਪੜ੍ਹ ਲਿਆ। ਸਭ ਤੋਂ ਪਹਿਲਾਂ .ਚੈਖਵ ਨੂੰ ਪੜ੍ਹਿਆ। ਉਸ ਨੂੰ ਪੜ੍ਹ ਕੇ ਪਤਾ ਲੱਗਿਆ Subtility ਕੀ ਹੁੰਦਾ ਹੈ ਅਤੇ ਉਸਦਾ ਕਿਸੇ ਰਚਨਾ ਵਿਚ ਕੀ ਮੁੱਲ ਹੈ। ਉਸ ਨੂੰ ਪੜ੍ਹਨ ਨਾਲ ਪਤਾ ਲੱਗਾ ਕਿ ਰਚਨਾ 'ਚ ਕਥਾ ਵਸਤੂ ਦਾ ਕੀ ਮੁੱਲ ਹੁੰਦਾ ਹੈ, ਕੇਵਲ ਸ਼ੁਰੂਆਤ, ਅੰਤ ਅਤੇ ਮੱਧ ਹੀ ਨਹੀਂ ਹੁੰਦਾ। ਬਹੁਤ ਸਾਰੇ ਰੂਸੀ, ਅਮਰੀਕਨ, ਸਪੇਨਿਸ਼ ਲੇਖਕਾਂ ਨੂੰ ਮੈਂ ਪੜ੍ਹਿਆ। ਹੁਣ ਮੈਂ ਚੈਖਵ ਤਾਂ ਨਹੀਂ ਬਣ ਸਕਦਾ ਸੀ, ਪ੍ਰੰਤੂ ਇਨ੍ਹਾਂ ਸਾਰਿਆਂ ਨੂੰ ਪੜ੍ਹ ਕੇ ਮੈਨੂੰ ਲੱਗਾ ਕਿ ਜੇਕਰ ਲਿਖਣਾ ਹੀ ਹੈ ਤਾਂ ਬਿਨਾ ਕਾਰਨ ਲਿਖਣ ਦਾ ਕੋਈ ਉਦੇਸ਼ ਨਹੀਂ ਹੋਵੇਗਾ।

ਆਪਣਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਦੇ ਸਵਾ ਸੌ ਪੰਨੇ ਲਿਖਣ ਲਈ ਮੈਂ ਤਿੰਨ ਸਾਲ ਲਗਾ ਏ। ਇਕ ਇਕ ਵਾਕ ਵਾਰ ਵਾਰ ਪਰਖਿਆ। ਤਿੰਨ ਚਾਰ ਡਰਾਫਟ ਫਾਇਨਲ ਹੋਏ ਸੁੱਟੇ। ਕਿਉਂਕਿ ਕਿਤੇ ਮੈਂ ਪੜ੍ਹ ਚੁੱਕਾ ਸੀ ਕਿ ਤਾਲਸਤਾਏ ਨੇ 'ਵਾਰ ਐਂਡ ਪੀਸ' ਗਿਆਰਾ ਵਾਰ ਲਿਖਿਆ ਸੀ। ਮਹਾਨ ਵਿਅਕਤੀਆਂ ਦੀਆਂ ਲਿਖਤਾਂ ਅਤੇ ਉਨ੍ਹਾਂ ਦੇ ਜੀਵਨ ਦੇ ਸਬੰਧ 'ਚ ਪੜ੍ਹ ਕੇ ਮੈਨੂੰ ਇਹੀ ਲੱਗਦਾ ਸੀ ਕਿ ਲਿਖਣਾ ਬੱਚਿਆ ਦੀ ਖੇਡ ਨਹੀਂ।

*ਵਿਨੋਦ ਸ਼ਾਹੀ-ਤਾਂ ਪੰਜਾਬੀ ਵਿਚ ਤੁਹਾਨੂੰ ਕਿਸੇ ਨੇ ਪ੍ਰੇਰਨਾ ਨਹੀਂ ਦਿੱਤੀ?*

ਗੁਰਦਿਆਲ ਸਿੰਘ-ਪੰਜਾਬੀ ਵਿਚ ਡਾ. ਅਤਰ ਸਿੰਘ ਨੇ ਮੈਨੂੰ ਬਹੁਤ ਉਤਸਾਹਿਤ ਕੀਤਾ।

*ਵਿਨੋਦ ਸਾਹੀ- ਪ੍ਰਭਾਵਿਤ ਕਰਨਾ ਵੱਖਰੀ ਗੱਲ ਹੈ ਅਤੇ ਉਤਸਾਹਿਤ ਕਰਨਾ ਵੱਖਰੀ।*

ਗੁਰਦਿਆਲ ਸਿੰਘ-ਨਹੀਂ, ਪੰਜਾਬੀ ਵਿਚ ਕਿਸੇ ਨੇ ਪ੍ਰਭਾਵਿਤ ਨਹੀਂ ਕੀਤਾ। ਮੈਂ ਕਦੀ ਵੀ ਕਿਸੇ ਆਲੋਚਕ ਦੀ ਸਲਾਹ ਨਹੀਂ ਮੰਨੀ। ਮੈਂ ਉਹੀ ਲਿਖਿਆ ਜੋ ਮੈਨੂੰ ਚੰਗਾ ਲੱਗਾ। ਲਿਖਣ ਦੇ ਪਿੱਛੇ ਮੇਰਾ ਕੋਈ ਸਵਾਰਥ ਨਹੀਂ ਸੀ। ਮੈਂ ਕੇਵਲ ਇਹੀ ਸੋਚਦਾ ਸੀ ਕਿ ਮੈਂ ਕੀ ਲਿਖ ਰਿਹਾ ਹਾਂ ਅਤੇ ਜੋ ਵੀ ਲਿਖ ਰਿਹਾ ਹਾਂ ਉਸਦਾ ਕੀ ਮਹੱਤਵ ਹੈ, ਅਤੇ ਉਹ ਸਾਹਿਤ ਦਾ ਹਿੱਸਾ ਬਣ ਸਕਦਾ ਹੈ ਜਾਂ ਨਹੀਂ। ਜੇਕਰ ਇਹ ਚੰਗਾ ਸਾਹਿਤ ਬਣ ਸਕਦਾ ਹੈ ਤਾਂ ਠੀਕ, ਨਹੀਂ ਤਾਂ ਪਾੜ ਕੇ ਸੁੱਟ ਦੇਵਾਗਾ। 'ਪਰਸਾ' ਨਾਵਲ 91-92 'ਚ ਛਪਿਆ ਅਤੇ ਉਸ ਨੂੰ ਲਿਖਣ 'ਚ ਮੈਨੂੰ ਦੱਸ ਸਾਲ ਲੱਗ ਗਏ। ਮੈਂ ਚੰਗਾ ਲਿਖਣ ਦੀ ਕੋਸ਼ਿਸ਼ ਕੀਤੀ ਅਤੇ ਜਿਹੜੇ ਦਸ ਨਾਵਲ ਮੈਂ ਲਿਖੇ ਹਨ, ਮੈਂ ਪੂਰੀ ਜ਼ਿੰਮੇਵਾਰੀ ਦੇ ਨਾਲ ਕਹਿ ਸਕਦਾ ਹਾਂ ਕਿ ਮੈਂ ਚੰਗਾ ਲਿਖਿਆ ਹੈ।

ਮੇਰੀ ਖੁਸ਼ਕਿਸਮਤੀ ਰਹੀ ਹੈ ਕਿ ਮੈਨੂੰ ਹੈੱਡਮਾਸਟਰ ਸਾਹਿਬ ਵਰਗੇ ਅਧਿਆਪਕ ਮਿਲੇ, ਜਿਨ੍ਹਾਂ ਨੇ ਮੈਨੂੰ ਪ੍ਰੇਰਨਾ ਦਿੱਤੀ ਕਿ ਪੁੱਤਰ ਕਿਤੇ ਵੀ ਨਾ ਰੁਕਣਾ, ਜ਼ੀਰੋ ਤੋਂ ਸ਼ੁਰੂ ਕਰਕੇ ਉੱਚੇ ਉਦੇਸ਼ ਤੱਕ ਪਹੁੰਚਣਾ। ਪ੍ਰੋਫੈਸਰ ਬਣਨਾ ਤੇ ਸਭ ਤੋਂ ਪਹਿਲਾਂ ਮੈਨੂੰ ਉਹੀ ਚੇਤੇ ਆਇਆ ਕਿ ਜੇਕਰ ਉਹ ਜੀਉਂਦੇ ਹੁੰਦੇ ਤਾਂ ਕਿੰਨੇ ਪ੍ਰਸੰਨ ਹੁੰਦੇ। ਤਿੰਨ-ਚਾਰ ਗੱਲਾਂ ਉਨ੍ਹਾਂ ਨੇ ਮੈਨੂੰ ਹਮੇਸ਼ਾ ਚੇਤੇ ਰੱਖਣ ਨੂੰ ਕਿਹਾ ਸੀ ਕਿ ਜੂਆ ਕਦੇ ਨਾ ਖੇਡਣਾ, ਸ਼ਰਾਬ ਕਦੇ ਨਾ ਪੀਣਾ, ਅਤੇ ਜ਼ਿੰਦਗੀ ਚਾਹੇ ਇਥੋਂ ਸ਼ੁਰੂ ਕਰਨਾ, ਭਾਵੇਂ ਕਿ ਇਕ ਕਾਰੀਗਰ ਦੇ ਵਾਂਗ, ਪ੍ਰੰਤੂ ਆਪਣਾ ਉਦੇਸ਼ ਹਮੇਸ਼ਾ ਉੱਚਾ ਰੱਖਣਾ। ਅਤੇ ਚੌਥੀ ਗੱਲ ਜੇਕਰ ਤੂੰ ਪੜ੍ਹ ਲਿਖ ਗਏ ਹੋ ਤਾਂ ਭਲੇ ਅਤੇ ਬੁਰੇ ਦਾ ਫਰਕ ਜਾਣ ਸਕੋਗੇ। ਮੈਂ ਪੂਰੀ ਜ਼ਿੰਦਗੀ ਇਨ੍ਹਾਂ ਚਾਰ ਗੱਲਾਂ ਉੱਤੇ ਅਮਲ ਕਰਨ ਦੀ ਕੋਸ਼ਿਸ ਕੀਤੀ।

**ਅਨੁਵਾਦ: ਭਗਵੰਤ ਰਸੂਲਪੁਰੀ**

## ਕਹਾਣੀ / ਉਹ ਬੰਦਾ /- ਪ੍ਰੋ. ਹਰਭਜਨ ਸਿੰਘ

ਲਓ ! ਉਹ ਬੰਦਾ ਫਿਰ ਮਿਲ ਗਿਆ ਹੈ।

ਉਹ ਬੰਦੇ ਨਾਲ ਮੇਰੀ ਪਹਿਲੀ ਮੁਲਾਕਾਤ ਡਾ. ਸਿਧਾਂਤਕਰ ਦੇ ਘਰ ਹੋਈ ਸੀ। ਉਸ ਦਿਨ ਦਿੱਲੀ ਧੁੰਦ ਤੇ ਕੋਹਰੇ ਨਾਲ ਚੁੰਨ੍ਹੀ ਤੇ ਸਿੱਲ੍ਹੀ ਹੋਈ ਪਈ ਸੀ। ਮੇਰੇ ਪਹੁੰਚਣ ਵੇਲੇ ਉਹ ਸਿਧਾਂਤਕਰ ਦੇ ਨਾਲ ਦਾਰਸ਼ਿਨਕ ਲਹਿਜੇ ਵਿਚ ਗੱਲ ਕਰ ਰਿਹਾ ਸੀ, "ਉਫ਼ ! ਕਿੰਨਾ ਧੂੰਆਂ ਭਰ ਗਿਆ, ਭੰਬਲ-ਭੂਸਿਆਂ ਤੇ ਨਿਰਾਸ਼ਾ ਦਾ ਧੂੰਆਂ। ਕਿੰਨਾ ਪ੍ਰਦੂਸ਼ਣ ਫੈਲ ਗਿਆ, ਛਲ ਕਪਟ ਤੇ ਚੋਰ-ਬਾਜ਼ਾਰੀ ਦਾ ਪ੍ਰਦੂਸ਼ਣ। ਕਿੰਨੇ ਠਰੇ-ਠਰੇ ਹੰਝੂ ਵਹਾ ਰਿਹਾ ਵਾਤਾਵਰਨ, ਕੁਦਰਤੀ ਕਰੋਪੀ ਤੇ ਮਨੁੱਖੀ ਬੇਬਸੀ ਦੇ ਹੰਝੂ।"

ਉਹ ਮੂੰਹ ਆਈ ਗੱਲ ਪੂਰੀ ਕਰ ਕੇ ਚੁੱਪ ਹੋ ਗਿਆ ਤਾਂ ਸਿਧਾਂਤਕਰ ਨੇ ਉਹਦੀ ਜਾਣ-ਪਹਿਚਾਣ ਕਰਵਾਈ ਸੀ, "ਇਹ ਮੇਰੇ ਪਿਆਰੇ ਮਿੱਤਰ ਨਵ-ਚਿੰਤਨਵਾਦੀ ਵਿਦਵਾਨ ਹਨ। ਕਾਲਜ ਵਿਚ ਰਾਜਨੀਤੀ ਸ਼ਾਸਤਰ ਪੜ੍ਹਾਉਣ ਦੇ ਨਾਲ-ਨਾਲ ਲਿਖਣ ਪੜ੍ਹਨ ਤੇ ਬੌਧਿਕ ਚਿੰਤਨ ਮੰਥਨ ਵਿਚ ਅਥਾਹ ਦਿਲਚਸਪੀ ਰੱਖਦੇ ਹਨ।"

ਮੇਰੇ ਬਾਰੇ ਇਹ ਕਿਹਾ ਸੀ, "ਇਹ ਸਾਡੇ ਸਾਥੀ ਜੀ ਦੋ-ਢਾਈ ਦਹਾਕਿਆਂ ਤੋਂ ਇਨਕਲਾਬੀ ਅੰਦੋਲਨ ਵਿਚ ਸਰਗਰਮ ਹਨ। ਇਨ੍ਹਾਂ ਕੋਲ ਭੂਮੀਹੀਨ ਕਿਸਾਨ ਸੰਘਰਸ਼ ਦਾ ਡੂੰਘਾ ਅਨੁਭਵ ਹੈ। ਅੱਜ ਕੱਲ੍ਹ ਦਿੱਲੀ ਦੇ ਨਾਲ ਲਗਦੇ ਸਨਅਤੀ ਖੇਤਰ ਵਿਚ ਕੰਮ ਕਰ ਰਹੇ ਹਨ।"

"ਬਹੁਤ ਖੁਸ਼ੀ ਹੋਈ ਮਿਲ ਕੇ, ਸਾਥੀ ਜੀ !"

ਉਹਨੇ ਖੜ੍ਹੇ ਹੋ ਕੇ ਮੇਰੇ ਨਾਲ ਨਿੱਘਾ ਹੱਥ ਮਿਲਾਇਆ। ਉਸ ਨਿੱਘ ਵਿੱਚੋਂ ਉਸਦੇ ਚਿੰਤਨਸ਼ੀਲ ਮਨ ਦੀ ਕੋਮਲਤਾ ਦਾ ਵੀ ਸੰਚਾਰ ਹੁੰਦਾ ਮਹਿਸੂਸ ਹੋਇਆ ਤੇ ਮੇਰੇ ਮੂੰਹੋਂ ਵੀ ਉਹੀ ਸ਼ਬਦ ਨਿਕਲੇ, "ਮੈਨੂੰ ਵੀ ਬਹੁਤ ਖੁਸ਼ੀ ਹੋਈ, ਤੁਹਾਨੂੰ ਮਿਲ ਕੇ !"

ਅਸੀਂ ਜੰਮ ਕੇ ਬੈਠ ਗਏ ਤੇ ਗੱਲਬਾਤ ਸਰਕਦੀ-ਸਰਕਦੀ ਦੀਨ-ਦੁਨੀਆ ਦੀ ਸੂਰਤੇ-ਹਾਲ ਤੱਕ ਪਹੁੰਚ ਗਈ। ਸਿਧਾਂਤਕਰ ਦੀ ਪਤਨੀ ਚਾਹ ਦੇ ਨਾਲ ਖਾਣ ਵਾਸਤੇ ਬਿਸਕੁਟ ਤੇ ਹੋਰ ਕਈ ਕੁਝ ਰੱਖ ਗਈ ਤਾਂ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਅਜਿਹਾ ਸਿਲਸਿਲਾ ਸ਼ੁਰੂ ਹੋ ਗਿਆ, ਜਿਸਨੂੰ ਮੇਰੀ ਬੁੱਧੀ ਦਾ ਇਮਤਿਹਾਨ ਵੀ ਕਿਹਾ ਜਾ ਸਕਦਾ ਹੈ। ਉਹ ਬੰਦਾ ਇਨਕਲਾਬੀ ਅੰਦੋਲਨ ਦੀ ਮੌਜੂਦਾ ਸਥਿਤੀ, ਜਿੱਤ ਦੀ ਸੰਭਾਵਨਾ ਅਤੇ ਮਾਰਕਸਵਾਦ ਦੀ ਪ੍ਰਸੰਗਤਾ ਬਾਰੇ ਗਹਿਰ-ਗੰਭੀਰ ਸਵਾਲ ਪੁੱਛਦਾ ਰਿਹਾ ਪਰ ਉਹਦੇ ਸਵਾਲਾਂ ਦੀ ਰੂਹ ਵਿਚ ਇਨਕਲਾਬ ਦੀ ਜਿੱਤ ਤੇ ਮਨੁੱਖਤਾ ਦੇ ਭਵਿੱਖ ਬਾਰੇ ਅਜਿਹੇ ਉਦਾਸੀਨ ਤੌਖਲੇ ਧੜਕ ਰਹੇ ਸਨ, ਜਿਨ੍ਹਾਂ ਦੀ ਨਵਿਰਤੀ ਲਈ ਮੇਰੇ ਕੋਲ ਸਪੱਸ਼ਟ ਜਵਾਬ ਨਹੀਂ ਸਨ।

ਹਿੰਦੁਸਤਾਨ ਦੀ ਇਨਕਲਾਬੀ ਲਹਿਰ ਦੇ ਅਣ-ਸੁਲਝੇ ਸਿਧਾਂਤਕ ਤੇ ਰਣਨੀਤਕ ਮਸਲਿਆਂ ਤੇ ਵਿਹਾਰਕ ਸਵਾਲਾਂ ਨੂੰ ਸਹੀ ਪਰਿਪੇਖ ਵਿਚ ਸਮਝਣ ਤੇ ਉਨ੍ਹਾਂ ਦਾ ਵਿਚਾਰਧਾਰਕ ਹੱਲ ਲੱਭਣ ਲਈ ਸ਼ਿੱਦਤ-ਭਰਪੂਰ ਅਤੇ ਤੇਜ਼ ਰਫ਼ਤਾਰ ਬੌਧਿਕ ਕਸਰਤ ਦਾ ਉਹ ਸੈਸ਼ਨ ਦੋ-ਢਾਈ ਘੰਟੇ ਲਗਾਤਾਰ ਚੱਲਦਾ ਰਿਹਾ ਤਾਂ ਮੇਰੇ ਦਿਲੋ-ਦਿਮਾਗ਼ ਨੂੰ ਪਸੀਨਾ ਆ ਗਿਆ।

ਆਖ਼ਰ ਉਹ ਬੰਦਾ ਮੇਰੇ ਅਨੁਭਵ, ਗਿਆਨ ਅਤੇ ਪ੍ਰਤੀਬੱਧਤਾ ਦੀ ਕਰੜੀ ਪਰੀਖਿਆ ਲੈਣ ਤੋਂ



ਮਗਰੋਂ ਚਲੇ ਗਿਆ ਤਾਂ ਮੈਨੂੰ ਕਾਫ਼ੀ ਰਾਹਤ ਮਹਿਸੂਸ ਹੋਈ ਪਰ ਸਿਧਾਂਤਕਰ ਉਹਦੇ ਬਾਰੇ ਇੰਝ ਬੋਲਣ ਲੱਗ ਪਿਆ ਜਿਵੇਂ ਉਹਦਾ ਰੇਖਾ-ਚਿੱਤਰ ਬਣਾ ਰਿਹਾ ਹੋਵੇ:

"ਬੜਾ ਜ਼ਹੀਨ ਬੰਦਾ ਹੈ। ਹਰ ਵਕਤ ਚਿੰਤਨ-ਭੂਮੀ ਵਿਚ ਵਿਚਰਦਾ ਹੈ। ਆਪਣੇ ਹੀ ਖਿਆਲਾਂ ਦੇ ਉਡਣ ਖਟੋਲੇ ਵਿਚ ਸਵਾਰ ਹੋ ਕੇ ਚਿੰਤਨ ਉਡਾਰੀਆਂ ਮਾਰਦਾ ਰਹਿੰਦਾ ਹੈ ਪਰ ਜਦ ਕਦੇ ਦੀਨ-ਦੁਨੀਆ ਦੀ ਵਰਤਮਾਨ ਸੂਰਤੇ-ਹਾਲ ਦੀ ਚੀਰ-ਫਾੜ ਕਰਨ ਲੱਗ ਜਾਵੇ ਤਾਂ ਚਿੰਤਨ ਦੇ ਡੂੰਘੇ ਖੰਡਰਾਂ ਵਿਚ ਵੀ ਜਾ ਉੱਤਰਦਾ ਹੈ। ਜੇਕਰ ਦੇਸ਼ ਦੇ ਕਰਣਧਾਰਾਂ ਤੇ ਹੁਕਮਰਾਨਾਂ ਦੀਆਂ ਕਰਤੂਤਾਂ ਦੇ ਕਿੱਸੇ ਛੇੜ ਲਵੇ ਤਾਂ ਹਾਦਸੇ, ਸਦਮੇ, ਤ੍ਰਾਸਦੀਆਂ ਦਾ ਅਜਿਹਾ ਖਾਕਾ ਬਣਾਉਂਦਾ ਹੈ ਕਿ ਸੁਣਨ ਵਾਲਾ ਵੀ ਗਮ ਦੇ ਦਰਿਆ ਵਿਚ ਡੁੱਬ ਜਾਂਦਾ ਹੈ।"

ਸਿਧਾਂਤਕਰ ਉਹਦੀ ਚਿੰਤਨ-ਸ਼ੈਲੀ ਬਾਰੇ ਟੋਟਕੇ ਝਾੜ ਰਿਹਾ ਸੀ।

ਮੈਂ ਉਸਦੇ ਸਵਾਲਾਂ ਵਿਚ ਘਿਰਿਆ ਬੈਠਾ ਸੋਚੀ ਜਾ ਰਿਹਾ ਸਾਂ।

ਅਸਲ ਵਿਚ ਨਕਸਲਬਾੜੀ ਲਹਿਰ ਦੇ ਉਤਰਾਅ ਤੇ ਖਿੰਡਾਅ ਵਾਲੇ ਉਸ ਦੌਰ ਵਿਚ ਸਵਾਲ ਹੀ ਸਵਾਲ ਸਨ। ਉਹ ਬੰਦੇ ਦੇ ਸਵਾਲ ਵੀ ਉਸੇ ਤ੍ਰਾਸਦਿਕ ਦੌਰ ਦੀ ਪੈਦਾਇਸ਼ ਸਨ ਤੇ ਮੇਰੇ ਕੋਲ ਉਨ੍ਹਾਂ ਦੇ ਘੜੇ-ਘੜਾਏ ਜਵਾਬ ਨਹੀਂ ਸਨ।

ਉਸ ਸਮੇਂ ਮੈਂ ਕੇਂਦਰੀ ਕਮੇਟੀ ਦਾ ਮੈਂਬਰ ਸਾਂ।

ਸਿਧਾਂਤਕਰ ਦਿੱਲੀ ਇਕਾਈ ਦਾ ਲੀਡਰ ਸੀ।

ਉਸ ਦਿਨ ਅਸੀਂ ਦਿੱਲੀ ਕਮੇਟੀ ਦੀ ਮੀਟਿੰਗ ਰੱਖੀ ਹੋਈ ਸੀ ਤੇ ਪ੍ਰੋ. ਭਾਰਤੀ ਦਾ ਇੰਤਜ਼ਾਰ ਕਰ ਰਹੇ ਸਾਂ। ਉਹਨੇ ਸਾਨੂੰ ਗੁਪਤ ਮੀਟਿੰਗ ਸਥਾਨ 'ਤੇ ਲੈ ਕੇ ਜਾਣਾ ਸੀ।

ਪਰ ਉਹਦਾ ਫੋਨ ਆ ਗਿਆ ਤੇ ਉਹਨੇ ਦੱਸਿਆ:

"ਪਿੰਡ ਕੰਝਾਵਲਾ ਵਿਚ ਜਮੀਂਦਾਰਾਂ ਨੇ ਹਰੀਜਨਾਂ ਦੀ ਪਟੇ ਵਾਲੀ ਜ਼ਮੀਨ ਵਿਚ ਗਿੱਠ-ਗਿੱਠ ਹੋਈ ਕਣਕ ਟ੍ਰੈਕਟਰਾਂ-ਤਵੀਆਂ ਨਾਲ ਉਜਾੜ ਦਿੱਤੀ ਹੈ। ਉਹ ਉਨ੍ਹਾਂ ਨੂੰ ਪਿੰਡ ਛੱਡ ਕੇ ਚਲੇ ਜਾਣ ਦੀਆਂ ਧਮਕੀਆਂ ਦੇ ਰਹੇ ਹਨ। ਪਿੰਡ ਦੀ ਸਥਿਤੀ ਬਹੁਤ ਤਨਾਅ-ਪੂਰਵਕ ਹੈ ਤੇ ਪੁਲੀਸ ਨੇ ਪੂਰੇ ਪਿੰਡ ਵਿਚ ਧਾਰਾ ਇਕ ਸੌ ਚੁਤਾਲੀ ਲਗਾ ਦਿੱਤੀ ਹੈ।"

ਉਹ ਬਹੁਤ ਘਬਰਾਹਟ ਵਿਚ ਬੋਲ ਰਿਹਾ ਸੀ:

"ਬੀਤੀ ਰਾਤ ਸਾਥੀ ਖੁਦੀ ਰਾਮ ਨੇ ਹਰੀਜਨ ਬਸਤੀ ਵਿਚ ਭੂਮੀਹੀਨ ਕਿਸਾਨਾਂ ਦੀ ਇਕ ਮੀਟਿੰਗ ਕੀਤੀ ਸੀ। ਉਹ ਮੀਟਿੰਗ ਤਾਂ ਸਫਲ ਰਹੀ ਪਰ ਸਵੇਰੇ ਜਦੋਂ ਉਹ ਪਿੰਡ ਦੇ ਬੱਸ ਅੱਡੇ ਵੱਲ ਆ ਰਿਹਾ ਸੀ ਤਾਂ ਜਮੀਂਦਾਰਾਂ ਦੇ ਪਾਲਤੂ ਗੁੰਡਿਆਂ ਨੇ ਉਹਨੂੰ ਬੇਰਹਿਮੀ ਨਾਲ ਕੁੱਟ-ਕੁੱਟ ਕੇ ਲਹੂ-ਲੁਹਾਣ ਕਰ ਦਿੱਤਾ। ਉਹਨੂੰ ਹਸਪਤਾਲ ਪਹੁੰਚਾਅ ਦਿੱਤਾ ਗਿਆ ਹੈ ਤੇ ਮੈਂ ਕੁਝ ਪੱਤਰਕਾਰਾਂ ਨੂੰ ਨਾਲ ਲੈ ਕੇ ਰਪਟ ਲਿਖਾਉਣ ਥਾਣੇ ਜਾ ਰਿਹਾ ਹਾਂ।"

"ਕੀ ਕੀਤਾ ਜਾਵੇ ਸਾਥੀ ਜੀ?" ਸਿਧਾਂਤਕਰ ਨੇ ਪੁੱਛਿਆ।

"ਚਲੋ ਮੌਕੇ 'ਤੇ ਪਹੁੰਚ ਕੇ ਸਥਿਤੀ ਦੇਖਦੇ ਹਾਂ।"

"ਨਹੀਂ ਸਾਥੀ ਜੀ, ਤੁਹਾਡਾ ਓਥੇ ਜਾਣਾ ਠੀਕ ਨਹੀਂ। ਪਿੰਡ ਵਿਚ ਇਕ ਸੌ ਚੁਤਾਲੀ ਲੱਗੀ ਹੋਈ ਹੈ,

ਆਪਾਂ ਗ੍ਰਿਫਤਾਰ ਵੀ ਹੋ ਸਕਦੇ ਹਾਂ।" ਮੈਨੂੰ ਆਪਣੀ ਰੂਪੋਸ਼ ਸਥਿਤੀ ਦਾ ਖਿਆਲ ਆਇਆ ਤਾਂ ਮੈਂ ਸੁਰ ਥੋੜ੍ਹੀ ਜਿਹੀ ਬਦਲ ਕੇ ਫਿਰ ਕਿਹਾ, "ਪਰ ਇਸ ਸਥਿਤੀ ਵਿਚ ਉਸ ਪਿੰਡ ਦੇ ਪੀੜਤ ਲੋਕਾਂ ਨਾਲ ਆਪਣਾ ਸੰਪਰਕ ਨਿਹਾਇਤ ਜ਼ਰੂਰੀ ਹੈ।"

ਉਹ ਸੋਚੀਂ ਪੈ ਗਿਆ ਤੇ ਮੇਰੇ ਜ਼ਿਹਨ ਵਿਚ ਪਿੰਡ ਕੰਝਾਵਲਾ ਨਾਲ ਜੁੜੀਆਂ ਪਿਛਲੇ ਦਸ ਬਾਰਾਂ ਵਰ੍ਹਿਆਂ ਦੀਆਂ ਕਈ ਲੜੀਆਂ ਤੇ ਕੜੀਆਂ ਉਜਾਗਰ ਹੋ ਉੱਠੀਆਂ: ਦਿੱਲੀ ਦੀ ਸਰਹੱਦ ਦੇ ਨਾਲ ਲਗਦੇ ਉਸ ਹਰਿਆਣਵੀ ਪਿੰਡ ਦੀ ਇਕ ਸੌ ਵੀਹ ਏਕੜ ਬੇਨਾਮੀ ਤੇ ਬੰਜਰ ਜ਼ਮੀਨ ਦਾ ਕਬਜ਼ਾ ਤੇ ਮਾਲਕੀ ਦੇ ਪਟੇ ਸਾਡੀ ਪਾਰਟੀ ਦੀ ਲੀਡਰਸ਼ਿਪ ਵਿਚ ਲੰਬੇ ਜਨਤਕ ਅੰਦੋਲਨ ਰਾਹੀਂ ਹੀ ਭੂਮੀਹੀਨ ਪਰਿਵਾਰਾਂ ਨੂੰ ਮਿਲੇ ਸਨ। ਪਰ ਜਾਟ ਜਮੀਂਦਾਰਾਂ ਨੇ ਉਸਨੂੰ ਕਦੇ ਸਵੀਕਾਰ ਨਹੀਂ ਕੀਤਾ ਸੀ। ਇਸ ਲਈ ਜਾਤੀ ਤੇ ਜਮਾਤੀ ਦੋਵੇਂ ਕਿਸਮ ਦਾ ਅੰਤਰ-ਵਿਰੋਧ ਸਿਖਰ 'ਤੇ ਪਹੁੰਚ ਗਿਆ ਸੀ। ਜਿਸ ਦੇ ਪਰਿਣਾਮ-ਸਰੂਪ ਦਿੱਲੀ ਤਖ਼ਤ ਦੇ ਨੱਕ ਥੱਲੇ ਵਸਿਆ ਉਹ ਪਿੰਡ ਦਹਾਕੇ ਭਰ ਤੋਂ ਟਕਰਾਅ ਤੇ ਤਨਾਅ ਦੀ ਭੈੜੀ ਸਥਿਤੀ ਭੋਗਦਾ ਆ ਰਿਹਾ ਸੀ ਤੇ ਉਸ ਮਸਲੇ ਦਾ ਸਥਾਈ ਹੱਲ ਨਹੀਂ ਹੋ ਸਕਿਆ ਸੀ।

ਮੈਂ ਅੱਖਾਂ ਮੀਚੀ ਉਸ ਪਿੰਡ ਵਿਚ ਪਹੁੰਚ ਗਿਆ ਸਾਂ।

ਸਿਧਾਂਤਕਰ ਨੂੰ ਇਕ ਤਰਕੀਬ ਸੁੱਝੀ ਤੇ ਉਹ ਬੋਲਿਆ:

"ਸਾਥੀ ਜੀ, ਮੈਂ ਆਪਣੇ ਇਕ ਹਮਦਰਦ ਵਕੀਲ ਨੂੰ ਨਾਲ ਲੈ ਕੇ ਸਾਥੀ ਖੁਦੀ ਰਾਮ ਦੀ ਖਬਰ ਲੈਣ ਤੋਂ ਪਿੱਛੋਂ ਪਿੰਡ ਕੰਝਾਵਲਾ ਦਾ ਗੇੜਾ ਵੀ ਮਾਰ ਆਵਾਗਾਂ। ਤੁਸੀਂ ਉਹ ਬੰਦੇ ਦੇ ਘਰ ਰੁਕ ਜਾਓ, ਜੋ ਆਪਾਂ ਨੂੰ ਮਿਲ ਕੇ ਗਿਆ ਹੈ। ਉਹ ਬੰਦਾ ਪੂਰਾ ਵਿਸ਼ਵਾਸ ਪਾਤਰ ਹੈ ਤੇ ਮਿਲਣਸਾਰ ਵੀ। ਮੈਂ ਵਾਪਸ ਆ ਕੇ ਤੁਹਾਨੂੰ ਓਥੇ ਹੀ ਮਿਲ ਲਵਾਂਗਾ।"

"ਚੱਲ ਠੀਕ ਆ, ਮੈਨੂੰ ਓਥੇ ਛੱਡ ਦਿਉ!"

ਇੰਝ, ਮੈਨੂੰ ਉਹਦੇ ਘਰ ਜਾਣਾ ਪਿਆ ਤੇ ਉਹ ਬੰਦੇ ਨੂੰ ਚਾਅ ਚੜ੍ਹ ਗਿਆ। ਉਹਨੇ ਮੈਨੂੰ ਬਾਅਦਬ ਡਰਾਇੰਗ ਰੂਮ ਵਿਚ ਬਿਠਾ ਕੇ ਤੇ ਮੇਰਾ ਹੁਲੀਆ ਨਿਹਾਰ ਕੇ ਆਦਰ ਸਹਿਤ ਪੁੱਛਿਆ, "ਸਾਥੀ ਜੀ, ਪਹਿਲਾਂ ਅਸ਼ਨਾਨ ਕਰਨਾ ਚਾਹੋਗੇ ਕਿ ਲੰਚ ਕਰੋਗੇ?"

"ਇਸ਼ਨਾਨ ਤਾਂ ਮੈਂ ਸਵੇਰੇ ਕਰਕੇ ਆਇਆ ਸੀ!"

"ਚਲੋ ਜੀ, ਫਿਰ ਖਾਣਾ ਖਾਨੇਂ ਆਂ!"

ਉਹਨੇ ਨੌਕਰ ਨੂੰ ਹਾਕ ਮਾਰ ਕੇ ਬੁਲਾਇਆ ਤੇ ਸੂਖਮ ਲਹਿਜੇ ਵਿਚ ਕਿਹਾ: "ਸੰਤ ਰਾਮ, ਇਹ ਆਪਣੇ ਨਵੇਂ ਮਿੱਤਰ, ਆਪਣੇ ਵਿਸ਼ੇਸ਼ ਮਹਿਮਾਨ ਨੇ!" ਫਿਰ ਆਦੇਸ਼-ਨੁਮਾ ਸੁਰ ਵਿਚ ਬੋਲਿਆ, "ਸਾਡੇ ਲਈ ਖਾਣਾ ਟੇਬਲ 'ਤੇ ਲਗਾ, ਅਸੀਂ ਆ ਰਹੇ ਹਾਂ।"

ਅਸੀਂ ਖਾਣਾ ਖਾਂਦੇ ਹਲਕੀਆਂ-ਫੁਲਕੀਆਂ ਗੱਲਾਂ ਕਰਦੇ ਰਹੇ। ਨਾ ਉਹਨੇ ਕੋਈ ਅਜਿਹਾ ਸਵਾਲ ਕੀਤਾ ਤੇ ਨਾ ਮੈਂ ਹੀ ਕੋਈ ਨਵਾਂ ਮਸਲਾ ਛੇੜਿਆ ਕਿ ਫਿਰ ਪਰਚੰਡ ਦਿਮਾਗ਼ੀ ਕਸਰਤ ਵਿਚੋਂ ਦੀ ਨਿਕਲਣਾ ਪੈ ਜਾਏ। ਸੰਤ ਰਾਮ ਦਾ ਬਣਾਇਆ ਵਧੀਆ, ਸਵਾਦ ਅਤੇ ਪੌਸ਼ਟਿਕ ਖਾਣਾ ਖਾ ਕੇ ਮੇਰੀਆਂ ਅੱਖਾਂ ਬੰਦ ਹੋਣ ਲੱਗ ਪਈਆਂ ਤਾਂ ਉਹਨੇ ਇਕ ਗੁਦਗੁਦੇ ਗੱਦੇਦਾਰ ਬੈੱਡ ਵਾਲੇ ਕਮਰੇ ਵਿਚ ਮੈਨੂੰ ਲਿਆ ਕੇ ਥੋੜ੍ਹੀ ਦੇਰ ਆਰਾਮ ਕਰਨ ਦੀ ਸਲਾਹ ਦਿੱਤੀ ਪਰ ਮੈਂ ਬਿਸਤਰ ਵਿਚ ਵੜਿਆ ਤਾਂ ਸੀਤ ਲਹਿਰ ਦਾ ਭੰਨਿਆ ਮੇਰਾ ਵਜੂਦ ਮੋਟੀ ਭਾਰੀ ਰਜਾਈ ਉੱਪਰ ਲੈ ਕੇ ਅਜਿਹਾ ਸੁੱਤਾ ਕਿ ਉੱਠਿਆ ਤਾਂ ਸੰਤ ਰਾਮ



ਮੁਰਗੇ ਨੂੰ ਰਾੜ੍ਹਾ ਲਾ ਰਿਹਾ ਸੀ, ਜਿਸਦੀ ਮਹਿਕ ਨਾਲ ਸਾਰਾ ਘਰ ਭਰਿਆ ਪਿਆ ਸੀ।

ਉਹ ਠੰਢੀ ਹਨੇਰੀ ਸ਼ਾਮ ਬਰਾਂਡੀ ਤੇ ਮੁਰਗੇ ਨਾਲ ਗਰਮ ਤੇ ਰੰਗੀਨ ਹੋਣੀ ਸ਼ੁਰੂ ਹੋਈ ਤਾਂ ਉਹ ਮੇਰੀ ਖ਼ਾਤਿਰ ਤਵੱਜੋਂ ਏਨੇ ਚਾਅ ਨਾਲ ਕਰ ਰਿਹਾ ਸੀ, ਜਿਵੇਂ ਮੈਂ ਉਹਦਾ ਉਹ ਖ਼ਾਸ ਮਹਿਮਾਨ ਹੋਵਾਂ, ਜਿਸਦਾ ਉਹਨੂੰ ਮੁੱਦਤ ਤੋਂ ਇੰਤਜ਼ਾਰ ਸੀ!

ਉਹ ਮੇਰੇ ਸੰਗਰਾਮੀ ਜੀਵਨ ਬਾਰੇ ਨਿੱਕੀਆਂ-ਨਿੱਕੀਆਂ ਬਰੀਕ-ਬਰੀਕ ਗੱਲਾਂ ਵੀ ਏਨੀ ਗਹਿਰੀ ਦਿਲਚਸਪੀ ਨਾਲ ਪੁੱਛ ਰਿਹਾ ਸੀ ਜਿਵੇਂ ਮੇਰੀ ਜੀਵਨੀ ਲਿਖਣਾ ਚਾਹੁੰਦਾ ਹੋਵੇ! ਪਰ ਮੇਰੇ ਲੰਬੇ ਕੁਆਰੇ ਰੂਪੋਸ਼ ਜੀਵਨ ਵਿਚੋਂ ਪਿਆਰ-ਮੁਹੱਬਤ ਮਨਫ਼ੀ ਹੋਣ ਬਾਰੇ ਜਾਣ ਕੇ ਉਹ ਏਨਾ ਭਾਵੁਕ ਹੋ ਗਿਆ ਕਿ ਮੈਨੂੰ ਵੱਡੇ ਭਰਾ ਵਾਂਗ ਮੱਤਾਂ ਦੇਣ ਲੱਗ ਪਿਆ:

"ਸਾਥੀ ਜੀ, ਆਪਾਂ ਨੂੰ ਆਪਣਾ ਸੰਗਰਾਮੀ ਜੀਵਨ ਕਿਸੇ ਯੋਗੀ ਵਾਂਗ ਬਸਰ ਨਹੀਂ ਕਰਨਾ ਚਾਹੀਦਾ। ਏਨੇ ਭਿਅੰਕਰ ਆਦਰਸ਼ਵਾਦ ਦਾ ਅੰਤ ਬੜਾ ਭੈੜਾ ਹੁੰਦਾ। ਮੈਂ ਕਈ ਬਹੁਤ ਵੱਡੇ ਆਦਰਸ਼ਵਾਦੀ, ਬਹੁਤ ਬੁਰੀ ਤਰ੍ਹਾਂ ਡਿਗਦੇ ਦੇਖੇ ਨੇ। ਆਪਣੇ-ਆਪ ਨੂੰ ਤਸੀਹੇ ਦੇ ਕੇ, ਆਪਣੇ ਸਰੀਰਕ ਮਾਨਸਿਕ ਅਰਮਾਨ ਅਤੇ ਇੱਛਾਵਾਂ ਕੁਰਬਾਨ ਕਰ ਕੇ, ਆਪਾਂ ਸਿਰਫ ਸਨਾਤਨਵਾਦੀ ਬਣ ਸਕਦੇ ਹਾਂ, ਇਨਕਲਾਬੀ ਨਹੀਂ!"

ਮੇਰੇ 'ਰਣ ਵਿਚ ਜੂਝ ਮਰਨ' ਦੇ ਪ੍ਰਣ ਤੇ ਸੰਕਲਪ ਨੂੰ ਆਦਰਸ਼ਵਾਦ ਗਰਦਾਨ ਕੇ ਉਹ ਮੈਨੂੰ ਸੰਗਰਾਮੀ ਜੀਵਨ ਦੇ ਨਾਲ-ਨਾਲ ਆਪਣੀਆਂ ਨਿੱਜੀ ਲੋੜਾਂ ਵੱਲ ਧਿਆਨ ਦੇਣ ਲਈ ਪਰੇਰ ਰਿਹਾ ਸੀ ਤੇ ਉਹਨੂੰ ਟੋਕਣ ਜੋਗੀ ਹਿੰਮਤ ਮੈਂ ਜੁਟਾ ਨਹੀਂ ਪਾ ਰਿਹਾ ਸਾਂ। ਮੈਂ 'ਹੂੰ ਹਾਂ' ਕਰਦਾ ਉਂਘਲਾਉਣ ਲੱਗ ਪਿਆ ਤਾਂ ਉਹ ਮੈਨੂੰ ਉਸੇ ਗੁਦਗੁਦੇ ਬਿਸਤਰ ਵਾਲੇ ਕਮਰੇ ਵਿਚ ਲਿਆ ਕੇ "ਓ. ਕੇਅ. ਗੁੱਡ ਨਾਈਟ ਸਾਥੀ ਜੀ!" ਕਹਿ ਕੇ ਚਲਾ ਗਿਆ।

ਉਹ ਰਾਤ ਮੇਰੇ ਲਈ ਏਨੀ ਰੁਮਾਂਟਿਕ ਬਣ ਗਈ ਕਿ ਮੈਂ ਰਾਤ ਭਰ ਸੁਪਨਿਆਂ ਦੀਆਂ ਵਾਦੀਆਂ ਵਿਚ ਹਸਰਤ-ਭਰੀਆਂ ਉਡਾਰੀਆਂ ਮਾਰਦਾ, ਛਣ-ਛਣ ਝਾਂਜਰ ਛਣਕਾਉਂਦੀ ਤੇ ਮੋਰਨੀ ਵਾਂਗ ਪੈਲਾਂ ਪਾਉਂਦੀ ਆਪਣੀ ਜੀਵਨ-ਸਾਥਣ ਦੇ ਨਾਲ ਨੱਚਦਾ ਰਿਹਾ। ਜਦੋਂ ਸਵੇਰੇ ਉੱਠਿਆ, ਉਹ ਮੋਰਨੀ ਤਾਂ ਕਿਤੇ ਨਹੀਂ ਸੀ ਪਰ ਮੇਰੇ ਤਨ ਮਨ ਰੂਹ ਵਿਚ ਉਹਦੀ ਚਾਹਤ ਦੀ ਮਿੱਠੀ-ਮਿੱਠੀ ਕਸਕ ਜ਼ਰੂਰ ਚਹਿਕ-ਮਹਿਕ ਰਹੀ ਸੀ!

ਉਸ ਸੁਬਹ ਚਾਹ ਪੀਂਦਿਆਂ ਅਸੀਂ ਬੜੀਆਂ ਤਰੋ-ਤਾਜ਼ਾ ਗੱਲਾਂ ਕੀਤੀਆਂ। ਦਿਲੀ ਤੇ ਰੂਹਾਨੀ ਚਾਹਤ ਦੀ ਚਾਸ਼ਣੀ ਵਿਚ ਡਬੋ-ਡਬੋ ਕੇ ਇਨਸਾਨੀ ਉਮੰਗਾਂ ਦੀਆਂ ਰੁਮਾਨੀ ਗੱਲਾਂ। ਫਿਰ ਨਾਸ਼ਤੇ ਲਈ ਸੰਤ ਰਾਮ ਨੇ ਆਲੂ ਮੇਥੀ ਵਾਲੇ ਪਰੌਂਠੇ ਬਣਾਏ ਤਾਂ ਮੱਖਣ ਤੇ ਦਹੀਂ ਨਾਲ ਖਾਂਦੇ ਵਕਤ ਏਨਾ ਸਵਾਦ ਆਇਆ ਕਿ ਮਾਂ ਦੀ ਯਾਦ ਆ ਗਈ।

ਪਰ ਮਾਂ ਕਿੱਥੇ ਸੀ!

ਉਹ ਤਾਂ ਬਹੁਤ ਵਰ੍ਹੇ ਪਹਿਲਾਂ ਤੱਤੀਆਂ ਹਵਾਵਾਂ ਨੇ ਨਿਗਲ ਲਈ ਸੀ ਤੇ ਬਾਪ ਵੀ ਲਹੂ ਪਿਆਸੀਆਂ ਪਾਗਲ ਬਦਰੂਹਾਂ ਨੇ ਖੋ ਲਿਆ ਸੀ। ਆਪਣੇ ਮਾਂ-ਬਾਪ ਦੇ ਤ੍ਰਾਸਦਿਕ ਵਿਛੋੜੇ ਤੇ ਘਰ ਦੀ ਬਰਬਾਦੀ ਦਾ ਖ਼ਿਆਲ ਆ ਗਿਆ ਤਾਂ ਮਨ ਉਦਾਸ ਹੋ ਗਿਆ ਪਰ ਮੈਂ ਆਪਣਾ ਅੰਤਰਮਨ ਉਹ ਬੰਦੇ ਤੋਂ ਛੁਪਾ ਕੇ ਖ਼ੁਸ਼ ਹੋਣ ਦਾ ਦਿਖਾਵਾ ਕਰਦਾ ਰਿਹਾ।

ਨਾਸ਼ਤੇ ਤੋਂ ਪਿੱਛੋਂ ਉਹ ਮੈਨੂੰ ਆਪਣੇ ਸਟੱਡੀ ਰੂਮ ਵਿਚ ਲੈ ਆਇਆ ਤਾਂ ਉਹਦੀ ਲਾਇਬ੍ਰੇਰੀ ਦੇਖ ਕੇ

ਮੇਰੀਆਂ ਅੱਖਾਂ ਚਮਕ ਉੱਠੀਆਂ ਤੇ ਉਹ ਬੋਲਿਆ, "ਸਾਥੀ ਜੀ, ਤੁਸੀਂ ਕੁਝ ਸਮਾਂ ਕਿਤਾਬਾਂ ਨਾਲ ਆਪਣਾ ਮਨ ਬਹਿਲਾਓ, ਓਨੀ ਦੇਰ ਮੈਂ ਇਕ ਦੋ ਜ਼ਰੂਰੀ ਕੰਮ ਨਿਪਟਾ ਆਵਾਂ। ਜੇ ਕਿਸੇ ਚੀਜ਼ ਦੀ ਲੋੜ ਪਵੇ ਤਾਂ ਸੰਤ ਰਾਮ ਨੂੰ ਹਾਕ ਮਾਰ ਲੈਣਾ।"

ਮੈਂ ਕਿਤਾਬਾਂ ਫਰੋਲਦਾ ਰਿਹਾ ਤੇ ਥਾਂ ਸਿਰ ਟਿਕਾਉਂਦਾ ਗਿਆ। ਉਸਦੀ ਲਾਇਬ੍ਰੇਰੀ ਵਿਚ ਅੰਗਰੇਜ਼ੀ, ਹਿੰਦੀ ਅਤੇ ਤੇਲਗੂ ਭਾਸ਼ਾਵਾਂ ਦੀਆਂ ਕਿਤਾਬਾਂ ਸਨ। ਕਈ ਨੋਬਲ ਇਨਾਮ ਜੇਤੂ ਪ੍ਰਸਿੱਧ ਸਾਹਿਤਕ ਕਿਤਾਬਾਂ ਮੈਂ ਪਹਿਲੀ ਵਾਰ ਵੇਖੀਆਂ ਤਾਂ ਮੇਰੇ ਅੰਦਰ ਉਸਲਵੱਟੇ ਲੈ ਰਹੀ ਸਾਹਿਤਕ ਸਿਰਜਣਾ ਨੇ ਸਤਿਕਾਰ ਨਾਲ ਫਰੋਲੀਆਂ ਤੇ ਭਰਵੀਂ ਨਿਗਾਹ ਮਾਰ ਕੇ ਰੱਖ ਦਿੱਤੀਆਂ। ਫਿਰ ਲੈਨਿਨ, ਸਟਾਲਿਨ ਅਤੇ ਮਾਓ ਦੀਆਂ ਉਹ ਅਨਮੋਲ ਕਿਤਾਬਾਂ ਵੀ ਨਜ਼ਰ ਆ ਗਈਆਂ, ਜੋ ਬਾਜ਼ਾਰ ਵਿੱਚੋਂ ਕਦੋਂ ਦੀਆਂ ਲੁਪਤ ਹੋ ਚੁੱਕੀਆਂ ਸਨ ਤਾਂ ਉਧਾਰੀਆਂ ਮੰਗਣ ਦੇ ਇਰਾਦੇ ਨਾਲ ਤਿੰਨ ਚਾਰ ਟੇਬਲ ਉੱਤੇ ਰੱਖ ਲਈਆਂ ਕਿਉਂਕਿ ਉਹ ਕਿਤਾਬਾਂ, ਉਸ ਸਮੇਂ ਸਾਡੀ ਪਾਰਟੀ ਵਿਚ ਚੱਲ ਰਹੀਆਂ ਤਿੱਖੀਆਂ ਅਤੇ ਖਰ੍ਹਵੀਆਂ ਅੰਤਰ-ਪਾਰਟੀ ਬਹਿਸਾਂ ਦੌਰਾਨ 'ਕੋਟ' ਕਰਨ ਲਈ ਮੇਰੇ ਕੰਮ ਆ ਸਕਦੀਆਂ ਸਨ।

ਉਹ ਬੰਦਾ ਪਰਤਿਆ ਤਾਂ ਮੈਨੂੰ ਕਿਤਾਬਾਂ ਨਾਲ ਰੁੱਝਿਆ ਵੇਖ ਕੇ ਖ਼ੁਸ਼ ਹੋ ਕੇ ਬੋਲਿਆ, "ਸਾਥੀ ਜੀ, ਲਗਦਾ ਤੁਹਾਡਾ ਚੰਗਾ ਟਾਈਮ ਪਾਸ ਹੋ ਗਿਆ। ਚਲੋ ਹੁਣ ਆਪਾਂ ਲੰਚ ਕਰ ਆਈਏ ਤੇ ਦਿੱਲੀ ਦੇ ਦਰਸ਼ਨ ਵੀ।" ਉਹ ਆਪਣੀ ਗੱਲ 'ਤੇ ਆਪ ਹੀ ਠਹਾਕਾ ਮਾਰ ਕੇ ਹੱਸਿਆ ਤੇ ਫਿਰ ਬੋਲਿਆ, "ਸਾਡੀ ਰਾਜਧਾਨੀ ਦੀ ਬੌਧਿਕ ਦੁਨੀਆ ਦੇ ਦਰਸ਼ਨ!"

"ਪਰ ਮੈਂ ਤਾਂ ਡਾ. ਸਿਧਾਂਤਕਰ ਦਾ ਇੰਤਜ਼ਾਰ ਕਰ ਰਿਹਾਂ!"

"ਉਹਨੂੰ ਫੋਨ ਕਰਕੇ ਪੁੱਛ ਲੈਨੇਂ ਆਂ, ਕਿਸ ਸਮੇਂ ਆਏਗਾ।"

ਉਹਨੇ ਫੋਨ ਮਿਲਾਇਆ ਤਾਂ ਸਿਧਾਂਤਕਰ ਨੇ ਦੱਸਿਆ ਕਿ ਉਹ ਕੱਲ੍ਹ ਪਿੰਡ ਕੰਝਾਵਲਾ ਨਹੀਂ ਜਾ ਸਕਿਆ ਪਰ ਅੱਜ ਜ਼ਰੂਰ ਜਾਏਗਾ। ਉਹਨੇ ਇਹ ਵੀ ਦੱਸਿਆ ਕਿ ਉਹਦਾ ਪ੍ਰੋ. ਭਾਰਤੀ ਨਾਲ ਸੰਪਰਕ ਹੋ ਗਿਆ ਹੈ ਤੇ ਉਹ ਹੀ ਮੈਨੂੰ ਲੈਣ ਲਈ ਕੱਲ੍ਹ ਆਏਗਾ। ਇਹ ਸੁਣ ਕੇ ਮੈਂ ਸੋਚੀਂ ਪੈ ਗਿਆ ਤਾਂ ਉਹ ਬੁਲੰਦ ਆਵਾਜ਼ ਵਿਚ ਬੋਲਿਆ:

"ਚਲੋ ਸਾਥੀ ਜੀ ਅੱਜ ਦੀ ਪੂਰੀ ਛੁੱਟੀ! ਅੱਜ ਦਾ ਦਿਨ ਤੁਹਾਡੇ ਨਾਮ! ਤੁਸੀਂ ਤਿਆਰ ਹੋ ਜਾਓ, ਆਪਾਂ ਠੰਢੀ ਠਰੀ ਸਿੱਲ੍ਹੀ ਦਿੱਲੀ ਦੀ ਇਕ ਝਲਕ ਦੇਖਦੇ ਹਾਂ।"

"ਚਲੋ ਜੀ ਠੀਕ ਐ, ਮੈਂ ਨਹਾ ਕੇ ਆਇਆ!"

ਮੈਂ ਫੁਹਾਰੇ ਦੇ ਨਿੱਘੇ ਪਾਣੀ ਨਾਲ ਖ਼ੂਬ ਚੰਗੀ ਤਰ੍ਹਾਂ ਨਹਾ-ਧੋਅ ਕੇ ਪਹਿਲੇ ਦਿਨ ਵਾਲਾ ਖੱਦਰ-ਸ਼ਾਪ ਕੁੜਤਾ ਪਜਾਮਾ ਪਹਿਨ ਕੇ ਉੱਪਰ ਉਹੀ ਨੀਲੀ ਪੀਲੀ ਕੋਟੀ ਪਾ ਕੇ ਬਾਹਰ ਆਇਆ ਤਾਂ ਉਹਨੇ ਮੇਰਾ ਹੁਲੀਆ ਨਿਹਾਰਿਆ, ਪਰ ਕਿਹਾ ਕੁਝ ਨਹੀਂ।

ਉਹ ਮੈਨੂੰ ਆਪਣੀ ਕਾਰ ਵਿਚ ਬਿਠਾ ਕੇ ਕਨਾਟ ਪਲੇਸ ਦੇ ਇਕ ਵਧੀਆ ਰੈਸਟੋਰੈਂਟ ਵਿਚ ਲੈ ਆਇਆ। ਅਸੀਂ ਸੁਆਦਲੇ ਖਾਣੇ ਦੇ ਨਾਲ-ਨਾਲ ਵਧੀਆ ਗੱਲਾਂ ਦਾ ਵੀ ਲੁਤਫ਼ ਮਾਣਿਆ। ਉਸ ਤੋਂ ਮਗਰੋਂ ਉਹ ਇਹ ਕਹਿ ਕੇ ਸੁਪਰ ਬਾਜ਼ਾਰ ਲੈ ਆਇਆ, "ਚਲੋ ਤੁਹਾਡੇ ਲਈ ਕੁਝ ਕਪੜੇ ਖਰੀਦ ਲੈਨੇਂ ਹਾਂ!" ਤਾਂ ਮੈਨੂੰ ਸਮਝ ਆਈ ਕਿ ਉਹਨੇ ਮੇਰਾ ਹੁਲੀਆ ਸੰਵਾਰਨ ਦੀ ਉਦੋਂ ਹੀ ਠਾਣ ਲਈ ਸੀ, ਜਦੋਂ ਮੇਰੇ ਵੱਲ ਗ਼ੌਰ ਨਾਲ ਵੇਖਿਆ ਸੀ!



ਉਹਨੇ ਹੰਸੂ-ਹੰਸੂ ਕਰਦੇ ਚਿਹਰੇ ਨਾਲ ਇਕ ਕਪੜੇ ਦੀ ਦੁਕਾਨ ਵਿਚੋਂ ਗਰਮ ਪੈਂਟ, ਖ਼ੂਬਸੂਰਤ ਮੋਟੀ ਸ਼ਰਟ ਅਤੇ ਭਾਰੀ ਗਰਮ ਜੈਕਿਟ 'ਟਰਾਈ' ਕਰਨ ਲਈ ਚੁੱਕ ਕੇ ਦਿੱਤੀ। ਮੈਂ 'ਫਿਟਿੰਗ ਰੂਮ' ਵਿਚ ਵੜ ਕੇ ਨਵੇਂ ਕਪੜੇ ਪਹਿਨ ਕੇ ਆਦਮ-ਕੱਦ ਸ਼ੀਸ਼ੇ ਵਿਚ ਝਾਤੀ ਮਾਰੀ ਤਾਂ ਆਪਣਾ-ਆਪ ਨਵਾਂ ਨਕੋਰ ਜਾਪਿਆ!

ਮੈਂ ਬਾਹਰ ਆਇਆ ਤਾਂ ਉਹ ਖ਼ੁਸ਼ ਹੋ ਕੇ ਬੋਲਿਆ:

"ਲੁੱਕਸ ਵੈਰੀ ਗੁੱਡ!"

ਫਿਰ ਇਕ ਦੁਕਾਨ ਵਿੱਚੋਂ ਬਾਟਾ ਕੰਪਨੀ ਦੇ ਚਮੜੇ ਦੇ ਬੂਟ ਤੇ ਜੁਰਾਬਾਂ ਵੀ ਖ਼ਰੀਦ ਦਿੱਤੇ ਤਾਂ ਮੇਰਾ ਮਨ ਉਹ ਬੰਦੇ ਪ੍ਰਤੀ ਸ਼ੁਕਰੀਏ ਨਾਲ ਪਸੀਜ ਗਿਆ ਤੇ ਉਹ ਮਿਹਰਬਾਨੀ ਦਾ ਉੱਤਮ ਨਮੂਨਾ ਬਣਿਆ ਮੈਨੂੰ ਕੌਫ਼ੀ ਹਾਊਸ ਲੈ ਆਇਆ।

ਉਸ ਦਿਨ ਸ਼ਾਮ ਬੜੀ ਛੇਤੀ ਢਲ ਗਈ ਸੀ। ਧੁੰਦ ਤੇ ਕੋਹਰੇ ਦੇ ਸੰਘਣੇ ਬੱਦਲ ਛਾਏ ਹੋਏ ਸਨ। ਕੜਾਕੇ ਦੀ ਠੰਢ ਨਾਲ ਕਕਰੀਲੀ ਹੋਈ ਫ਼ਿਜ਼ਾ ਅੱਥਰੂ ਵਹਾ ਰਹੀ ਜਾਪਦੀ ਸੀ ਪਰ ਕੌਫ਼ੀ ਹਾਊਸ ਦੀ ਮਹਿਕ ਸੁਖਾਵਾਂ ਅਹਿਸਾਸ ਕਰਵਾਅ ਰਹੀ ਸੀ ਤੇ ਉਹ ਬੰਦੇ ਦੀ ਮਿੱਤਰ ਮੰਡਲੀ ਉਹਦਾ ਇੰਤਜ਼ਾਰ ਕਰ ਰਹੀ ਸੀ। ਇਸ ਲਈ ਸਾਡੇ ਪਹੁੰਚਦੇ ਹੀ ਖ਼ੁਸ਼ੀ ਦੇ ਭਕਾਨੇ ਫੁੱਟੇ, ਨਿੱਘੇ ਹੱਥ ਮਿਲੇ, ਅੱਧੀਆਂ-ਪਚੱਧੀਆਂ ਜੱਫੀਆਂ ਵੀ ਪਈਆਂ ਅਤੇ ਫਿਰ ਸਭ ਨਿਗਾਹਾਂ ਮੇਰੇ ਵੱਲ ਘੁੰਮ ਗਈਆਂ ਤਾਂ ਉਹ ਬੰਦੇ ਨੇ ਮੇਰੀ ਜਾਣ-ਪਹਿਚਾਣ ਵਜੋਂ ਇਸ ਤਰ੍ਹਾਂ ਦੇ ਸ਼ਬਦ ਉਚਰੇ ਸਨ, "ਮਿੱਤਰੋ! ਮੇਰੇ ਇਹ ਅਜ਼ੀਜ਼ ਮਿੱਤਰ, ਦਿੱਲੀ ਦਰਸ਼ਨ ਲਈ ਆਏ ਨੇ! ਆਪਾਂ ਇਨ੍ਹਾਂ ਨੂੰ ਦਿੱਲੀ ਦੇ ਦਰਸ਼ਨ ਕਰਾਉਣੇ ਹਨ, ਵਿਚਾਰਾਂ ਦੀ ਦਿੱਲੀ ਦੇ ਦਰਸ਼ਨ।"

"ਵਿਚਾਰਿਆਂ ਦੀ ਦਿੱਲੀ ਦੇ ਦਰਸ਼ਨ!"

ਕਿਸੇ ਨੇ ਜੁਮਲਾ ਕੱਸਿਆ ਤਾਂ ਫਿਰ ਠਹਾਕੇ ਵੱਜੇ ਤੇ ਨਵੇਂ ਆਰਡਰ ਦੇ ਚੰਦ ਮਿੰਟ ਪਿੱਛੋਂ ਪਿਆਲਿਆਂ ਵਿੱਚੋਂ ਤਾਜ਼ਾ ਭਾਫ਼ ਉੱਡਣੀ ਸ਼ੁਰੂ ਹੋ ਗਈ। ਉਸਦੇ ਨਾਲ ਹੀ ਮਹਿਫ਼ਲ ਖ਼ੂਬ ਜੰਮ ਗਈ। ਸਭ ਤੋਂ ਪਹਿਲਾਂ ਸ਼ੇਅਰੋ-ਸ਼ਾਇਰੀ ਦੇ ਰੰਗ-ਬਿਰੰਗੇ ਫੁੱਲ ਖਿੜੇ ਤੇ ਫਿਰ ਲਤੀਫ਼ੇਬਾਜ਼ੀ ਦਾ ਹਾਸ-ਰਸ ਭਰਪੂਰ ਦੌਰ ਚੱਲ ਪਿਆ। ਸਾਰਿਆਂ ਨੇ ਹੱਸ-ਹੱਸ ਕੇ ਮਨ ਹੌਲੇ ਕਰ ਲਏ ਤਾਂ ਵਿਚਾਰਾਂ ਦੀ ਹਵਾੜ ਨਿਕਲਣੀ ਵੀ ਆਰੰਭ ਹੋ ਗਈ। ਉਹ ਬੰਦਾ ਸੂਤਰਧਾਰ ਬਣਿਆ ਬੈਠਾ ਮੁੱਦੇ 'ਤੇ ਮੁੱਦਾ ਉਛਾਲ ਰਿਹਾ ਸੀ ਤੇ ਆਮ ਆਦਮੀ ਦੀ ਦੁਰਦਸ਼ਾ ਤੋਂ ਲੈ ਕੇ ਸੱਤਾ ਦੇ ਗਲਿਆਰਿਆਂ ਦੀਆਂ ਕਰਤੂਤਾਂ ਤੱਕ ਪਹੁੰਚ ਗਿਆ ਸੀ।

ਫਿਰ ਬਹਿਸ ਉਬਲਦੀ-ਉਬਲਦੀ ਅੰਤਰਰਾਸ਼ਟਰੀ ਰੂਪ ਧਾਰਨ ਕਰ ਗਈ ਤੇ ਇਕ ਧਰੁਵੀ ਸੰਸਾਰ ਦੇ ਖ਼ਤਰਿਆਂ, ਖ਼ਦਸ਼ਿਆਂ ਤੋਂ ਹੁੰਦੀ ਹੋਈ, ਇਕੋ-ਇਕ ਮਹਾਂ-ਸ਼ਕਤੀ ਅਮਰੀਕਾ ਦੇ ਨਵੇਂ ਹਮਲਾਵਰ ਰੁਖ਼ ਤੇ ਜੰਗਬਾਜ਼ ਚੜ੍ਹਤ ਉੱਪਰ ਫ਼ੋਕਸ ਹੋ ਗਈ। ਉਸ ਬਹਿਸ-ਮੁਬਾਹਸੇ ਵਿਚ ਸਮਾਜਵਾਦ ਦੀ ਹਾਰ ਤੇ ਪੂੰਜੀਵਾਦ ਦੀ ਜਿੱਤ ਦਾ ਮੁੱਦਾ ਵਾਰ-ਵਾਰ ਉੱਭਰ ਰਿਹਾ ਸੀ। ਮਾਰਕਸਵਾਦੀ ਵਿਚਾਰਧਾਰਾ ਵਿਚ ਆਈ ਖੜੋਤ ਦੇ ਨਾਲ-ਨਾਲ ਪ੍ਰਸੰਗਤਾ ਤੇ ਵਿਵਹਾਰਿਕਤਾ ਵੀ ਉਛਾਲੀ ਜਾ ਰਹੀ ਸੀ। ਇਸ ਲਈ ਮੈਂ ਬੜਾ ਕਸੂਤਾ ਫਸਿਆ ਮਹਿਸੂਸ ਕਰ ਰਿਹਾ ਸਾਂ, ਪਰ 'ਇਕ ਚੁੱਪ ਸੌ ਸੁੱਖ' ਦਾ ਫ਼ਾਰਮੂਲਾ ਵਰਤ ਕੇ ਮੈਂ ਆਪਣੇ ਵਿਚਾਰਾਂ ਦੀ ਲਾਜ ਬਚਾ ਕੇ ਉਸ ਘੇਰੇ ਵਿੱਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ ਸਾਂ।

ਫਿਰ ਘਰ ਆ ਕੇ ਉਸੇ ਚਾਅ-ਭਰੇ ਮਾਹੌਲ ਵਿਚ ਸ਼ਾਮ ਦੇ ਜਸ਼ਨ ਸ਼ੁਰੂ ਹੋਏ ਤਾਂ ਮੈਂ ਉਹਦੀ ਦਰਿਆ-ਦਿਲੀ ਦੇ ਸਬਬ ਤੇ ਵਿਅਕਤੀਤਵ ਦੇ ਰਹੱਸ ਬਾਰੇ ਜਾਣਨ ਲਈ ਆਪਣਾ ਦਿਲ ਖੋਲ੍ਹੀ ਬੈਠਾ ਸਾਂ ਪਰ ਉਹ ਆਪਣੇ ਬਾਰੇ ਕੁਝ ਕਹਿ ਹੀ ਨਹੀਂ ਰਿਹਾ ਸੀ।

ਮੈਨੂੰ ਇਕ ਤਰਕੀਬ ਸੁੱਝੀ ਤਾਂ ਮੈਂ ਸੈਲਫ਼ ਉੱਪਰ ਪਈ ਇਕ ਤਸਵੀਰ ਉੱਪਰ ਨਿਗਾਹ ਟਿਕਾ ਕੇ ਪੁੱਛਿਆ, "ਕਿੰਨੀ ਖ਼ੂਬਸੂਰਤ ਤਸਵੀਰ ਹੈ! ਬੱਚੇ ਕਿੱਥੇ ਰਹਿੰਦੇ ਨੇ?"

"ਇਹ ਸਾਡੀ ਬੇਟੀ ਕੈਨੇਡਾ ਰਹਿੰਦੀ ਹੈ। ਪੜ੍ਹਨ ਲਈ ਗਈ ਸੀ, ਓਥੇ ਹੀ ਸੈਟਲ ਹੋ ਗਈ ਹੈ। ਬੇਟਾ ਵੀ ਅਮਰੀਕਾ ਚਲਾ ਗਿਆ ਸੀ ਤੇ ਉਹ ਵੀ ਆਪਣੀ ਇਕ ਸਹਿ-ਕਰਮੀ ਨਾਲ ਵਿਆਹ ਕਰਵਾਅ ਕੇ ਓਥੇ ਹੀ ਵਸ ਗਿਆ ਹੈ। ਮੇਰੀ ਪਤਨੀ ਵੀ ਚਾਰ ਮਹੀਨਿਆਂ ਤੋਂ ਬਹੂ-ਬੇਟੇ ਕੋਲ ਗਈ ਹੋਈ ਹੈ। ਅਸੀਂ ਦਾਦਾ-ਦਾਦੀ ਬਣਨ ਵਾਲੇ ਹਾਂ!" ਉਹ ਚਹਿਕਿਆ ਤਾਂ ਉਹਦਾ ਪੂਰਾ ਚਿਹਰਾ ਜਲੌਅ ਨਾਲ ਭਰ ਗਿਆ।

"ਵਧਾਈਆਂ ਸਰ!" ਮੇਰੀ ਰੂਹ 'ਚੋਂ ਖ਼ੁਸ਼ੀ ਭਰੀ ਆਵਾਜ਼ ਨਿਕਲੀ।

ਤੇ ਮੈਂ ਇਕ ਹੋਰ ਤਸਵੀਰ ਬਾਰੇ ਪੁੱਛ ਲਿਆ:

"ਇਹ ਤੁਹਾਡੇ ਮੰਮੀ-ਡੈਡੀ ਜੀ ਲਗਦੇ ਨੇ?"

"ਹਾਂ, ਮੇਰੇ ਪਿਤਾ ਜੀ ਤੇ ਮਾਤਾ ਜੀ ਦੀ ਜਵਾਨੀ ਵੇਲੇ ਦੀ ਫੋਟੋ ਹੈ!" ਉਹ ਭਾਵੁਕਤਾ-ਵੱਸ ਬੜੀ ਮੁਸ਼ਕਿਲ ਨਾਲ ਬੋਲਿਆ, "ਉਹ ਇਸ ਦੁਨੀਆ ਵਿਚ ਨਹੀਂ ਰਹੇ। ਮੇਰੇ ਪਿਤਾ ਜੀ ਤਾਂ ਚੌਤਾਲੀ ਸਾਲ ਦੀ ਉਮਰ ਵਿਚ ਹੀ ਸਦੀਵੀ ਵਿਛੋੜਾ ਦੇ ਗਏ ਸਨ।"

ਫਿਰ ਉਹ ਸ਼ਾਮ ਸਿਮਰਤੀਆਂ ਦੇ ਨਾਮ ਹੋ ਗਈ।

ਉਹ ਆਪਣੀ ਅਣਕਹੀ ਕਹਾਣੀ ਸੁਣਾਉਂਦਾ ਗਿਆ:

"ਮੇਰੇ ਪਿਤਾ ਜੀ ਵੀ ਇਨਕਲਾਬੀ ਸਨ! ਆਮ ਲੋਕਾਂ ਦੇ ਬੇਹਤਰ ਭਵਿੱਖ ਲਈ ਸੰਘਰਸ਼ ਉਨ੍ਹਾਂ ਦੇ ਜੀਵਨ ਦਾ ਇਕੋ-ਇਕ ਮਕਸਦ ਸੀ। ਉਨ੍ਹਾਂ ਦਾ ਇਨਕਲਾਬ ਦੀ ਜਿੱਤ ਵਿਚ ਵੀ ਅਥਾਹ ਵਿਸ਼ਵਾਸ ਸੀ। ਪਰ ਫ਼ਾਸ਼ਿਸਟ ਹਿੰਦੁਸਤਾਨੀ ਸੱਤਾ ਨੇ ਉਨ੍ਹਾਂ ਨੂੰ ਘਰੋਂ ਚੁੱਕ ਕੇ ਅਮਾਨਵੀ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਸੀ। ਉਸ ਸਮੇਂ ਸਾਡੇ ਤਿਲੰਗਾਨਾ ਖੇਤਰ ਵਿਚ ਨਕਸਲਬਾੜੀ ਅੰਦੋਲਨ ਦਾ ਜ਼ੋਰਦਾਰ ਲੋਕ ਉਭਾਰ ਸੀ। ਉਸ ਨੂੰ ਕੁਚਲਣ ਲਈ ਵਹਿਸ਼ੀ ਸਟੇਟ ਵੱਲੋਂ ਨਿੱਤ ਝੂਠੇ ਮੁਕਾਬਲੇ ਬਣਾਏ ਜਾ ਰਹੇ ਸਨ।"

ਉਹਦਾ ਮਨ ਪਿਘਲਦਾ ਜਾ ਰਿਹਾ ਸੀ।

ਬੋਲਣ ਵਿਚ ਦਿੱਕਤ ਆ ਰਹੀ ਸੀ।

"ਇਹ ਸੰਨ ਉਨੀਂ ਸੌ ਉਨੱਤਰ ਦੇ ਮਈ ਮਹੀਨੇ ਦਾ ਹਾਦਸਾ ਹੈ। ਉਨ੍ਹੀਂ ਦਿਨੀਂ ਮੈਂ ਬੀ. ਏ. ਪਾਸ ਕਰ ਕੇ ਨੌਕਰੀ ਦੀ ਤਲਾਸ਼ ਵਿਚ ਹੈਦਰਾਬਾਦ ਰਹਿੰਦਾ ਸਾਂ ਤੇ ਦਿਹਾੜੀ-ਦੱਪਾ ਕਰ ਕੇ ਗੁਜ਼ਾਰਾ ਕਰਦਾ ਸਾਂ। ਮੇਰੇ ਤੋਂ ਪਿਤਾ ਜੀ ਦੀ ਕਰੂਰ ਹੱਤਿਆ ਦਾ ਦੁੱਖ ਬਰਦਾਸ਼ਤ ਨਹੀਂ ਸੀ ਹੋ ਰਿਹਾ। ਮੇਰਾ ਖ਼ੂਨ ਖੌਲ ਰਿਹਾ ਸੀ। ਮੈਂ ਨਿਰੰਕੁਸ਼ ਸਟੇਟ ਦਾ ਖੁਰਾ-ਖੋਜ ਮਿਟਾਉਣ ਬਾਰੇ ਸੋਚਦਾ ਸਾਂ ਤੇ ਪਿਤਾ ਜੀ ਵਾਲਾ ਝੰਡਾ ਚੁੱਕ ਕੇ ਉਹਨਾਂ ਦੇ ਸੁਪਨਿਆਂ ਵਾਲਾ ਸਮਾਜ ਤੇ ਦੁਨੀਆ ਸਿਰਜਣ ਲਈ ਆਪਣਾ-ਆਪ ਅਰਪਿਤ ਕਰਨਾ ਲੋਚਦਾ ਸਾਂ।"

"ਮੇਰੀ ਮਾਂ ਬਹੁਤ ਵੱਡੇ ਦਿਲ ਵਾਲੀ ਸਿਆਣੀ ਔਰਤ ਸੀ। ਉਹਨੇ ਆਪਣੇ ਦਿਲ ਉੱਪਰ ਪੱਥਰ ਰੱਖ ਕੇ ਅਸਹਿ ਦੁੱਖ ਵੀ ਜਰ ਲਿਆ ਤੇ ਇਕ ਮਿਹਰਬਾਨ ਰਿਸ਼ਤੇਦਾਰ ਦੀ ਮਦਦ ਨਾਲ ਮੈਨੂੰ ਸਮਝਾ-ਬੁਝਾ ਕੇ ਦਿੱਲੀ ਲੈ ਆਈ। ਫਿਰ ਲੋਕਾਂ ਦੇ ਘਰਾਂ ਵਿਚ ਦਿਨ ਰਾਤ ਮਿਹਨਤ-ਮੁਸ਼ੱਕਤ ਕਰ ਕੇ ਮੈਨੂੰ ਅੱਗੇ ਪੜ੍ਹਾਇਆ



ਪਰ ਜਦੋਂ ਮੈਂ ਆਪਣੇ ਪੈਰਾਂ ਉੱਪਰ ਖੜ੍ਹਾ ਹੋ ਗਿਆ, ਮੇਰਾ ਵਿਆਹ ਹੋ ਗਿਆ ਤਾਂ ਉਹ ਆਪ ਤੁਰ ਗਈ।"

ਉਹਦੀਆਂ ਅੱਖਾਂ ਨਮ ਹੋ ਗਈਆਂ।

ਮੇਰੇ ਹੰਝੂਆਂ ਦੀ ਧਾਰ ਵਗ ਤੁਰੀ।

ਉਹਦੇ ਮਾਂ-ਬਾਪ ਦੀ ਦਰਦ ਕਹਾਣੀ ਮੇਰੇ ਮਾਂ-ਬਾਪ ਦੀ ਦਾਸਤਾਨ ਨਾਲ ਮਿਲਦੀ-ਜੁਲਦੀ ਸੀ। ਉਸ ਸਮੇਂ ਆਪਣੇ ਮਾਂ-ਬਾਪ ਦੀ ਤ੍ਰਾਸਦਿਕ ਮੌਤ ਦੀ ਅਚਨਚੇਤ ਯਾਦ ਮੇਰੇ ਦਿਲੋ-ਦਿਮਾਗ਼ ਉੱਪਰ ਛਾ ਜਾਣ ਨਾਲ ਹੰਝੂ ਰੁਕਣ ਦਾ ਨਾਂ ਨਹੀਂ ਲੈ ਰਹੇ ਸਨ।

ਪਰ ਉਹ ਬੰਦਾ ਸਾਰਾ ਗ਼ਮ ਪੀ ਕੇ ਫਿਰ ਬੋਲਣ ਲੱਗ ਪਿਆ:

"ਮੇਰੇ ਦਾਦਾ ਜੀ ਵੀ ਤਿਲੰਗਾਨਾ ਕਿਸਾਨ ਘੋਲ ਦੇ ਪਹਿਲੇ ਸ਼ਹੀਦ ਸਨ। ਇਹ ਸੰਨ ਉਨੀਂ ਸੌ ਛਿਆਲੀ ਦੀ ਘਟਨਾ ਹੈ: ਉਹੀ ਇਕ ਖ਼ੂੰਖਾਰ ਜ਼ਿਮੀਂਦਾਰ ਦੇ ਅੱਤਿਆਚਾਰਾਂ ਦੇ ਵਿਰੁੱਧ ਇਕ ਜਲੂਸ ਦੀ ਅਗਵਾਈ ਕਰ ਰਹੇ ਸਨ ਕਿ ਜਮੀਂਦਾਰ ਦੇ ਗੁੰਡਿਆਂ ਨੇ ਗੋਲੀ ਮਾਰ ਕੇ ਮੌਕੇ 'ਤੇ ਹੀ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਦੀ ਕੁਰਬਾਨੀ ਵਿਅਰਥ ਨਹੀਂ ਗਈ। ਉਸ ਤੋਂ ਮਗਰੋਂ ਤਿਲੰਗਾਨਾ ਕਿਸਾਨ ਘੋਲ ਵਿਚ ਏਨਾ ਜਬਰਦਸਤ ਉਭਾਰ ਆਇਆ ਕਿ ਨਹਿਰੂ ਸਰਕਾਰ ਦੀ ਕੁਰਸੀ ਦੇ ਪਾਵੇ ਵੀ ਹਿੱਲਣ ਲਗ ਗਏ ਸਨ ਤੇ ਉਹਦੀ ਸਰਕਾਰ ਨੇ ਵੀ ਹਿਟਲਰੀ ਢੰਗ ਤਰੀਕੇ ਤੇ ਹੱਥ-ਕੰਡੇ ਵਰਤ ਕੇ ਉਹ ਅੰਦੋਲਨ ਕੁਚਲਿਆ ਸੀ।"

"ਸਾਥੀ ਜੀ, ਅਸਲ ਵਿਚ ਦੁਨੀਆ ਭਰ ਦੀ ਇਨਕਲਾਬੀ ਲਹਿਰ ਫ਼ਾਸ਼ੀਵਾਦੀ ਅੱਤਿਆਚਾਰਾਂ ਦਾ ਲਗਾਤਾਰ ਸ਼ਿਕਾਰ ਹੁੰਦੀ ਆ ਰਹੀ ਹੈ। ਇਨਕਲਾਬੀ ਅੰਦੋਲਨ ਨੂੰ ਕੁਚਲਣ ਲਈ ਹਰ ਸੱਤਾ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਸ ਫ਼ਾਸ਼ੀਵਾਦੀ ਇਤਿਹਾਸ ਦਾ ਰੁਖ਼ ਬਦਲਣ ਲਈ ਵਿਸ਼ਵ ਸਰਵਹਾਰਾ ਇਨਕਲਾਬ ਦੀ ਅੱਜ ਵੀ ਓਨੀ ਹੀ ਲੋੜ ਹੈ, ਜਿੰਨੀ ਸੋਵੀਅਤ ਰੂਸ ਦੇ ਸਮਾਜਵਾਦੀ ਇਨਕਲਾਬ ਤੇ ਚੀਨ ਦੀ ਜਨਵਾਦੀ ਕਰਾਂਤੀ ਵੇਲੇ ਲੋੜ ਸੀ।"

ਬਾਹਰ ਕਾਲੀ-ਬੋਲੀ ਰਾਤ ਸ਼ੂਕ ਰਹੀ ਸੀ।

ਉਹ ਆਪਣਾ ਦਿਲ ਜਲਾ ਕੇ ਬੈਠਾ ਸੀ।

"ਇਸ ਲਈ ਮੈਂ ਉਨ੍ਹਾਂ ਵਿਅਕਤੀਆਂ ਦੀ ਬਹੁਤ ਇੱਜ਼ਤ-ਮਾਣ ਕਰਦਾ ਹਾਂ, ਜੋ ਲੋਕਾਂ ਲਈ ਜੂਝ ਰਹੇ ਨੇ। ਉਹ ਸੂਰਮੇ, ਜਿਨ੍ਹਾਂ ਨੇ ਮਿਹਨਤਕਸ਼ ਲੋਕਾਂ ਦੀ ਖਾਤਿਰ ਆਪਣਾ ਸਭ ਕੁਛ ਨਿਛਾਵਰ ਕਰ ਦਿੱਤਾ, ਮੇਰੇ ਲਈ ਸਤਿਕਾਰ ਦੇ ਹੱਕਦਾਰ ਹਨ। ਉਨ੍ਹਾਂ ਵਿੱਚੋਂ ਮੈਨੂੰ ਆਪਣੇ ਦਾਦਾ ਜੀ ਤੇ ਪਿਤਾ ਜੀ ਦਾ ਅਕਸ ਦਿਖਦਾ ਹੈ। ਉਨ੍ਹਾਂ ਨੂੰ ਮੈਂ ਆਪਣੀ ਵਿਰਾਸਤ ਵਾਂਗ ਹੀ ਸਿਜਦਾ ਕਰਦਾ ਹਾਂ। ਉਹ ਮੇਰੇ ਹਮੇਸ਼ਾ ਪ੍ਰੇਰਨਾ ਸਰੋਤ ਰਹੇ ਹਨ।"

ਉਹਦੇ ਸ਼ਬਦਾਂ ਦੀ ਲੋਅ ਨਾਲ ਬਾਹਰ ਪਹੁ-ਫਟਾਲਾ ਹੋ ਗਿਆ ਸੀ।

ਉਹਨੇ ਅੰਤਿਮ ਸ਼ਬਦ ਸੂਹੀਆਂ ਕਿਰਨਾਂ ਦੇ ਨਾਮ ਕਰ ਦਿੱਤੇ ਸਨ:

"ਸਾਥੀ ਜੀ, ਇਹ ਮੇਰਾ ਤਸੱਵਰ ਹੈ ਕਿ ਲੋਕ ਹਿਤੈਸ਼ੀ ਪਰਵਾਨਿਆਂ ਤੇ ਸੂਰਮਿਆਂ ਨੂੰ ਕੋਈ ਵੀ ਫ਼ਾਸ਼ੀਵਾਦੀ ਸੱਤਾ ਪੈਦਾ ਹੋਣ ਤੋਂ ਰੋਕ ਨਹੀਂ ਸਕਦੀ। ਉਹ ਯੋਧੇ ਇਤਿਹਾਸ ਦੇ ਲੋਕ ਨਾਇਕ ਬਣ ਕੇ ਇਸ ਦੁਨੀਆ ਦੇ ਬੇਹਤਰ ਭਵਿੱਖ ਲਈ ਕੁਰਬਾਨੀਆਂ ਦੇਂਦੇ ਰਹਿਣਗੇ! ਮੈਂ ਉਨ੍ਹਾਂ ਵੀਰਾਂ ਨੂੰ ਉਮਰ-ਭਰ ਸਿਜਦੇ ਕਰਦਾ ਰਹਾਂਗਾ!"

ਉਸਨੇ ਸਿਰ ਝੁਕਾ ਦਿੱਤਾ ਤਾਂ ਮੇਰਾ ਸਿਰ ਵੀ ਝੁਕ ਗਿਆ।

ਅਸੀਂ ਭੋਰ ਦੇ ਉਜਾਲੇ ਸਮੇਂ ਸੁੱਤੇ, ਦੁਪਹਿਰ ਵੇਲੇ ਉੱਠੇ ਤਾਂ ਬਾਹਰ ਚਿੱਟੀ-ਚਿੱਟੀ ਧੁੱਪ ਖਿੜੀ ਪਈ ਸੀ। ਅਸੀਂ ਨਹਾ-ਧੋਅ ਕੇ ਲੰਚ ਕਰਨ ਲਈ ਬੈਠੇ ਤਾਂ ਸੰਤ ਰਾਮ ਦੇ ਬਣਾਏ ਮੱਛੀ-ਭਾਤ ਦੀ ਖ਼ੁਸ਼ਬੂ ਨਾਲ ਤਨ-ਮਨ ਮਹਿਕ ਉੱਠਿਆ। ਉਸ ਪੌਸ਼ਟਿਕ ਤੇ ਲਜ਼ੀਜ਼ ਖਾਣੇ ਨੇ ਪਹਿਲੇ ਦਿਨ-ਰਾਤ ਦੀ ਚਿੰਤਕ ਮੈਰਾਥੌਨ ਦੀ ਮਾਨਸਿਕ ਥਕਾਵਟ ਦੂਰ ਕਰ ਦਿੱਤੀ ਤੇ ਅਸੀਂ ਕੁਦਰਤ ਦੇ ਰੰਗਾਂ ਅਤੇ ਬਦਲਦੇ ਮੌਸਮਾਂ ਬਾਰੇ ਗੱਲਾਂ ਕਰਦੇ ਰਹੇ।

ਲੰਚ ਮਗਰੋਂ ਅਸੀਂ ਸਟੱਡੀ ਰੂਮ ਵਿਚ ਆ ਬੈਠੇ। ਮੈਂ ਮਾਰਕਸਵਾਦੀ ਵਿਚਾਰਧਾਰਾ ਦੀਆਂ ਕਲਾਸੀਕਲ ਕਿਤਾਬਾਂ ਉਧਾਰ ਮੰਗੀਆਂ ਤਾਂ ਉਹਨੇ ਹਮੇਸ਼ਾ ਲਈ ਦੇ ਦਿੱਤੀਆਂ ਪਰ ਮੈਂ ਪੜ੍ਹਨ ਦਾ ਮਕਸਦ ਦੱਸਿਆ ਤਾਂ ਉਹ ਨਵ-ਚਿੰਤਨ ਦੀਆਂ ਚੁੰਗੀਆਂ ਭਰਨ ਲੱਗ ਪਿਆ:

"ਸਾਥੀ ਜੀ, ਦਰਅਸਲ ਆਪਣੇ ਦੇਸ਼ ਦੀ ਕਮਿਊਨਿਸਟ ਮੂਵਮੈਂਟ ਦਾ ਇਹ ਵੀ ਇਕ ਵੱਡਾ ਦੁਖਾਂਤ ਰਿਹਾ ਹੈ ਕਿ ਇਹ ਦੂਜੇ ਦੇਸ਼ਾਂ ਦੇ ਇਨਕਲਾਬਾਂ ਤੋਂ ਸਹੀ ਸਬਕ ਸਿੱਖਣ ਦੀ ਬਜਾਇ, ਉਨ੍ਹਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੀ ਆ ਰਹੀ ਹੈ। ਕਦੇ 'ਸੋਵੀਅਤ ਰੂਸ ਦਾ ਰਾਹ, ਸਾਡਾ ਰਾਹ' ਅਤੇ ਕਦੇ 'ਲੋਕ ਜਨਵਾਦੀ ਚੀਨ ਦਾ ਰਾਹ, ਸਾਡਾ ਰਾਹ' ਦੇ ਨਾਅਰੇ ਲਾਉਂਦੀ, ਅੰਤਰ-ਰਾਸ਼ਟਰਵਾਦੀ ਹੋਣ ਦੇ ਦਮਗਜੇ ਮਾਰਦੀ ਆ ਰਹੀ ਹੈ। ਤੁਸੀਂ ਦੱਸੋ, ਕਿਸੇ ਹੋਰ ਦੇਸ਼ ਦਾ ਰਾਹ ਆਪਣਾ ਰਾਹ ਕਿਵੇਂ ਹੋ ਸਕਦਾ ਹੈ?"

ਉਹਦੇ ਸਵਾਲ ਨਾਲ ਮੈਨੂੰ ਕੱਚੀ ਤ੍ਰੇਲੀ ਆ ਗਈ ਕਿਉਂਕਿ ਉਸ ਸਮੇਂ ਅਸੀਂ ਵੀ 'ਚੀਨ ਦਾ ਰਾਹ, ਸਾਡਾ ਰਾਹ' ਦੇ ਨਾਅਰੇ ਲਾ ਰਹੇ ਸਾਂ। ਉਸ ਰਾਹ ਨੂੰ ਆਧਾਰ ਬਣਾ ਕੇ ਰਾਜਨੀਤਕ ਤੇ ਰਣਨੀਤਕ ਲਾਈਨ ਘੜ ਕੇ ਅਮਲ ਵਿਚ ਲਾਗੂ ਕਰਨ ਦੀ ਵਾਹ ਲਾ ਰਹੇ ਸਾਂ। ਮੈਂ ਸੋਚੀਂ ਪੈ ਗਿਆ ਤੇ ਉਹ ਆਪਣੇ ਦੇਸ਼ ਦੀਆਂ ਠੋਸ ਪ੍ਰਸਥਿਤੀਆਂ ਅਨੁਸਾਰ ਰਾਹ ਚੁਣਨ ਤੇ ਰਾਜਨੀਤਕ ਲਾਈਨ ਵਿਕਸਿਤ ਕਰਨ ਦੀ ਲੋੜ ਉੱਪਰ ਜ਼ੋਰ ਦੇਂਦਾ ਰਿਹਾ।

ਫਿਰ ਸ਼ਾਮ ਢਲੇ ਪ੍ਰੋ. ਭਾਰਤੀ ਆ ਗਿਆ। ਮੈਂ ਉਹ ਬੰਦੇ ਨੂੰ ਮੋਹ-ਭਿੱਜੀ ਅਲਵਿਦਾ ਕਹਿ ਕੇ ਫਿਰ ਮਿਲਣ ਦਾ ਇਕਰਾਰ ਕਰਕੇ ਭਾਰਤੀ ਦੇ ਨਾਲ ਮੀਟਿੰਗ ਸਥਾਨ 'ਤੇ ਚਲਾ ਆਇਆ। ਉਸ ਮੀਟਿੰਗ ਵਿਚ ਅਸੀਂ ਕੰਡਾਵਲਾ ਮਸਲੇ ਸਹਿਤ ਭੂਮੀਹੀਨ ਅਤੇ ਗ਼ਰੀਬ ਕਿਸਾਨਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਲੈ ਕੇ ਦਿੱਲੀ ਵਿਚ ਵਿਸ਼ਾਲ ਰੈਲੀ ਤੇ ਪ੍ਰਦਰਸ਼ਨ ਦਾ ਪ੍ਰੋਗਰਾਮ ਤੈਅ ਕਰ ਲਿਆ। ਉਸਦੀ ਤਿਆਰੀ ਲਈ ਮੈਂ ਯੂ ਪੀ ਚਲੇ ਗਿਆ। ਇਕ ਮਹੀਨੇ ਮਗਰੋਂ ਦਿੱਲੀ ਪਹੁੰਚਿਆ ਤਾਂ ਉਹ ਬੰਦਾ ਅਮਰੀਕਾ ਲਈ ਰਵਾਨਾ ਹੋ ਚੁੱਕਾ ਸੀ।

ਇੰਝ, ਉਹ ਬੰਦੇ ਨਾਲ ਮੇਰੀ ਉਹ ਆਖ਼ਰੀ ਦੇਸੀ ਮੁਲਾਕਾਤ ਹੋ ਨਿੱਬੜੀ ਕਿਉਂਕਿ ਉਹ ਐਸਾ ਅਮਰੀਕਾ ਗਿਆ ਕਿ ਉੱਥੇ ਹੀ ਵਸ ਗਿਆ ਪਰ ਉਸਦੇ ਬੋਲ ਮੇਰੇ ਦਿਲੋ-ਦਿਮਾਗ਼ ਵਿਚ ਵਸ-ਰਸ ਗਏ ਸਨ। ਉਸ ਸਦਕਾ, ਮੈਂ ਵੀ ਨਵ-ਚਿੰਤਨ ਦੀਆਂ ਉਡਾਰੀਆਂ ਤੇ ਚੁੱਭੀਆਂ ਮਾਰਨ ਲੱਗ ਪਿਆ। ਮੇਰੇ ਮਨ-ਮਸਤਕ ਵਿਚ ਵੀ ਨਵੇਂ ਅਹਿਸਾਸ, ਨਵੇਂ ਸੰਕਲਪ ਉਸਲਵੱਟੇ ਲੈਣ ਲੱਗ ਪਏ ਤੇ ਮੈਂ ਆਪਣੇ ਹਮਸਫ਼ਰ ਦੀ ਤਲਾਸ਼ ਵਿਚ ਜੁੱਟ ਗਿਆ।

ਮੈਨੂੰ ਔਰਤ ਦੇ ਸਾਥ ਬਿਨਾ ਆਪਣਾ ਜੀਵਨ ਨਿਰਜੀਵ, ਸੰਤਾਪ ਅਤੇ ਬੋਝਲ ਲੱਗਣ ਲੱਗ ਪਿਆ। ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਨਾਪਦਾ, ਕਦੇ ਦਿਲ ਦਰਿਆ ਦੇ ਇਸ ਕਿਨਾਰੇ, ਕਦੇ ਉਸ ਪਾਰ ਵਿਚਰਨ ਲੱਗ ਪਿਆ। ਸੁਪਨਮਈ ਹਵਾਵਾਂ ਵਿਚ ਉੱਡਦਾ, ਅਣਛੂਹੀਆਂ ਧਰਤੀਆਂ ਉੱਪਰ ਮਟਰਗਸ਼ਤੀ ਕਰਦਾ, ਚਾਨਣੀਆਂ ਰਾਤਾਂ ਵਿਚ ਤਾਰਿਆਂ ਦੀ ਛਾਵੇਂ ਪਿਆਰ-ਮੁਹੱਬਤ ਦੀ ਸੁਪਨਮਈ ਅਲਖ ਜਗਾ ਕੇ ਆਪਣੀ ਜੀਵਨ ਸਾਥਣ ਲੱਭਦਾ ਰਿਹਾ। ਫਿਰ ਕੀ ਸੀ: ਮੈਨੂੰ ਉਹ ਔਰਤ ਸੱਚਮੁੱਚ ਹੀ ਮਿਲ ਗਈ!



ਆਪਣੇ ਮਰਦ ਦੀ ਸਤਾਈ ਅਤ੍ਰਿਪਤ ਰੂਹ ਵਾਲੀ ਔਰਤ!

ਮੈਂ ਆਪਣੀ ਪਾਵਨ-ਪਵਿੱਤਰ, ਕੁਆਰੀ ਮੁਹੱਬਤ ਨਾਲ ਉਹਦੀ ਰੂਹ ਤ੍ਰਿਪਤ ਕਰ ਦਿੱਤੀ ਤਾਂ ਉਹ ਆਪਣਾ ਸਭ ਕੁਛ ਨਿਛਾਵਰ ਕਰ ਕੇ ਮੇਰੀ ਹਮਸਫ਼ਰ ਤੇ ਜੀਵਨ ਸਾਥਣ ਬਣ ਗਈ। ਫਿਰ ਸਾਡੀਆਂ ਰੂਹਾਂ ਦਾ ਅਜਿਹਾ ਸਦੀਵੀ ਸੁਮੇਲ ਹੋ ਗਿਆ ਜਿਵੇਂ ਅਸੀਂ ਜੁਗਾ-ਜੁਗਾਂਤਰ ਤੋਂ ਇਕ ਦੂਜੇ ਲਈ ਤੜਪਦੇ, ਤਰਸਦੇ ਅਤੇ ਤਾਂਘਦੇ ਰਹੇ ਹੋਈਏ!

ਮੇਰੇ ਨਿੱਜੀ ਜੀਵਨ ਵਿਚ ਇਨਕਲਾਬ ਆ ਗਿਆ ਪਰ ਮੈਨੂੰ ਬਹੁਤ ਵੱਡਾ ਮੁੱਲ ਤਾਰਨਾ ਪਿਆ ਕਿਉਂਕਿ ਅੰਤਹੀਨ ਵਾਦ-ਵਿਵਾਦ, ਅੰਤਰਿਕ ਕਲੇਸ਼ ਅਤੇ ਫੁੱਟ ਦਰ ਫੁੱਟ ਦੇ ਵਰਤਾਰੇ ਨਾਲ ਝੰਬੀ, ਟੁੱਟੀ, ਖੁਰੀ ਪਈ ਮੇਰੀ ਪਾਰਟੀ ਦੀ ਕੇਂਦਰੀ ਕਮੇਟੀ ਨੇ ਸਾਡੇ ਨਿੱਜੀ ਰਿਸ਼ਤੇ ਨੂੰ ਮੇਰੇ ਵਿਰੁੱਧ ਇਕ ਵੱਡਾ ਰਾਜਨੀਤਕ ਮੁੱਦਾ ਬਣਾ ਕੇ ਤੇ ਜਥੇਬੰਦਕ ਅਨੁਸ਼ਾਸਨ ਦੀ ਘੋਰ ਉਲੰਘਣਾ ਦਾ ਦੋਸ਼ ਲਾ ਕੇ ਮੈਨੂੰ ਪਾਰਟੀ ਵਿਚੋਂ ਕੱਢ ਦਿੱਤਾ।

ਪਰ ਮੈਂ ਹਾਰ ਨਹੀਂ ਮੰਨੀ!

ਹੱਥ ਵਿਚ ਕਲਮ ਲੈ ਕੇ ਤੇ ਮੱਥੇ ਉੱਪਰ ਕਰਾਂਤੀਕਾਰੀ ਸਾਹਿਤਕਾਰ ਦਾ ਬਿੱਲਾ ਲਗਾ ਕੇ ਮੈਂ ਵੀ ਉਹ ਬੰਦੇ ਦੀ ਪੈੜ ਨੱਪਦਾ-ਨੱਪਦਾ ਅਮਰੀਕਾ ਆ ਪਹੁੰਚਾ।

ਫਿਰ ਪਰਵਾਸੀ ਜ਼ਿੰਦਗੀ ਦੇ ਥਪੇੜਿਆਂ ਦੀ ਮਾਰ ਝੱਲ ਕੇ ਪੱਕੇ ਪੈਰੀਂ ਹੋ ਗਿਆ ਤਾਂ ਆਪਣੀ ਜੀਵਣ-ਸਾਥਣ ਨੂੰ ਵੀ ਮੰਗਵਾ ਲਿਆ ਤੇ ਅਸੀਂ ਅਮਰੀਕਨ ਨਾਗਰਿਕ ਬਣ ਕੇ ਏਥੇ ਹੀ ਵਸ ਗਏ। ਪਰ ਏਥੇ ਵਿਚਾਰਾਂ ਦੇ ਬੌਧਿਕ ਆਦਾਨ-ਪ੍ਰਦਾਨ ਦੀ ਏਨੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਕਿ ਆਪਣੇ ਵਿਚਾਰਾਂ ਦੇ ਬੰਦੇ ਮਿਲ ਹੀ ਨਹੀਂ ਰਹੇ ਸਨ। ਇਸ ਲਈ ਮੈਂ ਉਸ ਬੰਦੇ ਦੀ ਤਲਾਸ਼ ਕਰਨ ਲੱਗ ਪਿਆ। ਉਹਦੀ ਭਾਲ ਵਿਚ ਸਿਲੀਕੋਨ ਵੈਲੀ ਦੀਆਂ ਪ੍ਰਸਿੱਧ ਲਾਇਬ੍ਰੇਰੀਆਂ ਦੇ ਚੱਕਰ ਮਾਰਦਾ ਰਿਹਾ। ਫ਼ੇਸ-ਬੁੱਕ ਉੱਪਰ ਵੀ ਆਪਣੀ ਫੋਟੋ ਤੇ ਫੋਨ ਨੰਬਰ ਸਹਿਤ ਉਹਦੇ ਲਈ ਤਲਾਸ਼-ਨਾਮਾ ਪੋਸਟ ਕਰ ਦਿੱਤਾ .... ਤੇ ਇਕ ਦਿਨ ਅਚਾਨਕ ਮੁਲਾਕਾਤ ਹੋ ਹੀ ਗਈ। ਹੋਈ ਵੀ ਅਜਿਹੀ ਜਗ੍ਹਾ ਕਿ ਰੂਹ ਖਿੜ ਗਈ!

ਉਂਝ ਥੋੜ੍ਹਾ ਅਚੰਭਾ ਵੀ ਹੋਇਆ ਕਿ ਉਹ ਬੰਦਾ 'ਚਿੰਤਨ-ਭੂਮੀ' ਤੋਂ ਛਾਲ ਮਾਰ ਕੇ 'ਕਰਮ-ਭੂਮੀ' ਵਿਚ ਕਿੰਝ ਆ ਵੜਿਆ! ਉਹ ਵੀ 'ਬਲੈਕ ਲਾਈਵਜ਼ ਮੈਟਰ' ਅੰਦੋਲਨ ਦੀ ਰੈਲੀ ਵਿਚ! ਪਰ ਪਹਿਲ ਉਹ ਹੀ ਕਰ ਗਿਆ, "ਵਾਹ ਸਾਥੀ ਜੀ! ਤੁਸੀਂ ਵੀ ਏਥੇ!"

ਉਹ ਨਿੱਘਾ ਹੱਥ ਮਿਲਾ ਕੇ ਫਿਰ ਬੋਲਿਆ:

"ਮਿਲ ਕੇ ਬਹੁਤ ਖ਼ੁਸ਼ੀ ਹੋਈ, ਸਾਥੀ ਜੀ!"

"ਹਾਂ, ਮੇਰੀ ਤਲਾਸ਼ ਵੀ ਸਫਲ ਹੋ ਗਈ!"

"ਤਲਾਸ਼?"

"ਹਾਂ ਜੀ! ਤੁਹਾਡੀ ਪ੍ਰੇਰਨਾ ਸਦਕਾ ਮੈਨੂੰ ਮੇਰੀ ਮਨ-ਪਸੰਦ ਔਰਤ ਵੀ ਮਿਲ ਗਈ ਏ ਤੇ ਤੁਸੀਂ ਵੀ ਫਿਰ ਮਿਲ ਪਏ ਹੋ! ਪਰ ਬਾਕੀ ਸਭ ਕੁਛ ਮੈਂ ਗੁਆ ਆਇਆ ਹਾਂ: ਪਾਰਟੀ, ਸ਼ੋਹਰਤ ਅਤੇ ਇਨਕਲਾਬੀ ਤਗਮਾ...।" ਮੈਂ ਭਾਵੁਕ ਹੋਏ ਬਿਨਾ ਨਾ ਰਹਿ ਸਕਿਆ।

"ਕਿੰਨਾ ਕੁਝ ਵਾਪਰ ਗਿਆ ਤੇ ਪਤਾ ਵੀ ਨਹੀਂ ਚੱਲਿਆ। ਜਦੋਂ ਮੈਂ ਆਪਣਾ ਘਰ ਵੇਚਣ ਦਿੱਲੀ ਗਿਆ ਤਾਂ ਚਾਰ ਪੰਜ ਮਹੀਨੇ ਰਿਹਾ ਸੀ। ਤੁਹਾਨੂੰ ਮਿਲਣ ਲਈ ਮੇਰਾ ਬਹੁਤ ਮਨ ਚਾਹ ਰਿਹਾ ਸੀ ਪਰ ਸਿਧਾਂਤਕਰ ਨਾਲ ਗੱਲ ਕੀਤੀ ਤਾਂ ਉਹਨੇ ਸਿਰਫ਼ ਏਨਾ ਦੱਸਿਆ ਕਿ ਤੁਸੀਂ ਵਾਪਸ ਪੰਜਾਬ ਮੁੜ ਗਏ ਹੋ

ਤੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਰਿਹਾ।" ਉਸਦੀਆਂ ਅੱਖਾਂ ਵਿਚ ਸ਼ਿਕਨ ਭਰੀ ਇਕ ਪਰਛਾਈਂ ਉੱਭਰੀ।

"ਉਹ ਮੱਕਾਰ ਸਿਧਾਂਤਕਰ ....," ਮੇਰੇ ਮੂੰਹੋਂ ਨਿਕਲਣ ਲੱਗੇ ਗ਼ੁਸੈਲ ਸ਼ਬਦ ਮੈਂ ਬੁੱਲ੍ਹਾਂ ਵਿਚ ਹੀ ਘੁੱਟ ਲਏ ਤਾਂ ਉਹ ਮੇਰਾ ਚਿਹਰਾ ਦੇਖ ਕੇ ਦਿਲਾਸਾ ਦੇਣ ਲੱਗ ਪਿਆ:

"ਤੁਸੀਂ ਮਨ ਛੋਟਾ ਨਾ ਕਰੋ, ਸਾਥੀ ਜੀ! ਇਹ ਜਲਸਾ-ਜਲੂਸ ਖਤਮ ਹੁੰਦੇ ਹੀ ਆਪਾਂ ਘਰ ਚੱਲਦੇ ਹਾਂ ਤੇ ਬੈਠ ਕੇ ਸਾਰੀ ਗੱਲਬਾਤ ਕਰਦੇ ਹਾਂ। ਅਸੀਂ ਏਥੇ ਲਾਗੇ ਹੀ ਰੈੱਡ ਵੁੱਡ ਸ਼ਹਿਰ ਵਿਚ ਰਹਿਨੇਂ ਹਾਂ।"

"ਥੈਂਕ ਯੂ ਸਰ! ਥੈਂਕ ਯੂ ਵੈਰੀ ਮੱਚ!!"

"ਹੋ ਗਿਆ ਨਾ ਅਮਰੀਕਾ ਦਾ ਅਸਰ!"

ਅਸੀਂ ਹੱਸਣ ਲੱਗ ਪਏ ਤੇ ਫਿਰ ਛੋਟੀਆਂ-ਛੋਟੀਆਂ ਗੱਲਾਂ ਕਰ ਕੇ ਹੱਸਦੇ ਰਹੇ। ਉਧਰ ਰੈਲੀ ਸਮਾਪਤ ਤੇ ਪ੍ਰਦਰਸ਼ਨ ਸ਼ੁਰੂ ਕਰਨ ਦਾ ਐਲਾਨ ਹੋ ਗਿਆ ਤਾਂ ਲੋਕ ਕਤਾਰਾਂ ਬਣਾਉਣ ਲੱਗ ਪਏ ਅਤੇ ਅਸੀਂ ਵੀ ਇਕ ਕਤਾਰ ਵਿਚ ਨਾਲ-ਨਾਲ ਖੜ੍ਹੇ ਹੋ ਗਏ।

ਉਹ ਰੈਲੀ ਤੇ ਰੋਸ ਮੁਜ਼ਾਹਰਾ 'ਬਲੈਕ ਲਾਈਵਜ਼ ਮੈਟਰ' ਜਥੇਬੰਦੀ ਵੱਲੋਂ ਕਾਲੇ ਲੋਕਾਂ ਦੀਆਂ ਪੁਲੀਸ ਦੁਆਰਾ ਬੇਰਹਿਮ ਹੱਤਿਆਵਾਂ, ਨਸਲਵਾਦੀ ਵਿਤਕਰੇ, ਪ੍ਰਸ਼ਾਸਨਿਕ ਵਧੀਕੀਆਂ ਅਤੇ ਨਿਆਂਇਕ ਬੇਇਨਸਾਫ਼ੀਆਂ ਦੇ ਵਿਰੁੱਧ ਆਯੋਜਿਤ ਕੀਤਾ ਗਿਆ ਸੀ। ਉਸ ਅੰਦੋਲਨ ਨੂੰ ਜਿਨਸੀ ਸ਼ੋਸ਼ਣ ਦੇ ਵਿਰੁੱਧ ਚੱਲ ਰਹੀ 'ਮੀ ਟੂ' ਮੂਵਮੈਂਟ ਤੇ ਪਰਵਾਸੀਆਂ ਦੇ ਕਾਨੂੰਨੀ ਅਧਿਕਾਰਾਂ ਲਈ ਚੱਲ ਰਹੇ ਸੰਘਰਸ਼ ਦਾ ਸਮਰਥਨ ਵੀ ਪ੍ਰਾਪਤ ਸੀ। ਇਸ ਲਈ ਉਸ ਮੁਜ਼ਾਹਰੇ ਵਿਚ ਹਰ ਉਮਰ, ਵਰਗ, ਰੰਗ ਅਤੇ ਨਸਲ ਦੇ ਹਜ਼ਾਰਾਂ ਲੋਕ ਸ਼ਾਮਲ ਸਨ। ਉਹ ਵਿਸ਼ਾਲ ਕਾਰਵਾਂ ਆਪਣੇ ਰਾਹ ਤੁਰਿਆ ਤਾਂ ਭਾਰੀ ਪੁਲੀਸ ਫ਼ੋਰਸ ਨੇ ਘੇਰ ਲਿਆ ਪਰ ਉਸ ਘੇਰੇ ਨੂੰ ਤੋੜਦਾ ਹੋਇਆ ਲੋਕ ਰੋਹ ਦਾ ਠਾਠਾਂ ਮਾਰਦਾ ਉਹ ਸਮੁੰਦਰ ਅੱਗੇ ਵਧਦਾ ਰਿਹਾ ਅਤੇ ਗਗਨਭੇਦੀ ਨਾਅਰਿਆਂ ਨਾਲ ਸਾਰਾ ਸਾਨ ਫਰਾਂਸਿਸਕੋ ਸ਼ਹਿਰ ਗੂੰਜਦਾ ਰਿਹਾ।

ਅਸੀਂ ਵੀ ਕਦਮ ਨਾਲ ਕਦਮ ਮਿਲਾ ਕੇ ਤੁਰਦੇ ਜੋਸ਼ੋ-ਖ਼ਰੋਸ਼ ਨਾਲ ਨਾਅਰੇ ਲਾ ਰਹੇ ਸਾਂ। ਉਹ ਬੰਦੇ ਦੇ ਨਾਲ-ਨਾਲ ਤੁਰਨ ਦਾ ਮੈਨੂੰ ਬੜਾ ਹੀ ਚਾਅ ਸੀ ਪਰ ਉਸਦਾ ਇਜ਼ਹਾਰ ਕਰਨ ਲਈ ਮੈਂ ਖੁੱਲ੍ਹਾ ਮੌਕਾ ਚਾਹ ਰਿਹਾ ਸਾਂ। ਇਸ ਲਈ ਉਸ ਪ੍ਰਦਰਸ਼ਨ ਦੇ ਖ਼ਤਮ ਹੋਣ ਮਗਰੋਂ ਉਹਨੇ ਘਰ ਚੱਲਣ ਲਈ ਕਿਹਾ ਤਾਂ ਮੈਂ ਬਾਅਦਬ ਗੁਜ਼ਾਰਿਸ਼ ਕੀਤੀ, "ਅੱਜ ਤਾਂ ਏਥੇ ਹੀ ਸ਼ਾਮ ਹੋ ਗਈ ਤੇ ਹਾਲੇ ਆਪਣੀ ਕਾਰਾਂ ਤੱਕ ਪਹੁੰਚਣ 'ਚ ਵੀ ਕਾਫੀ ਸਮਾਂ ਲੱਗ ਸਕਦਾ। ਮੈਂ ਫਿਰ ਕਿਸੇ ਦਿਨ ਆਪਣੀ ਪਤਨੀ ਸਹਿਤ ਤੁਹਾਡੇ ਕੋਲ ਆਵਾਂਗਾ!"

"ਉਹ ਤਾਂ ਸਗੋਂ ਹੋਰ ਵੀ ਵਧੀਆ ਮੌਕਾ ਰਹੇਗਾ!" ਉਹਨੇ ਖਿੜੇ ਮੱਥੇ ਤੇ ਹੱਸਦੇ ਨੈਣਾਂ ਨਾਲ ਆਪਣਾ ਫੋਨ ਨੰਬਰ ਤੇ ਪਤਾ ਮੈਨੂੰ ਲਿਖਾ ਕੇ ਫਿਰ ਤਾਕੀਦ ਕੀਤੀ, "ਚਲੋ ਠੀਕ ਹੈ, ਤੁਸੀਂ ਆਪਣੀ ਪਤਨੀ ਨੂੰ ਨਾਲ ਲੈ ਕੇ ਮਿਲਣ ਜ਼ਰੂਰ ਆਉਣਾ।"

"ਹਾਂ ਜੀ ਅਸੀਂ ਪੱਕਾ ਆਵਾਂਗੇ, ਮੈਂ ਤੁਹਾਨੂੰ ਛੇਤੀ ਫੋਨ ਕਰਾਂਗਾ।"

ਇਹ ਆਵਾਜ਼ ਮੇਰੇ ਦਿਲ ਦੇ ਅੰਦਰੋਂ ਨਿਕਲੀ ਤੇ ਅਸੀਂ ਫਿਰ ਮਿਲਣ ਦੀ ਦੁਵੱਲੀ ਤਾਂਘ ਨਾਲ ਭਰਪੂਰ ਅਲਵਿਦਾ ਕਹਿ ਕੇ ਆਪਣੇ-ਆਪਣੇ ਰਾਹ ਤੁਰ ਪਏ ... ਤੇ ਕੁਝ ਦਿਨਾਂ ਬਾਅਦ ਅਸੀਂ ਤੈਅ ਸਮੇਂ ਅਨੁਸਾਰ ਉਹਦੇ ਘਰ ਦਸਤਕ ਦਿੱਤੀ ਤਾਂ ਉਹਨੇ ਏਨੀ ਫੁਰਤੀ ਨਾਲ ਦਰਵਾਜ਼ਾ ਖੋਲ੍ਹਿਆ ਜਿਵੇਂ ਦਰਾਂ ਨਾਲ ਕੰਨ ਲਾ ਕੇ ਇੰਤਜ਼ਾਰ ਕਰ ਰਿਹਾ ਹੋਵੇ।

ਮੈਂ ਮਿਲਾਉਣ ਲਈ ਆਪਣਾ ਹੱਥ ਅੱਗੇ ਵਧਾਇਆ ਤਾਂ ਉਹਨੇ ਵੱਡੇ ਭਰਾ ਵਾਂਗ ਮੈਨੂੰ ਗਲਵਕੜੀ



ਵਿਚ ਲੈ ਕੇ ਘੁੱਟ ਕੇ ਸੀਨੇ ਨਾਲ ਲਾ ਲਿਆ ਤੇ ਫਿਰ ਮੇਰੀ ਪਤਨੀ ਨੂੰ ਮੁਖ਼ਾਤਿਬ ਹੋ ਕੇ ਬੋਲਿਆ, "ਜੀ ਆਇਆਂ ਨੂੰ ਮਿਸਿਜ਼ ਸਾਥੀ ਜੀ! ਖ਼ੁਸ਼ਆਮਦੀਦ!"

ਅਸੀਂ ਲਿਵਿੰਗ ਰੂਮ ਵਿਚ ਪਹੁੰਚੇ ਤਾਂ ਉਹਦੀ ਪਤਨੀ ਵੀ ਮੇਰੀ ਪਤਨੀ ਨੂੰ ਜੱਫੀ ਪਾ ਕੇ ਮਿਲੀ ਤੇ ਮੈਨੂੰ "ਨਮਸਤੇ ਭਾਈ ਸਾਹਿਬ!" ਨਾਲ ਮੁਖ਼ਾਤਿਬ ਹੋ ਕੇ ਨਵੇਂ ਰਿਸ਼ਤੇ ਦੇ ਮਾਣ ਨਾਲ ਮੇਰਾ ਸਿਰ ਉੱਚਾ ਕਰ ਦਿੱਤਾ। ਫਿਰ ਆਦਰ ਸਹਿਤ ਸਾਨੂੰ ਸੋਫ਼ੇ ਉੱਪਰ ਬਿਠਾ ਕੇ ਪਾਣੀ ਦੇ ਦੋ ਗਲਾਸਾਂ ਨਾਲ ਮਹਿਮਾਨ-ਨਿਵਾਜ਼ੀ ਦਾ ਮੁੱਢ ਬੰਨ੍ਹ ਦਿੱਤਾ ਤੇ ਕੁਝ ਦੇਰ ਸਰਸਰੀ ਗੱਲਬਾਤ ਤੋਂ ਮਗਰੋਂ ਉਹਨੇ ਮੇਰੀ ਪਤਨੀ ਨੂੰ ਪੁੱਛਿਆ:

"ਤੁਸੀਂ ਮੱਛੀ ਦੇ ਪਕੌੜੇ ਖਾਣਾ ਪਸੰਦ ਕਰਦੇ ਹੋ!"

"ਹਾਂ ਦੀਦੀ! ਖਾਣਾ ਵੀ ਪਸੰਦ ਕਰਦੇ ਹਾਂ ਤੇ ਬਣਾਉਣਾ ਵੀ!"

ਮੇਰੀ ਪਤਨੀ ਚਹਿਕਦੀ ਹੋਈ ਬੋਲੀ ਤੇ ਉਹ ਰਸੋਈ ਵਿਚ ਜਾ ਵੜੀਆਂ।

ਉਸੇ ਛਿਣ ਉਹ ਬੰਦਾ ਮੈਨੂੰ ਆਪਣੀ ਸਟੱਡੀ ਵਿਚ ਲੈ ਆਇਆ ਤਾਂ ਮੈਂ ਦੇਖ ਕੇ ਦੰਗ ਰਹਿ ਗਿਆ: ਉਹਨੇ ਏਥੇ ਵੀ ਬੜੀ ਸੋਹਣੀ ਲਾਇਬ੍ਰੇਰੀ ਬਣਾ ਲਈ ਸੀ। ਮੈਂ ਚੰਦ ਮਿੰਟ ਕਿਤਾਬਾਂ ਦਾ ਓਪਰਾ ਜਿਹਾ ਮੁਆਇਨਾ ਕਰਨ ਪਿੱਛੋਂ ਉਹਦੇ ਨਾਲ ਵਾਲੀ ਕੁਰਸੀ ਉੱਪਰ ਬੈਠ ਗਿਆ ਤਾਂ ਗੱਲਬਾਤ ਵੀ ਕਿਤਾਬਾਂ ਉੱਪਰ ਹੀ ਫ਼ੋਕਸ ਹੋ ਗਈ।

ਉਹ ਆਪਣੇ ਨਵੇਂ ਅਧਿਐਨ ਪ੍ਰਯੋਜਨ ਬਾਰੇ ਦੱਸਣ ਲੱਗ ਪਿਆ:

"ਮੈਂ ਏਥੇ ਵਸਣ ਦੇ ਪੱਕੇ ਫੈਸਲੇ ਦੇ ਨਾਲ ਹੀ ਨਵੇਂ ਅਧਿਐਨ ਕਾਰਜ ਦੀ ਯੋਜਨਾ ਵੀ ਬਣਾ ਲਈ ਸੀ। ਉਸੇ ਮੁਤਾਬਿਕ ਅਮਰੀਕਨ ਸਮਾਜਿਕ, ਆਰਥਿਕ, ਰਾਜਨੀਤਕ ਸੰਰਚਨਾ ਅਤੇ ਇਸਦੇ ਇਤਿਹਾਸ ਬਾਰੇ ਨਿੱਠ ਕੇ ਪੜ੍ਹਨ ਦਾ ਕੰਮ ਕੀਤਾ। ਫਿਰ ਗੋਰੀ ਸਭਿਅਤਾ ਬਾਰੇ ਵੀ ਚਿੱਟੇ ਤੇ ਕਾਲੇ ਦੋਵਾਂ ਦ੍ਰਿਸ਼ਟੀਕੋਨਾਂ ਤੋਂ ਅਧਿਐਨ ਕੀਤਾ।"

ਉਹ ਦਾਰਸ਼ਨਿਕ ਲਹਿਜੇ ਵਿਚ ਗੱਲ ਤੋੜ-ਤੋੜ ਕੇ ਕਰ ਰਿਹਾ ਸੀ:

"ਸਾਥੀ ਜੀ! ਬਹੁਤ ਵੱਡਾ ਫ਼ਰਕ ਤੇ ਖੱਪਾ ਹੈ ਦੋਵਾਂ ਦ੍ਰਿਸ਼ਟੀਕੋਣਾਂ ਦਾ!"

"ਅੰਤਰ-ਵਿਰੋਧ ਵੀ ਬਹੁਤ ਤਿੱਖਾ ਐ, ਦੁਸ਼ਮਣੀ ਭਰਪੂਰ ਘਟਨਾਵਾਂ ਭਰਿਆ!"

"ਇਸ ਸਮਾਜ ਤੇ ਇਸ ਦੇ ਇਤਿਹਾਸ ਨੂੰ ਸਹੀ ਰੂਪ ਵਿਚ ਸਮਝਣ ਲਈ ਇਕ ਦ੍ਰਿਸ਼ਟੀਕੋਣ ਤੋਂ ਬਿਨਾਂ ਦੂਜਾ ਅਧੂਰਾ ਤੇ ਇਕ ਪਾਸੜ ਹੈ। ਤੁਸੀਂ ਸੋਚੋ: ਕਿਸੇ ਮੈਗਨਿਟ ਦੇ ਦੋ ਪੋਲਾਂ ਵਿੱਚੋਂ ਇਕ ਇਕੱਲਾ ਸੰਪੂਰਨ ਕਿਵੇਂ ਹੋ ਸਕਦਾ ਹੈ?"

"ਮੇਰਾ ਭਾਵ: ਗੁਲਾਮ ਮਾਲਕਾਂ ਤੇ ਗੁਲਾਮਾਂ ਦਾ ਸਮਾਜ, ਸੱਭਿਅਤਾ, ਕਲਚਰ ਅਤੇ ਇਤਿਹਾਸ ਇੱਕੋ ਜਿਹੇ ਕਿਵੇਂ ਹੋ ਸਕਦੇ ਨੇ? ਇਸਦੇ ਸਿਰਜਣਹਾਰ ਤੇ ਇਤਿਹਾਸਕਾਰ ਵੀ ਨਿਰਪੱਖ ਕਿਵੇਂ ਹੋ ਸਕਦੇ ਨੇ? ਪਰ ਦੁਨੀਆ ਨੂੰ ਚਿੱਟਾ ਦ੍ਰਿਸ਼ਟੀਕੋਣ ਹੀ ਪਰੋਸਿਆ ਜਾਂਦਾ ਰਿਹਾ ਕਿਉਂਕਿ ਇਸ ਖੇਤਰ ਵਿਚ ਅੱਜ ਵੀ ਉਨ੍ਹਾਂ ਦੀ ਮਨੋਪਲੀ ਹੈ। ਵੈਸੇ, ਇਹ ਮਨੋਪਲੀ ਹੁਣ ਟੁੱਟ ਰਹੀ ਹੈ ਤੇ ਕਾਲਾ ਦ੍ਰਿਸ਼ਟੀਕੋਣ ਵੀ ਉਜਾਗਰ ਹੋ ਰਿਹਾ ਹੈ।"

"ਰਾਈਟ ਸਰ! ਤੁਸੀਂ ਬਿਲਕੁਲ ਸਹੀ ਕਿਹਾ!"

ਮੈਂ ਸਹਿਮਤੀ ਭਰੇ ਅੰਦਾਜ਼ ਨਾਲ ਉਛਲਿਆ ਤਾਂ ਉਹ ਫਿਰ ਬੋਲਿਆ, "ਸਾਥੀ ਜੀ! ਤੁਸੀਂ ਵੀ ਇਸ

ਬਾਰੇ ਨਿੱਠ ਕੇ ਅਧਿਐਨ ਕਰਨ ਦਾ ਪ੍ਰਿਆਸ ਕਰੋ। ਏਥੋਂ ਦੇ ਵਾਸੀ ਬਣ ਕੇ ਲਿਖਣ ਪੜ੍ਹਨ ਦਾ ਸਾਰਥਕ ਕੰਮ ਕਰਨ ਲਈ ਇਸ ਸਮਾਜ ਤੇ ਇਸਦੇ ਇਤਿਹਾਸ ਦਾ ਸਹੀ ਗਿਆਨ ਹੋਣਾ ਲਾਜ਼ਮੀ ਹੈ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਕੁਛ ਕਿਤਾਬਾਂ ਤੇ ਉਨ੍ਹਾਂ ਦੇ ਲੇਖਕਾਂ ਦੇ ਨਾਂ ਵੀ ਲਿਖ ਕੇ ਦੇ ਸਕਦਾਂ ਹਾਂ। ਇਹ ਕਿਤਾਬਾਂ ਕਿਸੇ ਵੀ ਸ਼ਹਿਰ ਦੀ ਸੈਂਟਰਲ ਲਾਇਬ੍ਰੇਰੀ ਵਿਚ ਮਿਲ ਜਾਂਦੀਆਂ ਹਨ। ਤੁਹਾਡੇ ਸ਼ਹਿਰ ਸੈਂਟਾ ਕਲਾਰਾ ਵਿਚ ਵੀ ਜ਼ਰੂਰ ਮਿਲ ਜਾਣਗੀਆਂ, ਨਹੀਂ ਤਾਂ ਉਹ ਮੰਗਵਾ ਵੀ ਦੇਂਦੇ ਨੇ!"

"ਥੈਂਕ ਯੂ ਸਰ! ਥੈਂਕ ਯੂ ਵੈਰੀ ਮੱਚ!" ਮੇਰੇ ਮੂੰਹੋਂ ਆਪ-ਮੁਹਾਰੇ ਨਿਕਲਿਆ।

ਉਹ ਫੁਰਤੀ ਨਾਲ ਪੇਪਰ ਪੈੱਨ ਲੈ ਕੇ ਕਿਤਾਬਾਂ ਦੀ ਸੂਚੀ ਤਿਆਰ ਕਰਨ ਵਿਚ ਰੁੱਝ ਗਿਆ ਤੇ ਉਸੇ ਸਮੇਂ ਉਹਦੀ ਪਤਨੀ ਦੀ ਮਧੁਰ ਆਵਾਜ਼ ਸੁਣਾਈ ਦਿੱਤੀ, "ਚਾਹ-ਪਕੌੜੇ ਤਿਆਰ ਐ ਜੀ, ਆ ਜਾਓ!"

ਅਸੀਂ ਚਾਹ-ਪਕੌੜਿਆਂ ਦਾ ਆਨੰਦ ਮਾਣਨ ਲੱਗ ਪਏ ਤਾਂ ਗੱਲਬਾਤ ਕੰਮਕਾਰ ਤੇ ਘਰ ਗ੍ਰਹਿਸਥੀ ਵੱਲ ਮੋੜ ਕੱਟ ਗਈ ਅਤੇ ਕਮਾਂਡ ਔਰਤਾਂ ਨੇ ਸੰਭਾਲ ਲਈ।

"ਦੀਦੀ! ਆਪਣਾ 'ਡੇਅ ਕੇਅਰ ਸੈਂਟਰ' ਖੋਲ੍ਹਣ ਦਾ ਵਿਚਾਰ ਕਿਵੇਂ ਬਣਿਆ?"

ਮੇਰੀ ਪਤਨੀ ਨੇ ਉਤਸੁਕਤਾ-ਵੱਸ ਪੁੱਛਿਆ ਤਾਂ ਉਹ ਦੱਸਣ ਲੱਗ ਪਈ:

"ਦੇਖੋ ਜੀ! ਬੇਬੀ ਸਿਟਿੰਗ ਤਾਂ ਆਪਣੇ ਪੋਤੇ-ਪੋਤੀ ਦੀ ਵੀ ਮੈਂ ਹੀ ਕਰਦੀ ਹਾਂ! ਇਸ ਲਈ ਸੋਚਿਆ ਕਿ ਜੇ ਆਪਣਾ ਡੇਅ ਕੇਅਰ ਸੈਂਟਰ ਖੋਲ੍ਹ ਲਿਆ ਜਾਵੇ ਤਾਂ ਸਾਡੇ ਬੱਚਿਆਂ ਨੂੰ ਕੰਪਨੀ ਵੀ ਮਿਲ ਜਾਵੇਗੀ ਤੇ ਸਾਡਾ ਖਰਚ ਪਾਣੀ ਵੀ ਤੁਰਦਾ ਰਹੂਗਾ!"

"ਗੁੱਡ ਆਈਡੀਆ!"

ਮੇਰੀ ਪਤਨੀ ਨੇ ਭਰਵਾਂ ਹੁੰਗਾਰਾ ਭਰਿਆ ਤਾਂ ਉਹ ਤਫ਼ਸੀਲ ਦੱਸਣ ਲੱਗ ਪਈ:

"ਅਸੀਂ ਗੈਰਾਜ ਦੇ ਨਾਲ ਇਕ ਵੱਡਾ ਕਮਰਾ ਤੇ ਬਾਥਰੂਮ ਮਿਲਾ ਕੇ ਅਲੱਗ ਪੋਰਸ਼ਨ ਬਣਾ ਲਿਆ। ਫਿਰ ਵਧੀਆ ਢੰਗ ਨਾਲ ਰੀਮੌਡਲ ਕਰਵਾ ਕੇ ਲੋੜ ਅਨੁਸਾਰ ਡੈਕੋਰੇਟ ਅਤੇ ਫ਼ਰਨਿਸ਼ ਵੀ ਕਰਵਾ ਲਿਆ ਤਾਂ ਸਾਨੂੰ ਵੀਹ ਬੱਚੇ ਰੱਖਣ ਦਾ ਲਾਇਸੈਂਸ ਮਿਲ ਗਿਆ। ਇਸ ਸਮੇਂ ਸਾਡੇ ਕੋਲ ਪੰਦਰਾਂ ਬੱਚੇ ਨੇ ਤੇ ਮੈਂ ਇੱਕ ਔਰਤ ਸਹਾਇਕ ਵੀ ਰੱਖੀ ਹੋਈ ਹੈ। ਅਸੀਂ ਹਫਤੇ ਵਿਚ ਪੰਜ ਦਿਨ ਸਵੇਰੇ ਅੱਠ ਵਜੇ ਤੋਂ ਸ਼ਾਮ ਛੇ ਵਜੇ ਤੱਕ ਖੁੱਲ੍ਹਾ ਰੱਖਦੇ ਹਾਂ। ਇਸ ਦੌਰਾਨ ਕੋਈ ਵੀ ਆਪਣੇ ਬੱਚੇ ਨੂੰ ਜਦੋਂ ਮਰਜ਼ੀ ਛੱਡ ਤੇ ਲਿਜਾ ਸਕਦਾ ਹੈ। ਵੀਕ-ਐਂਡ ਦੀਆਂ ਦੋ ਛੁੱਟੀਆਂ ਕਰ ਲੈਨੇਂ ਹਾਂ ਤੇ ਫ਼ੰਨ-ਸ਼ੰਨ ਲਈ ਵੀ ਪੂਰਾ ਸਮਾਂ ਮਿਲ ਜਾਂਦਾ ਏ। "

"ਤੁਹਾਡੇ ਬਹੂ-ਬੇਟਾ ਅਲੱਗ ਰਹਿੰਦੇ ਆ?"

ਮੇਰੀ ਪਤਨੀ ਨੇ ਨਵਾਂ ਸਵਾਲ ਦਾਗ਼ ਦਿੱਤਾ ਤਾਂ ਉਹਨੇ ਮਾਣ ਨਾਲ ਦੱਸਿਆ:

"ਹਾਂ ਜੀ, ਉਨ੍ਹਾਂ ਦਾ ਆਪਣਾ ਘਰ ਹੈ, ਏਥੋਂ ਦੋ ਕੁ ਬਲਾਕ ਹੀ ਪਰ੍ਹੇ ਹੈ!"

ਉਹ ਹੱਸ-ਹੱਸ ਕੇ ਗੱਲਾਂ ਕਰਦੀਆਂ ਰਹੀਆਂ।

ਅਸੀਂ 'ਹਾਂ ...ਹੂੰ' ਦੇ ਹੁੰਗਾਰੇ ਭਰਦੇ ਰਹੇ।

ਚਾਹ-ਪਕੌੜਾ ਸੈਸ਼ਨ ਤੋਂ ਮਗਰੋਂ ਦੋਵੇਂ ਔਰਤਾਂ 'ਡੇਅ ਕੇਅਰ ਸੈਂਟਰ' ਵਿਚ ਜਾ ਵੜੀਆਂ ਪਰ ਅਸੀਂ ਗੱਲਬਾਤ ਦਾ ਨਵਾਂ ਸਿਲਸਿਲਾ ਛੇੜ ਲਿਆ। ਸਾਡਾ ਵਾਰਤਾਲਾਪ ਆਪਣੇ ਵਤਨ ਵੱਲ ਘੁੰਮ ਗਿਆ ਤਾਂ ਉਹ ਬੰਦੇ ਦੇ ਪਿਛੋਕੜ ਦੀ ਚੀਸ ਬੁੱਲ੍ਹਾਂ 'ਤੇ ਆ ਗਈ, "ਸਾਥੀ ਜੀ! ਮੇਰੇ ਪੁਰਖੇ ਗਿਰੀਜਨ ਸਨ।



ਆਂਧਰਾ ਪ੍ਰਦੇਸ਼ ਦੇ ਤਿਲੰਗਾਨਾ ਖੇਤਰ ਦੇ ਮੂਲਵਾਸੀ। ਮੇਰੀ ਪਤਨੀ ਦੇ ਪੁਰਖੇ ਵੀ ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਜ਼ਿਲ੍ਹੇ ਦੇ ਮੂਲਵਾਸੀ ਸਨ। ਸਾਡੇ ਲਹੂ ਵਿਚ ਜਾਤੀਵਾਦੀ ਵਿਤਕਰੇ ਦਾ ਦਰਦ ਸਦੀਆਂ ਪੁਰਾਣਾ ਹੈ। ਸਾਡੀ ਰੂਹ ਵਿਚ ਸਮਾਜਿਕ, ਆਰਥਿਕ ਸ਼ੋਸ਼ਣ ਅਤੇ ਉਤਪੀੜਨ ਦੀ ਚੀਸ ਏਨੀ ਡੂੰਘੀ ਧਸੀ ਹੋਈ ਹੈ ਕਿ ਅਸੀਂ ਹਰ ਪ੍ਰਕਾਰ ਦੇ ਦਮਨ, ਵਿਤਕਰੇ ਅਤੇ ਬੇਇਨਸਾਫ਼ੀ ਵਿਰੁੱਧ ਸੋਚਦੇ ਵੀ ਰਹੇ ਹਾਂ ਤੇ ਕੁਝ ਕਰਨਾ ਵੀ ਲੋਚਦੇ ਰਹੇ ਹਾਂ।" ਉਹਦੇ ਚਿਹਰੇ ਦਾ ਰੰਗ ਤੇ ਹਾਵ-ਭਾਵ ਇੰਝ ਬਦਲ ਰਹੇ ਸਨ ਜਿਵੇਂ ਉਹ ਆਪਣਾ ਦਿਲ ਕੁਰੇਦ ਰਿਹਾ ਹੋਵੇ, "ਏਥੇ ਆ ਕੇ ਵੀ ਸਾਨੂੰ ਉਸ ਦਰਦ ਤੇ ਚੀਸ ਤੋਂ ਮੁਕਤੀ ਨਹੀਂ ਮਿਲ ਸਕੀ। ਸਗੋਂ ਇਹ ਦਰਦ ਦੁਗਣਾ ਹੋ ਗਿਆ ਹੈ ਕਿਉਂਕਿ ਏਥੇ ਵੀ ਆਪਣੇ ਦੇਸੀ ਭਾਈਚਾਰੇ ਵਿਚ ਉਹੀ ਜਾਤੀਵਾਦੀ ਵਿਤਕਰਾ ਉਸੇ ਤਰ੍ਹਾਂ ਬਰਕਰਾਰ ਹੈ ਤੇ ਸਾਨੂੰ ਨਸਲੀ ਵਿਤਕਰਾ ਵੀ ਬਰਾਬਰ ਝੱਲਣਾ ਪੈ ਰਿਹਾ ਹੈ। ਇਹ ਨਸਲੀ ਵਿਤਕਰਾ ਕਿੰਨਾ ਵਿਕਰਾਲ ਤੇ ਖਤਰਨਾਕ ਹੈ, ਇਸਦਾ ਅਹਿਸਾਸ ਵੀ ਮੈਨੂੰ ਉਦੋਂ ਹੋਇਆ, ਜਦੋਂ ਮੇਰਾ ਰੰਗ ਸਾਂਵਲਾ ਹੋਣ ਕਰਕੇ ਮੇਰੇ ਨਾਲ ਐਸੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਮੇਰੀ ਰੂਹ ਲਹੂ-ਲੁਹਾਨ ਕਰ ਦਿੱਤੀ!" ਉਹਦਾ ਗਚ ਭਰ ਆਇਆ।

"ਇਸੇ ਕਰਕੇ ਹੁਣ ਮੈਂ ਆਪਣੇ ਆਪ ਨੂੰ ਕਾਲੀ ਨਸਲ ਦਾ ਬੰਦਾ ਸਮਝਣ ਲੱਗ ਪਿਆ ਹਾਂ। ਇਹ ਹੀ ਮੇਰਾ ਨਵਾਂ ਪਹਿਚਾਣ ਚਿੰਨ੍ਹ ਬਣ ਗਿਆ ਹੈ। ਮੇਰੀ ਪਤਨੀ ਨਾਲ ਵੀ ਅਜਿਹੇ ਹਾਦਸੇ ਵਾਪਰਦੇ ਰਹਿੰਦੇ ਹਨ। ਮੇਰੇ ਇਹ ਦੱਸਣ ਦਾ ਮਕਸਦ ਇਹ ਹੈ ਕਿ ਇਹ ਆਧੁਨਿਕ ਪੂੰਜੀਵਾਦੀ ਸਿਸਟਮ ਵੀ ਓਨਾ ਹੀ ਬੁਰਾ ਹੈ, ਜਿੰਨਾ ਆਪਣਾ ਦਕੀਆਨੂਸੀ ਸਾਮੰਤੀ ਸਿਸਟਮ ਹੈ। ਓਥੇ ਜਾਤੀਵਾਦੀ ਪ੍ਰਥਾ ਦਾ ਕਲੰਕ ਸਾਡੀ ਰੂਹ ਨੂੰ ਡੱਸਦਾ ਸੀ, ਏਥੇ ਰੰਗ-ਭੇਦ ਦਾ ਖੰਜਰ ਸਾਡੇ ਸੀਨੇ ਵਿਚ ਛੇਕ ਕਰਦਾ ਹੈ। ਅਸੀਂ ਸਵੈ-ਮਾਣ ਭਰੀ ਜ਼ਿੰਦਗੀ ਦੇ ਮੁਦੱਈ ਹਾਂ ਪਰ ਇਹ ਓਥੇ ਨਾ ਏਥੇ ਕਿਤੇ ਵੀ ਸਾਡੇ ਹਿੱਸੇ ਨਹੀਂ ਆਈ!"

"ਤੁਸੀਂ ਸਹੀ ਕਹਿ ਰਹੇ ਹੋ! ਸੌ ਪ੍ਰਤੀਸ਼ਤ ਸਹੀ! ਮੈਂ ਦੋ ਢਾਈ ਦਹਾਕੇ ਯੂ. ਪੀ. ਦੇ ਦਲਿਤ ਵਰਗਾਂ ਵਿਚ ਰਹਿ ਕੇ ਉਨ੍ਹਾਂ ਨੂੰ ਜਥੇਬੰਦ ਕਰਨ ਦਾ ਕੰਮ ਕੀਤਾ ਹੈ। ਮੈਨੂੰ ਪਤਾ ਆਪਣੇ ਦਲਿਤ ਲੋਕਾਂ ਨੂੰ ਕੀ-ਕੀ ਹੰਢਾਉਣਾ ਪੈਂਦਾ ਹੈ। ਏਥੇ ਵੀ ਮੇਰੇ ਨਾਲ ਕੰਮ ਕਰਦੇ ਕਈ ਕਾਲੇ ਵਿਅਕਤੀ ਉਹੀ ਸੰਤਾਪ ਭੋਗ ਰਹੇ ਹਨ, ਜੋ ਆਪਣੇ ਦਲਿਤ ਭੋਗਦੇ ਹਨ।"

ਮੈਂ ਉਹਦੀ ਗੱਲ ਦੀ ਪੁਰਜ਼ੋਰ ਤਾਈਦ ਕੀਤੀ ਤਾਂ ਉਹ ਥੋੜ੍ਹਾ ਸਹਿਜ ਹੋ ਕੇ ਬੋਲਿਆ, "ਉਸ ਦਿਨ 'ਬਲੈਕ ਲਾਈਵਜ਼ ਮੈਟਰ' ਵੱਲੋਂ ਕੀਤੇ ਗਏ ਪ੍ਰਦਰਸ਼ਨ ਵਿਚ ਮੇਰੇ ਸ਼ਾਮਲ ਹੋਣ ਦਾ ਸਬਬ ਵੀ ਇਹ ਹੀ ਸੀ ਕਿ ਮੈਂ ਇਹ ਵਿਤਕਰਾ ਤੇ ਅੱਤਿਆਚਾਰ ਚੁੱਪ-ਚਾਪ ਸਹਿ ਨਹੀਂ ਸਕਦਾ। ਇਹਦੇ ਵਿਰੁੱਧ ਬੋਲਣਾ ਮੇਰਾ ਫਰਜ਼ ਹੈ।"

ਉਹ ਹੱਡ-ਬੀਤੀਆਂ ਘਟਨਾਵਾਂ ਬਿਆਨ ਕਰਨ ਲੱਗ ਪਿਆ ਤਾਂ ਉਹਦੇ ਚਿਹਰੇ ਉੱਪਰ ਆਕ੍ਰੋਸ਼ ਦੀ ਲਾਲੀ ਉੱਭਰ ਆਈ। ਕੁਝ ਸਾਲ ਪਹਿਲਾਂ ਸਿਟੀ ਸੈਂਟਰਲ ਪਾਰਕ ਵਿਚ ਸਵੇਰੇ ਸੈਰ ਕਰਦੇ ਸਮੇਂ ਨਸਲਵਾਦੀ ਛੋਕਰਿਆਂ ਵੱਲੋਂ ਉਹਦੇ ਉੱਪਰ ਕੀਤੇ ਗਏ ਜਾਨ-ਲੇਵਾ ਹਮਲੇ ਤੇ ਉਸ ਤੋਂ ਸਾਲ ਕੁ ਮਗਰੋਂ ਆਪਣੇ ਰਿਹਾਇਸ਼ੀ ਬਲਾਕ ਦੇ ਚੁਫੇਰੇ ਬਣੇ ਫ਼ੁੱਟਪਾਥ ਉੱਪਰ ਸ਼ਾਮ ਵੇਲੇ ਘੁੰਮਦੇ ਵਕਤ ਪੁਲੀਸ ਵੱਲੋਂ ਕਾਲਾ ਸ਼ੱਕੀ ਬੰਦਾ ਸਮਝ ਕੇ ਉਹਦੀ ਕੀਤੀ ਗਈ ਬੇਅਦਬੀ ਤੇ ਖਿੱਚ-ਧੂ ਬਾਰੇ ਦੱਸਦੇ ਹੋਏ ਉਹਦਾ ਮਨ ਪਿਘਲ ਗਿਆ।

ਮੇਰਾ ਮਨ ਵੀ ਰੋ ਪਿਆ।

ਕੁਝ ਦੇਰ ਲਈ ਚੁੱਪ ਵਰਤ ਗਈ ਤੇ ਉਹਨੇ ਮੈਨੂੰ ਪੁੱਛ ਕੇ ਬੀਅਰ ਦਾ ਇਕ-ਇਕ ਗਲਾਸ ਭਰ ਲਿਆ ਤੇ ਅਸੀਂ ਬੀਅਰ ਦੇ ਛੋਟੇ-ਛੋਟੇ ਘੁੱਟ ਭਰਦੇ ਰਹੇ। ਉਹ ਥੋੜ੍ਹਾ ਸਹਿਜ ਹੋ ਗਿਆ ਤਾਂ ਫਿਰ ਬੋਲਣ ਲੱਗ ਪਿਆ:

"ਪਰ ਮੈਂ ਹਾਰ ਨਹੀਂ ਮੰਨੀ! ਪੈਦਲ ਸੈਰ ਦਾ ਮੋਹ ਛੱਡ ਕੇ ਜਿੰਮ ਜਾਣ ਲੱਗ ਪਿਆ। ਹਾਂ ਸਾਥੀ ਜੀ! ਮੈਂ ਹਫਤੇ ਵਿਚ ਤਿੰਨ ਚਾਰ ਰੋਜ਼ ਬਾਕਾਇਦਾ ਜਿੰਮ ਜਾਂਦਾ ਹਾਂ। ਘੰਟਾ ਭਰ ਚੰਗੀ ਚੋਖੀ ਕਸਰਤ ਕਰ ਕੇ ਮੁੜ੍ਹਕੇ ਨਾਲ ਭਿੱਜ ਕੇ ਘਰ ਮੁੜਦਾ ਹਾਂ।" ਉਹਨੇ ਆਪਣੇ ਡੌਲੇ ਫਰਕਾਏ ਤੇ ਮੁੱਕਾ ਤਾਣ ਕੇ ਬੋਲਿਆ, "ਇਸ ਸਦਕਾ, ਸੱਤਰ ਸਾਲ ਦੀ ਉਮਰ ਵਿਚ ਵੀ ਸਰੀਰਕ ਤੇ ਮਾਨਸਿਕ ਤੌਰ 'ਤੇ ਨਿਰੋਗ ਜੀਵਨ ਬਸਰ ਕਰ ਰਿਹਾ ਹਾਂ।"

ਉਹ ਖਿੜਖਿੜਾ ਕੇ ਹੱਸਿਆ ਤੇ ਮੈਂ ਪ੍ਰਸੰਸਾਮਈ ਸੁਰ ਵਿਚ ਕਿਹਾ, "ਇਹ ਬਹੁਤ ਵੱਡੇ ਸਵੈ-ਮਾਣ ਵਾਲੀ ਗੱਲ ਹੈ! ਇਨਕਲਾਬੀ ਸੋਚ ਦੇ ਵਿਕਾਸ ਤੇ ਨਵ-ਚਿੰਤਨ ਲਈ ਨਿਰੋਗ ਜੀਵਨ ਤੇ ਸਰੀਰਕ ਮਾਨਸਿਕ ਬੁਲੰਦੀ ਇਕ ਵੱਡੀ ਨਿਆਮਤ ਹੈ!"

"ਹਾਂ ਸਾਥੀ ਜੀ!"

ਉਹ ਫਿਰ ਖੁੱਲ੍ਹ ਕੇ ਹੱਸਿਆ ਤੇ ਆਤਮ-ਵਿਸ਼ਵਾਸ ਭਰੀ ਹੋਰ ਵੀ ਬੁਲੰਦ ਆਵਾਜ਼ ਵਿਚ ਬੋਲਣ ਲੱਗ ਪਿਆ, "ਇਸ ਵਿਚ ਮੇਰੀ ਪਰਿਵਾਰਕ ਵਿਰਾਸਤ ਨੇ ਵੀ ਮੈਨੂੰ ਸਹਾਰਾ ਦਿੱਤਾ ਤੇ ਮੈਂ ਆਪਣੇ ਅਨੁਭਵ ਤੋਂ ਵੀ ਇਹ ਹੀ ਸਿੱਖਿਆ ਕਿ ਜ਼ਿੰਦਗੀ ਜੂਝਦੇ ਰਹਿਣ ਦਾ ਹੀ ਨਾਮ ਹੈ। ਦਰਅਸਲ, ਜਦੋਂ ਮੈਂ ਗੁਲਾਮ ਸਵੈ-ਜੀਵਨੀਆਂ ਦਾ ਅਧਿਐਨ ਕੀਤਾ ਤਾਂ ਉਨ੍ਹਾਂ ਉੱਤੇ ਹੋਏ ਅਸਹਿ ਅੱਤਿਆਚਾਰਾਂ ਬਾਰੇ ਜਾਣ ਕੇ ਮੇਰਾ ਦਿਲ ਵਲੂੰਧਰਿਆ ਗਿਆ। ਉਨ੍ਹਾਂ ਦੇ ਭਿਅੰਕਰ ਸਰੀਰਕ, ਮਾਨਸਿਕ, ਲਿੰਗਕ ਸ਼ੋਸ਼ਣ ਬਾਰੇ ਪੜ੍ਹ ਕੇ ਮੇਰੀ ਰੂਹ ਕੰਬ ਉੱਠੀ। ਉਨ੍ਹਾਂ ਵਿਚ ਆਜ਼ਾਦੀ ਲਈ ਤਾਂਘਦੀ, ਜੂਝਦੀ ਉਸ ਰੂਹ ਦੇ ਵੀ ਦਰਸ਼ਨ ਕੀਤੇ, ਜਿਸ ਨੇ ਉਸ ਨਸਲ ਨੂੰ ਅਜਿਹੀ ਸਿਦਕੀ, ਸਿਰੜੀ ਅਤੇ ਸੰਗਰਾਮੀ ਬਣਾ ਦਿੱਤਾ ਹੈ, ਜੋ ਕਦੇ ਹਾਰ ਨਹੀਂ ਮੰਨਦੀ। ਇਸ ਲਈ ਉਨ੍ਹਾਂ ਦਾ ਸੰਘਰਸ਼ ਅੱਜ ਵੀ ਜਾਰੀ ਹੈ।"

ਉਹ ਕਾਲੇ ਲੋਕਾਂ ਦੇ ਸੰਗਰਾਮ ਬਾਰੇ ਪੂਰੀ ਰੂਹ ਨਾਲ ਬੋਲਦਾ ਰਿਹਾ।

ਗ਼ੁਲਾਮ ਪ੍ਰਥਾ ਵਿਰੁੱਧ ਆਜ਼ਾਦੀ ਸੰਗਰਾਮ ਤੋਂ 'ਨਾਗਰਿਕ ਅਧਿਕਾਰ ਅੰਦੋਲਨ' ਤੱਕ; 'ਬਲੈਕ ਆਰਟਸ ਮੂਵਮੈਂਟ' ਤੋਂ 'ਬਲੈਕ ਪੈਂਥਰ ਵਿਦਰੋਹ' ਤੱਕ; 'ਬਲੈਕ ਪਾਵਰ ਅਜੰਡਾ' ਤੋਂ 'ਬਲੈਕ ਲਾਈਵਜ਼ ਮੈਟਰ' ਅੰਦੋਲਨ ਤੱਕ, ਉਸਨੇ ਕਈ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਲਹਿਰਾਂ ਦਾ ਵਿਵਰਣ ਅਤੇ ਵਿਸ਼ਲੇਸ਼ਣ ਬਿਆਨ ਕਰਦਿਆਂ, ਅਜਿਹੇ ਅਨਮੋਲ ਨਿਸ਼ਕਰਸ਼ ਵੀ ਪੇਸ਼ ਕੀਤੇ ਕਿ ਮੇਰੀ ਝੋਲੀ ਗਿਆਨ ਨਾਲ ਭਰ ਗਈ ਤੇ ਮੈਂ ਨਿਹਾਲ ਹੋ ਗਿਆ।

ਮੈਨੂੰ ਏਨੇ ਗਿਆਨਵਾਨ ਤੇ ਮਿਹਰਬਾਨ ਮੇਜ਼ਬਾਨ ਦੇ ਵਿਚਾਰ ਸੁਣਨ ਦਾ ਮੌਕਾ ਬਹੁਤ ਲੰਬੇ ਸਮੇਂ ਬਾਅਦ ਮਿਲਿਆ ਸੀ। ਉਹਦੇ ਪ੍ਰਵਚਨ ਮੈਂ ਪੂਰੇ ਧਿਆਨ, ਉਤਸੁਕਤਾ ਅਤੇ ਜਗਿਆਸਾ ਨਾਲ ਸੁਣਦਾ ਰਿਹਾ ਤੇ ਸਹਿਮਤੀ-ਭਰੇ ਹੁੰਗਾਰੇ ਭਰਦਾ ਰਿਹਾ।

ਉਹ ਗਿਆਨ ਗੋਸ਼ਟੀ ਏਨੀ ਦਿਲਚਸਪ ਸੀ ਕਿ ਸਾਨੂੰ ਉਸੇ ਥਾਂ ਬੈਠੇ ਅੱਠ ਵੱਜ ਗਏ ਸਨ। ਦੋਵੇਂ ਔਰਤਾਂ ਕਾਫ਼ੀ ਚਿਰ ਪਹਿਲਾਂ ਪਿਛਲੇ ਵਿਹੜੇ ਵਿਚ ਚਲੀਆਂ ਗਈਆਂ ਸਨ ਪਰ ਸਾਡੀਆਂ ਗੱਲਾਂ ਫਿਰ ਵੀ ਨਹੀਂ ਮੁੱਕੀਆਂ ਤਾਂ ਉਹਦੀ ਪਤਨੀ ਨੇ ਆ ਕੇ ਮਧੁਰ ਮਿੱਠੇ ਸੁਰ ਵਿਚ ਕਿਹਾ, "ਹੁਣ ਬਾਰ-ਬੀਕਿਊ ਸ਼ੁਰੂ ਕਰ ਦੇਈਏ ਜੀ!"

"ਹਾਲੇ ਤਾਂ ਪਕੌੜੇ ਵੀ ਹਜ਼ਮ ਨਹੀਂ ਹੋਏ!" ਉਹ ਢਿੱਡ 'ਤੇ ਹੱਥ ਫੇਰਦਾ ਬੋਲਿਆ।

"ਬਾਹਰ ਨਿਕਲ ਕੇ ਚਾਰ ਚੱਕਰ ਮਾਰੋ, ਪਕੌੜੇ ਬੈਠੇ-ਬੈਠੇ ਹਜ਼ਮ ਨਹੀਂ ਹੋਣੇਂ! ਬਾਹਰ ਨਿਕਲ ਕੇ ਦੇਖੋ ਤਾਂ ਸਹੀ ਕਿੰਨੀ ਸੋਹਣੀ ਹਵਾ ਚੱਲ ਰਹੀ ਹੈ।"



"ਚਲੋ ਜੀ! ਜੋ ਹੁਕਮ ਮੋਤੀਆਂ ਵਾਲੀ ਸਰਕਾਰ ਦਾ!"

ਉਹ ਹੱਸ ਕੇ ਬੋਲਿਆ ਤੇ ਅਸੀਂ ਬਾਹਰ ਆ ਗਏ।

ਅਗਸਤ ਮਹੀਨੇ ਦਾ ਪਹਿਲਾ ਹਫ਼ਤਾ ਹੋਣ ਕਰ ਕੇ ਗਰਮੀ ਤੇ ਤਪਸ਼ ਪੂਰੇ ਜੋਬਨ 'ਤੇ ਸੀ ਪਰ ਸ਼ਾਮ ਵੇਲੇ ਠੰਢੀ-ਠੰਢੀ ਹਵਾ ਸਮੁੰਦਰ ਵਿੱਚੋਂ ਉੱਠ-ਉੱਠ ਕੇ ਪੂਰੀ ਵਾਦੀ ਵਿਚ ਘੁੰਮਣ ਲੱਗ ਪਈ ਤਾਂ ਮੌਸਮ ਬਹੁਤ ਸੁਹਾਵਣਾ ਹੋ ਗਿਆ ਸੀ।

ਵੈਸੇ, ਉਨ੍ਹਾਂ ਨੇ ਧੁੱਪ ਤੇ ਗਰਮੀ ਤੋਂ ਬਚਣ ਲਈ 'ਗਜ਼ੀਬੋ' ਫਿੱਟ ਕੀਤਾ ਹੋਇਆ ਸੀ। ਉਸ ਵਿਚ ਡਾਈਨਿੰਗ ਟੇਬਲ ਤੇ ਕੁਰਸੀਆਂ ਵੀ ਰੱਖੀਆਂ ਹੋਈਆਂ ਸਨ। ਸਲੇਟੀ ਰੰਗੇ ਲੋਹੇ ਦੇ ਢਾਂਚੇ ਉੱਪਰ ਹਲਕੇ ਭੂਰੇ ਕਪੜੇ ਦੀ ਛੱਤ ਵਾਲਾ ਉਹ 'ਗਜ਼ੀਬੋ' ਵਧੀਆ ਜਚ ਰਿਹਾ ਸੀ ਤੇ ਦੋਵੇਂ ਔਰਤਾਂ ਉਸ ਵਿਚ ਬੈਠੀਆਂ ਗੱਪ-ਛੱਪ ਲੜਾ ਰਹੀਆਂ ਸਨ। ਅਸੀਂ ਚਾਰ-ਛੇ ਚੱਕਰ ਵਿਹੜੇ ਦੇ ਆਰ-ਪਾਰ ਮਾਰੇ ਤਾਂ ਲੱਤਾਂ ਕੁਝ ਮੋਕਲੀਆਂ ਹੋ ਗਈਆਂ। ਏਨੇ ਨੂੰ ਸੂਰਜ ਦੇਵਤਾ ਵੀ ਪ੍ਰਸ਼ਾਂਤ ਮਹਾਂ-ਸਾਗਰ ਵਿਚ ਡੁਬਕੀ ਮਾਰ ਗਿਆ ਤਾਂ ਉਸ ਵਾਦੀ ਦੀਆਂ ਰੌਸ਼ਨੀਆਂ ਦੇ ਨਾਲ ਹੀ 'ਗਜ਼ੀਬੋ' ਦੀਆਂ ਰੌਸ਼ਨੀਆਂ ਵੀ ਸਿਤਾਰਿਆਂ ਵਾਂਗ ਜਗਮਗਾ ਉੱਠੀਆਂ।

ਸ਼ਾਮ ਦੇ ਸੁਰਮਈ ਉਜਾਲੇ ਵਿਚ ਉਹ ਦੋਵੇਂ ਗਰਿੱਲ ਵਿਚ ਕੋਇਲੇ ਮਘਾਉਣ ਦੇ ਆਹਰ ਵਿਚ ਜੁੱਟ ਗਏ ਤਾਂ ਮੇਰੀ ਪਤਨੀ ਮੈਨੂੰ 'ਗਜ਼ੀਬੋ' ਵਿਚ ਲੈ ਆਈ ਤੇ ਕਹਿਣ ਲੱਗੀ, "ਦੇਖੋ ਕਿੰਨੀ ਸੋਹਣੀ ਲਗਦੀ ਏ, ਇਹ ਝੌਂਪੜੀ ਵਰਗੀ ਲੋਹੇ ਦੀ ਸ਼ੈੱਡ ਜਿਹੀ!"

"ਹਾਂ ਯਾਰ! ਇਹਨੂੰ 'ਗਜ਼ੀਬੋ' ਕਹਿੰਦੇ ਆ, 'ਕਾਸਕੋ' ਤੋਂ ਖਰੀਦਿਆ ਲੱਗਦਾ!"

"ਇਹਨੂੰ 'ਗਜ਼ੀਬੋ' ਜਾਂ 'ਅਜ਼ੀਬੋ' ਜੋ ਵੀ ਕਹਿੰਦੇ ਹੋਣ। ਮੈਂ ਤਾਂ ਇਹ ਕਹਿਣਾ ਚਾਹੁੰਨੀਂ ਹਾਂ ਕਿ ਜੇ ਆਪਾਂ ਵੀ ਆਪਣਾ ਘਰ ਖਰੀਦ ਲਈਏ ਤਾਂ ਇਹ ਸ਼ੈੱਡ ਜਿਹੀ ਆਪਾਂ ਵੀ ਰੱਖ ਸਕਦੇ ਹਾਂ। ਫਿਰ ਤਾਂ ਆਪਾਂ ਆਪਣਾ 'ਡੇਅ ਕੇਅਰ ਸੈਂਟਰ' ਵੀ ਖੋਲ੍ਹ ਸਕਦੇ ਹਾਂ। ਪਤਾ ਕਿੰਨੀ ਆਮਦਨ ਹੁੰਦੀ ਏ: ਪੰਜ ਛੇ ਸੌ ਡਾਲਰ ਪਰ ਬੱਚਾ ਫੀਸ ਲੈਂਦੇ ਆ! ਖੁੱਲ੍ਹਾ ਕਮਾਉਂਦੇ ਤੇ ਖੁੱਲ੍ਹਾ ਖਰਚ ਕਰਦੇ ਆ!" ਉਹ ਉਤੇਜਿਤ ਸੁਰ ਵਿਚ ਗੱਲ ਕਰ ਰਹੀ ਸੀ।

ਪਰ ਮੈਂ 'ਕੀ ਕਹਾਂ, ਕੀ ਨਾ ਕਹਾਂ?' ਦੀ ਦੁਬਿਧਾ ਵਿਚ ਫਸਿਆ ਬੈਠਾ ਸਾਂ ਕਿ ਉਹ ਦੋਵੇਂ ਜੀਅ ਇਕ ਛੋਟੀ ਜਿਹੀ ਟਰਾਲੀ ਵਿਚ ਡਰਿੰਕਸ ਤੇ 'ਐਪੀਟਾਈਜ਼ਰ' ਲੈ ਆਏ ਤੇ ਉਹ ਬੰਦਾ ਸਾਮਾਨ ਟੇਬਲ 'ਤੇ ਰੱਖ ਕੇ ਮਿੱਠੀ ਮੁਸਕਾਨ ਬਖੇਰਦਾ ਬੋਲਿਆ, "ਸਾਥੀ ਜੀ! ਕੀ ਪੀਣ ਨੂੰ ਮਨ ਕਰਦਾ: ਵਿਸਕੀ ਜਾਂ ਸਕਾੱਚ!"

"ਜੋ ਤੁਸੀਂ ਚਾਹੋ ਸਰ ਜੀ!" ਮੈਂ ਧੰਨਵਾਦੀ ਸੁਰ ਵਿਚ ਕਿਹਾ।

"ਓ ਕੇਅ! ਦੈੱਨ ਸਕਾੱਚ!" ਉਹ ਫਿਰ ਮੁਸਕਰਾ ਕੇ ਬੋਲਿਆ, "ਮਿਸਿਜ਼ ਸਾਥੀ ਜੀ! ਤੁਸੀਂ ਕੀ ਪਸੰਦ ਕਰੋਗੇ!"

"ਮੈਂ ਕੋਕ ਜਾਂ ਪੈਪਸੀ ਲੈ ਲਊਂਗੀ!" ਇਹ ਹਿਚਕਚਾਅ ਕੇ ਬੋਲੀ।

"ਇਹਨੂੰ ਆਪਾਂ ਕੋਕ 'ਚ ਥੋੜ੍ਹੀ ਸਕਾੱਚ ਮਿਲਾ ਕੇ ਦੇ ਦੇਵਾਂਗੇ!"

ਮੈਂ ਇਹਦੀ 'ਚਾਇਸ' ਦੱਸ ਦਿੱਤੀ ਤਾਂ ਉਹ ਖਿੜਖਿੜਾ ਕੇ ਹੱਸਿਆ ਤੇ ਬੋਲਿਆ, "ਦੈਟ'ਸ ਐਕਸਲੈਂਟ ਲੇਡੀਜ਼ ਡਰਿੰਕ!"

ਅਸੀਂ ਸਾਰੇ ਜਣੇ ਹੱਸਣ ਲੱਗ ਪਏ ਤੇ ਉਹ ਬੰਦਾ ਸਕਾੱਚ ਦੇ ਪੈੱਗ ਬਣਾਉਣ ਲੱਗ ਪਿਆ। ਉਹਦੀ

ਪਤਨੀ ਨੇ ਰੈੱਡ ਵਾਈਨ ਦੀ ਬੋਤਲ ਖੋਲ੍ਹ ਲਈ ਤਾਂ ਮੇਰੀ ਪਤਨੀ ਨੇ ਵੀ ਇਰਾਦਾ ਬਦਲ ਲਿਆ, "ਮੈਂ ਵੀ ਥੋੜ੍ਹੀ ਜਿੰਨੀ ਵਾਈਨ ਈ ਲੈ ਲੈਨੀਂ ਹਾਂ!"

ਬੱਸ, ਫਿਰ ਮਹਿਫ਼ਲ ਜੰਮ ਗਈ ਤੇ ਫ਼ਿਜ਼ਾ ਹੋਰ ਸੁਹਾਣੀ ਹੋ ਗਈ।

ਚਿਕਨ ਤਿਆਰ ਹੋ ਗਿਆ ਤਾਂ ਵਾਰਤਾਲਾਪ ਵੀ ਹੋਰ ਮਜ਼ੇਦਾਰ ਹੋ ਗਿਆ।


ਅਸੀਂ ਖਾਂਦੇ-ਪੀਂਦੇ ਹੱਸ-ਹੱਸ ਕੇ ਗੱਲਾਂ ਕਰਦੇ ਰਹੇ।

ਇਕੋ ਪਰਿਵਾਰ ਦੇ ਜੀਆਂ ਵਾਂਗ ਘਰੇਲੂ ਤੇ ਕੰਮਕਾਰੀ ਗੱਲਾਂ।

ਮੇਰੀ ਪਤਨੀ ਨੇ ਆਪਣੀ ਸਟੋਰ ਦੀ ਨੌਕਰੀ ਬਾਰੇ ਹਾਸ-ਵਿਅੰਗ ਭਰਪੂਰ ਟੋਟਕੇ ਇੰਝ ਮਸਾਲਾ ਲਾ-ਲਾ ਕੇ ਸੁਣਾਏ ਕਿ ਹੱਸ-ਹੱਸ ਕੇ ਵੱਖੀਆਂ ਦੁਖਣ ਲੱਗ ਪਈਆਂ। ਉਹ ਬੰਦਾ ਆਪਣੇ ਰੰਗ ਕਾਰਨ ਝੱਲਣੀਆਂ ਪਈਆਂ ਦੁਸ਼ਵਾਰੀਆਂ ਦੀ ਕੁੜੱਤਣ ਨੂੰ ਘੱਟ ਕਰਨ ਲਈ ਨਸਲਵਾਦੀ ਮੂਰਖਾਂ ਦਾ ਮਜ਼ਾਕ ਉਡਾਉਣ ਲੱਗ ਪਿਆ ਤਾਂ ਉਸ ਵਿੱਚੋਂ ਵੀ ਉਹਦੇ ਚਿੰਤਨ ਦਾ ਖੱਟਾ-ਮਿੱਠਾ ਸਵਾਦ ਆਉਂਦਾ ਰਿਹਾ। ਉਹਦੀ ਪਤਨੀ ਨੇ 'ਡੇਅ ਕੇਅਰ ਸੈਂਟਰ' ਦੇ ਹਰ ਰੰਗ, ਜਾਤ ਅਤੇ ਨਸਲ ਦੇ ਬੱਚਿਆਂ ਨਾਲ ਆਪਣੇ ਇਕੋ ਜਿਹੇ ਮੋਹ-ਪਿਆਰ ਦੀਆਂ ਗੱਲਾਂ ਛੇੜ ਲਈਆਂ ਤਾਂ ਉਹ ਮਮਤਾ ਦੀ ਦੇਵੀ ਜਾਪਣ ਲੱਗ ਪਈ। ਮੈਂ ਆਪਣੀ ਪਤਨੀ ਦੇ ਨਾਂ ਲਿਖੀਆਂ ਦੋ ਤਾਜ਼ਾ ਪਿਆਰ-ਨਜ਼ਮਾਂ ਸੁਣਾਈਆਂ ਤਾਂ ਉਨ੍ਹਾਂ ਦੋਵਾਂ ਨੇ ਭਰਪੂਰ ਦਾਦ ਦਿੱਤੀ ਤੇ ਮੇਰੀ ਪਤਨੀ ਨੇ ਸਰੂਰ ਭਰੀਆਂ ਤਾਲੀਆਂ ਹੱਸ-ਹੱਸ ਕੇ ਵਜਾਈਆਂ।

ਅਗਲੀ ਸੁਬਹਾ ਅਸੀਂ ਉਨ੍ਹਾਂ ਤੋਂ ਤੁਰਨ ਦੀ ਆਗਿਆ ਮੰਗੀ ਤਾਂ ਉਹ ਬੰਦੇ ਦੇ ਚਿਹਰੇ ਉੱਪਰ ਨਵੀਂ ਕਿਸਮ ਦੀ ਪ੍ਰਾਪਤੀ ਤੇ ਸੰਤੁਸ਼ਟੀ ਦਾ ਨੂਰ ਚਮਕ ਰਿਹਾ ਸੀ ਤੇ ਮੈਂ ਵੀ ਖੁਸ਼ੀ ਨਾਲ ਖੀਵਾ ਹੋਇਆ ਪਿਆ ਸਾਂ ... ਤੇ ਉਹ ਮਹਾਨ ਪਲ ਇਕ ਸਦੀਵੀ ਯਾਦਗਾਰ ਬਣ ਕੇ ਮੇਰੀ ਰੂਹ ਵਿਚ ਵਸ ਗਏ ਹਨ। ਉਹ ਬੰਦੇ ਨੇ ਮੇਰੇ ਸੋਚ ਕੇਂਦਰ ਦੇ ਕਿੰਨੇ ਨਵੇਂ ਝਰੋਖੇ ਖੋਲ੍ਹ ਦਿੱਤੇ ਹਨ। ਜਦੋਂ ਕੋਈ ਇਕ ਝਰੋਖਾ ਬੰਦ ਹੁੰਦਾ ਹੈ ਤਾਂ ਉਹ ਨਵ-ਚਿੰਤਨ ਦੀ ਜਗਦੀ ਮਸ਼ਾਲ ਲੈ ਕੇ ਮੇਰੇ ਰੂਬਰੂ ਆ ਖਲੋਂਦਾ ਹੈ ਅਤੇ ਮੈਨੂੰ ਆਪਣੇ ਚਿੰਤਨ ਦੇ ਨਵੇਂ ਦਿਸਹੱਦੇ ਤੇ ਜ਼ਿੰਦਗੀ ਦੇ ਨਵੇਂ ਰਾਹ ਦਿਸਣ ਲੱਗ ਪੈਂਦੇ ਹਨ।

ਉਹ ਬੰਦੇ ਦੀ ਪ੍ਰੇਰਨਾ ਸਦਕਾ, ਮੈਂ ਅਧਿਐਨ ਤੇ ਸਿਰਜਨ ਕਾਰਜ ਵਿਚ ਪੂਰੀ ਸ਼ਿੱਦਤ, ਪ੍ਰਤੀਬੱਧਤਾ ਅਤੇ ਤਨਦੇਹੀ ਨਾਲ ਜੁੱਟਿਆ ਹੋਇਆ ਹਾਂ। ਐਫਰੋ-ਅਮਰੀਕਨ ਉਰਫ਼ ਕਾਲੇ ਸਾਹਿਤ ਬਾਰੇ ਮੇਰਾ ਖੋਜ ਕਾਰਜ ਮੁਕੰਮਲ ਹੋ ਗਿਆ ਹੈ। ਥੀਸਿਸ ਛਪਣ ਲਈ ਤਿਆਰੀ ਕਰ ਲਈ ਹੈ ਤਾਂ 'ਮਾਰਕਸਵਾਦੀ ਸਿਧਾਂਤ ਵਿਚ ਵਿਕਾਸ ਦੀ ਲੋੜ ਤੇ ਸੰਭਾਵਨਾ' ਬਾਰੇ ਪੁਨਰ-ਚਿੰਤਨ ਸ਼ੁਰੂ ਕਰ ਲਿਆ ਹੈ। ਇਸ ਅਧਿਐਨ ਕਾਰਜ ਵਿਚ ਮੈਂ ਏਨੇ ਚਾਅ, ਉਤਸ਼ਾਹ ਅਤੇ ਲਗਨ ਨਾਲ ਰੁੱਝਾ ਹੋਇਆ ਹਾਂ ਕਿ ਮੈਨੂੰ ਆਪਣਾ ਜੀਵਨ ਹੋਰ ਵਧੇਰੇ ਸਾਰਥਕ ਤੇ ਮਹੱਤਵਪੂਰਨ ਜਾਪਣ ਲੱਗ ਪਿਆ ਹੈ।





## ਕਹਾਣੀ / ਭਗਵੇਂ ਬੱਦਲਾਂ 'ਚ ਫਸੇ ਸਿੰਗ / -ਦੀਪਤੀ ਬਬੂਟਾ

"ਸੁੱਖ ਦਾ ਦਿਨ ਚੜ੍ਹਾਈਂ ਮਾਲਕਾ...।"

ਅੱਧਖੁੱਲ੍ਹੀਆਂ ਜਿਹੀਆਂ ਅੱਖਾਂ। ਦਰਵਾਜ਼ਾ ਟੋਂਹਦਿਆਂ ਕੁੰਡੀ ਖੋਲ੍ਹੀ। ਜਾਂਦਾ ਸਾਵਣ ਵਰ੍ਹਨ ਦਾ ਚਾਅ ਪੂਰਾ ਕਰਨ ਲਈ ਆਕਾਸ਼ ਦੀ ਹਿੱਕ 'ਤੇ ਕਾਲੀ ਘਟਾ ਬਣ ਕੇ ਚੜ੍ਹਿਆ ਹੋਇਆ। ਮੌਸਮ ਦੇ ਮਿਜ਼ਾਜ ਨੇ ਸਰੀਰ 'ਚ ਧੁਣਧੁਣੀ ਜਿਹੀ ਛੇੜੀ। ਸੈਰ ਦਾ ਵਿਚਾਰ ਤਿਆਗ ਪੈਰ ਵਾਪਸ ਬੈੱਡ-ਰੂਮ ਵੱਲ ਮੁੜ ਪਏ। ਸਿਰ ਹੇਠ ਬਾਂਹ ਦਿੱਤੀ ਪਤਨੀ ਘੂਕ ਸੁੱਤੀ ਪਈ ਹੈ। ਸਿਰਹਾਣੇ 'ਤੇ ਖਿੱਲਰੇ ਉਸ ਦੇ ਘੁੰਗਰਾਲੇ ਕਾਲੇ ਵਾਲਾਂ ਵਿੱਚ ਕੋਈ-ਕੋਈ ਚਿੱਟਾ ਕੁੰਡਲ। ਲੱਗਿਆ ਸਾਉਣ ਘਟਾਵਾਂ ਕਮਰੇ ਅੰਦਰ ਉਤਰ ਆਈਆਂ ਹੋਣ। ਸ਼ਰਾਰਤੀ ਧੜਕਣ ਬੈੱਡ ਵੱਲ ਵਧੀ ਸੀ ਕਿ...ਬਾਂਅ...ਬਾਂਅ...!

ਗਾਂਵਾਂ ਦੇ ਅੜਿੰਗਣ ਦੀ ਆਵਾਜ਼ ਸੁਣ ਪਿਛਲੇ ਪੈਰੀਂ ਮੇਨ-ਗੇਟ ਵੱਲ ਹੋ ਗਿਆ। ਗੇਟ ਖੋਲ੍ਹਿਆ। ਕੜਕੜ ਬਿਜਲੀ ਲਿਸ਼ਕੇ। ਚਮਕ ਬਗੀਚੇ 'ਤੇ ਪਈ। ਖਿੜੀ ਗੁਲਜ਼ਾਰ ਖੁਰਦ-ਬੁਰਦ। ਬਗੀਚੇ ਨੂੰ ਹਰਾ-ਭਰਾ ਛੱਡ ਮੈਂ ਬੀਤੀ ਰਾਤ ਸਕੂਨ ਨਾਲ ਘਰ ਦਾ ਗੇਟ ਬੰਦ ਕੀਤਾ ਸੀ। ਉੱਠਦੇ ਸਾਰ ਰੁੰਡ-ਮੁੰਡ ਹੋਇਆ ਵੇਖ ਕੁੱਝ ਮਿੰਟ ਪਹਿਲਾਂ ਦਿਲ ਦਿਮਾਗ 'ਤੇ ਛਾਇਆ ਕੁਦਰਤ ਦਾ ਹਸੀਨ ਨਜ਼ਾਰਾ ਪਲ-ਛਿਣ ਵਿੱਚ ਉੱਡ-ਪੁੱਡ ਗਿਆ।

' ਕੰਡਿਆਲੀ ਤਾਰ ਦੇ ਨਾਲ ਬਗੀਚੇ ਦੀ ਸੁਰੱਖਿਆ ਵਾਸਤੇ ਲਗਾਈ ਥੋਹਰ ਵੀ ਇਹ ਟੱਪ ਗਈਆਂ। ਕੀ ਕਰਾਂ? ਗੁੱਸਾ ਕਿਸ 'ਤੇ ਕੱਢਾਂ...? '

ਲਾਚਾਰ ਦਿਲ ਅੱਖਾਂ ਥਾਣੀਂ ਛਲਕ ਪਿਆ। ਆਸੇ-ਪਾਸੇ ਨਜ਼ਰ ਦੌੜਾਈ। ਗੁਆਂਢੀਆਂ ਦੇ ਘਰ ਦੇ ਬਾਹਰ ਉੱਗੇ ਘਾਹ 'ਚ ਮੇਰੇ ਬਗੀਚੇ ਦੇ ਲੁਟੇਰੇ ਪਸ਼ੂ ਮੂੰਹ ਮਾਰੀ ਜਾਣ। ਬੱਸ, ਫਿਰ ਕੀ ਸੀ? ਪਾਰਾ ਚੜ੍ਹ ਗਿਆ। ਅੱਖਾਂ ਅੱਗ ਵਰ੍ਹਾਉਣ ਲੱਗੀਆਂ ਤੇ ਜ਼ੁਬਾਨ ਗਾਲ੍ਹਾਂ ਦੀ ਬੰਬਾਰਮੈਂਟ।

"ਜਦੋਂ ਤੱਕ ਦੁੱਧ ਦੇਣਗੀਆਂ, ਗਊ ਮਾਤਾ। ਖੱਸੜ ਹੁੰਦਿਆਂ ਟਰਾਲੀਆਂ 'ਚ ਭਰਨਗੇ ਤੇ ਮੂੰਹ-ਨ੍ਹੇਰੇ ਸ਼ਹਿਰਾਂ ਵੱਲ ਧੱਕਾ ਮਾਰ ਜਾਣਗੇ। ਵੱਛੀਆਂ ਹੋਣ ਤਾਂ ਸੁੱਕੇ-ਗਿੱਲੇ 'ਤੇ ਪਾਲ ਲੈਣਗੇ। ਵੱਛੇ ਸਾਲੇ ਪਿਉ ਆਵਦੇ ਛੱਡ ਜਾਣਗੇ ਲੋਕਾਂ ਨੂੰ ਢੁੱਡ ਮਾਰਨ ਲਈ। ਹਾਈਟੈਕ ਸ਼ਹਿਰੀ ਕਾਲੋਨੀਆਂ 'ਚ ਦੁਧਾਰੂ ਪਸੂ ਪਾਲਣ ਦੀ ਮਨਾਹੀ। ਆਵਾਰਾ ਪਸ਼ੂਆਂ ਦੇ ਦਾਖਲੇ 'ਤੇ ਚੁੱਪੀ। ਇੱਥੇ ਕੋਈ ਕਿਉਂ ਨਹੀਂ ਬੋਲਦਾ? ਕੋਈ ਕਿਉਂ? ਮੈਂ ਕਿਉਂ ਨਹੀਂ ਬੋਲਦਾ? ਮੈਂ ਵੀ ਤਾਂ ਚੁੱਪ ਹੀ ਹਾਂ। ਡਰਿਆ ਬੰਦਾ ਹੋਰ ਕਰ ਵੀ ਕੀ ਸਕਦੈ?"

ਅੱਗ ਭਬੂਕਾ ਹੋਏ ਨੇ ਸੜਕ ਕਿਨਾਰੇ ਲੱਗੇ ਅਸ਼ੋਕਾ ਟ੍ਰੀ ਦੀ ਟਹਿਣੀ ਤੋੜੀ ਤੇ ਗਾਂ ਤੇ ਵੱਛੇ ਦੇ ਗਿੱਟੇ ਸੇਕ ਸੁੱਟੇ। ਅਚਾਨਕ ਹੋਏ ਵਾਰ ਤੋਂ ਹੜਬੜਾਏ ਗਾਂ ਤੇ ਵੱਛਾ ਪੂਛ ਚੁੱਕ ਕੇ ਭੱਜ ਪਏ। ਕਈ ਗਲੀਆਂ ਪਾਰ ਕਰਨ ਤੱਕ ਹਵਾ 'ਚ ਟਹਿਣੀ ਲਹਿਰਾਉਂਦਾ ਉਨ੍ਹਾਂ ਬੋਲ ਕਬੋਲ ਬੋਲਦਾ, ਮੈਂ ਮਗਰੇ-ਮਗਰ ਭੱਜ ਪਿਆ। ਅੱਖੋਂ ਉਹਲੇ ਹੁੰਦਿਆਂ ਮੈਂ ਘਰ ਵੱਲ ਮੁੜ ਪਿਆ। ਘਰ ਦੀ ਗਲੀ ਦਾ ਮੋੜ ਮੁੜਿਆ ਸੀ ਕਿ ਕੰਨਾਂ 'ਚ ਫਿਰ ਗਾਂ ਦੇ ਅੜਿੰਗਣ ਦੀ ਆਵਾਜ਼ ਪੈ ਗਈ। ਉਹੀ ਚਿਤਕਬਰੀ ਜਿਹੀ ਗਾਂ ਤੇ ਕਾਲਾ ਸਿਆਹ ਵੱਛਾ। ਮੇਰੇ ਤੋਂ ਵੀ ਪਹਿਲਾਂ ਮੇਰੇ ਘਰ ਦੇ ਸ਼ੈੱਡ ਹੇਠ ਪਹੁੰਚੇ ਹੋਏ। ਮੈਂ ਦਹਾੜ ਕੇ 'ਹ...ਤੱਤ, ਤੱਤ' ਕਰਦਾ ਫਿਰ ਉਨ੍ਹਾਂ ਦੇ ਮਗਰ ਪੈ ਗਿਆ। ਉਹ ਭੱਜ ਕੇ ਨਜ਼ਦੀਕੀ ਪਾਰਕ 'ਚ ਵੜ ਗਏ। ਮੈਂ ਜ਼ਮੀਨ ਤੋਂ ਵੱਟਾ ਚੁੱਕਿਆ ਤੇ ਚਲਾਵਾਂ ਵਗਾਹ ਮਾਰਿਆ। ਵੱਛੇ ਦੇ ਪਿਛਲੇ ਖੁਰ ਨਾਲ ਮਾਮੂਲੀ ਜਿਹਾ ਖਹਿ ਕੇ ਵੱਟਾ ਬੁੜ੍ਹਕਦਾ ਦੂਰ ਜਾ ਪਿਆ। ਵੱਛੇ ਨੇ ਛੜੱਪਾ ਮਾਰਿਆ ਪਰ ਉਹ ਦੋਵੇਂ ਭੱਜੇ ਨਹੀਂ। ਰੌਂਅ ਵਿੱਚ ਤੁਰਦੇ ਪਾਰਕ ਦਾ ਦੂਸਰਾ ਸਿਰਾ

ਪਾਰ ਕਰ ਅਗਲੀ ਗਲੀ ਦਾ ਮੋੜ ਮੁੜ ਗਏ।

ਮੈਂ ਆਪਣੇ-ਆਪ ਨੂੰ ਹੌਸਲਾ ਦਿੱਤਾ, 'ਹੁਣ ਨਹੀਂ ਮੁੜਦੇ।' ਨਾਲੋਂ-ਨਾਲ ਨਵਾਂ ਵਿਚਾਰ ਉੱਠ ਖਲੋਤਾ, ' ਕੀ ਗਾਰੰਟੀ ਕਿ ਹੋਰ ਗਾਂਵਾਂ-ਵੱਛੇ ਨਹੀਂ ਆਉਣਗੇ? ਜੋ ਬਗੀਚਾ ਉੱਜੜ ਗਿਆ ਆਬਾਦ ਹੋਣ 'ਚ ਕਿੰਨਾ ਸਮਾਂ ਲੱਗੇ ਕੀ ਪਤਾ। ਇਹਨਾ ਦਾ ਉਜਾੜਿਆ ਆਬਾਦ ਹੋਏ ਜਾਂ ਨਾ, ਕੌਣ ਜਾਣੇ? ਇਹ ਤਾਂ ਫਿਰ ਬਗੀਚਾ। ਉਹ ਵਿਚਾਰਾ ਬਸ਼ੀਰ ਅਹਿਮਦ। ਜੀਉਂਦਾ-ਜਾਗਦਾ ਇਨਸਾਨ। ਕਿੰਨਾ ਗਿੜਗਿੜਾਇਆ ਸੀ ਉਦੋਂ।

"ਜੱਜ ਸਾਬ੍ਹ ਧੀ ਨੂੰ ਜਨਮ ਦਿੰਦਿਆਂ ਸਾਰ ਮੇਰੀ ਜਮੀਲਾ ਅੱਲ੍ਹਾ ਨੂੰ ਪਿਆਰੀ ਹੋ ਗਈ। ਡਾਕਟਰਾਂ ਨੇ ਬੱਚੀ ਨੂੰ ਗੋਕਾ ਦੁੱਧ ਪਿਆਉਣ ਦੀ ਹਿਦੈਤ ਕੀਤੀ ਸੀ। ਮੈਂ ਕੰਮ-ਕਾਰ ਲਈ ਬਾਹਰ ਰਹਿੰਨਾ। ਮਾਂ ਮੇਰੀ ਨੇ ਬਾਲੜੀ ਨੂੰ ਘਰ ਦੇ ਗੋਕੇ ਦੁੱਧ 'ਤੇ ਪਾਲਣ ਦੀ ਸੋਚ ਕੇ ਮੇਰੇ 'ਤੇ ਗਾਂ ਖਰੀਦ ਲਿਆਉਣ ਲਈ ਜੋਰ ਪਾਇਆ। ਬਾਲੜੀ ਦੇ ਮੋਹ 'ਚ ਮੈਂ ਪਸ਼ੂ ਮੰਡੀ 'ਚੋਂ ਸੱਜਰ ਗਾਂ ਖਰੀਦ ਲਿਆਇਆ। ਗਾਂ ਦੇ ਮਗਰ ਛੀਆਂ-ਸੱਤਾਂ ਦਿਨਾਂ ਦਾ ਵੱਛਾ ਸੀ। ਮੇਰੀ ਜਾਣੇ ਬਲਾਂ... । ਮੈਂ ਆਵਦੀ ਮੌਤ ਦਾ ਸਾਮਾਨ ਬੰਨ੍ਹ ਕੇ ਘਰ ਵੱਲ ਨੂੰ ਤੁਰਿਆ ਸਾਂ। ਘਰ ਪਹੁੰਚਣਾ ਵੀ ਨਸੀਬ ਨਹੀਂ ਹੋਇਆ। ਲਲਾ-ਲਲਾ ਕਰਦੀ ਭੀੜ ਨੇ ਮੇਰੇ 'ਤੇ ਹੱਲਾ ਬੋਲ 'ਤਾ। ਮੈਨੂੰ ਤਾਂ ਸਮਝ ਨਹੀਂ ਆਈ ਕਿ ਮੇਰੇ ਨਾਲ ਕਿਹੜੀ ਬੀਤੀ ਏ। ਮੇਰੇ ਕੋਲ ਕੋਈ ਹਥਿਆਰ ਨਹੀਂ ਸੀ। ਗਾਂ ਤੇ ਵੱਛੇ ਨੂੰ ਮੈਂ ਟੋਟੇ-ਟੋਟੇ... ।" ਬੋਲਦਾ ਉਹ ਹੁਬਕੀਂ ਰੋ ਪਿਆ। ਕੁੱਝ ਚਿਰ ਅਦਾਲਤ ਵਿੱਚ ਚੁੱਪ-ਚਾਂ ਪਸਰੀ ਰਹੀ। ਫਿਰ ਆਪਣੇ-ਆਪ ਨੂੰ ਸੰਭਾਲਿਆ ਤੇ ਹੌਲੀ-ਹੌਲੀ ਜ਼ੁਬਾਨ ਪੁੱਟੀ।

"ਭੀੜ ਕਿਹੜੇ ਪਾਸਿਓਂ ਆਈ? ਕਿਸ ਗੱਲ ਨੂੰ ਲੈ ਕੇ ਖ਼ੂਨੀ ਹੋਲੀ ਖੇਡਣ ਲਈ ਚੰਘਾੜੇ ਮਾਰੇ...? ਮੈਨੂੰ ਨਹੀਂ ਪਤਾ। ਕੌਣ ਕਿੱਧਰੋਂ ਘਸੁੰਨ ਮੁੱਕੀ ਹੋਇਆ? ਕੁੱਝ ਪਤਾ ਨਹੀਂ। ਹਾਂ, ਮੇਰੀਆਂ ਅੱਖਾਂ ਉਸ ਦ੍ਰਿਸ਼ ਦੀਆਂ ਪੱਕੀਆਂ ਗਵਾਹ ਨੇ ਜਦੋਂ ਗਾਂ ਤੇ ਵੱਛਾ ਆਖਰੀ ਸਾਹਾਂ 'ਤੇ ਸਨ। ਲੋਕਾਂ ਦੀ ਮਾਰ ਦਾ ਭੰਨਿਆ ਮੈਂ ਬੇਹੋਸ਼ ਹੋ ਗਿਆ। ਹੋਸ਼ ਆਈ ਤਾਂ ਹਸਪਤਾਲ ਦੇ ਵਾਰਡ 'ਚ ਮੇਰੇ ਬਿਆਨ ਲੈਣ ਦੀ ਬਜਾਏ ਤਫ਼ਤੀਸ਼ੀ ਅਧਿਕਾਰੀ ਮੈਨੂੰ ਗਾਂ ਤੇ ਵੱਛੇ ਦਾ ਕਾਤਲ ਠਹਿਰਾਉਣ 'ਤੇ ਤੁਲਿਆ ਹੋਇਆ। ਮੈਂ ਸੱਚਾ ਮੁਸਾਲਮਾਨ ਹਾਂ। ਹਲਾਲ ਤਾਂ ਕੀ? ਮੇਰੇ ਚੁੱਲ੍ਹੇ ਅੰਡਾ ਤੱਕ ਨਹੀਂ ਰਿੱਝਿਆ ਕਦੀ। ਮੇਰੇ 'ਤੇ ਝੂਠਾ ਇਲਜ਼ਾਮ ਮੜ੍ਹਿਆ ਜਾ ਰਿਹੈ ਜੱਜ ਸਾਹਿਬ। ਮੇਰੇ ਕੋਲ ਪੂਰੇ ਕਾਗਜ਼ਾਤ ਹਨ ਗਾਂ ਨੂੰ ਖਰੀਦਣ ਦੇ। ਰੱਬ ਦਾ ਵਾਸਤਾ, ਮੇਰੀ ਬਾਲੜੀ ਦਾ ਖ਼ਿਆਲ ਕਰੋ। ਰਹਿਮ ਕਰੋ ਹਜ਼ੂਰ, ਰਹਿਮ ... !"

ਵਿਚਾਰਾ ਬਿਨ ਮਾਂ ਦੀ ਧੀ ਦੇ ਵਾਸਤੇ ਪਾਵੇ। ਭੀੜ ਉਸ ਦੇ ਹੰਝੂਆਂ ਤੇ ਭਾਰੀ ਪੈ ਗਈ। ਉਸ ਦੇ ਵਿਰੋਧ 'ਚ ਸਜ਼ਾ ਦੀ ਮੰਗ ਕਰਦੇ ਧਾਰਮਿਕ ਦਲਾਂ ਜਾਂ ਧਰਮ ਦੇ ਠੇਕੇਦਾਰਾਂ ਦੇ ਇਸ਼ਾਰੇ ਨੇ ਥਾਂ-ਥਾਂ ਅੱਗਾਂ ਲਾ ਦਿੱਤੀਆਂ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਜੱਜ ਸਾਹਿਬ ਨੇ ਸੁਣਵਾਈ ਲਈ ਅਗਲੀ ਤਾਰੀਖ ਪਾ ਕੇ ਬਸ਼ੀਰ ਦਾ ਜੁਡੀਸ਼ੀਅਲ ਰਿਮਾਂਡ ਹੋਰ ਵਧਾ ਦਿੱਤਾ। ਕਾਸ਼ ! ਉਹ ਜੇਲ੍ਹ 'ਚ ਹੀ ਪਿਆ ਰਹਿੰਦਾ। ਤਾਰੀਖ 'ਤੇ ਤਾਰੀਖ ਪੈਂਦੀ ਰਹਿੰਦੀ।

ਪਰ... !

ਜਿਵੇਂ ਹੀ ਹੱਥਕੜੀ ਲੱਗੇ ਬਸ਼ੀਰ ਨੂੰ ਪੇਸ਼ੀ ਭੁਗਤਾ ਕੇ ਪੁਲਿਸ ਕਰਮਚਾਰੀ ਅਦਾਲਤ 'ਚੋਂ ਲੈ ਕੇ ਪੁਲਿਸ ਵੈਨ ਵੱਲ ਵਧੇ ਭੀੜ ਨੇ ਹਮਲਾ ਬੋਲ ਦਿੱਤਾ। ਬਸ਼ੀਰ ਦੀ ਬੋਟੀ-ਬੋਟੀ ਕਰਕੇ ਹੁੜਦੰਗ ਮਚਾਉਂਦੀ ਭੀੜ ਤਿੱਤਰ-ਬਿੱਤਰ ਹੋ ਗਈ। ਭੀੜ ਦਾ ਕੋਈ ਸਿਰ ਨਹੀਂ ਹੁੰਦਾ। ਬੇਪਛਾਣ ਧੜਾਂ ਮੁਹਰੇ ਬਸ਼ੀਰ ਦੇ ਹਾੜੇ-ਵਾਸਤੇ ਕਾਨੂੰਨ ਦੀ ਤੱਕੜੀ 'ਚ ਡਾਵਾਂਡੋਲ ਹੁੰਦੇ ਫਾਇਲਾਂ 'ਚ ਦਮ ਘੁੱਟ ਗਏ।

ਵਿਚਲਿਤ ਮਨ ਸੋਚਾਂ ਨੇ ਘੇਰ ਲਿਆ। ਧਰਮ ਤੇ ਰਾਜਨੀਤੀ ਦੇ ਹੱਥਾਂ 'ਚ ਖੇਡਦੇ ਜਾਨਵਰ



ਅੰਦਰ ਕੋਹਣ ਲੱਗੇ। ਪਹਿਲਾ ਸੁਤੰਤਰਤਾ ਸੰਗ੍ਰਾਮ ਛੇੜ ਕੇ ਗੋਰਿਆਂ ਦੀ ਸੁੱਤੀ ਕਲਾ ਜਗਾਉਣ ਵਾਲਾ ਮੰਗਲ ਪਾਂਡੇ ਮਨ ਦੀ ਜ਼ਮੀਨ 'ਤੇ ਆ ਖੜ੍ਹਿਆ। ਹਿੰਮਤ ਦਿਖਾਈ ਤੇ ਗੋਰਿਆਂ ਨੂੰ ਭਾਜੜਾਂ ਪਾ ਦਿੱਤੀਆਂ। ਕੀ ਅਸੀਂ ਐਸੇ ਮੋੜ 'ਤੇ ਆਣ ਖੜ੍ਹੇ ਹਾਂ? ਜਿੱਥੇ ਧਰਮ ਨਿਰਪੱਖਤਾ ਨੂੰ ਬਚਾਉਣ ਲਈ ਮੰਗਲ ਪਾਂਡੇ ਨੂੰ ਪੁਨਰ-ਜਨਮ ਲੈਣਾ ਪਵੇਗਾ? ਉਹ ਮੰਗਲ ਪਾਂਡੇ ਸਾਡੇ ਅੰਦਰ ਸਾਹ ਕਿਉਂ ਨਹੀਂ ਲੈਂਦਾ? ਸੰਵਿਧਾਨ 'ਵਿਚਾਰ ਦੀ ਆਜ਼ਾਦੀ', ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਕਿਸੇ ਮਤ ਨੂੰ ਮੰਨਣ ਤੇ ਪੂਜਾ ਅਰਚਣਾ ਦੀ ਆਜ਼ਾਦੀ ਅਤੇ ਸਟੇਟੱਸ ਤੇ ਅਵਸਰ ਦੀ ਆਜ਼ਾਦੀ ਮਾਨਣ ਦਾ ਅਧਿਕਾਰ ਦਿੰਦਾ ਹੈ। ਜੇ ਸੰਵਿਧਾਨ 'ਚ ਲਿਖੇ ਨੂੰ ਮੰਨਣਾ ਹੀ ਨਹੀਂ ਤਾਂ ਇਸ ਪੋਥੀ ਦੇ ਕੀ ਅਰਥ ? 'ਕਦੀ ਗਊ ਹਮਾਰੀ ਮਾਤਾ' ਕਦੀ ਬੋਲੋ 'ਜੈ ਸ਼੍ਰੀ ਰਾਮ, ਨਹੀਂ ਤਾਂ ਗੋਲੀ ਖਾਉ। ਡਿਸ਼ਕੂੰਅਮ... ।' ਆਪਣੇ ਅੰਦਰੋਂ ਆਈ ਗੋਲੀ ਦੀ ਆਵਾਜ਼ 'ਤੋਂ ਤ੍ਰਹਿ ਕੇ ਮੈਂ ਹੱਥ 'ਚ ਫੜੀ ਛੜੀ ਸੁੱਟ ਦਿੱਤੀ। ਜਾਨਵਰ ਅੱਗੇ ਬੰਦਾ ਬੇਵੱਸ। ਮੈਂ ਘਰ ਵੱਲ ਮੁੜ ਪਿਆ।

ਗੇਟ ਤੱਕ ਪਹੁੰਚਿਆ। ਇਕਦਮ ਤੇਜ਼ ਮੀਂਹ ਲਹਿ ਪਿਆ। ਮੈਂ ਪਿੱਛੇ ਮੁੜ ਕੇ ਵੇਖਿਆ। ਕੋਈ ਬੰਦਾ ਨਾ ਪਰਿੰਦਾ।

"ਲੈ ਬਈ ਹੁਣ ਨਹੀਂ ਆਉਂਦੇ। ਮੀਂਹ ਤੋਂ ਬਚਣ ਲਈ ਕਿਸੇ ਪਾਸੇ ਬਹਿ ਜਾਣਗੇ।" ਗਾਂ ਤੇ ਵੱਛੇ ਦਾ ਥਕਾਇਆ ਮਨ ਚਾਹ ਪੀਣ ਦੀ ਜ਼ਿੱਦ ਕਰਨ ਲੱਗਿਆ। ਰਸੋਈਆ ਕੁਝ ਦਿਨਾਂ ਤੋਂ ਛੁੱਟੀ 'ਤੇ ਚੱਲ ਰਿਹੈ। ਪਤਨੀ ਦੇਵੀ ਜੀ ਅਜੇ ਸੌਂ ਰਹੇ ਨੇ ਤੇ ਕੰਮ ਕਰਨ ਵਾਲੀ ਕਦੋਂ ਆਵੇ, ਪਤਾ ਨਹੀਂ।

'ਚੱਲ ਮਨਾ...ਆਪ ਹਿੰਮਤ ਮਾਰ।' ਆਪਣੇ ਆਪ ਨੂੰ ਹੱਲਾਸ਼ੇਰੀ ਦਿੱਤੀ ਤੇ ਚਾਹ ਵਾਲਾ ਪੈਨ ਚੁੱਲ੍ਹੇ ਧਰ ਚਾਹ ਚੜ੍ਹਾ ਦਿੱਤੀ। ਗੜ੍ਹ-ਗੜ੍ਹ ਕਰਦੀ ਚਾਹ ਵੇਖ ਮੇਰਾ ਹਾਸਾ ਛੁੱਟ ਗਿਆ। ਵਿਚਾਰੀ ! ਇਹ ਵੀ ਮੇਰੇ ਵਾਂਗ ਅੰਦਰੇ-ਅੰਦਰ ਉਬਲੀ ਜਾਂਦੀ ਏ।

ਉਬਾਲੇ ਖਾਂਦੀ ਚਾਹ ਕੱਪ 'ਚ ਪਾ ਕੇ ਗਰਮਾ-ਗਰਮ ਚੁਸਕੀ ਭਰਦਾ ਅਗਲੇ ਵਿਹੜੇ ਵੱਲ ਚੱਲ ਪਿਆ। ਲੋਹੇ ਨੂੰ ਲੋਹਾ ਕੱਟਣ ਵਾਂਗ ਗੁੱਸੇ ਦੀ ਅੱਗ ਨੂੰ ਚਾਹ ਦਾ ਸੇਕ ਕਾਟ ਕਰਨ ਲੱਗਿਆ। ਚਾਹ ਪੀ ਕੇ ਕੁਰਸੀ ਤੋਂ ਉੱਠ ਕੇ ਅੰਦਰ ਵੱਲ ਮੁੜਿਆ ਸੀ ਕਿ "ਬਾਂਅ...ਬਾਂਅ" ਸੁਣ ਮੈਨੂੰ ਉੱਬੂ ਆ ਗਿਆ। ਹੱਥੋਂ ਛੁੱਟਦਾ ਖਾਲੀ ਕੱਪ ਮੁਸ਼ਕਿਲ ਨਾਲ ਸੰਭਾਲ ਕੇ ਮੇਨ ਗੇਟ ਦੇ ਪਿੱਲਰ 'ਤੇ ਟਿਕਾਇਆ ਤੇ ਡਾਂਗ-ਸੋਟੀ ਦੀ ਤਲਾਸ਼ ਕਰਦਾ ਭਮੱਤਰ ਕੇ ਇੱਧਰ-ਉੱਧਰ ਹੱਥ-ਪੈਰ ਮਾਰਨ ਲੱਗਿਆ।

ਕੋਈ ਡਾਂਗ ਜਾਂ ਸੋਟੀ ਹੱਥ ਨਾ ਆਈ ਤਾਂ ਵਿਹੜੇ 'ਚ ਪਿਆ ਵਾਈਪਰ ਚੁੱਕ ਲਿਆ। 'ਹ...ਤੱਤ..ਤੱਤ' ਕਰਦਾ ਉਨ੍ਹਾਂ ਨੂੰ ਅੱਗੇ ਲਾ ਮੈਂ ਕਿੰਨੀਆਂ ਗਲੀਆਂ ਲੰਘ ਗਿਆ ਪਤਾ ਨਹੀਂ। ਸਾਹ ਚੜ੍ਹਨ ਲੱਗਿਆ ਤਾਂ ਹਾਰ ਕੇ ਘਰ ਵੱਲ ਨੂੰ ਮੁੜ ਪਿਆ। ਹਫਦੇ ਹੋਏ ਨੇ ਕੁਰਸੀ ਘਸੀਟੀ ਤੇ ਵਾਈਪਰ ਹੱਥ 'ਚ ਲੈ ਕੇ ਬਾਹਰ ਗੇਟ ਕੋਲ ਹੀ ਬਹਿ ਗਿਆ।

"ਚੋਰ ਤੇ ਜਾਨਵਰ ਦੋਵੇਂ ਜਾਨ ਦਾ ਖੌਅ। ਜਿੰਨਾ ਮਰਜ਼ੀ ਆਪਣਾ ਬਚਾਅ ਕਰ ਲਵੋ। ਇਹ ਅੱਖ ਦੇ ਫੋਰ 'ਚ ਤੁਹਾਨੂੰ ਕਦੋਂ ਰਗੜਾ ਲਾ ਜਾਣ ਤੁਹਾਡੇ ਫਰਿਸ਼ਤੇ ਵੀ ਪਤਾ ਨਹੀਂ ਲਗਾ ਸਕਦੇ। ਲਉ ਜੀ ਕਰ ਲਉ ਘਿਉ ਨੂੰ ਭਾਂਡਾ। ਸਰਕਾਰਾਂ ਨੂੰ ਕੀ ਪਿੱਟੀਏ ਜਦੋਂ ਅਸੀਂ ਆਪ ਹੀ ਨਹੀਂ ਸਮਝਦੇ।"

ਅੰਦਰੇ-ਅੰਦਰ ਕੁੜ੍ਹਦੇ ਦਾ ਧਿਆਨ ਸਾਹਮਣੇ ਗਿਆ। ਮੇਰੇ ਵੇਖਦੇ-ਵੇਖਦੇ ਹੀ ਸਬਜ਼ੀ ਦੇ ਛਿਲਕਿਆਂ ਵਾਲੀ ਭਰੀ ਟੋਕਰੀ ਸਾਹਮਣੇ ਘਰ ਵਾਲੀ ਸਰਦਾਰਨੀ ਨੇ ਲਿਆ ਕੇ ਪਾਰਕ ਦੇ ਕੋਨੇ 'ਚ ਮੂਧੀ ਕਰ ਦਿੱਤੀ। ਇੱਕ ਹੋਰ ਆਟੇ ਦਾ ਪੇੜਾ ਫੜੀ ਛਿੱਲੜ ਸੁੱਟਣ ਵਾਲੀ ਗੁਆਂਢਣ ਕੋਲੋਂ ਗਾਂ ਦਾ ਪਤਾ ਪੁੱਛਣ ਲੱਗੀ। ਦਿਲ ਕੀਤਾ ਇਨ੍ਹਾਂ ਨੂੰ ਆਖਾਂ ਭਾਈ ਆਪਣੇ ਗਿਝਾਏ ਜਾਨਵਰ ਹੀ ਆਪਣੀ ਜਾਨ ਦਾ ਖੌਅ ਬਣਦੇ ਆ।

"ਆਹ ਕੁਰਸੀ ਥੋੜ੍ਹੀ ਪਰ੍ਹਾਂ ਕਰਕੇ ਨਹੀਂ ਡਾਹ ਸਕਦੇ। ਸਾਰਾ ਰਾਹ ਰੋਕਿਐ, ਨਾ ਜਿਵੇਂ ਕਿਸੇ ਹੋਰ ਨੇ ਤਾਂ ਅੰਦਰ-ਬਾਹਰ ਹੋਣਾ ਨਹੀਂ।" ਬੁੜ-ਬੁੜ ਕਰਦੀ ਪਤਨੀ ਨੇ ਹੁੱਜ ਮਾਰੀ। ਲੱਗਿਆ ਗਾਂ ਨੇ ਅਚਾਨਕ ਪਿੱਛੋਂ ਦੀ ਕੁਰਸੀ 'ਤੇ ਹਮਲਾ ਬੋਲ ਦਿੱਤਾ ਹੋਵੇ। ਉੱਭੜਵਾਹੇ ਕੁਰਸੀ ਤੋਂ ਉੱਛਲ ਮੈਂ ਗੇਟ ਦੇ ਕੌਲੇ ਨਾਲ ਜਾ ਲੱਗਿਆ। ਗਾਂ ਤੇ ਵੱਛੇ ਦਾ ਖ਼ੌਫ਼ ਦਿਮਾਗ ਨੂੰ ਚੜ੍ਹਿਆ ਸੀ ਕਿ ਸੱਚਮੁੱਚ ਫੇਰ 'ਬਾਂਅ-ਬਾਂਅ...' ਹੋਈ। ਨਜ਼ਰਾਂ ਘੁੰਮੀਆਂ... ! ਅੱਖਾਂ ਦਾ ਧੋਖਾ ਨਹੀਂ, ਕੌੜਾ ਸੱਚ ਫਿਰ ਸਾਹਮਣੇ। ਮੈਂ ਕੋਈ ਐਕਸ਼ਨ ਲੈਂਦਾ। ਪਤਨੀ ਜੀ ਕੁਰਸੀ ਨੂੰ ਪੈਰ ਨਾਲ ਧੱਕਦੇ ਗਾਂ ਤੇ ਵੱਛੇ ਕੋਲ ਜਾ ਪਹੁੰਚੇ। ਦੇਵੀ ਜੀ ਨੇ ਬਰੈੱਡ ਦਾ ਨਵਾਂ ਪੈਕਟ ਖੋਲ੍ਹਿਆ ਤੇ ਗਊ ਮਾਤਾ ਨੂੰ ਪਾ ਕੇ ਹੱਥ ਜੋੜ ਲਏ।

"ਬੱਸ ਆਹ ਤੇਰੀਆਂ ਬਰੈੱਡਾਂ ਨੇ ਜਾਨਵਰਾਂ ਨੂੰ ਅਜਿਹਾ ਗਿਝਾਇਐ ਕਿ ਕੁੱਤੇ, ਸੂਰ, ਸੱਪ, ਚੂਹੇ ਸਭ ਦਿਨ-ਰਾਤ ਦਰਸ਼ਨ ਦੇਣ ਲੱਗੇ ਆ। ਲੱਗਦੈ ਕਿਸੇ ਦਿਨ 'ਛੱਤਬੀੜ ਚਿੜੀਆ ਘਰ' ਦਾ ਨਜ਼ਾਰਾ ਵੇਖਣ ਲਈ ਲੋਕੀਂ ਸਾਡੇ ਘਰ ਦਾ ਰਾਹ ਫੜ ਲੈਣਗੇ।"

ਬਿਨਾਂ ਬੋਲੇ ਪਤਨੀ ਟੇਢੀ ਅੱਖ ਨਾਲ ਮੇਰੇ ਵੱਲ ਝਾਕੀ ਤੇ ਆਪਣੇ ਧਰਮ-ਕਰਮ ਦੇ ਕੰਮ ਵੱਲ ਧਿਆਨ ਧਰਦੀ ਜ਼ਮੀਨ ਵੱਲ ਝੁਕ ਗਈ।

"ਅਨਾਮਿਕਾ..." ਮੈਂ ਪਤਨੀ ਨੂੰ ਜ਼ੋਰ ਨਾਲ ਆਵਾਜ਼ ਲਗਾਈ। ਪਰ ਕਿੱਥੇ ਜੀ? ਮੇਰੀ ਆਵਾਜ਼ ਉਹਨੂੰ ਕਿੱਥੇ ਸੁਣਦੀ ਏ? ਉਹ ਤਾਂ ਗਊ ਭਗਤੀ 'ਚ ਮਗਨ 'ਰਿੰਗ ਫਿੰਗਰ' ਨਾਲ ਜ਼ਮੀਨ ਤੋਂ ਗਊ ਮੂਤਰ ਛੁਹਾ ਕੇ ਮੱਥੇ 'ਤੇ ਤਿਲਕ ਲਗਾ ਰਹੀ ਹੈ। ਉੱਧਰ ਪੂਛ ਹਿਲਾਉਂਦੀ ਗਾਂ ਨੇ ਇੱਧਰ-ਉੱਧਰ ਸਿਰ ਮਾਰਿਆ ਤੇ ਬੂੱਥੀ ਚੁੱਕ ਕੇ ਜੋਰ ਨਾਲ ਅੜਿੰਗੀ। ਮੇਰੀ ਨਜ਼ਰ ਗਾਂ ਵੱਲ ਘੁੰਮੀ। ਲੱਗਿਆ ਜਿਵੇਂ ਉਹ ਸਿਰ ਹਿਲਾ-ਹਿਲਾ ਕੇ ਮੈਨੂੰ ਲਲਕਾਰ ਰਹੀ ਹੋਵੇ।

"ਜੇ ਮਾਂ ਦਾ ਪੁੱਤ ਏਂ ਤਾਂ ਹੁਣ ਮੈਨੂੰ ਭਜਾ ਕੇ ਵਿਖਾ। ਹੁਣ ਤੇਰੀ ਦੇਵੀ ਦੇਊ ਤੈਨੂੰ ਸਵਾਦ। ਮੇਰੇ ਜਿਹੀ ਗਊ ਗਰੀਬੀਣੀ ਨੂੰ ਤੰਗ ਕਰਨ ਦਾ।" ਹੁਣ ਪਤਨੀ ਦੇਵੀ ਨਾਲ ਸਵੇਰ-ਸਾਰ ਕੌਣ ਪੰਗਾ ਲਵੇ। ਮੈਂ ਕੁਰਸੀ ਚੁੱਕੀ, ਗੇਟ ਦੇ ਅੰਦਰ ਵਿਹੜੇ ਵਿੱਚ ਰੱਖ ਖੂੰਜੇ ਲੱਗ ਕੇ ਬਹਿ ਗਿਆ।

"ਚਰਨਾਮਤ।" ਬੋਲਦਿਆਂ ਧਰਮ ਪਤਨੀ ਨੇ ਭਰਿਆ ਚਮਚਾ ਮੇਰੇ ਵੱਲ ਵਧਾਇਆ। ਖੱਬੇ ਉੱਤੇ ਸੱਜਾ ਹੱਥ ਧਰਦਿਆਂ ਮੈਂ ਕੁੱਪੀ ਬਣਾਈ ਤੇ ਆਗਿਆਕਾਰੀ ਬਾਲ ਬਣੇ ਨੇ ਪਤਨੀ ਦੇਵੀ ਦੇ ਅੱਗੇ ਕਰ ਦਿੱਤੀ। ਉਸ ਨੇ ਭਰਿਆ ਚਮਚਾ ਕੁੱਪੀ ਵਿੱਚ ਉਲੱਦਿਆ। ਮੈਂ ਸਿਆਣਾ ਬਾਲ ਬਣ ਸਾਰਾ ਜਲ ਮੂੰਹ 'ਚ ਪਾ ਹੱਥ ਸਿਰ 'ਤੇ ਫੇਰਦਿਆਂ ਪਤਨੀ ਦੇਵੀ ਨੂੰ ਮਿੱਠੀ ਜਿਹੀ ਮੁਸਕਾਨ ਦਿੱਤੀ। ਸੰਤੁਸ਼ਟ ਹੋਈ ਪਤਨੀ ਗਊ ਮਾਤਾ ਦੇ ਲਾਭ ਗਿਣਾਉਂਦੀ ਅਜਿਹਾ ਛਿੜੀ ਕਿ ਚੁੱਪ ਕਰਨ 'ਚ ਹੀ ਨਾ ਆਵੇ। ਦੁੱਧ, ਘਿਉ, ਮੱਖਣ ਤੋਂ ਹੁੰਦੀ ਗੌਮੂਤਰ 'ਤੇ ਜਾ ਪਹੁੰਚੀ।

ਅਖੇ, "ਗੌਮੂਤਰ ਸ਼ੁੱਧ ਤੇ ਪਵਿੱਤਰ ਜਲ ਹੁੰਦੈ। ਲੱਖਾਂ ਬਿਮਾਰੀਆਂ ਲਈ ਰਾਮਬਾਣ ਦਵਾ। ਇਹ ਗਾਂ ਕਿੰਨੇ ਮਹੀਨਿਆਂ ਦੀ ਆਉਂਦੀ ਏ ਗਲੀ 'ਚ। ਆਹ ਵੱਛਾ ਨਿੱਕਾ ਜਿਹਾ ਸੀ। ਸੁਖ ਨਾਲ ਹੁਣ ਤਾਂ ਪਲ ਗਿਆ। ਚਲੇ ਗਏ ਮਾਂ-ਪੁੱਤ। ਥੋੜ੍ਹਾ ਚਿਰ ਰੁਕਦੇ ਤਾਂ ਕੋਸ਼ਿਸ਼ ਕਰਕੇ ਤਾਜ਼ਾ ਗੌਮੂਤਰ ਗਲਾਸ 'ਚ ਭਰ ਲੈਂਦੀ। ਗੌਮੂਤਰ ਦਾ ਰੋਜ਼ਾਨਾ ਸੇਵਨ ਛੇਤੀ ਕੀਤੇ ਬਿਮਾਰੀ ਲਾਗੇ-ਤਾਗੇ ਨਹੀਂ ਲੱਗਣ ਦਿੰਦਾ।"

ਗੌਮੂਤਰ, ਗੌਮੂਤਰ...ਅਨਾਮਿਕਾ ਦੀ ਗੌਮੂਤਰ 'ਤੇ ਅਟਕੀ ਸੂਈ ਨੇ ਮੇਰੀ ਜ਼ੁਬਾਨ 'ਤੇ ਲੱਗੇ ਟਾਂਕੇ ਉਧੇੜ ਦਿੱਤੇ। ਵੱਤ ਲੈਂਦਿਆਂ ਮੈਂ ਪੁੱਛ ਲਿਆ, "ਕੀ ਸੀ ਇਸ ਚਰਨਾਮਤ ਵਿੱਚ...?"

"ਗੌਮੂਤਰ, ਹੋਰ ਕੀ...?" ਸਹਿਜ ਸੁਭਾਅ ਬੋਲਦੀ ਉਹ ਜਨੌਰਾਂ ਨੂੰ ਬਰੈੱਡ ਭੋਰ ਕੇ ਪਾਉਣ ਲੱਗੀ। ਇੱਧਰ ਕਚਿਆਣ ਨਾਲ ਮੇਰੀ ਹਾਲਤ ਵਿਗੜੇ, ਉੱਧਰ ਪਤਨੀ ਦੇਵੀ ਕੀੜਿਆਂ ਦੇ ਭੌਣ 'ਤੇ ਚਾਵਲ



ਪਾਉਂਦੀ ਗੁਣਗੁਣਾਈ ਜਾਵੇ।

ਸਮਝ ਨਾ ਆਵੇ ਕੀ ਕਰਾਂ? ਫਿਰ ਮਨ ਨੂੰ ਟਿਕਾਉਣ ਲਈ ਧਿਆਨ ਹੋਰ ਪਾਸੇ ਲਗਾਉਣ ਲੱਗਿਆ, "ਬਜਾਰੋਂ ਲਿਆ ਕੇ ਕਿੰਨਾ ਕੁਝ ਖਾਈਦੈ। ਪਤਾ ਨਹੀਂ ਅਗਲੇ ਕੀ ਗੂੰਹ-ਮੂਤ ਘੋਲ ਕੇ ਦੇਈ ਜਾਂਦੇ ਆ। ਹੁਣ ਜੇ ਅਨਾਮਿਕਾ ਨਾ ਦੱਸਦੀ ਕਿ ਚਰਨਾਮਤ 'ਚ ਕੀ ਘੁਲਿਆ ਸੀ? ਫਿਰ ਵੀ ਮੈਨੂੰ ਇੰਝ ਹੀ ਵੱਤ ਆਉਂਦੇ? ਅੰਦਰੋਂ ਉੱਠੇ ਸਵਾਲ ਦਾ ਅੰਦਰ ਨੇ ਜਵਾਬ ਦਿੱਤਾ, "ਨਾ ਬਿਲਕੁਲ ਵੀ ਨਹੀਂ। ਬੱਸ ਅੱਖੀਂ ਵੇਖੀ ਮੱਖੀ ਨਹੀਂ ਨਿਗਲੀ ਜਾਂਦੀ। ਇਉਂ ਤਾਂ ਹਲਵਾਈ ਪਤਾ ਨਹੀਂ ਕਿੰਨੀਆਂ ਮੱਖੀਆਂ ਦੀ ਭੀਂ-ਭੀਂ ਦਾ ਘੋਲ ਮਿਠਾਈਆਂ ਦੇ ਸਵਾਦ 'ਚ ਗੁੰਨ੍ਹ ਦਿੰਦੇ ਨੇ। ਕਦੀ ਵੱਤ ਨ੍ਹੀਂ ਆਇਆ ਖਾਂਦਿਆਂ।" ਮੇਰੀ ਸੋਚ ਨੇ ਵੱਤਾਂ 'ਤੇ ਮਿਠਾਈ ਦੀ ਅਜਿਹੀ ਚਾਸ਼ਨੀ ਚੜ੍ਹਾਈ ਕਿ ਮੈਨੂੰ ਗਾਂ ਤੇ ਵੱਛਾ ਮੂਲੋਂ ਵਿੱਸਰ ਗਏ।

ਬਾਹਰਲੀ ਗੈਲਰੀ 'ਚ ਆਰਾਮ ਕੁਰਸੀ 'ਤੇ ਲੱਤ ਉੱਤੇ ਲੱਤ ਰੱਖ, ਚਾਹ ਦੀਆਂ ਚੁਸਕੀਆਂ ਨਾਲ ਅਖ਼ਬਾਰ ਪੜ੍ਹਨ ਲੱਗਿਆ। ਦੋ ਮਿੰਟ ਨਹੀਂ ਪਏ। ਪਾਣੀ ਚੱਲਣ ਦੀ ਆਵਾਜ਼ ਨੇ ਮੇਰਾ ਧਿਆਨ ਅਖ਼ਬਾਰ ਵੱਲੋਂ ਹਟਾ ਦਿੱਤਾ। ਵਿਹੜੇ ਵਿੱਚ ਲੱਗੀ ਟੂਟੀ ਬੰਦ। ਫਿਰ ਪਾਣੀ ਕਿੱਥੇ ਚੱਲ ਰਿਹੈ? ਆਵਾਜ਼ ਵੱਲ ਕੰਨ ਲਗਾਏ ਤਾਂ ਰਹੱਸ ਖੁੱਲ੍ਹਿਆ। ਵੱਛੇ ਨੇ ਐਨ ਗੇਟ ਦੇ ਅੱਗੇ ਪਿਸ਼ਾਬ ਦਾ ਤਲਾਅ ਲਗਾ ਦਿੱਤਾ ਸੀ। ਗਾਂ ਫੋਸੀ ਕਰਕੇ ਪੈਰਾਂ ਹੇਠ ਮਿੱਧੀ ਖੜ੍ਹੀ ਸੀ ਤੇ ਵੱਛੇ ਦੇ ਪਿਸ਼ਾਬ 'ਚ ਘੁਲ ਕੇ ਗੋਹਾ ਚਿੱਕੜ ਬਣ ਗਿਆ ਸੀ।

"ਓ ਹੋ, ਇਹ ਗਾਂ ਤੇ ਵੱਛਾ। ਮਗਰ ਹੀ ਪੈ ਗਏ ਨੇ। ਜਾਨ ਲੈਣੀ ਕੀਤੀ...।" ਗਾਲ੍ਹ ਮੂੰਹ 'ਚ ਦੱਬ ਮੈਂ ਲੱਗਾ ਗਊ ਭਗਤਣੀ ਘਰਵਾਲੀ ਨੂੰ ਆਵਾਜ਼ਾਂ ਮਾਰਨ।

"ਅਨਾਮਿਕਾ, ਓ ਅਨਾਮਿਕਾ। ਲਿਆ ਸੋਟੀ ਦੇ ਮੈਨੂੰ। ਲਹੂ ਪੀਤੈ ਇਨ੍ਹਾਂ ਅਵਾਰਾ ਗਾਂਵਾਂ-ਵੱਛਿਆਂ ਨੇ। ਲਾਹਵਾਂ ਚੰਮ ਇਨ੍ਹਾਂ ਦਾ। ਇਨ੍ਹਾਂ ਦਾ ਦੁੱਧ ਪੀਣ ਵਾਲੇ, ਇਨ੍ਹਾਂ ਨੂੰ ਸਾਂਭਣ ਦੀ ਜਿੰਮੇਵਾਰੀ ਕਿਉਂ ਨਹੀਂ ਚੁੱਕਦੇ?" ਅੱਗੋਂ ਹੂੰ ਨਾ ਹਾਂ।

ਹੂੰ-ਹਾਂ ਤੇ ਤਦ ਹੁੰਦੀ ਜੇ ਅਨਾਮਿਕਾ ਤੱਕ ਮੇਰੀ ਆਵਾਜ਼ ਪਹੁੰਚ ਰਹੀ ਹੁੰਦੀ। ਹਾਂ ਉਸ ਦੀਆਂ ਟੱਲੀਆਂ ਦੀ ਆਵਾਜ਼ ਜ਼ਰੂਰ ਬਾਂਅ-ਬਾਂਅ 'ਚ ਰਲ਼ਗੱਡ ਹੁੰਦੀ ਸਿਰ ਦੀਆਂ ਨਾੜਾਂ ਫੁਲਾਉਣ ਲੱਗੀ ਸੀ। ਮੇਰੇ ਕਚੀਚੀਆਂ ਪੈਣ। ਝੁੰਜਲਾ ਕੇ ਮੈਂ ਸਟੋਰ ਵਿੱਚੋਂ ਵਾਈਪਰ ਚੁੱਕ ਲਿਆ।

"ਹਟ...ਹਤਤ..ਤਤ" ਕਰਦਿਆਂ ਜਿਵੇਂ ਹੀ ਵਾਈਪਰ ਉਲਾਰਿਆ ਮੇਰੀ ਜ਼ੁਬਾਨ ਨੂੰ ਥਥਲੀਆਂ ਪੈ ਗਈਆਂ। ਗਾਂ ਲਹੂ-ਲੁਹਾਨ। ਵੱਛਾ ਵੀ ਪਿਛਲੀ ਲੱਤ ਧੂਹ ਕੇ ਮਸਾਂ ਜਿਹੇ ਪੁਲਾਂਘ ਪੁੱਟੇ।

ਘਣਘੋਰ ਘਟਾਵਾਂ ਪਤਾ ਨਹੀਂ ਕਿੱਧਰ ਉੱਡ-ਪੁੱਡ ਗਈਆਂ ਤੇ ਬੱਦਲਾਂ 'ਚੋਂ ਨਿਕਲੀ ਤਿੱਖੀ ਧੁੱਪ ਨਾਲ ਵਾਤਾਵਰਣ ਭੜ੍ਹਾਸਿਆ ਗਿਆ। ਇੱਕ ਤਾਂ ਹੁੰਮਸ ਉੱਤੋਂ ਗੋਹੇ ਤੇ ਪਿਸ਼ਾਬ ਦੀ ਹੁਮਕ ਨਾਲ ਦਮ ਘੁਟਣ ਲੱਗਿਆ। ਮਾਰਨਾ ਤਾਂ ਕੀ? ਹੁਣ ਮੈਨੂੰ ਗਾਂ ਤੇ ਵੱਛੇ ਦੀ ਹਾਲਤ 'ਤੇ ਤਰਸ ਆਉਣ ਲੱਗਿਆ। ਮੇਰੇ ਹੱਥ 'ਚ ਫੜਿਆ ਵਾਈਪਰ ਵੇਖ ਗਾਂ ਨੇ ਅੱਖ ਝਪਕੀ ਤੇ ਜ਼ੋਰ ਲਾ ਕੇ ਅੜਿੰਗੀ। ਪੂਛ ਹਿਲਾਈ ਤੇ ਵੱਛੇ ਨੂੰ ਮਗਰ ਲਾ ਕੇ ਹੌਲੀ-ਹੌਲੀ ਸ਼ੈੱਡ ਹੇਠੋਂ ਖਿਸਕਦੀ ਸੜਕ ਵਿਚਾਲੇ ਜਾ ਪਹੁੰਚੀ।

"ਤਤ..ਤਤ...ਚੱਲ, ਹੱਟ ਤਤ..ਤਤ।" ਕਰਦੇ ਨੇ ਵਾਈਪਰ ਹਵਾ 'ਚ ਘੁਮਾਇਆ ਤਾਂ ਉਹ ਦੋਵੇਂ ਹੌਲੀ-ਹੌਲੀ ਤੁਰਦੇ ਸਾਹਮਣੇ ਘਰ ਦੇ ਬਾਹਰ ਲੱਗੀ ਨਿੰਮ ਹੇਠ ਜਾ ਖਲੋਤੇ।

"ਕਿੱਧਰ ਵਾਈਪਰ ਚੁੱਕੀ ਫਿਰਦੇ ਓ? ਹੁਣ ਸੜਕਾਂ ਨਾ ਸਾਫ਼ ਕਰਨ ਲੱਗ ਜਾਇਓ। ਕੌਣ ਆਖੇਗਾ ਇਨ੍ਹਾਂ ਨੂੰ ਨਾਮੀ ਵਕੀਲ ਤੇ ਉਹ ਵੀ ਸਰਕਾਰੀ। ਕਿਓਂ ਕੋਰਟ ਨਹੀਂ ਜਾਣਾ?" ਹੱਥ ਵਿੱਚ ਨਾਸ਼ਤੇ ਦੀ ਪਲੇਟ ਫੜੀ ਅਨਾਮਿਕਾ ਸਿਰ 'ਤੇ ਸਵਾਰ ਹੋ ਗਈ।

"ਨਹੀਂ, ਅੱਜ ਨਹੀਂ ਜਾਣਾ। ਤੇਰੇ ਗੋਡੀਂ ਲੱਗ ਕੇ ਬਹਿਣੈ। ਮਸੀਂ ਕਿਧਰੇ ਤਾਂ ਸੰਡੇ ਆਉਂਦੈ। ਉਹ ਵੀ ਤੂੰ ਘਰੋਂ ਭਜਾਉਣ ਦੀਆਂ ਤਕਰੀਰਾਂ ਕਰਨ ਲੱਗ ਜਾਇਆ ਕਰ।"

"ਓ ਸੰਡੇ ਆ ਅੱਜ! ਮੇਰੇ ਤਾਂ ਦਿਮਾਗ 'ਚੋਂ ਹੀ ਨਿਕਲ ਗਿਆ। ਅੱਜ ਤਾਂ ਸਾਡੀ ਲਾਸਟ ਸੰਡੇ ਸਪੈਸ਼ਲ ਕਿੱਟੀ ਪਾਰਟੀ ਆ।"

"ਦਿਮਾਗ 'ਚੋਂ ਤਾਂ ਮੇਰੇ ਵੀ ਨਿਕਲ ਗਿਆ, ਸੈਸ਼ਨ ਜੱਜ ਸਾਹਿਬ ਦੀ ਮਾਤਾ ਦਾ ਭੋਗ ਏ ਅੱਜ। ਤਿਆਰ ਹੋ ਜਾ ਯਾਰ, ਤੂੰ ਵੀ ਚੱਲਣੈ ਨਾਲ। ਇਹੀ ਮੌਕੇ ਹੁੰਦੇ ਆ ਜਦੋਂ ਬੰਦਾ ਬੌਸ ਦੀਆਂ ਨਜ਼ਰਾਂ 'ਚ ਚੜ੍ਹ ਵੀ ਸਕਦੈ ਤੇ ਲਹਿੰਦਾ ਵੀ ਮਿੰਟੋ-ਮਿੰਟੀ ਆ। ਤੂੰ ਸਾਬ੍ਹ ਦੀ ਬੀਵੀ ਨਾਲ ਅਫ਼ਸੋਸ ਕਰ ਲਵੀਂ ਜ਼ਰਾ। ਉਹ ਕੀ ਆਂਹਦੇ ਆ? ਮੈਮ ਸਾਬ੍ਹ ਖੁਸ਼ ਤਾਂ ਸਾਬ੍ਹ ਜੀ ਖੁਸ਼। ਤੇ ਹਾਂ, ਭੋਗ ਤੋਂ ਹੋ ਕੇ ਬਾਹਰ ਚੱਲਾਂਗੇ ਕਿਧਰੇ। ਤੰਗ ਆ ਗਏ ਆਂ ਬੋਰਿੰਗ ਰੂਟੀਨ ਲਾਈਫ਼ ਤੋਂ।"

"ਕਿੰਨੇ ਵਜੇ ਚੱਲਣੈ?"

"ਬਾਰਾਂ ਤੋਂ ਦੋ ਵਜੇ ਭੋਗ ਦਾ ਟਾਈਮ ਏ। ਸਾਢੇ ਕੁ ਗਿਆਰਾਂ ਨਿਕਲਾਂਗੇ।"

"ਹੈਂ! ਇੰਨੀ ਛੇਤੀ! ਦੱਸ ਤਾਂ ਵੱਜ ਵੀ ਗਏ। ਮੈਂ ਤਿਆਰ ਕਦੋਂ ਹੋਵਾਂਗੀ। ਇੱਕ ਭੋਗ, ਦੂਜਾ ਆਊਟਿੰਗ, ਤੀਜਾ ਸੰਡੇ ਸਪੈਸ਼ਲ ਕਿੱਟੀ...। ਵਿਚਲਾ ਰਾਹ ਕੱਢਣ ਲਈ ਡ੍ਰੈੱਸ ਤੇ ਮੇਕਓਵਰ। ਓ ਮਾਈ ਗਾਡ...! ਕੰਮ ਵਾਲੀ ਆਈ ਨਹੀਂ ਅਜੇ ਤੱਕ। ਇੰਜ ਏ, ਘੁੰਮਣ ਵਾਲਾ ਪ੍ਰੋਗਰਾਮ ਤਾਂ ਫਿਰ ਕਦੇ ਸਹੀ। ਦੋ ਹੀ ਨਿਭ ਜਾਣ ਉਹੀ ਬਹੁਤ।" ਆਪਣੇ ਮਨ ਦੀ ਕਹਿ ਅਨਾਮਿਕਾ ਤਿਆਰ ਹੋਣ ਲਈ ਅੰਦਰ ਚਲੀ ਗਈ। ਮੈਂ ਅਨਾਮਿਕਾ ਨਾਲ ਬਣੇ ਸੰਯੋਗਾਂ 'ਚ ਉਲਝ ਗਿਆ।

ਘੈਂਟ ਵਕੀਲਾਂ 'ਚ ਮੇਰਾ ਨਾਮ ਬੋਲਦਾ। ਇਸ ਦੇ ਜੱਜ ਬਾਪ ਨੂੰ ਪੂਰਾ ਭਰੋਸਾ ਕਿ ਇੱਕ ਦਿਨ ਮੈਂ ਵੀ ਜ਼ਰੂਰ ਆਰਡਰ-ਆਰਡਰ ਕਰਦਾ ਇਨਸਾਫ਼ ਪਸੰਦ ਜੱਜ ਬਣਾਂਗਾ। ਹਾਥੀ ਮੰਗੋ ਤਾਂ ਕੀੜੀ ਮਿਲ ਹੀ ਜਾਂਦੀ ਹੈ। ਉਹੀ ਹਿਸਾਬ ਆਪਣੇ 'ਤੇ ਲਾਗੂ ਹੋ ਗਿਆ। ਮੈਂ ਜੱਜ ਤੇ ਵਕੀਲ ਦੀ ਵਿਚਕਾਰਲੀ ਕੜੀ ਅਟਾਰਨੀ ਜਨਰਲ ਤੱਕ ਦੀ ਦੌੜ ਫਤਹਿ ਕਰ ਗਿਆ। ਆਰਡਰ-ਆਰਡਰ ਵਾਲਾ ਅਹੁਦਾ ਨਾ ਕਚਹਿਰੀ 'ਚ ਮਿਲਿਆ ਤੇ ਨਾ ਹੀ ਘਰ ਵਿੱਚ। ਵਕੀਲ ਜਿੰਨੀਆਂ ਮਰਜ਼ੀ ਦਲੀਲਾਂ ਦੇ ਕੇ ਅਪੀਲਾਂ ਲਗਾ ਲਵੇ। ਮਜਾਲ ਏ, ਮੈਡਮ ਦੇ ਫ਼ੈਸਲੇ ਅੱਗੇ ਕਿੰਤੂ-ਪ੍ਰੰਤੂ ਹੋ ਜਾਏ। ਸੋਚ ਕੇ ਮੇਰਾ ਹਾਸਾ ਨਿਕਲ ਗਿਆ।

"ਨਮਸਤੇ ਬਾਊ ਜੀ। ਤੁਸੀਂ ਇੱਥੇ ਬੈਠੇ ਇੱਕਲੇ ਹੱਸੀ ਜਾਂਦੇ ਓ। ਉਹ ਦੇਖੋ ਘਰ ਦੇ ਸਾਹਮਣੇ।" ਕੰਮ ਵਾਲੀ ਨੇ ਸ਼ੈੱਡ ਹੇਠ ਸਾਈਕਲ ਨੂੰ ਸਟੈਂਡ ਲਗਾ ਕੇ ਘਰ ਦੇ ਬਾਹਰ ਵੱਲ ਇਸ਼ਾਰਾ ਕੀਤਾ। ਭੂਤ ਕਾਲ ਦੇ ਸੁਨਹਿਰੇ ਘੋੜੇ ਤੋਂ ਉਤਰ ਮੈਂ ਗੇਟ ਦੇ ਬਾਹਰ ਝਾਕਿਆ। ਕਲੇਜਾ ਮੂੰਹ ਨੂੰ ਆ ਗਿਆ।

ਗਾਂ ਦਾ ਪਿੱਛਾ ਥੋੜ੍ਹਾ ਜਿਹਾ ਬਾਹਰ ਨਿਕਲਿਆ ਹੋਇਆ।

"ਓ ਹੋ ਗਾਂ ਤਾਂ ਲੱਗਦੈ ਸੂਣ ਵਾਲੀ ਏ। ਉੱਤੋਂ ਬੁਰੀ ਤਰ੍ਹਾਂ ਜ਼ਖ਼ਮੀ। ਮੈਂ ਗਾਂ ਨੂੰ ਆਪਣੇ ਘਰ ਦੇ ਅੱਗੋਂ ਭਜਾਉਣ ਲਈ ਕੋਸ਼ਿਸ਼ ਜ਼ਰੂਰ ਕੀਤੀ ਸੀ ਪਰ ਇੰਜ ਤਾਂ ਨਹੀਂ ਸੀ ਕੁੱਟਿਆ ਕਿ ਉਹਦਾ ਅੰਦਰ ਹੀ ਹਿੱਲ ਕੇ ਬਾਹਰ ਆ ਜਾਵੇ। 'ਮਾਰਿਆ ਕਿਸੇ ਹੋਰ ਨੇ ਤੇ ਇਲਜ਼ਾਮ ਬੱਚੂ ਆਊ ਤੇਰੇ ਸਿਰ।' ਡਰਿਆ ਮਨ ਘੋਲ ਘੁਲਣ ਲੱਗਿਆ।

ਜ਼ਖ਼ਮੀ ਕਿਧਰੇ ਵੀ ਹੋਈ ਹੋਵੇ। ਮੌਕਾ-ਏ-ਵਾਰਦਾਤ ਤੇਰੇ ਘਰ ਦੇ ਸਾਹਮਣੇ ਦੀ ਗਵਾਹੀ ਭਰ ਰਿਹੈ। ਸਵੇਰ ਤੋਂ ਤੂੰ ਕਦੀ ਸੋਟੀ, ਕਦੀ ਡਾਂਗ ਤੇ ਕਦੀ ਵਾਈਪਰ ਲੈ ਕੇ ਉਸ ਦੇ ਮਗਰ ਭੱਜਿਆ ਫਿਰਦਾ ਸੈਂ। ਐਵੇਂ ਕਿਵੇਂ ਹੋ ਜੂ ਬਈ ਕਿਸੇ ਨੇ ਵੇਖਿਆ ਨਾ ਹੋਵੇ। ਤਫ਼ਤੀਸ਼ 'ਚ ਕਿਸੇ ਗਲੀ-ਚੌਰਾਹੇ ਦਾ ਕੈਮਰਾ ਗਵਾਹ ਬਣ ਗਿਆ ਤਾਂ ਮਰਿਆ ਕਿ ਮਰਿਆ।"



ਡਰ ਨਾਲ ਹਕਲਾਉਂਦਾ, "ਹ..ਤਤਤਤ, ਚੱਲ।" ਕਰਦਾ ਗਾਂ ਨੂੰ ਹੱਕਣ ਲੱਗਿਆ। ਬੜੀ ਮਾਰਮਿਕ ਜਿਹੀ ਦ੍ਰਿਸ਼ਟੀ ਨਾਲ ਗਾਂ ਮੇਰੇ ਵੱਲ ਝਾਕੀ। ਜਿਵੇਂ ਆਖ ਰਹੀ ਹੋਵੇ, "ਕੀ ਵਿਗਾੜਿਐ ਮੈਂ ਤੇਰਾ? ਵੇਖ ਮੈਨੂੰ ਪ੍ਰਸੂਤੀ ਪੀੜਾਂ ਛਿੜੀਆਂ ਨੇ। ਰਹਿਮ ਕਰ ਮੇਰੇ 'ਤੇ।" ਇੱਕ ਵਾਰੀ ਮੇਰਾ ਦੁੱਧ ਚਿੱਟਾ ਦਿਲ ਪਸੀਜਿਆ ਪਰ ਕਾਨੂੰਨ ਪੜ੍ਹੇ ਦਿਮਾਗ 'ਤੇ ਕਾਲਾ ਕੋਟ ਚੜ੍ਹ ਗਿਆ। ਕਾਨੂੰਨ ਹਮਦਰਦੀ ਨਾਲ ਫ਼ੈਸਲੇ ਨਹੀਂ ਕਰਦਾ। ਸਬੂਤ ਪਰਖਦੈ। ਕਾਲੀ ਪੱਟੀ ਹੇਠ ਬੰਦ ਅੱਖਾਂ ਸਬੂਤ ਦੀ ਤਲਾਸ਼ ਕਰਨ ਲੱਗੀਆਂ। ਡਰ ਨਾਲ ਥੱਰਾਈ ਜ਼ੁਬਾਨ "ਹਤਤਤ....ਚੱਲ" ਕਰਨ ਲੱਗੀ ਤੇ ਹੱਥ 'ਚ ਫੜਿਆ ਵਾਈਪਰ ਵੱਛੇ ਦੇ ਗਿੱਟੇ 'ਤੇ ਚੱਲ ਗਿਆ।

"ਬਾਂਅ...।" ਸੁਣ ਮੇਰੀ ਬਿਰਤੀ ਟੁੱਟੀ। ਵੱਛਾ ਸਿਰ ਮਾਰਦਾ ਪੂਛ ਚੁੱਕ ਕੇ ਅੜਿੰਗਿਆ ਤੇ ਫਿਰ ਹੌਲੀ-ਹੌਲੀ ਮਾਂ ਦੇ ਮਗਰ ਤੁਰ ਪਿਆ। ਪੀੜਾਂ ਭੰਨੀ ਗਾਂ ਦਾ ਤੁਰਨਾ ਔਖਾ।

'ਜੇ ਮਰ ਗਈ...!' ਮੇਰਾ ਅੰਦਰ ਡਰ ਨਾਲ ਨੀਲਾ ਪੈ ਗਿਆ। ਹਾਏ ਜੇ ਗਾਂ ਨੂੰ ਮਾਰਨ ਦਾ ਮੁੱਦਾ ਭਖ ਗਿਆ। ਨਾ ਜਾਣੇ ਕੀ ਸਿਆਪਾ ਖੜ੍ਹਾ ਹੋ ਜਾਵੇ? ਜ਼ਰੂਰ ਕਿਸੇ ਦੇ ਬਗੀਚੇ 'ਚ ਵੜੀ ਹੋਣੀ ਏ ਤੇ ਜ਼ਾਲਮ ਬੰਦੇ ਨੇ ਜਾਨਵਰ ਨੂੰ ਲੂਹ ਸੁੱਟਿਆ ਹੋਣੈ। ਬਗੀਚਾ ਤਾਂ ਮੇਰਾ ਵੀ ਉਜਾੜ ਗਈ ਸੀ। ਸਵੇਰੇ ਕੁਰਸੀ ਡਾਹ ਕੇ ਮੈਂ ਇਹਨੂੰ ਭਜਾਉਣ ਲਈ ਬਾਹਰ ਨਾਕਾ ਲਾ ਕੇ ਵੀ ਬੈਠਾ ਰਿਹਾਂ। ਪਤਾ ਨਹੀਂ ਕਿੰਨੇ ਲੋਕਾਂ ਨੇ ਵੇਖਿਆ ਹੋਣੈ? ਕਿਸੇ ਹੋਰ ਦੀ ਡਾਂਗ ਸੋਟੀ ਦੇ ਦਾਗ ਮੇਰੀ ਚਮੜੀ ਦਾ ਦਾਗ ਬਣੇ ਕੇ ਬਣੇ।

"ਵਕੀਲ ਸਾਬ੍ਹ ਬਚ ਲੋ।" ਲੱਗਿਆ ਬਸ਼ੀਰ ਨੇ ਮੇਰੇ ਕੰਨ 'ਚ ਫੂਕ ਮਾਰੀ ਹੋਵੇ। ਮੈਂ ਹਵਾ ਦੇ ਖੰਭਾਂ 'ਤੇ ਪੈਰ ਧਰਦਾ "ਹਟ..ਤੱਤ..ਤੱਤ" ਕਰਦਾ ਵਾਈਪਰ ਜ਼ਮੀਨ 'ਤੇ ਹਲਕਾ-ਹਲਕਾ ਮਾਰਦਾ ਦੱਬੇ ਪੈਰੀਂ ਗਾਂ ਤੇ ਵੱਛੇ ਨੂੰ ਅਗਲੀ ਗਲੀ ਵਿੱਚ ਕਰਨ ਲਈ ਚੋਰਾਂ ਵਾਂਗ ਫੂਕ-ਫੂਕ ਕਦਮ ਟਿਕਾਉਣ ਲੱਗਿਆ। ਗਾਂ ਤੇ ਵੱਛਾ ਅਗਲੀ ਗਲੀ ਦਾ ਮੋੜ ਮੁੜ ਗਏ ਤੇ ਮੈਂ ਵਾਪਸ ਘਰ ਨੂੰ ਮੁੜ ਪਿਆ।

"ਸ਼ੁਕਰ ਰੱਬ ਦਾ! ਜਾਨ ਛੁੱਟੀ ਸੋ ਲਾਖੋਂ ਪਾਏ। ਖਸਮਾਂ ਨੂੰ ਖਾਵੇ ਜੱਜ ਦਾ ਭੋਗ। ਇੱਥੇ ਆਪਣਾ ਮਰਨ ਹੋਣ ਚੱਲਿਐ। ਆਪਾਂ ਤਾਂ ਨਹੀਂ ਜਾਣ ਲੱਗੇ ਅੱਜ ਬਾਹਰ ਕਿੱਧਰੇ।" ਘਰੋਂ ਬਾਹਰ ਨਾ ਨਿਕਲਣ ਦਾ ਇਰਾਦਾ ਕਰਕੇ ਮੈਂ ਦਰਵਾਜ਼ਾ ਲਾਕ ਕੀਤਾ ਤੇ ਬੈੱਡ 'ਤੇ ਜਾ ਬੈਠਾ।

"ਅਨਾਮਿਕਾ ਮੇਰੀ ਤਬੀਅਤ ਕੁਝ ਨਾਸਾਜ਼ ਲੱਗ ਰਹੀ ਹੈ। ਇੰਜ ਕਰ ਤੂੰ ਆਪਣੀ ਸੰਡੇ ਸਪੈਸ਼ਲ ਕਿੱਟੀ 'ਤੇ ਹੀ ਹੋ ਆ। ਜੱਜ ਸਾਹਿਬ ਘਰ ਅਫ਼ਸੋਸ ਕਰਨ ਕਿਸੇ ਹੋਰ ਦਿਨ ਚੱਲਾਂਗੇ। ਉਂਜ ਵੀ ਭੀੜ ਤੋਂ ਹਟ ਕੇ ਮਿਲੋ ਤਾਂ ਅਗਲੇ ਨੂੰ ਯਾਦ ਵੀ ਰਹੂ ਕਿ ਅਸੀਂ ਸਪੈਸ਼ਲ ਅਫ਼ਸੋਸ ਕਰਨ ਗਏ ਸੀ। ਬਾਹਰ ਦਾ ਪਲਾਨ ਵੀ ਫਿਰ ਕਿਸੇ ਦਿਨ ਬਣਾ ਲਾਂਗੇ। ਤੂੰ ਮੇਰੇ ਚੱਕਰ ਵਿੱਚ ਆਪਣਾ ਭੈਣਾਂ ਦਾ ਪ੍ਰੋਗਰਾਮ ਖ਼ਰਾਬ ਨਾ ਕਰ।"

ਬੈੱਡ ਦੇ ਸਾਹਮਣੇ ਲੱਗੇ ਡਰੈਸਿੰਗ ਟੇਬਲ ਦੇ ਸ਼ੀਸ਼ੇ ਨੂੰ ਨਿਹਾਰਦੀ ਅਨਾਮਿਕਾ ਨੇ ਸ਼ੀਸ਼ੇ ਅੰਦਰੋਂ ਹੀ ਮੇਰੇ ਵੱਲ ਮਿੱਠਾ ਜਿਹਾ ਘੂਰਿਆ। ਪਿੱਛੇ ਮੁੜੀ ਤੇ ਮੇਰੇ ਵਾਲਾਂ 'ਚ ਹੱਥ ਫੇਰਦੀ ਬੋਲੀ, "ਥੈਂਕਯੂ ਡਾਰਲਿੰਗ। ਯੂ ਆਰ ਸੋ ਚਾਰਮਿੰਗ।" ਮਿੰਟ ਨਹੀਂ ਮਾਰਿਆ। ਫਿੱਕਾ ਜਿਹਾ ਸੂਟ ਉਤਾਰਿਆ। ਚਮਚਮਾਉਂਦਾ ਬਲਾਊਜ਼ ਪਹਿਨ ਪੇਟੀਕੋਟ 'ਚ ਸਾੜ੍ਹੀ ਦੀਆਂ ਚੋਣਾਂ ਅੜੁੰਗਦੀ ਨੇ ਨੱਕ ਚੜ੍ਹਾ ਕੇ ਮੇਰੇ ਵੱਲ ਝਾਕਿਆ।

ਅੰਗੂਠੇ ਤੇ ਪਹਿਲੀ ਉਂਗਲ ਨੂੰ ਮਿਲਾ ਕੇ 'ਕੋਕਾ' ਬੋਲਦੇ ਨੇ ਮੈਂ ਇਸ਼ਾਰਾ ਕੀਤਾ। ਉਹ ਚਹਿਕੀ ਤੇ ਸੰਡੇ ਸਪੈਸ਼ਲ ਕਿੱਟੀ ਪਾਰਟੀ ਲਈ ਸਪੈਸ਼ਲ ਮੇਕਅਪ ਕਰਨ ਲੱਗ ਪਈ।

ਮੈਂ ਟੈਲੀਵਿਜ਼ਨ ਦਾ ਰਿਮੋਟ ਫੜਿਆ ਤੇ ਬੈੱਡ ਉੱਤੇ ਪੱਸਰ ਕੇ ਤਿਆਰ ਹੁੰਦੀ ਅਨਾਮਿਕਾ ਨੂੰ ਨਿਹਾਰਨ ਲੱਗਿਆ। ਸਜਦੀ ਸੰਵਰਦੀ ਨੂੰ ਵੇਖ ਮੇਰਾ ਚਾਨਚੱਕ ਹਾਸਾ ਛੁੱਟ ਗਿਆ। ਕੁਝ ਚਿਰ ਪਹਿਲਾਂ

ਗਊ ਭਗਤਣੀ ਬਣੀ ਹੁਣ ਹਿਰਨੀ ਬਣ ਕੇ ਦੁੜੰਗੇ ਮਾਰਨ ਚੱਲੀ ਏ।

"ਕੀ ਹੋਇਆ?" ਹੈਰਾਨ ਹੁੰਦੀ ਨੇ ਪੁੱਛਿਆ।

"ਕੁਝ ਨਹੀਂ। ਬਸ, ਐਵੇਂ ਹੀ। ਤੂੰ ਅਭੀ ਤੱਕ ਹੈ ਹਸੀਂ ਔਰ ਮੈਂ ਜਵਾਂ...।" ਮੈਂ ਗੁਣਗੁਣਾਇਆ ਤਾਂ ਸ਼ਰਾਰਤੀ ਜਿਹੀ ਝਾਤ ਮਾਰਦੀ ਉਹ ਵੀ ਹੱਸ ਪਈ।

"ਛੱਡ ਯਾਰ ਅੱਜ ਸਪੈਸ਼ਲ ਸੰਡੇ ਘਰ ਹੀ ਮਨਾਉਂਦੇ ਹਾਂ।" ਉਸ ਦੀ ਪੇਟੀਕੋਟ ਤੇ ਬਲਾਊਜ਼ ਵਿਚਾਲੇ ਲਰਜ਼ਦੀ ਕਮਰ 'ਤੇ ਅਟਕਿਆ ਮਨ ਸ਼ਰਾਰਤ ਨੂੰ ਲਲਚਾਉਣ ਲੱਗਿਆ।

"ਤੁਹਾਡੇ ਬੋਰਿੰਗ ਬੰਦੇ ਨਾਲ ਸਪੈਸ਼ਲ ਸੰਡੇ ਬਰਬਾਦ ਕਰਾਂ ਮੱਤ ਨਹੀਂ ਮਾਰੀ ਮੇਰੀ। ਉੱਠ ਕੇ ਦਰਵਾਜ਼ਾ ਬੰਦ ਕਰ ਲਉ। ਕੰਮ ਵਾਲੀ ਨੂੰ ਮੈਂ ਨਾਲ ਲੈ ਕੇ ਜਾ ਰਹੀ ਹਾਂ। ਨੌਕਰ ਨਾਲ ਹੋਵੇ ਤਾਂ ਸਟੇਟਸ ਸਿੰਬਲ ਲੱਗਦੈ। ਤੁਸੀਂ ਤਸੱਲੀ ਨਾਲ ਘਰ ਅਰਾਮ ਕਰੋ। ਖਾਣਾ ਮਾਈਕਰੋਵੇਵ 'ਚ ਰੱਖਿਐ। ਜਦੋਂ ਦਿਲ ਕਰੇ ਗਰਮ ਕਰਕੇ ਖਾ ਲੈਣਾ।" ਪਰਸ ਨੌਕਰਾਣੀ ਨੂੰ ਫੜਾ ਉਹ ਠੁਮਕ-ਠੁਮਕ ਕਰਦੀ ਅੱਗੇ ਲੱਗ ਤੁਰੀ। ਮੇਰਾ ਫਿਰ ਹਾਸਾ ਨਿਕਲ ਗਿਆ। ਉਸ ਨੇ ਮੁੜ ਕੇ ਘੂਰਿਆ।

"ਕੁਝ ਨਹੀਂ। ਬਸ, ਉਹ ਤੇਰਾ ਸਟੇਟਸ ਸਿੰਬਲ...।" ਮੈਂ ਉਸ ਦੀ ਕਮਰ 'ਤੇ ਹਲਕਾ ਜਿਹਾ ਹੱਥ ਫੇਰਦਿਆਂ ਹੱਸਿਆ।

"ਆ ਕੇ ਨਿੱਬੜਦੀ ਆਂ ਤੁਹਾਡੇ ਨਾਲ।" ਅਨਾਮਿਕਾ ਖਿੜਖਿੜਾ ਕੇ ਹੱਸੀ ਤੇ ਅੰਗ-ਅੰਗ ਛਲਕਦੀ ਕਾਰ 'ਚ ਜਾ ਬੈਠੀ। ਮੈਂ ਦਰਵਾਜ਼ਾ ਬੰਦ ਕੀਤਾ। ਆ ਕੇ ਬੈੱਡ 'ਤੇ ਲੇਟ ਸਿਰਹਾਣੇ ਨਾਲ ਗੁੱਥਮ-ਗੁੱਥਾ ਹੋਣ ਲੱਗਿਆ।

ਊਈ...। ਅਚਾਨਕ ਕੁੱਝ ਗਰਦਨ 'ਤੇ ਵੱਜਿਆ। ਹੱਥ ਨਾਲ ਟਟੋਲਿਆ। ਹੇਅਰ ਬਰਸ਼ ਦੀ ਡੰਡੀ।

''ਸ਼ੁਕਰ ਮਨਾ ਬਚ ਗਿਆ ਬੱਚੂ। ਜੇ ਗਾਂ ਦਾ ਸਿੰਗ ਹੁੰਦਾ...?'' ਸੋਚ ਨੇ ਡੰਗਿਆ।

ਬੈੱਡ 'ਤੇ ਕੰਡ ਲਾਈ ਨਹੀਂ ਸੀ ਕਿ ਗਾਂ ਤੇ ਵੱਛਾ ਫਿਰ ਦਿਮਾਗ 'ਚ ਬਾਂਅ...ਬਾਂਅ...ਕਰਨ ਲੱਗੇ। ਗਾਂ ਦੀ ਪੂਜਾ ਕਰਦੀ ਅਨਾਮਿਕਾ, ਮੇਰੇ ਹੱਥ 'ਚ ਲਹਿਰਾਉਂਦਾ ਵਾਈਪਰ, ਗਾਂ ਤੇ ਵੱਛੇ ਨੂੰ ਲੱਗੀਆਂ ਸੱਟਾਂ...! ਜੇ ਗਾਂ ਮਰ ਗਈ!!

''ਗਊ ਹਤਿਆਰਾ।'' ਮੇਰੇ ਅੰਦਰ ਨੇ ਮੈਨੂੰ ਡਰਾਇਆ। ਮੈਂ ਸੁੰਗੜ ਕੇ ਇਕੱਠਾ ਹੋ ਗਿਆ।

ਬੰਦਾ ਸੱਪ ਤੋਂ ਨਹੀਂ ਸੱਪ ਦੇ ਜ਼ਹਿਰ ਤੋਂ ਡਰਦੈ। ਸੋਚ ਕੇ ਮੇਰੇ ਅੰਦਰ ਦਾ ਬੰਦਾ ਲਾਹਨਤ ਪਾਉਣ ਲੱਗਿਆ, "ਗਾਂ ਦੇ ਦੁੱਧ 'ਤੇ ਪਲਿਆ ਅੱਜ ਗਾਂ ਤੋਂ ਖ਼ੌਫ਼ਜ਼ਦਾ ਹੋਇਆ ਪਿਐਂ। ਦੁਰ ਫਿੱਟੇ ਮੂੰਹ...।" ਬਚਪਨ ਚੇਤਿਆਂ 'ਤੇ ਸਵਾਰ ਹੋ ਗਿਆ। ਸਾਡੇ ਕਿੱਲੇ ਹਮੇਸ਼ਾ ਗਾਂ ਬੱਧੀ ਰਹਿੰਦੀ। ਗਾਂ ਦੇ ਵੱਛੇ ਨਾਲ ਦੁੜੰਗੀਆਂ ਮਾਰਦਾ ਵੱਡਾ ਹੋਇਆਂ। ਅੱਜ ਉਹੀ ਨਸਲ ਜਾਨ ਦਾ ਖੌਅ ਬਣੀ ਪਈ ਏ। ਡਰਦਾ ਮਾਰਾ ਆਪਣੇ-ਆਪ ਨੂੰ ਘਰ ਦੇ ਅੰਦਰ ਡੱਕ ਕੇ ਦੁਬਕਿਆ ਬੈਠਾਂ। ਟੀ.ਵੀ. 'ਤੇ ਕੀ ਚੱਲ ਰਿਹੈ? ਇਹ ਵੀ ਧਿਆਨ ਨਹੀਂ।

ਟਨ...ਟਨ...। ਘੰਟੀ ਵੱਜੀ। ਸ਼ਾਇਦ ਵਹਿਮ ਦੇ ਮਾਰੇ ਨੂੰ ਘੰਟੀਆਂ ਸੁਣਨ ਲੱਗੀਆਂ ਨੇ। ਮੈਂ ਘੇਸਲਾ ਹੋ ਕੇ ਪਿਆ ਰਿਹਾ। ਟਨ...ਟਨ...ਟਨ। ਫਿਰ ਘੰਟੀ...! 'ਟੀ.ਵੀ. ਪ੍ਰੋਗਰਾਮ 'ਚ ਵੱਜਦੀ ਹੋਣੀ ਏਂ।' ਸੌਂ ਜਾਣ ਦੇ ਇਰਾਦੇ ਨਾਲ ਮੈਂ ਟੀ.ਵੀ. ਬੰਦ ਕਰ ਦਿੱਤਾ।

ਟਨ...ਟਨ...ਟਨ...ਟਨਨਨਨ...। ਘੰਟੀ ਲਗਾਤਾਰ ਵੱਜਣ ਲੱਗੀ।

"ਓ ਹੋ ਇਹ ਤਾਂ ਸੱਚਮੁੱਚ ਸਾਡੀ ਘੰਟੀ ਖੜਕੀ ਜਾਂਦੀ ਏ। ਦੜ੍ਹਾ ਕਰੋ, ਜੋ ਵੀ ਹੋਵੇ ਆਪੇ ਚਲਾ ਜਾਊ। ਹੋਰ ਗਾਂ ਦਾ ਹੀ ਕੋਈ ਪੰਗਾ ਨਾ ਪੈ ਗਿਆ ਹੋਵੇ।" ਦੁਬਕ ਕੇ ਬੈੱਡ ਨਾਲ ਹੋਰ ਚਿਪਕ ਗਿਆ। ਘੰਟੀ



ਪਹਿਲਾਂ ਨਾਲੋਂ ਵੀ ਵਧੇਰੇ ਜ਼ੋਰ ਨਾਲ ਟਨ-ਟਨ ਕਰਨ ਲੱਗੀ।

"ਇੰਜ ਡਰ ਕੇ ਅੰਦਰ ਵੜਿਆਂ ਵੀ ਮੁਸੀਬਤ ਤੋਂ ਪਿੱਛਾ ਨਹੀਂ ਛੁੱਟਣਾ। ਜਦੋਂ ਮੈਂ ਗਊ ਹੱਤਕ ਹੈ ਹੀ ਨਹੀਂ ਤਾਂ ਡਰ ਕੈਸਾ।" ਮੈਂ ਖੁਦ ਨੂੰ ਹੌਸਲਾ ਦਿੱਤਾ।

ਬੈੱਲ ਫੇਰ ਹੋਈ। ਮੇਰਾ ਤੌਖਲਾ ਵਧਿਆ, "ਕਿਧਰੇ ਗਾਂ ਸੱਚੀ ਤਾਂ ਨਹੀਂ ਮਰ ਗਈ...! ਮਰ ਗਿਆ ਪੁੱਤਰਾ। ਅੱਜ ਨਹੀਂ ਬਚਦਾ ਤੂੰ! ਪਰ ਕੀ ਸਬੂਤ ਕਿ ਗਾਂ ਮੈਂ ਮਾਰੀ ਹੈ? ਲੋਕਾਂ ਦੀਆਂ ਭਾਵਨਾਵਾਂ ਭੜਕ ਵੀ ਪੈਣ। ਅਦਾਲਤਾਂ ਭਾਵਨਾਵਾਂ 'ਤੇ ਥੋੜ੍ਹਾ ਚੱਲਦੀਆਂ ਨੇ। ਕਾਨੂੰਨ ਸਬੂਤ ਮੰਗਦੈ। ਮੈਂ ਤਾਂ ਆਪ ਕਾਨੂੰਨ ਦਾ ਪਹਿਰੇਦਾਰ ਹਾਂ। ਅਦਾਲਤ ਉੱਤੇ ਅਦਾਲਤ, ਅਪੀਲ ਦਰ ਅਪੀਲ। ਲੱਖਾਂ ਕਾਨੂੰਨੀ ਦਾਅ-ਪੇਚ। ਕੋਈ ਨਾ...ਸਿਰ 'ਤੇ ਪਈ ਤਾਂ ਨਜਿੱਠ ਵੀ ਲਵਾਂਗਾ।" ਹਿੰਮਤ ਕਰਕੇ ਬੈੱਡ ਤੋਂ ਉੱਠਿਆ। ਕਮਰੇ ਤੋਂ ਦਰਵਾਜ਼ੇ ਤੱਕ ਪਹੁੰਚਦਿਆਂ ਅੰਦਰ ਦੀ ਜੰਗ ਹੋਰ ਤੇ ਹੋਰ ਤੇਜ਼ ਹੋਣ ਲੱਗੀ।

''ਕਾਕਾ ਜੀ ਇਹ ਕਿਹੜਾ ਚਿੜੀ ਮਰੀ ਏ? ਗਾਂ ਮਾਰੀ ਏ ਗਾਂ...।'' ਮੈਨੂੰ ਆਪਾ ਭਗਵੇਂ ਬੱਦਲਾਂ 'ਚ ਘਿਰਿਆ ਜਾਪਣ ਲੱਗਿਆ। ਭਗਵੇਂ ਬੱਦਲ ਅੱਖਾਂ ਕੱਢ-ਕੱਢ ਮੈਨੂੰ ਡਰਾਉਣ ਲੱਗੇ।

ਉੱਧਰ ਬੈੱਲ 'ਤੇ ਬੈੱਲ। ਘੰਟੀ ਲਗਾਤਾਰ ਵੱਜਣ ਲੱਗੀ। ਨੰਦ ਗੋਪਾਲ...। ਜੈ ਸ਼੍ਰੀ ਕ੍ਰਿਸ਼ਨਾ...।" ਕੰਬਦੇ ਹੱਥੀਂ ਦਰਵਾਜ਼ੇ ਦੀ ਚਿਟਕਣੀ ਖੋਲ੍ਹ ਜਾਲੀ ਵਾਲੇ ਦਰਵਾਜ਼ੇ ਵਿੱਚੋਂ ਝਾਕਿਆ, "ਜੈ ਸ਼ਨੀਦੇਵ ਬਾਊ ਜੀ।" ਤੇਲ ਦੀ ਬਾਲਟੀ ਹੱਥ 'ਚ ਫੜੀ ਸ਼ਨੀਆ।

"ਪਰ ਅੱਜ ਤਾਂ ਐਤਵਾਰ ਹੈ ਪੰਡਤ ਜੀ?"

"ਬਾਊ ਜੀ ਸ਼ਨੀਵਾਰ ਰਾਤ ਚੰਦਰ ਗ੍ਰਹਿਣ ਲੱਗਿਐ। ਸਾਰੀਆਂ ਰਾਸ਼ੀਆਂ ਲਈ ਬੜਾ ਭਾਰਾ ਸੀ। ਬੀਬੀ ਜੀ ਨੂੰ ਦੱਸ ਗਿਆ ਸਾਂ ਪਿਛਲੇ ਸ਼ਨੀਵਾਰ। ਉਂਜ ਵੀ ਸ਼ਨੀ ਨੇ ਰਾਸ਼ੀ ਪਰਿਵਰਤਨ ਕੀਤੈ ਤੇ ਆਉਣ ਵਾਲੇ ਦਿਨਾਂ 'ਚ ਅਚਾਨਕ ਮੁਸੀਬਤਾਂ ਘੇਰ ਕੇ ਪਰੇਸ਼ਾਨੀ 'ਚ ਪਾ ਸਕਦੀਆਂ ਨੇ। ਇਸ ਵਾਰ ਸ਼ਨੀ ਜਯੰਤੀ ਤੋਂ ਬਾਅਦ ਤੁਹਾਡੀ ਰਾਸ਼ੀ 'ਤੇ ਢੱਈਆ ਸਮਾਪਤ ਹੋਇਆ ਤੇ ਅੱਗੇ ਸਾੜ੍ਹਸਤੀ ਸ਼ੁਰੂ ਹੋ ਗਈ ਏ।"

"ਸਾੜ੍ਹਸਤੀ ਤਾਂ ਹੋਈ। ਸ਼ਨੀ ਜਯੰਤੀ ਕਿਹੜੀ ਸਤੀ ਏ?"

"ਜੈ ਸ਼ਨੀਦੇਵ ਜਜਮਾਨ। ਸ਼ਨੀ ਜਯੰਤੀ, ਭਗਵਾਨ ਸ਼ਨੀਦੇਵ ਦਾ ਜਨਮ ਦਿਹਾੜਾ। ਲੰਘ ਗਿਆ। ਉਦੋਂ ਤੋਂ ਹੀ ਤੁਹਾਡੀ ਗ੍ਰਹਿਚਾਲ ਗੜਬੜਾਈ ਹੈ। ਢਈਆ ਸਮਾਪਤ ਹੋਇਆ ਤੇ ਗੁਰੂ ਵਕਰੀ ਹੋ ਕੇ ਸੱਤਵੇਂ ਘਰ 'ਚ ਆ ਬਿਰਾਜਿਐ। ਬੜੀ ਭਾਰੀ ਸਾੜ੍ਹਸਤੀ ਦਾ ਪ੍ਰਕੋਪ ਸ਼ੁਰੂ ਹੋਇਐ ਤੁਹਾਡੀ ਰਾਸ਼ੀ 'ਤੇ। ਸ਼ਨੀ ਤੇ ਸੂਰਯ ਆਹਮੋ-ਸਾਹਮਣੇ। ਵਿਨਾਸ਼, ਘੋਰ ਵਿਨਾਸ਼।"

"ਕਮਾਲ ਹੈ, ਭਗਵਾਨ ਵੀ ਜੰਮਦਾ ਮਰਦਾ ਏ...!" ਮੇਰੀ ਸੋਚ ਭਗਵਾਨ ਦੇ ਜਨਮ ਦਿਨ 'ਤੇ ਅਟਕੀ ਸੀ ਕਿ ਬ੍ਰਾਹਮਣ ਨਾਨ-ਸਟਾਪ ਆਪਣੀ ਡਿਊਟੀ ਨਿਭਾਉਂਦਾ, "ਅੱਜ ਰਾਤ ਨੂੰ ਮੰਦਿਰ ਭਵਯ ਸਮਾਗਮ ਹੈ। ਸ਼ਨੀ ਸ਼ਾਂਤੀ ਵਿਸ਼ੇਸ਼ ਪੂਜਾ ਹੋਏਗੀ ਤੇ ਗੋਪਾਸ਼ਟਮੀ ਪੂਜਨ ਵੀ ਸ਼ੁਰੂ ਹੋ ਰਿਹੈ। ਇਸ ਦੇ ਨਾਲ ਹੀ ਗਊਸ਼ਾਲਾ ਦੀ ਛੱਤ ਡਿੱਗਣ ਨਾਲ ਮਰੀਆਂ ਗਊਆਂ ਦੀ ਆਤਮਿਕ ਸ਼ਾਂਤੀ ਲਈ ਹਵਨ ਯੱਗ ਵੀ ਕੀਤਾ ਜਾਣਾ ਹੈ। ਯੱਗ ਵਿੱਚ ਹਿੱਸਾ ਪਾਉਣ ਲਈ ਬੀਬੀ ਜੀ ਨੇ ਵਿਸ਼ੇਸ਼ ਪੂਜਾ ਰਖਵਾਈ ਏ...।'' ਬੋਲੀ ਜਾ ਰਿਹੈ।

"ਅਨਾਮਿਕਾ ਦੇਵੀ ਤੇਰੇ ਰੂਪ ਅਨੇਕ...।" ਮੂੰਹੋਂ ਨਿਕਲਦਾ ਬੋਲ ਮੈਂ ਦੰਦਾਂ ਹੇਠ ਜੀਭ ਦੇ ਕੇ ਟੁੱਕ ਲਿਆ ਤੇ ਜੇਬ ਫਰੋਲਣ ਲੱਗਿਆ। ਕੋਈ ਸਿੱਕਾ ਨਾ ਖਣਕਿਆ। ਜੇਬਾਂ ਟੋਹੀਆਂ। ਪੈਂਟ ਦੀ ਅਗਲੀ ਜੇਬ 'ਚੋਂ ਇੱਕ ਨੋਟ ਹੱਥ ਵਿੱਚ ਆ ਗਿਆ। ਵੇਖਿਆ, ਪੰਜ ਸੌ ਦਾ। ਕਾਹਲੀ ਨਾਲ ਹੱਥ ਜੇਬ ਦੇ ਅੰਦਰ ਕਰਨ

ਲੱਗਿਆ। ਨੋਟ ਬ੍ਰਾਹਮਣ ਦੇਵਤਾ ਦੀ ਨਿਗਾਹ ਚੜ੍ਹ ਗਿਆ, "ਰੱਬ ਭਾਗ ਲਾਵੇ, ਜਜਮਾਨ ਤਰੱਕੀਆਂ ਹੋਣ। ਬੀਬੀ ਜੀ ਵਾਂਗ ਤੁਹਾਡਾ ਹਿਰਦਾ ਵੀ ਬੜਾ ਕੋਮਲ ਹੈ। ਧਰਮ-ਕਰਮ ਤੋਂ ਭਟਕਿਆ ਮਨੁੱਖ ਦੁੱਖਾਂ ਦੀ ਭੱਠੀ 'ਚ ਭੁੱਜਦੈ। ਮਾਇਆ ਕਿਹੜਾ ਨਾਲ ਜਾਣੀ ਏ? ਆਹ ਹੁਣੇ ਪਿਛਲੀ ਗਲੀ 'ਚ ਘਰ ਦੇ ਬਾਹਰ ਖੇਡਦੇ ਬਾਲ ਨੂੰ ਢੱਠੇ ਨੇ ਸਿੰਗਾਂ 'ਤੇ ਚੁੱਕ ਲਿਐ। ਆਂਦਰਾਂ ਬਾਹਰ ਆ ਗਈਆਂ ਬਾਲ ਦੀਆਂ। ਭਗਵਾਨ ਭਲੀ ਕਰੇ। ਪਤਾ ਨਹੀਂ ਕਿਹੜੇ ਜਨਮਾਂ ਦਾ ਫ਼ਲ ਕਿਹੜੇ ਜਨਮ 'ਚ ਭੋਗਣਾ ਪੈਣੈ...।" ਬੋਲਦੇ ਨੇ ਬਾਲਟੀ 'ਚੋਂ ਉਂਗਲ ਦੇ ਪੋਟੇ ਨੂੰ ਤੇਲ ਲਗਾਇਆ ਤੇ ਮੇਰੇ ਮੱਥੇ 'ਤੇ ਤਿਲਕ ਕਰਕੇ ਤੁਰਦਾ ਬਣਿਆ।

ਕਹਾਣੀਆਂ ਪਾ ਕੇ ਪੰਜ ਸੌ ਦਾ ਨੋਟ ਮਾਰ ਗਿਆ। ਸਾਲਾ, ਲੱਗਦਾ ਕੁਝ ਸ਼ਨੀ ਦਾ? ਅਖੇ, ਧਰਮ-ਕਰਮ ਤੋਂ ਭਟਕਿਆ ਮਨੁੱਖ ਦੁੱਖਾਂ ਦੀ ਅੱਗ 'ਚ ਸੜਦੈ। ਆਹ ਹੁਣੇ ਪਿਛਲੀ ਗਲੀ 'ਚ ਘਰ ਦੇ ਬਾਹਰ ਖੇਡਦੇ ਬਾਲ ਨੂੰ ਢੱਠੇ ਨੇ ਸਿੰਗਾਂ 'ਤੇ ਚੁੱਕ ਲਿਐ। ਭਗਵਾਨ ਭਲੀ ਕਰੇ। ਭਗਵਾਨ ਕੀ ਕਰੇਗਾ? ਬੇੜਾ ਸਰਕਾਰਾਂ ਨੇ ਬਠਾ'ਤਾ ਲੋਕਾਂ ਦਾ...। ਕੀ ਵਿਗਾੜਿਆ ਸੀ ਆਹ ਪਿਛਲੀ ਗਲੀ ਵਾਲੇ ਰਾਜਨ ਤੇ ਉਸ ਦੇ ਮਾਪਿਆਂ ਨੇ? ਅੱਤ ਦਰਜੇ ਦੇ ਧਰਮੀ-ਕਰਮੀਂ। ਜ਼ਮੀਨ 'ਤੇ ਪੈਰ ਵੀ ਧਰਦੇ ਤਾਂ ਅੱਖਾਂ ਖੋਲ੍ਹ ਕੇ। ਮਤਾਂ ਕੋਈ ਕੀਟ-ਪਤੰਗ ਨਾ ਮਾਰਿਆ ਜਾਵੇ। ਮਸਾਂ ਵੀਹਾਂ ਕੁ ਵਰ੍ਹਿਆਂ ਦਾ ਰਾਜਨ। ਮਾਪਿਆਂ ਦਾ ਇਕਲੌਤਾ ਪੁੱਤਰ। ਸਾਲ ਪਹਿਲਾਂ ਦੀ ਗੱਲ ਏ। ਮੂੰਹ ਹਨੇਰੇ ਮੋਟਰਸਾਈਕਲ 'ਤੇ ਬਾਪ ਨੂੰ ਬੱਸ ਚੜ੍ਹਾਉਣ ਜਾ ਰਿਹਾ ਸੀ। ਗਲੀ ਦਾ ਮੋੜ ਮੁੜਦਿਆਂ ਅਚਾਨਕ ਗਾਈਆਂ ਦੇ ਝੁੰਡ ਵਿਚਾਲੇ ਘਿਰ ਗਿਆ। ਰਾਹ ਬਣਾਉਂਦੇ ਨੂੰ ਢੱਠੇ ਨੇ ਇੱਕ ਪਾਸਿਓਂ ਢੁੱਡ ਮਾਰਿਆ। ਮੋਟਰ ਸਾਈਕਲ ਸੰਭਾਲਿਆ ਨਾ ਗਿਆ। ਦੋਵੇਂ ਪਿਉ ਪੁੱਤਰ ਪੱਕੀ ਸੜਕ 'ਤੇ ਜਾ ਡਿੱਗੇ। ਭਮੱਤਰੀਆਂ ਗਾਵਾਂ ਨੇ ਪਿਉ ਨੂੰ ਪੈਰਾਂ ਹੇਠ ਦਰੜ ਸੁੱਟਿਆ। ਰਾਜਨ ਦੇ ਸਿਰ 'ਚ ਅੰਦਰੂਨੀ ਸੱਟਾਂ ਵੱਜੀਆਂ। ਖ਼ੂਨ ਬਾਹਰ ਨਿਕਲਣ ਦੀ ਬਜਾਏ ਅੰਦਰ ਜੰਮ ਗਿਆ। ਮਾਪਿਆਂ ਦਾ ਇਕਲੌਤਾ ਪੁੱਤਰ ਅੱਜ ਤੱਕ ਕੌਮਾ 'ਚ ਪਿਐ। ਬਦਨਸੀਬੀ ਵੇਖੋ? ਪਿਉ ਨੂੰ ਮੁੱਖ ਅਗਨੀ ਵੀ ਨਾ ਦੇ ਸਕਿਆ। ਜਿਸ ਤਨੁ ਲਾਗੈ ਸੋ ਤਨੁ ਜਾਣੇ। ਅਨਾਮਿਕਾ ਨੇ ਮੇਰੇ 'ਤੇ ਕਿੰਨਾ ਜ਼ੋਰ ਪਾਇਆ। ਦੋਹਾਂ ਪਿਉ ਪੁੱਤਰਾਂ ਨੂੰ ਇਨਸਾਫ਼ ਦੁਆਉਣ ਲਈ ਉਨ੍ਹਾਂ ਦੀ ਵਕਾਲਤ ਕਰਨ ਵਾਸਤੇ। ਬੇਗਾਨੀ ਅੱਗ ਵਿੱਚ ਮੈਂ ਹੱਥ ਕਿਉਂ ਸਾੜਾਂ? ਉਹ ਪੰਗਾ ਹੀ ਕਿਉਂ ਲਵਾਂ ਜਿਸ ਬਦਲੇ ਮਿਲਣੀ ਦੁਆਨੀ ਨਹੀਂ ਤੇ ਧਰਮ 'ਚ ਦਖ਼ਲ ਦਾ ਦੋਖ਼ੀ ਬਣ ਕੇ ਖਾਹ-ਮ-ਖਾਹ ਮੁਸੀਬਤ ਗਲ ਪਾ ਲਵਾਂ। ਜਿੱਥੇ ਸਰਕਾਰ ਤੇ ਧਰਮ-ਦੋਹਾਂ ਦੀ ਛਤਰ-ਛਾਇਆ ਹੋਵੇ ਉੱਥੇ ਬੰਦਾ ਕਬੂਤਰ ਬਣਿਆ ਚੰਗਾ। ਆਪਾਂ ਚੁੱਪ ਵੱਟ ਗਏ। ਕਿੰਨੇ ਦਿਨ ਅਨਾਮਿਕਾ ਨੇ ਮੇਰੇ ਨਾਲ ਮੂੰਹ ਫੁਲਾਈ ਰੱਖਿਆ।

...ਫੁਲਾਈ ਰੱਖੇ। ਇੰਨਾ ਹੀ ਏ ਤਾਂ ਗਊਆਂ ਨੂੰ ਪੇੜੇ ਦੇਣੇ ਬੰਦ ਕਿਉਂ ਨਹੀਂ ਕਰਦੀ? ਇਸ ਜਨਾਨੀ ਦੇ ਦੋਹਰੇ ਮਾਪਦੰਡ ਮੈਨੂੰ ਸਮਝ ਨਾ ਆਏ। ਵਿਚਾਰਾ ਰਾਜਨ, ਉਸ ਦਾ ਪਿਤਾ ਤੇ ਹੁਣ ਆਹ ਬਾਲ...। ਜਾਨ ਲੈਣੀ ਕੀਤੀ ਏ ਇਹਨਾ ਅਵਾਰਾ ਪਸ਼ੂਆਂ ਨੇ...।'

"ਜੈ ਸ਼ਨੀਦੇਵ।" ਬੋਲਦਾ ਪੰਡਿਤ ਅਗਲੇ ਘਰ ਦੀ ਡੋਰ-ਬੈੱਲ ਵਜਾਉਣ ਲੱਗਿਆ। ਮਨ ਤੇ ਮਣਾਂ ਮੂੰਹੀਂ ਭਾਰ ਲਈ ਮੈਂ ਦਰਵਾਜ਼ਾ ਬੰਦ ਕਰਨ ਲੱਗਿਆ ਕਿ ਮੇਰੇ ਮੂੰਹ 'ਚੋਂ, "ਜੈ ਸ਼ਨੀ ਦੇਵ, ਜੈ ਸ਼ਨੀ ਦੇਵ" ਦੀ ਝੜੀ ਲੱਗ ਗਈ। ਨਜ਼ਰਾਂ ਉੱਲੂ ਵਾਂਗ ਸਾਹਮਣੇ ਜਾ ਲੱਗੀਆਂ। ਚਿੱਟੇ ਦਿਨ ਮੈਨੂੰ ਅੰਧਰਾਤੇ ਨੇ ਘੇਰ ਲਿਆ। ਇਉਂ ਲੱਗੇ ਜਿਵੇਂ ਸਾੜ੍ਹਸਤੀ, ਢਈਆ ਕੁੱਲ ਮਿਲਾ ਕੇ ਸਾਰੀਆਂ ਦਸ਼ਾਵਾਂ ਨੇ ਮੇਰੇ ਸਿਰ ਪਹਿਰਾ ਲਾ ਲਿਆ ਹੈ।

ਅਸਲ ਵਿੱਚ ਮੇਰੀਆਂ ਅੱਖਾਂ ਦੇ ਸਾਹਮਣੇ ਉਹੀ ਚਿਤਕਬਰੀ ਗਾਂ ਸੀ, ਪਰ ਹਾਲਤ...! ਹਾਏ ਰੱਬਾ, ਬਿਆਨ ਤੋਂ ਪਰ੍ਹੇ। ਗਾਂ ਦਾ ਪਿੱਛਾ ਬੁਰੀ ਤਰ੍ਹਾਂ ਲਮਕਿਆ ਹੋਇਆ। ਪਤਾ ਨਹੀਂ ਕਿੱਥੇ-ਕਿੱਥੇ ਸੱਟਾਂ ਵੱਜੀਆਂ



ਮਜ਼ਲੂਮ ਦੇ। ਪੀੜਾਂ ਮਾਰੀ ਗਾਂ ਕੋਲੋਂ ਖੜ੍ਹਾ ਹੋਣਾ ਔਖਾ। ਹੌਲੀ-ਹੌਲੀ ਲੜਖੜਾਉਂਦੀ ਹੋਈ ਜ਼ਮੀਨ 'ਤੇ ਨਿਢਾਲ ਹੋ ਕੇ ਬੈਠ ਗਈ। ਵੱਛਾ ਵੀ ਉਸ ਦੇ ਕੋਲ ਹੀ ਬੈਠ ਗਿਆ। ਇੱਕ-ਦੂਜੇ ਦੇ ਆਹਮੋ-ਸਾਹਮਣੇ ਬੈਠੇ ਜਿਵੇਂ ਅੱਖਾਂ ਵਿੱਚੋਂ ਇੱਕ-ਦੂਜੇ ਦਾ ਦਰਦ ਪੜ੍ਹ ਕੇ ਜ਼ਖ਼ਮਾਂ 'ਤੇ ਫੰਬੇ ਧਰ ਰਹੇ ਹੋਣ। ਦਿਲ ਪਸੀਜ ਗਿਆ। ਮਨ 'ਚ ਆਇਆ ਦੋਹਾਂ ਨੂੰ ਹੱਕ ਕੇ ਡੰਗਰ ਹਸਪਤਾਲ ਛੱਡ ਆਵਾਂ। ਜੇ ਇਸੇ ਹਮਦਰਦੀ 'ਚ ਮੈਂ ਗਊ ਗਰੀਬ ਮਾਰਿਆ ਗਿਆ? ਤਰਸ 'ਚ ਅੱਗੇ ਵਧਿਆ ਇੱਕ ਕਦਮ, ਡਰ ਨਾਲ ਕਈ ਕਦਮ ਪਿੱਛੇ ਮੁੜ ਪਿਆ।

ਵੇਖਦੇ-ਵੇਖਦੇ ਗਾਂ ਨੇ ਜੇਰ ਸੁੱਟ ਦਿੱਤੀ ਤੇ ਨਾਲ ਹੀ ਕੱਚਾ ਜੰਮਿਆ ਵੱਛਾ ਸੰਸਾਰ ਵਿੱਚ ਪ੍ਰਵੇਸ਼ ਕਰ ਗਿਆ। ਇਹ ਵੱਛਾ ਸੀ ਜਾਂ ਵੱਛੀ? ਮੇਰੀ ਜਾਣੇ ਬਲਾਂ। ਜ਼ਿੰਦਗੀ 'ਚ ਅਜਿਹਾ ਦ੍ਰਿਸ਼ ਪਹਿਲੀ ਵਾਰੀ ਵੇਖ ਕੇ ਮੇਰਾ ਦਿਲ ਮੁੱਠੀ 'ਚ ਆ ਗਿਆ। ਗਾਂ ਦਾ ਬੱਚਾ ਨਹੀਂ ਮਾਸ ਦਾ ਲੋਥੜਾ ਜਿਹਾ ਸੀ। ਨਿਰਜਿੰਦ।

ਮੇਰੀਆਂ ਅੱਖਾਂ ਮੂਹਰੇ ਸੜਕ ਦੇ ਕੰਢੇ ਜੇਰ ਤੇ ਖ਼ੂਨ ਦੀ ਛੱਪੜੀ ਜਿਹੀ ਵਿੱਚ ਮਰਿਆ ਹੋਇਆ ਬੱਚਾ ਪਿਆ ਸੀ। ਨਿੱਕੇ-ਨਿੱਕੇ ਖੁਰ, ਨਿੱਕਾ ਜਿਹਾ ਸਿਰ, ਬੰਦ ਅੱਖਾਂ, ਪਤਲੀ ਜਿਹੀ ਮਾਸ ਦੀ ਪੂਛ ਨਾਲ ਕਾਲੇ ਸ਼ਾਹ ਵਾਲਾਂ ਦਾ ਪੂੰਝਾ।

ਲੰਘਦੇ-ਟੱਪਦੇ ਲੋਕ ਗਾਂ ਨੂੰ ਵੇਖਦੇ। 'ਓਏ-ਹੋਏ' ਬੋਲਦੇ ਤੇ ਨੱਕ ਵੱਟ ਕੇ ਅੱਗੇ ਲੰਘ ਜਾਂਦੇ।

ਕਾਲੇ ਸਿਆਹ ਬੱਦਲਾਂ ਨੇ ਅਸਮਾਨ ਢੱਕ ਲਿਆ। ਕਿਸੇ ਵੇਲੇ ਵੀ ਮੋਹਲੇਧਾਰ ਮੀਂਹ ਪੈ ਸਕਦਾ ਸੀ। ਹਰ ਕਿਸੇ ਨੂੰ ਸੁਰੱਖਿਅਤ ਥਾਂ-ਟਿਕਾਣੇ ਪਹੁੰਚਣ ਦੀ ਕਾਹਲ।

ਕੋਈ ਗਊਸ਼ਾਲਾ ਫ਼ੋਨ ਕਰ ਦੇਵੇ ਜਾਂ ਫਿਰ ਮਿਉਂਸਪੈਲਿਟੀ ਇਤਲਾਹ ਕੀਤੀ ਜਾਵੇ। ਬਿੱਲੀ ਦੇ ਗਲ ਟੱਲੀ ਬੰਨ੍ਹੇ ਕੌਣ? ਗਾਂ ਦੀ ਅਜਿਹੀ ਹਾਲਤ ਦਿਮਾਗ ਵਾਲੇ ਬੰਦਿਆਂ ਦੀ ਮਾਰ ਨਾਲ ਹੋਈ ਸੀ। ਕਿਸੇ ਜਾਨਵਰ ਨੇ ਤਾਂ ਜਾਨਵਰ ਨੂੰ ਮਾਰਿਆ ਨਹੀਂ ਸੀ? ਜਾਨਵਰ ਭੂਤਰ ਜਾਵੇ ਤਾਂ ਬੰਦਾ ਬਚਾਅ ਲਈ ਕਿਸੇ ਅਨਜਾਣ ਦੇ ਘਰ ਵੜ ਕੇ ਪਨਾਹ ਲੈ ਲੈਂਦੈ। ਭੂਤਰੇ ਹੋਏ ਤਾਂ ਕੀ ਚੰਗੇ ਭਲੇ ਜਾਨਵਰ ਨੂੰ ਵੇਖ ਲੋਕੀਂ ਜਾਨਵਰ ਦੀ ਜਾਨ ਦੇ ਦੁਸ਼ਮਣ ਬਣ ਜਾਂਦੇ ਆ। 'ਮਨੁੱਖ ਜਾਨਵਰ ਦਾ ਦੁਸ਼ਮਣ।' ਵਿਚਾਰ ਦਿਲ 'ਚੋਂ ਨਿਕਲਿਆ ਜਾਂ ਦਿਮਾਗ ਦੀ ਉਪਜ ਸੀ। ਬਿਨਾਂ ਸਮਝੇ ਆਪਣੇ-ਆਪ ਨਾਲ ਤਕਰੀਰਾਂ ਕਰਦਾ ਮੈਂ ਮੁਹੱਲਾ ਭਲਾਈ ਸੁਸਾਇਟੀ ਪ੍ਰਧਾਨ ਦੇ ਘਰ ਵੱਲ ਤੁਰ ਪਿਆ।

ਗਾਂ ਮਾਤਾ ਹੈ ਤਾਂ ਮਾਂ ਨੂੰ ਸੜਕਾਂ 'ਤੇ ਕੋਈ ਸਪੂਤ ਤਾਂ ਰੋਲਣੋਂ ਰਿਹਾ। ਮਾਂ ਦੇ ਹਮਦਰਦ ਮਾਂ ਨੂੰ ਸਾਂਭਣ ਦੀ ਜ਼ਿੰਮੇਵਾਰੀ ਕਾਹਤੋਂ ਨਹੀਂ ਲੈਂਦੇ...?' ਮੈਂ ਬੁੜਬੁੜ ਕਰਦਾ ਤੁਰਿਆ ਜਾ ਰਿਹਾ ਸੀ ਕਿ ਰਾਹ ਜਾਂਦੇ ਨੂੰ ਇੱਕ ਗੁਆਂਢੀ ਘੇਰ ਖਲੋਤਾ। ਗਾਂ ਦਾ ਹਮਦਰਦ ਬਣਿਆ ਬੜਾ ਮੂੰਹ ਸੰਵਾਰ-ਸੰਵਾਰ ਗੱਲਾਂ ਕਰੇ।

ਅਖੇ, "ਅੱਜ ਸਵੇਰੇ ਤੁਹਾਡਾ ਬਗੀਚਾ ਭਲਾ ਇਸੇ ਗਾਂ ਤੇ ਵੱਛੇ ਨੇ ਉਜਾੜਿਆ ਸੀ...?" ਸਵਾਲ ਦਾਗ ਕੇ ਉਹ ਗੋਲੀ ਮੇਰੇ ਕਿਸ ਅੰਗ 'ਤੇ ਵਾਰ ਕਰ ਗਈ ਹੈ, ਦਾ ਜਾਇਜ਼ਾ ਲੈਣ ਲਈ ਗਹੁ ਨਾਲ ਮੇਰਾ ਚਿਹਰਾ ਘੋਖਣ ਲੱਗਿਆ।

"ਪਤਾ ਨਹੀਂ ਜੀ। ਮੈਂ ਤਾਂ ਜਦੋਂ ਉੱਠਿਆ ਬਗੀਚਾ ਉਜੜਿਆ ਪਿਆ ਸੀ। ਪੈਸੇ ਪਾਉਣ ਲੱਗਿਆਂ ਤਾਂ ਸਾਰਿਆਂ ਨੂੰ ਸੱਪ ਸੁੰਘਦੈ? ਬਈ ਕੋਈ ਚੌਂਕੀਦਾਰ ਹੀ ਰੱਖ ਲਈਏ।"

ਆਪਣੇ ਬਚਾਅ ਵਿੱਚ ਘੜ ਕੇ ਜਵਾਬ ਦਿੱਤਾ। ਸ਼ਾਇਦ ਉਸ ਨੂੰ ਮੇਰੀ ਜ਼ੁਬਾਨ 'ਤੇ ਯਕੀਨ ਨਹੀਂ ਆਇਆ ਤੇ ਬੋਲਣ ਲੱਗਿਆ, "ਅੱਜ ਸਵੇਰੇ ਜਦੋਂ ਤੁਸੀਂ ਅਸ਼ੋਕਾ ਟ੍ਰੀ ਦੀ ਟਹਿਣੀ ਤੋੜ ਰਹੇ ਸੀ, ਮੈਂ ਟਾਇਲਟ ਜਾ ਰਿਹਾ ਸੀ। ਪੇਟ ਗੜਬੜ ਦੇ ਚੱਕਰ ਵਿੱਚ ਵੇਖ ਨਹੀਂ ਸਕਿਆ। ਤੁਸੀਂ ਉਸ ਟਹਿਣੀ ਦਾ ਕੀ ਕੀਤਾ? ਜਦੋਂ ਮੈਂ ਆਪਣੀ ਦਵਾਈ ਲੈਣ ਪਿਛਲੀ ਗਲੀ ਵਾਲੇ ਡਾਕਟਰ ਕੋਲ ਗਿਆ ਉਦੋਂ ਵੀ ਤੁਸੀਂ

ਹੱਥ ਵਿੱਚ ਨਿੰਮ ਦਾ ਟਾਹਣ ਚੁੱਕੀ ਭੱਜੇ ਜਾ ਰਹੇ ਸੀ। ਮੈਨੂੰ ਡਾਕਟਰ ਸਾਹਿਬ ਨੇ ਅੰਦਰ ਬੁਲਾ ਲਿਆ। ਫਿਰ ਪਤਾ ਨਹੀਂ ਲੱਗ ਸਕਿਆ। ਬਈ, ਨਿੰਮ ਦੇ ਟਾਹਣ ਨਾਲ ਤੁਸੀਂ ਕੀ ਕੀਤਾ? ਘਰ ਵਾਪਸ ਆਇਆ। ਵੇਖਿਆ ਤੁਸੀਂ ਹੱਥ ਵਿੱਚ ਵਾਈਪਰ ਚੁੱਕੀ 'ਹਤਤਤ' ਬੋਲਦੇ ਸਾਹਮਣੀ ਗਲੀ ਵੱਲ ਭੱਜੇ ਜਾ ਰਹੇ ਸੀ ਪਰ ਕਿਸ ਦੇ ਮਗਰ...? ਪਤਾ ਫਿਰ ਨਹੀਂ ਲੱਗਿਆ।"

ਵਿਹਲੀ ਰੰਨ ਪਰੁਹਣਿਆਂ ਜੋਗੀ। ਇਹੋ ਜਿਹੇ ਗਵਾਹ ਹੀ ਫਾਂਸੀ ਦਾ ਫੰਦਾ ਬਣ ਕੇ ਬੇਗੁਨਾਹਾਂ ਲਈ ਸਜ਼ਾ ਦਾ ਸਾਮਾਨ ਬਣਦੇ ਨੇ। ਅਖੇ, 'ਨਿੰਮ ਦਾ ਤੁਸੀਂ ਕੀ ਕੀਤਾ...?'

ਕੀਤਾ ਕੀ ਸਾਲਿਆ, ਘੋਟਣਾ ਬਣਾਇਆ ਦੇਣ ਲਈ ਤੇਰੀ...। ਸੁਣਦਾ ਕੁੱਝ ਹੋਰ ਮੇਰੇ 'ਤੋਂ...। ਮਨ 'ਚ ਗਾਲ੍ਹਾਂ ਕੱਢਦਾ ਸੋਚਣ ਲੱਗਿਆ,' ਹੋਰ ਥੋੜ੍ਹੀ ਦੇਰ ਇਹਦੇ ਕੋਲ ਖੜੋ ਗਿਆ ਤਾਂ ਪੱਕਾ ਗਊ ਹਤਿਆਰਾ ਐਲਾਨਿਆ ਜਾਵਾਂਗਾ। ਫਿਰ ਮੇਰੀ ਸਜ਼ਾ ਦਾ ਪ੍ਰਬੰਧ ਗਊ ਰੱਖਿਅਕ ਕਰਨ ਜਾਂ ਕੋਈ ਹੋਰ ਰੰਗ ਤੇਵਰ ਦਿਖਾਏ ਕਹਿ ਨਹੀਂ ਸਕਦਾ। ਮੇਰੀ ਮੌਤ ਦਾ ਸਾਮਾਨ ਇਹ ਗਵਾਹ ਬਣੇਗਾ। ਪੱਥਰ 'ਤੇ ਲਕੀਰ ਹੈ।' ਸੋਚਾਂ ਦੀ ਚਰਖੜੀ ਚੜ੍ਹਿਆ ਪ੍ਰਧਾਨ ਕੋਲ ਜਾਣ ਦੀ ਬਜਾਏ ਮੈਂ ਪੈਰ ਘਰ ਵੱਲ ਵਾਪਸ ਮੋੜ ਲਏ। ਕਾਹਲੀ ਨਾਲ ਉਸ ਨੇ ਪਿੱਛੋਂ ਦੀ ਮੇਰੇ ਮੋਢੇ 'ਤੇ ਹੱਥ ਧਰਦਿਆਂ ਮਨ ਆਈ ਆਖਰੀ ਬਾਤ ਵੀ ਕਹਿ ਸੁਣਾਈ।

"ਤੁਸੀਂ ਪਤਾ ਨਹੀਂ ਕਿੰਨੀਆਂ ਗਲੀਆਂ ਗਾਹ ਕੇ ਘਰ ਵਾਪਸ ਮੁੜੇ ਹੋਵੋਗੇ। ਜਦੋਂ ਮੈਂ ਨਹਾ ਕੇ ਤੌਲੀਆ ਬਾਹਰ ਤਾਰ 'ਤੇ ਪਾਉਣ ਆਇਆ ਤਾਂ ਇਹ ਗਾਂ ਜ਼ਖ਼ਮੀ ਹਾਲਤ ਵਿੱਚ ਤੁਹਾਡੇ ਘਰ ਦੇ ਬਾਹਰ ਤੁਹਾਡੇ ਸ਼ੈੱਡ ਹੇਠ ਖੜ੍ਹੀ ਬੁਰੀ ਤਰ੍ਹਾਂ ਕਰਾਹ ਰਹੀ ਸੀ। ਸਰੀਰਕ ਸੱਟਾਂ ਦੀ ਪੀੜ ਸੀ ਜਾਂ ਪ੍ਰਜਨਣ ਪੀੜਾਂ ਰੱਬ ਜਾਣੇ। ਗਾਂ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਵਿਚਾਰੀ ਦਾ ਸਮੇਂ ਤੋਂ ਪਹਿਲਾਂ ਜਣੇਪਾ ਹੋ ਗਿਆ। ਬੱਚਾ ਵੀ ਮਰਿਆ ਹੋਇਆ। ਗਊ ਗਰੀਬਣੀ ਨੂੰ ਮਾਰਨ ਦਾ ਪਾਪ ਬੰਦੇ ਨੂੰ...।" ਭੈੜੇ-ਭੈੜੇ ਮੂੰਹ ਬਣਾਉਂਦਾ ਉਹ ਬੋਲਣੋ ਹਟੇ ਹੀ ਨਾ। ਹਾਰ ਕੇ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਮੈਂ ਤਲਖ਼ ਹੋ ਗਿਆ।

"ਕੀ ਮਤਲਬ? ਮਤਲਬ ਕੀ ਏ ਤੁਹਾਡਾ? ਗਊਸ਼ਾਲਾ ਫ਼ੋਨ ਕਿਉਂ ਨਹੀਂ ਕਰਦੇ? ਬਈ, ਗਊਸ਼ਾਲਾਵਾਂ ਅਵਾਰਾ ਪਸ਼ੂਆਂ ਦੀ ਦੇਖ-ਰੇਖ ਲਈ ਬਣਾਈਆਂ ਨੇ। ਸੰਚਾਲਕਾਂ ਲਈ ਪਨਾਹਗਾਹਾਂ ਨਹੀਂ। ਅਸੀਂ ਤਾਂ ਆਪ ਸਵੇਰ ਦੇ ਪਰੇਸ਼ਾਨ ਹੋਏ ਪਏ ਆਂ ਇਸ ਗਾਂ ਤੇ ਵੱਛੇ ਕੋਲੋਂ। ਮੈਨੂੰ ਕੀ ਪਤਾ ਗਾਂ ਨੂੰ ਕਿਸ ਨੇ ਮਾਰਿਐ? ਇਨੇ ਹਮਦਰਦ ਓ ਤਾਂ ਮਨ ਕੀ ਬਾਤ ਉਹਨਾ ਨੂੰ ਸੁਣਾਓ ਜਾ ਕੇ ਜਿਹੜੇ ਗਊ ਸੈੱਸ ਹਜ਼ਮ ਕਰੀ ਜਾਂਦੇ ਨੇ ਮਾਂ ਦੀ ਰੱਖਿਆ ਦਾ। ਮਾਂਵਾਂ ਛੱਡ'ਤੀਆਂ ਗਲੀ-ਮੁਹੱਲਿਆਂ 'ਚ ਤੇ ਸੜਕਾਂ 'ਤੇ ਖੁੱਲ੍ਹੀਆਂ। ਬਈ, ਜਾਉ ਤੇ ਲੋਕਾਂ ਦੇ ਢਿੱਡ ਪਾੜੋ। ਕੋਈ ਬਚਾਅ ਲਈ ਵਾਰ ਕਰੇ ਤਾਂ ਅਸੀਂ ਹਾਂ ਤੁਹਾਡੀ ਬਾਂਅ-ਬਾਂਅ ਦਾ ਮੁੱਲ ਖ਼ੂਨ ਵਹਾਅ ਕੇ ਪਾਉਣ ਲਈ। ਮੈਨੂੰ ਕਟਹਿਰੇ 'ਚ ਖਲ੍ਹਾਰਨ ਦੀ ਥਾਂ ਜਾ ਕੇ ਪੁੱਛੋ ਗਊ ਭਗਤਾਂ ਨੂੰ। ਦੁੱਧ ਦੇਣ ਵਾਲੀਆਂ ਗਾਂਈਆਂ ਨੂੰ ਸੜਕਾਂ 'ਤੇ ਮੌਤ ਬਣਾ ਕੇ ਕਾਹਤੋਂ ਖੁਲ੍ਹਾ ਛੱਡਿਆ ਜਾਂਦੈ? ਗਾਂ ਖੱਸੜ ਹੋ ਗਈ ਹੈ, ਦੁੱਧ ਦੇਣ ਵਾਲੀ ਨਹੀਂ ਰਹੀ ਤਾਂ ਗਊ ਹੱਤਿਆ ਕਾਨੂੰਨ ਕਿਸ ਵਾਸਤੇ ਬਣਾਇਆ ਗਿਐ? ਮਾਂ ਨਹੀਂ ਮੌਤ ਘੁੰਮਦੀ ਏ ਸੜਕਾਂ 'ਤੇ ਮੌਤ...। ਉਨ੍ਹਾਂ ਦੀ ਪੀੜ ਮਹਿਸੂਸ ਕਰੋ ਜਿਨ੍ਹਾਂ ਦੇ ਘਰਾਂ 'ਚ ਇਨ੍ਹਾਂ ਦੇ ਸਿੰਗਾਂ ਨੇ ਸੱਥਰ ਵਿਛਾਏ ਨੇ। ਆਵਦਾ ਮਰੇ ਤਾਂ ਪਤਾ ਲੱਗੇ...।"

ਮੈਂ ਬੋਲੀ ਜਾ ਰਿਹਾ ਸੀ ਤੇ ਉਹ ਗੁਆਂਢੀ ਮੂੰਹ ਜਿਹਾ ਸੰਵਾਰਦਾ ਆਪਣੇ ਘਰ ਅੰਦਰ ਜਾ ਵੜਿਆ। ਇੱਧਰ ਮੈਂ ਕੜਕਿਆ ਤੇ ਉੱਧਰ ਬੱਦਲ ਗੜਗੜ ਕਰਦੇ ਵਰ੍ਹਨ ਲੱਗੇ। ਗਾਂ ਤੇ ਵੱਛਾ ਹੌਲੀ-ਹੌਲੀ ਉੱਠੇ ਤੇ ਸਾਡੇ ਘਰ ਦੇ ਸ਼ੈੱਡ ਵੱਲ ਤੁਰ ਪਏ। ਉਹ ਸ਼ੈੱਡ ਹੇਠ ਜਾ ਬਥੱਲਾ ਮਾਰਦੇ, ਮੈਂ 'ਹਤਤਤ' ਕਰਦਾ ਭੱਜ ਕੇ ਅੱਗੋਂ ਦੀ ਹੋ ਗਿਆ। ਇਹ ਸ਼ੈੱਡ ਕਾਰ, ਸਕੂਟਰ ਦੇ ਬਚਾਅ ਲਈ ਬਣਾਇਐ। ਅਵਾਰਾ ਜਾਨਵਰਾਂ ਦੇ ਗੰਦ ਪਾਉਣ ਲਈ ਨਹੀਂ। ਉਨ੍ਹਾਂ ਨੂੰ ਭਜਾਉਣ ਲਈ ਕੋਈ ਹਥਿਆਰ, ਡਾਂਗ/ਸੋਟੀ ਹੱਥ ਆਉਂਦੀ। ਗਾਂ ਤੇ



ਵੱਛਾ ਆਸਰਾ ਲੈਣ ਲਈ ਸਾਡੇ ਘਰ ਦੇ ਬਾਹਰ ਸ਼ੈੱਡ ਹੇਠ ਆ ਪਹੁੰਚੇ। ਇੱਥੇ ਬੈਠ ਗਏ ਤਾਂ ਗੱਡੀ ਲਗਾਉਣੀ ਔਖੀ ਹੋ ਜਾਊ। ਮੈਂ ਕਾਹਲੀ ਨਾਲ ਵਾਈਪਰ ਚੁੱਕਿਆ ਤੇ ਹਵਾ 'ਚ ਲਹਿਰਾਉਂਦਾ ਗਾਂ ਤੇ ਵੱਛੇ ਨੂੰ ਅਗਲੀ ਗਲੀ ਵੱਲ ਹੱਕਣ ਲੱਗਿਆ। ਇੱਧਰ ਤੇਜ਼ ਬਰਸਾਤ ਕਾਰਣ ਜੇਰ ਪਾਣੀ ਵਿੱਚ ਘੁਲ ਕੇ ਨਾਲੇ 'ਚ ਰੁੜ੍ਹਨ ਲੱਗੀ। ਮੀਂਹ ਨਾਲ ਧੁਲ ਕੇ ਸਾਫ਼ ਹੋਇਆ ਸੜਕ 'ਤੇ ਪਿਆ ਲੋਥੜਾ ਮਨੁੱਖਤਾ ਦਾ ਮੂੰਹ ਚਿੜਾਉਣ ਲੱਗਿਆ। ਗਾਂ ਅੜਿੰਗਦੀ ਹੋਈ ਆਪਣੇ ਨਵਜੰਮੇ ਵੱਲ ਭੱਜੀ। ਵੱਛਾ ਵੀ ਮਗਰ ਤੁਰ ਪਿਆ। ਕੜਕੜ ਕਰਦੀ ਬਿਜਲੀ ਤੇ ਗੜਗੜ ਕਰਦਾ ਬੱਦਲ। ਇੱਧਰ ਸ਼ੈੱਡ ਹੇਠ ਵਾਈਪਰ ਲੈ ਕੇ ਕਾਰ ਲਗਾਉਣ ਲਈ ਥਾਂ ਦੀ ਰਖਵਾਲੀ ਕਰਦਾ ਮੈਂ। ਸ਼ਾਇਦ ਗਾਂ ਤੇ ਵੱਛੇ ਨੂੰ ਸਮਝ ਆ ਗਈ। ਸ਼ੈੱਡ ਉਨ੍ਹਾਂ ਲਈ ਨਹੀਂ, ਇਨਸਾਨ ਵੱਲੋਂ ਕਾਰਾਂ ਦੀ ਸੁਰੱਖਿਆ ਵਾਸਤੇ ਬਣਵਾਏ ਗਏ ਨੇ। ਪੀੜਾਂ ਭੰਨੀ ਗਾਂ ਨੇ ਬੰਦੇ ਨਾਲ ਖਾਹ-ਮ-ਖਾਹ ਸਿੰਗ ਫਸਾਉਣ ਨਾਲੋਂ ਕਿਸੇ ਹੋਰ ਥਾਂ ਬਚਾਅ ਲਈ ਪਹੁੰਚਣ ਦਾ ਫ਼ੈਸਲਾ ਕਰ ਲਿਆ।

ਮੈਂ ਕੁਝ ਚਿਰ ਸ਼ੈੱਡ ਹੇਠ ਖੜ੍ਹਾ ਰਿਹਾ। ਮੌਸਮ ਦੇ ਮਿਜ਼ਾਜ ਵਿਗੜਨ ਲੱਗੇ। ਚੁਫ਼ੇਰਾ ਸੁਰਖ ਹੋਣ ਲੱਗਿਆ। ਆਕਾਸ਼ ਵੱਲ ਝਾਤੀ ਮਾਰੀ। ਭਗਵੇਂ ਬੱਦਲਾਂ ਦੇ ਗੋਲੇ। ਕੰਨ ਪਾੜਵੀਂ ਆਵਾਜ਼ ਕਰਦਾ ਬੱਦਲ ਗੱਜਿਆ ਤੇ ਮੋਹਲੇਧਾਰ ਮੀਂਹ ਲਹਿ ਪਿਆ। ਸੋਚਾਂ ਦੇ ਆਕਾਸ਼ ਵਿੱਚ ਗਾਂ ਤੇ ਵੱਛਾ ਅੜਿੰਗਣ ਲੱਗੇ, "ਵਰ੍ਹਦੇ ਮੀਂਹ 'ਚ ਮਾਂ ਪੁੱਤਰ ਕਿੱਧਰ ਗਏ ਹੋਣ...? ਗਾਂ ਵਿਚਾਰੀ...! ਉਹ ਵੀ ਇਸ ਹਾਲਤ ਵਿੱਚ। ਲੱਗਦਾ ਨਹੀਂ ਬਚੇ।" ਗਾਂ ਦੀ ਮੌਤ ਦਾ ਖ਼ਿਆਲ ਆਇਆ। ਡਰ ਨਾਲ ਕੰਬਣੀ ਛਿੜੀ। ਮੈਂ ਭੱਜ ਕੇ ਘਰ ਦੇ ਅੰਦਰ ਜਾ ਵੜਿਆ ਤੇ ਦਰਵਾਜ਼ਾ ਬੰਦ ਕਰਕੇ ਤਾਲਾ ਲਗਾ ਲਿਆ।

ਘੜੀ ਵੇਖੀ। ਸ਼ਾਮ ਦੇ ਸਾਢੇ ਪੰਜ ਹੋਣ ਨੂੰ ਆਏ। ਅਨਾਮਿਕਾ ਵੀ ਮੁੜਨ ਵਾਲੀ ਹੋਵੇਗੀ। ਰੋਟੀ ਛੱਡ ਕੁਝ ਹਲਕਾ-ਫੁਲਕਾ ਖਾਣ ਦੇ ਇਰਾਦੇ ਨਾਲ ਮੈਂ ਅੰਦਰ ਆ ਕੇ ਰਸੋਈ 'ਚ ਫਰੋਲਾ-ਫਰਾਲੀ ਕਰਨ ਲੱਗਾ।

ਫਰਿੱਜ ਖੋਲ੍ਹੀ। ਗੋਕੇ ਘਿਉ ਦੇ ਡੱਬੇ ਉੱਤੇ ਬਣੀ ਗਾਂ ਤੇ ਨਾਲ ਪੂਛ ਹਿਲਾਉਂਦੇ ਵੱਛੇ ਦੀ ਤਸਵੀਰ।

"ਮਰ ਗਏ...। ਫਰਿੱਜ ਵਿੱਚ ਗਊ ਮਾਸ।" ਮੈਨੂੰ ਮਾਸ ਦੇ ਟੁੱਕੜਿਆਂ 'ਚੋਂ ਆਪਣਾ ਖ਼ੂਨ ਨੁਚੱੜਦਾ ਦਿਖਾਈ ਦੇਣ ਲੱਗਿਆ। ਫਰਿੱਜ 'ਚ ਬੀਫ਼ ਹੈ ਜਾਂ ਨਹੀਂ ਕਿਸ ਨੇ ਪੁੱਛਣੈ। ਕਨਸੋਅ ਮਿਲਣ ਦੀ ਦੇਰ ਏ। ਆਈ ਭੀੜ ਕਾਕਾ ਤੇਰੇ ਟੋਟੇ ਕਰਨ। ਫਰਿੱਜ ਵਿੱਚ ਬੀਫ਼ ਰੱਖਣ ਦੇ ਸ਼ੱਕ 'ਚ ਮਾਰਿਆ ਗਿਆ ਕਿਸੇ ਮਾਂ ਦਾ ਇਕਲੌਤਾ ਪੁੱਤਰ ਮੈਨੂੰ ਹੌਲ ਪਾਉਣ ਲੱਗਿਆ। ਹੁਣ ਨਹੀਂ ਬਚਦਾ ਤੂੰ ਬੱਚੂ। ਆਇਆ ਕੋਈ ਤ੍ਰਿਸ਼ੂਲ ਤੇਰੀ ਛਾਤੀ ਵਿੰਨ੍ਹਣ।" ਮੈਨੂੰ ਛਾਤੀ 'ਚੋਂ ਚੀਸ ਉੱਠਦੀ ਲੱਗੀ ਤੇ ਮੈਂ ਦਰਦ ਨਾਲ ਦੂਹਰਾ ਹੋ ਗਿਆ। ਜਿਸ ਨੂੰ ਵੇਖੋ ਦੂਜੇ ਦੇ ਖ਼ੂਨ ਦਾ ਪਿਆਸਾ। ਸੋਚਾਂ ਅੰਦਰ ਕੋਹਣ ਲੱਗੀਆ।

ਬੰਦੇ ਨੇ ਆਪੋ-ਆਪਣੇ ਧਰਮ ਬਣਾਏ ਤੇ ਫਿਰ ਧਰਮ ਦੇ ਪਹਿਰੇਦਾਰ ਬਣ ਬੈਠੇ। ਜਾਨਵਰਾਂ ਦਾ ਜਾਤੀਵਾਦ ਕਦੋਂ ਤੇ ਕਿਵੇਂ ਹੋਇਆ ਹੋਵੇ? ਕਿਵੇਂ ਧਾਰਮਿਕ ਚਿੰਨ੍ਹ ਬਣ ਕਿਸੇ ਜਾਤੀ ਵਿਸ਼ੇਸ਼ ਦੀ ਪਛਾਣ ਬਣੇ...? ਕੰਮ ਦੇ ਆਧਾਰ 'ਤੇ ਮਨੁੱਖੀ ਸਮਾਜ ਬ੍ਰਾਹਮਣ, ਵੈਸ਼, ਖੱਤਰੀ, ਸ਼ੂਦਰ ਬਣਿਆ ਪਰ ਜਾਨਵਰਾਂ ਦੀ ਜਾਤੀ ਵੰਡ ਕਿਸ ਆਧਾਰ 'ਤੇ ਹੋਈ? ਕਿਵੇਂ ਗਊ ਬ੍ਰਾਹਮਣ ਹੋ ਗਈ? ਜੰਗ ਦੇ ਮੈਦਾਨ 'ਚ ਉਤਰਨ ਵਾਲੇ ਖੱਤਰੀ ਹੋ ਗਏ, ਭਾਰ ਢੋਣ ਵਾਲੇ ਵੈਸ਼...! ਜਾਨਵਰਾਂ ਦੇ ਜਾਤੀਵਾਦ ਤੇ ਧਰਮ ਚੱਕਰ 'ਚ ਫਸੇ ਨੂੰ ਖਾਣਾ-ਪੀਣਾ ਵਿਸਰ ਗਿਆ ਤੇ ਮੈਂ ਮੁਬਾਇਲ ਨਾਲ ਮੱਥਾ ਮਾਰਨ ਲੱਗਿਆ।

ਨੈੱਟ ਆਨ ਕੀਤਾ। ਗਾਂ ਦਾ ਧਾਰਮਿਕ ਲੇਖਾ-ਜੋਖਾ ਖੋਲ੍ਹ ਲਿਆ। ਜਾਣਕਾਰੀਆਂ ਖੁੱਲ੍ਹਣ ਲੱਗੀਆਂ ਤੇ ਗਾਂ ਦ੍ਰਿਸ਼ ਬਦਲ-ਬਦਲ ਕੇ ਅੱਖਾਂ ਅੱਗੇ ਚੱਕਰ ਕੱਟਣ ਲੱਗੀ। ਅਤੀਤ ਵਿੱਚ ਗਾਂ ਪਹੁੰਚ ਵਾਲੇ ਪਰਿਵਾਰਾਂ ਵਿੱਚ ਮਹਿਮਾਨਾਂ ਦੇ ਸਵਾਗਤ 'ਚ ਮੁੱਖ ਭੋਜਨ ਬਣੀ ਖਾਣੇ ਦੀ ਮੇਜ਼ 'ਤੇ ਪਰੋਸੀ ਪਈ। 'ਖਾਂਵਾਂ

ਨਾ ਖਾਂਵਾਂ?' ਹਵਾ 'ਚ ਹੱਥ ਇੱਧਰ-ਉੱਧਰ ਮਾਰਦੇ ਦੇ ਹੱਥ ਕੁੱਝ ਨਾ ਆਇਆ। ਅੱਖਾਂ ਮੁਬਾਇਲ ਤੋਂ ਹਟ ਕੇ ਖਾਣੇ ਦੀ ਮੇਜ਼ ਟੋਲਣ ਲੱਗੀਆਂ। ਖਾਣੇ ਦੀ ਮੇਜ਼ ਹੁੰਦੀ ਤਾਂ ਲੱਭਦੀ।

ਅਗਲੀ ਜਾਣਕਾਰੀ ਖੋਲ੍ਹੀ। ਧੀ ਦਾ ਦਹੇਜ ਬਣ ਕੇ ਪਿਤਾ ਦਾ ਮਾਣ ਵਧਾਉਂਦੀ ਗਾਂ। ਮਨ ਭਰ ਆਇਆ। ਵਸਤੂ ਵਟਾਂਟਰੇ 'ਚ ਗਊ ਦਾ ਪੈਂਦਾ ਮੁੱਲ ਗਾਂ ਦਾ ਮਾਣ ਵਧਾਉਣ ਲੱਗਿਆ। ਭਾਵੁਕ ਹੋਏ ਨੇ ਅਗਲੀ 'ਸਰਚ' ਬੀਫ਼ ਦੇ ਵਪਾਰ ਬਾਰੇ ਮਾਰੀ...। ਹੱਥਾਂ ਵਿੱਚ ਨੱਚਦੀ ਸੱਚਾਈ ਪੜ੍ਹ ਮੇਰੀ ਰੂਹ ਕੰਬ ਉੱਠੀ। ਹੱਥੋਂ ਛੁੱਟਦਾ ਮੁਬਾਇਲ ਮੁਸ਼ਕਿਲ ਨਾਲ ਸੰਭਾਲਿਆ। ਬੀਫ਼ ਦਾ ਵਿਰੋਧ ਕਰਨ ਵਾਲਾ ਦੇਸ਼ ਹੀ ਬੀਫ਼ ਦਾ ਸਭ ਤੋਂ ਵੱਡਾ ਐਕਸਪੋਰਟਰ! ਪਹਿਰੇਦਾਰ ਤੇ ਵੱਡੇ ਵਪਾਰੀ ਰਲ਼ਗੱਡ। ਗਊ ਦੇ ਮਾਤਾ ਬਣਨ ਦਾ ਖੁਰਾ-ਖੋਜ ਭਾਲਦਾ ਮੈਂ ਹੋਰ ਉਲਝਣ ਲੱਗਿਆ। ਆਖਿਰ ਨੈੱਟ ਬੰਦ ਕਰਕੇ ਮੁਬਾਇਲ ਪਰ੍ਹਾਂ ਵਗਾਹ ਮਾਰਿਆ।

"ਚੰਗਾ ਤੜਕੇ ਉੱਠਦੇ ਗਾਵਾਂ ਦੇ ਝਮੇਲੇ 'ਚ ਫੱਸਿਆਂ। ਸਾਉਣ ਦੇ ਅੰਨ੍ਹੇ ਵਾਂਗ ਹਰ ਪਾਸੇ ਗਾਂ-ਵੱਛੇ ਹੀ ਦਿੱਸਣ ਲੱਗੇ ਨੇ। ਕਿੰਨਾ ਸੌਖਾ ਲੱਗਦਾ ਸੀ ਸਾਨੂੰ ਸਕੂਲ ਪੜ੍ਹਦਿਆਂ ਗਾਂ 'ਤੇ ਲੇਖ ਲਿਖਣਾ। ਕੋਈ ਰੱਟਾ ਨਹੀਂ। ਅੱਖਾਂ ਅੱਗੇ ਆਪਣੇ ਵਿਹੜੇ ਬੱਧੀ ਗਾਂ ਘੁੰਮਦੀ ਜਾਣੀ ਤੇ ਲੇਖ ਲਿਖਦਿਆਂ ਹੱਥ ਥੱਕ ਜਾਣਾ। ਵਕਤ ਕਿੰਨੀ ਤੇਜ਼ੀ ਨਾਲ ਬਦਲਿਆ। ਆਪਣੇ ਪੁੱਤਰ ਜਸ਼ਨ ਨੂੰ ਗਾਂ ਦਾ ਲੇਖ ਰਟਾਉਣ ਲਈ ਮੈਂ ਤੇ ਅਨਾਮਿਕਾ ਨੇ ਕਿੰਨਾ ਮੱਥਾ ਮਾਰਿਆ? ਉਹ ਪੇਪਰ 'ਚ ਕੀ ਲਿਖ ਕੇ ਆਇਆ? ਪੜ੍ਹ ਕੇ ਸਾਡੇ ਦੋਹਾਂ ਜੀਆਂ ਦੇ ਹੋਸ਼ ਉੱਡ ਗਏ ਸਨ।

ਪੈਰੇਂਟਸ-ਟੀਚਰਜ਼ ਮੀਟਿੰਗ 'ਚ ਅਧਿਆਪਕਾ ਨੇ ਜਸ਼ਨ ਦੀ ਉੱਤਰ ਪੱਤਰੀ ਸਾਡੇ ਅੱਗੇ ਕਰਕੇ ਲੇਖ ਵਾਲਾ ਪੰਨਾ ਪੜ੍ਹਨ ਦਾ ਇਸ਼ਾਰਾ ਕੀਤਾ। ਜਸ਼ਨ ਨੇ ਲਿਖਿਆ ਸੀ, 'ਗਾਂਵਾਂ ਗਲੀ-ਮੁਹੱਲਿਆਂ, ਸੜਕਾਂ-ਬਾਜ਼ਾਰਾਂ ਵਿੱਚ ਖੁੱਲ੍ਹੀਆਂ ਘੁੰਮਦੀਆਂ ਆਮ ਵੇਖੀਆਂ ਜਾਂਦੀਆਂ ਹਨ। ਇਹ ਲੋਕਾਂ ਲਈ ਪਰੇਸ਼ਾਨੀ ਦਾ ਸਬੱਬ ਹਨ। ਇਹ ਗੰਦਗੀ ਦੇ ਢੇਰਾਂ ਵਿੱਚੋਂ ਪੋਲੀਥੀਨ ਅਤੇ ਹੋਰ ਗੰਦ-ਮੰਦ ਖਾਂਦੀਆਂ ਹਨ। ਮੰਮੀ-ਪਾਪਾ ਕਹਿੰਦੇ ਹਨ ਗਊ ਸਾਡੀ ਮਾਤਾ ਹੈ। ਗਊ ਮਾਂ ਹੈ ਤਾਂ ਸਾਨੂੰ ਇਹਨਾ ਨੂੰ ਸੜਕ 'ਤੇ ਖੁੱਲ੍ਹਾ ਘੁੰਮਦਾ ਵੇਖ ਕੇ ਡਰ ਕਿਉਂ ਲੱਗਣ ਲੱਗਦਾ ਹੈ? ਗਾਂਵਾਂ ਰਾਹਗੀਰਾਂ 'ਤੇ ਅਚਾਨਕ ਹਮਲਾ ਕਰ ਦਿੰਦੀਆਂ ਹਨ। ਸੜਕ 'ਤੇ ਚੱਲਦੇ ਵਾਹਨਾਂ ਨਾਲ ਟਕਰਾ ਕੇ ਹਾਦਸਿਆਂ ਦਾ ਕਾਰਣ ਬਣਦੀਆਂ ਹਨ...।" ਲੇਖ ਮੁੱਕਣ 'ਚ ਨਹੀਂ ਸੀ ਆ ਰਿਹਾ। ਪੜ੍ਹਦਿਆਂ ਅਸੀਂ ਦੋਵੇਂ ਪਤੀ-ਪਤਨੀ ਪਰੇਸ਼ਾਨੀ ਤੇ ਸ਼ਰਮ ਨਾਲ ਪਾਣੀ-ਪਾਣੀ ਹੋ ਰਹੇ ਸਾਂ। ਅਧਿਆਪਿਕਾ ਚਿੰਤਾ ਜਤਾਉਣ ਲੱਗੀ...।

"ਦੋਸ਼ ਬੱਚਿਆਂ ਦਾ ਹੈ ਹੀ ਨਹੀਂ। ਅਸਲ ਵਿੱਚ ਜਸ਼ਨ ਨੇ ਜੋ ਸੋਚਿਆ ਤੇ ਮਹਿਸੂਸ ਕੀਤਾ ਉਹੀ ਲਿਖਿਆ ਹੈ। ਆਹ ਦੇਖੋ! ਇੱਕ ਹੋਰ ਬੱਚੇ ਨੇ ਡਰਾਇੰਗ ਵਿੱਚ ਗਾਂ ਦਾ ਚਿੱਤਰ ਬਣਾਇਐ। ਹੂ-ਬ-ਹੂ ਜਸ਼ਨ ਦੇ ਸ਼ਬਦਾਂ ਦੀ ਤਰਜਮਾਨੀ ਕਰਦਾ।" ਡਰਾਇੰਗ ਸ਼ੀਟ ਅੱਗੇ ਕਰਦਿਆਂ ਅਧਿਆਪਿਕਾ ਚਿੰਤਾ ਜਤਾਉਣ ਲੱਗੀ।

"ਸੋਚੋ, ਜੇ ਸਾਡੇ ਬੱਚੇ ਗਾਂ ਦੀ ਦੁਰਗਤੀ ਦਾ ਇਹ ਹਾਲ ਬਿਆਨ ਕਰ ਰਹੇ ਨੇ ਤਾਂ ਆਉਣ ਵਾਲੀ ਪੀੜ੍ਹੀ ਲਈ ਸਾਡਾ ਸਮਾਜ ਗਾਂ ਦਾ ਲੇਖ ਲਿਖਣ ਲਈ ਕਿਹੜਾ ਮਸਾਲਾ ਪਰੋਸ ਰਿਹਾ ਹੈ? ਕੀ ਲਿਖਣਗੇ ਉਹ? ਗਾਂ ਹਿੰਦੂ ਹੈ ਤੇ ਇਹ ਦੰਗੇ-ਫ਼ਸਾਦ ਦੀ ਜੜ੍ਹ, ਸੰਪਰਦਾਇਕ ਜੰਗ ਦਾ ਆਤਿਸ਼ ਹੈ...! ਕੀ ਗਾਂ ਦੇ ਦੁੱਧ 'ਤੇ ਸਿਰਫ਼ ਇੱਕ ਜਾਤੀ-ਇੱਕ ਵਰਗ ਵਿਸ਼ੇਸ਼ ਦਾ ਹੀ ਹੱਕ ਹੈ?" ਬੋਲਦੀ ਅਧਿਆਪਿਕਾ ਗੰਭੀਰ ਹੋ ਗਈ ਸੀ।

ਸੋਚ ਦਾ ਮੁਹਾਰ ਮੋੜਨ ਲਈ ਮੈਂ ਫਰਿੱਜ 'ਚੋਂ ਫਲ ਕੱਢੇ ਤੇ ਕੱਟਣ ਬੈਠ ਗਿਆ।

ਅਚੇਤ ਯਾਦਾਂ ਮਨ ਦੇ ਭੌਰ ਨੂੰ ਟਿਕਣ ਨਾ ਦੇਣ। ਜਨਰਲ ਨਾਲੇਜ ਵਿਸ਼ਾ ਪੜ੍ਹਦਿਆਂ ਨਿੱਕਾ ਹੁੰਦਾ



ਜਸ਼ਨ ਮੈਨੂੰ ਅਕਸਰ ਪੁੱਛਦਾ, " ਪਾਪਾ ਗਊ ਮਾਤਾ ਕਿਵੇਂ ਬਣ ਗਈ? ਜੇ ਗਊ ਮਾਤਾ ਹੈ ਤਾਂ ਬਲਦ ਪਿਤਾ ਕਿਉਂ ਨਹੀਂ?"

ਮੈਂ ਸੋਚੀਂ ਪੈ ਜਾਂਦਾ...! ਕਾਸ਼! ਉਸਨੇ ਵੇਖਿਆ ਹੁੰਦਾ। ਕੋਹਲੂ 'ਚ ਪਿਸਦਾ, ਹਲਟ 'ਤੇ ਗਿੜਦਾ, ਬੈਲਗੱਡੀ ਦੀ ਸ਼ਾਨ ਬਣਿਆ, ਦੌੜਾਂ ਲਾਉਂਦਾ, ਜਿੱਤਾਂ ਜਿੱਤਦਾ ਪਾਲਣਹਾਰੇ ਦੀ ਬੜ੍ਹਕ ਬਣਦਾ ਪੱਟਾਂ 'ਤੇ ਲੋਟਣੀਆਂ ਪਾਉਂਦਾ, ਹਲ ਖਿੱਚਦਾ ਅੰਨ ਉਗਾਉਂਦਾ...। ਭਲੇ ਵੇਲਿਆਂ 'ਚ ਬੰਦੇ ਦੇ ਜੀਉਣ ਦਾ ਆਸਰਾ ਰਿਹਾ। ਅੱਜ ਹਾਈਟੈਕ ਯੁੱਗ ਦੀ ਭੇਂਟ ਚੜ੍ਹਿਆ ਬੇਕਾਰੀ ਦੀ ਮਾਰ ਝੱਲਦਾ ਦੁਰਗੱਤੀ ਦਾ ਸ਼ਿਕਾਰ। ਵਕਤ ਦੀ ਮਾਰ ਇੰਝ ਵੀ ਪੈਂਦੀ ਹੈ...! ਮੈਨੂੰ ਬਲਦ ਦੀ ਵਿਚਾਰਗੀ ਸਤਾਉਣ ਲੱਗੀ। ਪਤਾ ਨਹੀਂ ਹੋਰ ਕਿੰਨਾ ਚਿਰ ਮੈਂ ਇਸੇ ਗਧੀ-ਗੇੜ 'ਚ ਪਿਆ ਰਹਿੰਦਾ ਕਿ ਡੋਰ ਬੈੱਲ ਖੜਕ ਪਈ।

ਦਰਵਾਜ਼ਾ ਖੋਲ੍ਹਣ ਵਧਿਆ। ਝੀਤਾਂ 'ਚੋਂ ਰੌਸ਼ਨੀ ਦੀ ਥਾਂ ਅਨਾਮਿਕਾ ਦੀਆਂ ਆਵਾਜ਼ਾਂ ਕੰਨ ਪਾੜਨ ਪਈਆਂ। ਘਬਰਾ ਕੇ ਦਰਵਾਜ਼ਾ ਖੋਲ੍ਹਿਆ। 'ਬਿਜਲੀ ਨਹੀਂ' ਅਨਾਮਿਕਾ ਕੜਕੀ।

"ਜੀਣਾ ਹਰਾਮ ਕਰਕੇ ਰੱਖ 'ਤਾ ਇਹਨਾਂ ਅਵਾਰਾ ਗਾਂਈਆਂ, ਕੁੱਤਿਆਂ ਨੇ। ਕੀ ਕਰਦੇ ਸੀ ਤੁਸੀਂ ਅੰਦਰ? ਬਾਹਰ ਸਾਰੇ ਸ਼ਹਿਰ ਦਾ ਕੂੜਾ ਤੇ ਮਰੇ ਜਾਨਵਰ ਛੱਡ ਕੇ ਭਾਵੇਂ ਕੋਈ ਸਾਡੇ ਬੂਹੇ ਅੱਗੇ ਲਾਸ਼ਾਂ ਦਾ ਢੇਰ ਲਾ ਜਾਵੇ। ਹੈ ਕੋਈ ਖ਼ਬਰ ਤੁਹਾਨੂੰ? ਜਾ ਰਾਧਾ ਵਾਈਪਰ ਲੈ ਕੇ ਆ।" ਨੌਕਰਾਣੀ ਨੂੰ ਹੁਕਮ ਚੜ੍ਹਾ ਅਨਾਮਿਕਾ ਗੁੱਸੇ 'ਚ ਥੜ੍ਹੇ 'ਤੇ ਗੇੜੇ ਕੱਢਣ ਲੱਗੀ।

ਸਮਝ ਨਾ ਆਵੇ ਹੋਇਆ ਕੀ ਹੈ? ਹੁਣੇ ਤਾਂ ਅੰਦਰ ਗਿਆਂ। ਕਹਿਣਾ ਚਾਹ ਕੇ ਵੀ ਮੈਂ ਅਨਾਮਿਕਾ ਨੂੰ ਕੁਝ ਨਾ ਆਖ ਸਕਿਆ। ਜੋ ਸਾਹਮਣੇ ਸੀ ਵੇਖਣਾ ਔਖਾ। ਜੋ ਦਿਖ ਰਿਹਾ ਸੀ ਉਹੀ ਹੁਣ ਦਾ ਸੱਚ ਸੀ। ਥੋੜ੍ਹਾ ਅੱਗੇ ਹੋ ਕੇ ਵੇਖਿਆ। ਵੱਤ ਆ ਗਿਆ। ਗਾਂ ਦਾ ਤਰੂਇਆ ਬੱਚਾ...। ਕੁੱਤਿਆਂ ਨੇ ਖਿੱਚ ਕੇ ਸਾਡੇ ਸ਼ੈੱਡ ਹੇਠ ਲੈ ਆਂਦਾ ਸੀ। ਉਸ ਦੇ ਢਿੱਡ 'ਚੋਂ ਨੋਚੀ ਤਾਜ਼ੀ ਬੋਟੀ ਵਾਲੀ ਥਾਂ ਤੋਂ ਆਂਦਰਾਂ ਦਾ ਗੁੱਛਾ ਬਾਹਰ ਨਿਕਲਿਆ ਹੋਇਆ। ਦਿਲ ਕੱਚਾ ਹੋ ਗਿਆ। ਨਿੱਕੇ-ਨਿੱਕੇ ਦੋ ਖੁਰ ਲੱਤਾਂ ਨਾਲੋਂ ਵੱਖ ਕੀਤੇ ਪਏ। ਸ਼ਾਇਦ ਲੱਤਾਂ ਕੁੱਤੇ ਖਾ ਗਏ ਸਨ।

"ਜਹੰਨਮ ਹੋ ਗਈ ਦੁਨੀਆਂ। ਕੁੱਤਿਆਂ ਨੂੰ ਕੀ ਲੋੜ ਰੋਟੀ-ਬਰੈੱਡ ਖਾਣ ਦੀ ਜਦੋਂ ਕੂੜਿਆਂ ਦੇ ਢੇਰਾਂ 'ਚ ਮਨੁੱਖੀ ਬੋਟ ਤੇ ਗਲੀਆਂ-ਮੁਹੱਲਿਆਂ 'ਚ ਜਾਨਵਰਾਂ ਦੇ ਬੱਚੇ ਮਿਲਦੇ ਨੇ ਖਾਣ ਨੂੰ। ਸ਼ਰੇਆਮ ਕਾਂ-ਕੁੱਤੇ ਨੋਚੀ ਜਾਣ ਕਿਸੇ ਨੂੰ ਕੀ? ਰਾਧਾ ਇੰਜ ਕਰ ਵਾਈਪਰ ਨਾਲ ਖਿੱਚ ਕੇ ਆਹ ਲੋਥੜੇ ਨੂੰ ਉੱਥੇ ਪਰ੍ਹਾਂ ਕਰ ਆ ਸੜਕ 'ਤੇ। ਫਿਰ ਖੁੱਲ੍ਹਾ ਸਾਰਾ ਪਾਣੀ ਪਾ ਕੇ ਫਰਸ਼ ਧੋ। ਗੰਦ ਪਾ 'ਤਾ ਥੜ੍ਹੇ 'ਤੇ। ਹਟ ਜਾਉ ਪਰ੍ਹਾਂ। ਜਾਉ ਅੰਦਰ ਜਾ ਕੇ ਆਰਾਮ ਫਰਮਾਉ। ਇੱਥੇ ਗੱਡੀ ਲਾਉਣੀ ਔਖੀ ਹੋ ਗਈ।" ਮਦਦ ਦੇ ਇਰਾਦੇ ਨਾਲ ਮੈਂ ਅੱਗੇ ਕੀ ਹੋਇਆ ਅਨਾਮਿਕਾ ਰਾਸ਼ਨ ਪਾਣੀ ਲੈ ਕੇ ਮੇਰੇ ਸਿਰ ਚੜ੍ਹ ਗਈ।

'ਮੈਂ ਉਨ੍ਹਾਂ ਦੇ ਦੂਰ ਚਲੇ ਜਾਣ ਦੀ ਤਸੱਲੀ ਕਰਕੇ ਹੀ ਅੰਦਰ ਗਿਆ ਸਾਂ।' ਬੋਲਣਾ ਚਾਹਿਆ ਪਰ ਆਵਾਜ਼ ਮਰਿਆ ਚੂਹਾ ਹੋ ਗਈ ਤੇ ਬੋਲਣ ਦੀ ਜੁਅਰਤ ਅਸਲੋਂ ਨਿਪੁੰਸਕ। ਪੈਰ ਜ਼ਮੀਨ 'ਤੇ ਪੱਥਰ ਹੋਏ ਪਏ ਸਨ। ਕੇਵਲ ਅੱਖਾਂ ਘੁੰਮ ਰਹੀਆਂ ਸਨ, ਬਟੇਰੇ ਵਾਂਗ ਇੱਧਰ-ਉੱਧਰ।

ਰਾਧਾ ਨੇ ਮੈਡਮ ਦਾ ਹੁਕਮ ਸੁਣ ਕੇ ਕਾਹਲੀ ਨਾਲ ਅੱਧ-ਖਾਧਾ ਨਵ-ਜਾਤ ਬੱਛੜਾ ਵਾਈਪਰ ਨਾਲ ਧੂਹ ਕੇ ਸੜਕ 'ਤੇ ਇੱਕ ਪਾਸੇ ਕਰ ਦਿੱਤਾ। ਸਾਹਮਣੀ ਨਿੰਮ ਹੇਠ ਖਲੋਤੀ ਗਾਂ ਹੌਲੀ-ਹੌਲੀ ਤੁਰਦੀ ਆਪਣੇ ਮ੍ਰਿਤ ਬੱਚੇ ਕੋਲ ਜਾ ਪਹੁੰਚੀ। ਉਹਦਾ ਵੱਛਾ ਹੁਣ ਵੀ ਉਸ ਦੇ ਮਗਰ ਪੂਛ ਹਿਲਾਉਂਦਾ ਨੜੂਏ ਦੀ ਸਾਂਝ ਨਿਭਾ ਰਿਹਾ ਸੀ।

"ਮਾਂ ਦੀ ਸਾਂਝੀ ਰਗ।" ਅਨਾਮਿਕਾ ਦੀ ਮੋਹ ਭਰੀ ਚੀਸ ਦਾ ਹੁੰਗਾਰਾ ਬਣਦਾ ਪਰ ਮੈਂ ਅਚਾਨਕ ਰਾਧਾ ਵੱਲ ਭੱਜ ਪਿਆ। ਉਹ ਪਾਣੀ ਦੀ ਬਾਲਟੀ ਤੇ ਬਹੁਕਰ ਲੈ ਕੇ ਫਰਸ਼ ਧੋਣ ਲਈ ਸਲਵਾਰ ਦਾ ਨੇਫ਼ਾ ਟੁੰਗ

ਰਹੀ ਸੀ। ਫਰਸ਼ ਧੋਣ ਤੋਂ ਰੋਕਦਿਆਂ ਉਸ ਨੂੰ ਕੂੜਾ ਚੁੱਕਣ ਵਾਲਾ ਪੈਨ ਲਿਆਉਣ ਲਈ ਕਿਹਾ। ਅਸਲ ਵਿੱਚ ਫਰਸ਼ 'ਤੇ ਬਿਲਕੁਲ ਤਾਜ਼ਾ ਕੀਤਾ ਗਾਂ ਦਾ ਗੋਹਾ ਪਿਆ ਸੀ। ਮੇਰੇ ਬਗੀਚੇ ਲਈ ਸ਼ੁੱਧ ਦੇਸੀ ਖਾਦ। ਰਾਧਾ ਹੱਥੋਂ ਪੈਨ ਫੜਿਆ ਤੇ ਮੈਂ ਛੇਤੀ ਨਾਲ ਗੋਹਾ ਚੁੱਕ ਕੇ ਬਗੀਚੇ 'ਚ ਖਿਲਾਰ ਦਿੱਤਾ।

"ਕਿੰਨੇ ਸੁਆਰਥੀ ਹਾਂ ਅਸੀਂ। ਮਨੁੱਖ ਜੁ ਹੋਏ, ਸੋਚਣ ਸ਼ਕਤੀ ਦੇ ਮਾਲਕ।" ਮੇਰੇ ਅੰਦਰ ਦਾ ਬੰਦਾ ਹੱਸਿਆ ਜਿਸ ਤੋਂ ਕੰਨੀ ਕਤਰਾ ਕੇ ਮੈਂ ਮਾਹੌਲ ਦਾ ਜਾਇਜ਼ਾ ਲੈਣ ਲੱਗਿਆ।

ਬਾਰਸ਼ ਰੁਕ ਗਈ ਹੈ। ਆਕਾਸ਼ ਅਜੇ ਵੀ ਬੱਦਲਾਂ ਨੇ ਢੱਕਿਆ ਹੋਇਆ ਹੈ। ਗਾਂ ਕਦੀ ਆਪਣੇ ਮੋਏ ਬਾਲ ਦੇ ਨਿੱਕੇ-ਨਿੱਕੇ ਖੁਰ ਚੱਟੇ, ਕਦੀ ਕੁੱਤਿਆਂ ਵੱਲੋਂ ਖਾਧਾ ਢਿੱਡ ਪਲੋਸੇ। ਉਸ ਦੀਆਂ ਸਿੰਮਦੀਆਂ ਅੱਖਾਂ ਨੇ ਅਨਾਮਿਕਾ ਦੇ ਨਾਲ ਮੇਰੀਆਂ ਅੱਖਾਂ ਵੀ ਸਿੱਲ੍ਹੀਆਂ ਕਰ ਦਿੱਤੀਆਂ। ਆਂਢੀ-ਗੁਆਂਢੀ ਦਰਵਾਜ਼ਿਆਂ 'ਚੋਂ ਝਾਕ-ਝਾਕ ਕੇ ਸਾਡੇ ਸਿਰ ਪਈ ਮੁਸੀਬਤ ਦਾ ਨਜ਼ਾਰਾ ਲੈ ਰਹੇ ਹਨ ਪਰ ਬੇਗਾਨੀ ਅੱਗ 'ਚ ਕੁੱਦਣ ਲਈ ਕੋਈ ਤਿਆਰ ਨਹੀਂ।

ਰਾਤ ਹੋਣ ਨੂੰ ਆ ਗਈ। ਗਾਂ ਤੇ ਵੱਛਾ ਤਾਂ ਜਾਣ ਦਾ ਨਾਂ ਨਹੀਂ ਲੈ ਰਹੇ। ਮੁਹੱਲਾ ਸੁਧਾਰ ਕਮੇਟੀ ਦੇ ਦੋ ਮੈਂਬਰ ਵੀ ਨੱਕ ਮੂੰਹ ਕੱਜ ਕੇ ਕੋਲੋਂ ਦੀ ਲੰਘ ਗਏ। ਸਾਰਾ ਦਿਨ ਕੁੱਤੇ-ਭੁਕਾਈ 'ਚ ਲੰਘ ਗਿਆ। ਨਾ ਕੋਈ ਗਊਸ਼ਾਲਾ ਸੰਚਾਲਕ ਆਇਆ, ਨਾ ਗਊ ਰੱਖਿਅਕ ਤੇ ਨਾ ਹੀ ਕਾਰਜਪਾਲਿਕਾ ਦਾ ਕੋਈ ਕਰਮਚਾਰੀ ਇਨ੍ਹਾਂ ਬੇਜ਼ੁਬਾਨ ਜਾਨਵਰਾਂ ਲਈ ਮਸੀਹਾ ਬਣ ਕੇ ਬਹੁੜਿਆ।

ਅੱਜ ਤਾਂ ਸੰਡੇ ਸੀ ਨਿਕਲ ਗਿਆ ਜੇ ਕੱਲ੍ਹ ਗਾਂ ਦਾ ਮੁੱਦਾ ਭਖ ਗਿਆ...? ਅਨਾਮਿਕਾ ਫਰਸ਼ ਸਾਫ਼ ਕਰਵਾ ਕੇ ਰਾਧਾ ਨੂੰ ਕੋਰੀਡਾਰ 'ਚੋਂ ਸਾਮਾਨ ਚੁੱਕਣ ਲਈ ਆਖ ਰਹੀ ਸੀ ਕਿ ਸਾਡੇ ਤੋਂ ਅਗਲੀ ਗਲੀ ਵਿੱਚ ਰਹਿੰਦੀ ਜ਼ਨਾਨੀ ਕੁੱਤਿਆਂ ਦੀ ਫੌਜ ਮਗਰ ਲਗਾਈ ਮੇਰੇ ਕੋਲ ਆ ਖਲੋਤੀ।

"ਲੋ ਇਹਦੀ ਕਸਰ ਰਹਿ ਗਈ ਸੀ।" ਮੂੰਹ 'ਚ ਬੁੜਬੁੜਾਉਂਦਿਆਂ ਮੈਂ ਸਹਿਮ ਕੇ ਆਸੇ-ਪਾਸੇ ਵੇਖਣ ਲੱਗਿਆ।

"ਕਿਸੇ ਨੇ ਵੇਖ ਲਿਆ ਇਹਦੇ ਨਾਲ ਗੱਲਾਂ ਕਰਦੇ ਤਾਂ ਲੋਕਾਂ ਮੈਨੂੰ 'ਕੁੱਤੀਬਾਜ' ਕਹਿਣਾ ਸ਼ੁਰੂ ਕਰ ਦੇਣੈ। ਸਾਰੇ ਇਹਨੂੰ 'ਕੁੱਤਿਆਂ ਵਾਲੀ' ਆਖਦੇ ਨੇ। ਮੂੰਹ ਲਾਉਣਾ ਦੂਰ, ਇਹਨੂੰ ਦੂਰੋਂ ਵੇਖਦੇ ਹੀ ਮੁਹੱਲੇ ਵਾਲੇ ਪਤਰੇ ਵਾਚ ਜਾਂਦੇ ਨੇ। ਇਹ ਗੱਲ ਵੱਖਰੀ ਹੈ ਕਿ ਘੁਸਮੁਸਾ ਹਨੇਰਾ ਹੋਇਆ ਨਹੀਂ ਕਿ ਸੈਰ ਕਰਦੇ ਬੰਦਿਆਂ ਦੇ ਚੱਕਰ ਉਨ੍ਹਾਂ ਦੇ ਘਰ ਅੱਗੋਂ ਗਿਣਨੇ ਔਖੇ ਹੋ ਜਾਂਦੇ ਨੇ। ਤੁਰਨਗੇ ਕਿੱਧਰ ਤੇ ਬੁੱਥੀਆਂ ਕਿੱਧਰ ਚੁੱਕੀਆਂ ਹੋਣਗੀਆਂ। ਅਸਲ ਵਿੱਚ ਦੋਵੇਂ ਮਾਂ-ਧੀ ਇਕੱਲੀਆਂ ਰਹਿੰਦੀਆਂ ਨੇ। ਮਾਂ ਬਜ਼ੁਰਗ ਤੇ ਧੀ ਅਧੇੜ ਉਮਰ ਦੀ। ਇਸ ਦਾ ਵਿਆਹ ਹੋਇਆ ਨਹੀਂ ਜਾਂ ਕਰਵਾਇਆ ਨਹੀਂ...ਰੱਬ ਜਾਣੇ। ਕੋਈ ਮੁਹੱਲਾ ਨਿਵਾਸੀ ਇਸ ਨਾਲ ਗੱਲ ਨਹੀਂ ਕਰਦਾ। ਹਾਂ! ਸਾਰੇ ਸਵਾਦ ਲੈ-ਲੈ ਕੇ ਕਹਿਣਗੇ, ਅੱਜ ਉਸ ਦੀ ਕੁੱਤਿਆਂ ਦੀ ਫੌਜ ਵਿੱਚ ਇੱਕ ਹੋਰ ਅਵਾਰਾ ਕੁੱਤੇ ਦੀ ਭਰਤੀ ਹੋ ਗਈ ਹੈ।"

ਕਿੰਨਾ ਮੂੰਹ ਸੰਵਾਰ ਕੇ ਨੁੱਕਰ ਵਾਲੇ ਮਕਾਨ ਵਾਲਾ ਨਰੈਣ ਦਾਸ ਗੱਲ ਕਰਦਾ ਸੀ। "ਗੰਦ ਪਾਇਐ ਸਾਲੀ ਨੇ। ਕੋਈ ਕੁੱਤਾ ਨਹੀਂ ਛੱਡਿਆ...।"

ਕੋਈ ਕੁੱਝ ਆਖੇ ਕੁੱਤਿਆਂ ਵਾਲੀ ਦੇ ਹੁੰਦੇ ਕੋਈ ਕੁੱਤਾ-ਬਿੱਲਾ ਉਸ ਸਾਹਮਣੇ ਭੌਂਕਣ ਦੀ ਜੁਅੱਰਤ ਨਹੀਂ ਕਰਦਾ। ਅਵਾਰਾ ਕੁੱਤਿਆਂ ਨੂੰ ਲੈ ਜਾਣ ਵਾਲੀ ਸਰਕਾਰੀ ਗੱਡੀ ਮੁਹੱਲੇ ਵਿੱਚ ਆਈ। ਕੁੱਤਿਆਂ ਵਾਲੀ ਨੇ ਬਹਾਦਰ ਕਪਤਾਨ ਵਾਂਗ ਕੁੱਤਿਆਂ ਦੀ ਫੌਜ ਨੂੰ ਬਚਾਉਣ ਲਈ ਸੀਨਾ ਤਾਣ ਲਿਆ।

"ਕੀ ਕਹਿੰਦੇ ਨੇ ਤੁਹਾਨੂੰ ਬੇਜ਼ੁਬਾਨ ਜਾਨਵਰ? ਅੱਜ ਤੱਕ ਮੁਹੱਲੇ ਵਿੱਚ ਕਦੀ ਇਨ੍ਹਾਂ ਕੁੱਤਿਆਂ ਨੇ ਕਿਸੇ ਨੂੰ ਨੁਕਸਾਨ ਪਹੁੰਚਾਇਐ ਤਾਂ ਦੱਸੋ? ਮੈਂ ਰੋਜ਼ ਕੁੱਤਿਆਂ ਲਈ ਦੁੱਧ ਤੇ ਬਰੈੱਡ ਪੱਕੇ ਤੌਰ 'ਤੇ ਲੈ ਕੇ ਆਉਂਦੀ ਹਾਂ। ਇੱਥੇ ਕੁੱਤੀ ਵਿਚਾਰੀ ਨੇ ਬੱਚੇ ਦਿੱਤੇ ਭਰ ਸਿਆਲ 'ਚ। ਆਹ ਕੋਠੀਆਂ-ਬੰਗਲਿਆਂ



ਵਾਲਿਆਂ ਨੂੰ ਬਿਮਾਰੀ ਪਵੇ। ਕਿਸੇ ਨੇ ਘੁੱਟ ਦੁੱਧ ਦਾ ਨਹੀਂ ਪਾਇਆ। ਜਨਾਨੀ ਜੁਆਕ ਜੰਮੇ ਤਾਂ ਪੰਜੀਰੀਆਂ। ਜਾਨਵਰਾਂ ਲਈ ਸੁੱਕੀ ਰੋਟੀ ਵੀ ਨਹੀਂ। ਰੱਬ ਕਰਕੇ ਬਿਜਲੀ ਡਿੱਗੇ ਇਨ੍ਹਾਂ ਕੋਠੀਆਂ ਬੰਗਲਿਆਂ 'ਤੇ।" ਉਹ ਦਹਾੜਦੀ ਰਹੀ। ਮੁਹੱਲੇ ਵਾਲਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਕਿਸੇ ਨੇ ਚੂੰ ਤੱਕ ਨਾ ਕੀਤੀ। ਆਖਿਰ ਸਰਕਾਰੀ ਗੱਡੀ ਨੂੰ ਬੇਰੰਗ ਪਰਤਣਾ ਪਿਆ।

ਹੁਣ ਵੀ ਉਹ ਗਾਂ ਦੀ ਹਾਲਤ ਦਾ ਅਫ਼ਸੋਸ ਕਰਦੀ ਬੋਲੀ ਜਾ ਰਹੀ ਹੈ, "ਅਮਰੀਕਨ ਗਾਂਈਆਂ ਚਾਹੀਦੀਆਂ ਨੇ ਸਭ ਨੂੰ। ਦੇਸੀ ਗਾਂਈਆਂ ਤੋਂ ਕੀ ਲੈਣੈ ਕਿਸੇ ਨੇ? ਖੁਰਾਕ ਖਾਣਗੀਆਂ ਅਮਰੀਕਨਾਂ ਨਾਲੋਂ ਵੱਧ ਤੇ ਦੁੱਧ ਦੇਣਗੀਆਂ ਅਠ-ਪਹਿਰਾ ਮਸਾਂ ਦੋ ਕਿੱਲੋ। ਲੋਕੀਂ ਕਹਿੰਦੇ ਨੇ ਇਹ ਦੇਸੀ ਕੁੱਤੇ ਰੱਖਦੀ ਏ। ਕੀ ਅਸੀਂ ਦੇਸੀ ਨਹੀਂ ਹਾਂ? ਹਰ ਚੀਜ਼ ਅੰਗਰੇਜ਼ੀ ਚਾਹੀਦੀ ਏ ਇਨ੍ਹਾਂ ਨੂੰ। ਵੱਡਿਆਂ ਨੇ ਜਰਮਨ ਛੈਫਰਡ ਰੱਖਿਐ। ਲਿਆਉਣ, ਮੇਰੇ ਇਨ੍ਹਾਂ ਸ਼ੇਰਾਂ ਨਾਲ ਕਰਾਣ ਮੁਕਾਬਲਾ। ਕੁੱਤੀ ਵੀ ਰਾਹ 'ਚ ਸੂਈ ਕਿਸੇ ਨੇ ਨਾ ਦੁੱਧ ਪਾਇਆ ਨਾ ਬ੍ਰੈੱਡ। ਗਾਂ ਤਰੂ ਪਈ ਬੰਦਿਆਂ ਦੀ ਮਾਰ ਨਾਲ। ਮਰ ਗਿਆ ਗਾਂ ਜਾਇਆ ਵਿਚਾਰਾ ਜਨਮੋਂ ਪਹਿਲਾਂ ਹੀ। ਚੰਗਾ ਹੋ ਗਿਆ। ਊਂ ਵੀ ਜੇ ਵੱਛੀ ਹੁੰਦੀ ਦੁੱਧ ਦੇਣ ਤੱਕ ਸਾਂਭ ਲੈਂਦੇ। ਵੱਛਾ ਹੁੰਦਾ ਤਾਂ ਜਾਲਮਾਂ ਦੀ ਮਾਰ ਖਾ-ਖਾ ਮਰਦਾ ਜਾਂ ਰੂੜੀਆਂ 'ਚੋਂ ਪਾਲੀਥੀਨ ਖਾ ਕੇ ਮਰ ਜਾਂਦਾ। ਇਨਸਾਨ ਕਹਿੰਦੇ ਨੇ ਆਪਣੇ-ਆਪ ਨੂੰ। ਜਾਨਵਰਾਂ ਤੋਂ ਡਰਦੇ ਨੇ। ਹਾ-ਹਾਹ-ਹਾ... ! ਓ ਜਾਨਵਰ ਸੁਰੱਖਿਅਤ ਹੀ ਕਿੱਥੇ ਹੈ ਬਿਨਾਂ ਸਿੰਗਾਂ ਵਾਲੇ ਜਾਨਵਰਾਂ ਵਿੱਚ...। ਕ੍ਰਿਸ਼ਨ ਭਗਵਾਨ ਮੁਰਲੀ ਵਜਾਉਂਦੇ ਤੇ ਗਾਂਵਾਂ ਦੁੱਧ ਦੇਣ ਲੱਗਦੀਆਂ। ਹੁਣ ਟੀਕੇ ਲਾ-ਲਾ ਦੁੱਧ ਚੋਣਗੇ ਮਸ਼ੀਨਾਂ ਨਾਲ। ਜੈਸਾ ਤੇਰਾ ਅੰਨ-ਪਾਣੀ ਤੈਸਾ ਤੇਰਾ ਕੰਮ ਜਾਣੀ।" ਬੋਲਦੀ ਉਹ ਗਲੀ ਦਾ ਮੋੜ ਮੁੜ ਗਈ।

"ਰਾਧਾ ਚੱਲ ਅੰਦਰ। ਪਾਗਲ ਜਨਾਨੀ ਐਵੇਂ ਸਿਰ ਖਾਧੀ ਜਾਂਦੀ ਏ। ਕੁੱਤਿਆਂ ਨਾਲ ਰਹਿੰਦੀ ਉਨ੍ਹਾਂ ਵਾਂਗ ਹੀ ਭੌਂਕਦੀ ਏ। ਪਾਗਲਾਂ ਸਿਰ ਕਿਹੜਾ ਸਿੰਗ ਹੁੰਦੇ ਆ...?"

"ਪਰ ਆਂਟੀ ਜੀ ਉਹ ਗੱਲਾਂ ਤਾਂ ਬੜੀਆਂ ਸਿਆਣੀਆਂ ਕਰਦੀ ਪਈ ਸੀ।"

"ਪਾਗਲਾਂ ਦੀ ਪਹਿਲੀ ਤੇ ਸਭ ਤੋਂ ਵੱਡੀ ਨਿਸ਼ਾਨੀ। ਉਹ ਗੱਲਾਂ ਬੜੀਆਂ ਸਿਆਣੀਆਂ ਕਰਦੇ ਨੇ। ਨਹੀਂ ਉਨ੍ਹਾਂ ਕਿਹੜਾ ਸਿੰਗ ਮਾਰ ਕੇ ਦਿਖਾਉਣਾ ਹੁੰਦੈ। ਚੱਲ, ਤੇ ਤੂੰ ਵੀ ਸਿਆਣਪ ਝਾੜਨੀ ਬੰਦ ਕਰ।" ਦੋਵੇਂ ਬੋਲਦੀਆਂ ਅੰਦਰ ਵੜ ਗਈਆਂ।

ਗਾਂ ਤੇ ਵੱਛਾ ਹੁਣ ਵੀ ਅੱਧ-ਖਾਧੇ ਵੱਛੜੇ ਕੋਲ ਖੜ੍ਹੇ ਹਨ। ਉਜੜੇ ਬਗੀਚੇ ਨੂੰ ਹੋਰ ਕੀ ਉਜਾੜਨਗੇ? ਰਾਤ ਭਰ ਕੌਣ ਰਖਵਾਲੀ ਕਰੇ? ਸੋਚਦਾ ਮੈਂ ਵੀ ਅੰਦਰ ਆ ਗਿਆ।

ਦਿਨ ਪਰੇਸ਼ਾਨੀ 'ਚ ਲੰਘਿਆ। ਰਾਤ ਬੇਚੈਨੀ ਨੇ ਘੇਰ ਲਈ। ਨੀਂਦ ਹੀ ਨਾ ਆਵੇ। ਅੱਖ ਲੱਗੇ ਤਾਂ ਕਦੋਂ ਦੇ ਮਰੇ ਉਹ ਲੋਕ ਸੁਪਨਿਆਂ 'ਚ ਆ ਪਧਾਰਨ ਜਿਨ੍ਹਾਂ ਦੇ ਕਦੀ ਜਿਊਂਦੇ ਰਹੇ ਹੋਣ ਦਾ ਹੁਣ ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ। ਮੈਂ ਉੱਠਿਆ, ਪਾਣੀ ਪੀਤਾ। ਬਾਹਰਲਾ ਦਰਵਾਜ਼ਾ ਖੋਲ੍ਹ ਕੇ ਜਾਲੀ 'ਚੋਂ ਬਾਹਰ ਝਾਕਿਆ। ਕਿਸੇ ਦੀ ਮੌਜੂਦਗੀ ਦਾ ਝਉਲਾ ਪਿਆ। ਗਹੁ ਨਾਲ ਵੇਖਿਆ। ਗਾਂ ਤੇ ਵੱਛਾ ਕੁੱਤਿਆਂ ਵੱਲੋਂ ਚੂੰਡੇ ਲੋਥੜੇ ਕੋਲ ਬੈਠੇ-ਗੁੰਮਸੁੰਮ। ਗਾਂ ਦੀਆਂ ਅੱਖਾਂ ਭਰੀਆਂ ਹੋਈਆਂ। ਜੀਭ ਲਗਾਤਾਰ ਮੋਏ ਬਾਲ ਦੇ ਕਦੀ ਪੈਰ ਚੱਟਦੀ, ਕਦੀ ਅੱਧ-ਖਾਧੀ ਖੋਪੜੀ। ਆਹ ਕੁੱਤਿਆਂ ਵਾਲੀ! ਇਹਨੂੰ ਵੀ ਨਾ ਨੀਂਦ ਨਹੀਂ ਆਉਂਦੀ। ਹੁਣ ਵੀ ਗਾਂ ਦੁਆਲੇ ਹੋਈ ਖੜ੍ਹੀ ਏ। ਦਰਵਾਜ਼ਾ ਬੰਦ ਕੀਤਾ ਤੇ ਬੈੱਡ ਨੂੰ ਢੋਅ ਲਾ ਕੇ ਅੱਧ-ਲੇਟਿਆ ਜਿਹਾ ਕੁੱਬਾ ਹੋ ਗਿਆ। ਸੋਚ ਫਿਰ ਢੱਠੇ ਵੱਲੋਂ ਜ਼ਖ਼ਮੀ ਕੀਤੇ ਬਾਲ ਵੱਲ ਲੱਗ ਗਈ। ਜ਼ਖ਼ਮਾਂ ਦੀ ਤਾਬ ਨਾ ਸਹਿੰਦਾ ਮਾਸੂਮ ਜ਼ਿੰਦਗੀ ਦੀ ਜੰਗ ਹਾਰ ਗਿਆ।

ਇੱਧਰ ਗਲੀ 'ਚ ਮੋਏ ਬਾਲ ਨੂੰ ਭਾਲਦੀ ਗਾਂ ਦੀ ਬਾਂਅ-ਬਾਂਅ ਤੇ ਉੱਧਰ ਢੱਠੇ ਦੇ ਸਿੰਗਾਂ ਦੀ ਬਲੀ ਚੜ੍ਹੇ ਮਾਸੂਮ ਦੀ ਮਾਂ ਦੇ ਵੈਣ...। ਉਫ਼...ਕੋਮਾ 'ਚ ਪਿਆ ਰਾਜਨ... ! ਬੈੱਡ ਨੂੰ ਢੋਅ ਲਾ ਕੇ ਮੈਂ ਅੱਖਾਂ ਬੰਦ

ਕਰ ਲਈਆਂ ਪਰ ਸੋਚਾਂ ਦਾ ਕੀ ਕਰਾਂ? ਮਸਤਿਕ ਸ਼ਾਂਤ ਨਹੀਂ ਹੋਣ ਦੇ ਰਹੀਆਂ।

"ਵੇਖ ਲੋ, ਜਾਨਵਰ ਵਿਚਾਰੇ ਇੱਕ ਬੋਲ ਕੇ ਹੀ ਨਹੀਂ ਦੱਸ ਸਕਦੇ। ਧਿਆਨ ਦਿਉ ਤਾਂ ਉਨ੍ਹਾਂ ਦਾ ਦਿਲ ਪੜ੍ਹਨਾ ਔਖਾ ਨਹੀਂ। ਗਾਂ ਆਪਣੇ ਵੱਛੇ ਨੂੰ ਲੈ ਕੇ ਮੋਏ ਜੀਅ ਦੇ ਸਿਰਹਾਣੇ ਬੈਠੀ ਹੰਝੂ ਕੇਰੀ ਜਾਂਦੀ ਏ। ਕੋਈ ਗੁੜ ਤੇ ਰੋਟੀ ਵੀ ਪਾ ਗਿਆ ਪਰ ਔਲਾਦ ਦੇ ਵਿਯੋਗ ਦੀ ਮਾਰੀ ਨੇ ਮੂੰਹ ਨਹੀਂ ਲਾਇਆ।"

ਮੇਰੀਆਂ ਅੱਖਾਂ ਨਾ ਖੁੱਲ੍ਹਣ ਤੇ ਜਾਨਵਰਾਂ ਦੀ ਦਾਈ ਬਣੀ ਅਨਾਮਿਕਾ ਬੋਲਣੋਂ ਨਾ ਹਟੇ।

"ਜਾ ਯਾਰ ਸੌਣ ਦੇ।" ਆਖ ਕੇ ਮੈਂ ਮੂੰਹ 'ਤੇ ਸਿਰਹਾਣਾ ਰੱਖਿਆ ਤੇ ਸੁੱਤ-ਉਨੀਂਦਾ ਜਿਹਾ ਗਾਂ ਤੇ ਮਾਂ ਦੀ ਹਾਲਤ ਦੀ ਚਰੱਖੜੀ ਚੜ੍ਹ ਗਿਆ।

"ਇਹ ਲੜਾਈ ਜਾਨਵਰਾਂ ਦੇ ਖ਼ਿਲਾਫ ਨਹੀਂ ਉਸ ਸਿਸਟਮ ਦੇ ਖ਼ਿਲਾਫ ਹੈ ਜੋ ਜਾਨਵਰਾਂ ਦੀ ਸੁਰੱਖਿਆ ਦੇ ਨਾਂ 'ਤੇ ਕਾਨੂੰਨ ਬਣਾਉਂਦਾ ਹੈ, ਜਨਤਾ ਕੋਲੋਂ ਟੈਕਸ ਉਗਰਾਹੁੰਦਾ ਹੈ ਪਰ ਜਾਨਵਰਾਂ ਨੂੰ ਮਨੁੱਖਾਂ ਤੇ ਮਨੁੱਖਾਂ ਨੂੰ ਜਾਨਵਰਾਂ ਤੋਂ ਸੁਰੱਖਿਆ ਪ੍ਰਦਾਨ ਕਰਨ ਦੇ ਪ੍ਰਬੰਧ ਨਹੀਂ ਕਰਦਾ। ਮਨੁੱਖ ਹੱਥੋਂ ਕਾਨੂੰਨੀ ਸੁਰੱਖਿਆ ਘੇਰੇ ਵਿੱਚ ਆਉਂਦੇ ਜਾਨਵਰ ਜਾਣੇ-ਅਨਜਾਣੇ ਮਾਰੇ ਜਾਣ ਤਾਂ ਜੇਲ੍ਹ ਤੱਕ ਦੀ ਸਜ਼ਾ। ਜਾਨਵਰਾਂ ਦੇ ਹਮਲੇ ਦਾ ਸ਼ਿਕਾਰ ਮਨੁੱਖੀ ਜਾਨਾਂ ਚਲੀਆਂ ਜਾਣ ਤਾਂ ਕੌਡੀਓਂ ਹੌਲੇ। ਰੌਲਾ ਪਾ ਕੇ ਨਹੀਂ ਹੱਕ ਤਾਂ ਲੜ ਕੇ ਲਏ ਜਾਂਦੇ ਆ। ਲੜਨ ਲਈ ਤਲਵਾਰਾਂ ਦੀ ਨਹੀਂ ਹਿੰਮਤ ਨਾਲ ਸਮਝ ਨੂੰ ਵਰਤਣ ਦੀ ਲੋੜ ਹੁੰਦੀ ਹੈ। ਮਰਨਾ ਤਾਂ ਹੈ ਹੀ। ਸਰਹੱਦਾਂ 'ਤੇ ਲੜੀ ਜਾਣ ਵਾਲੀ ਹੀ ਤਾਂ ਜੰਗ ਨਹੀਂ ਹੁੰਦੀ। ਕਿੰਨੀਆਂ ਜੰਗਾਂ ਨੇ ਜਿਹੜੀਆਂ ਸਰਹੱਦਾਂ ਦੇ ਅੰਦਰ ਲੜਨੀਆਂ ਬਾਕੀ ਨੇ। ਕੱਲ੍ਹ ਰਾਜਨ ਦਾ ਪਿਤਾ ਮਰਿਆ। ਲਾਸ਼ ਬਣਿਆ ਰਾਜਨ ਮੰਜੇ ਨਾਲ ਮੰਜਾ ਹੋਇਆ ਪਿਐ। ਅੱਜ ਇੱਕ ਮਾਸੂਮ ਅਵਾਰਾ ਪਸੂਆਂ ਦੀ ਬਲੀ ਚੜ੍ਹ ਗਿਆ...। ਕੱਲ੍ਹ ਨੂੰ ਮੈਂ, ਮੇਰਾ ਪਿਤਾ, ਮੇਰਾ ਪੁੱਤਰ...।" ਸੁਪਨਾ ਸੀ ਜਾਂ ਖ਼ਿਆਲਾਂ ਦੀ ਜੰਗ, ਪਤਾ ਨਹੀਂ। ਮੈਂ ਅੱਬੜਵਾਹੇ ਬੈੱਡ ਤੋਂ ਉੱਠਿਆ...। ਤ੍ਰੇਲੀਓਂ-ਤ੍ਰੇਲੀ।

"ਬਾਂਅ-ਬਾਂਅ...!"

ਗਾਂ ਵਿਚਾਰੀ! ਲੱਗਦੈ ਮੋਇਆ ਬਾਲ ਭਾਲਦੀ ਫਿਰਦੀ ਏ। ਪਤਾ ਨਹੀਂ ਦਿਲ 'ਚ ਕੀ ਆਇਆ? ਮੈਂ ਰਸੋਈ ਵਿੱਚੋਂ ਗੁੜ ਦੀ ਢੇਲੀ ਚੁੱਕੀ ਤੇ ਦਰਵਾਜ਼ੇ ਵੱਲ ਅਹੁਲਿਆ।

ਜੇ ਗਾਂ ਦਾ ਇਹ ਹਾਲ ਏ ਤਾਂ ਉਸ ਮਾਂ ਦੀ ਹਾਲਤ ਕੀ ਹੋਵੇਗੀ ਜਿਸਦੀ ਗੋਦ ਸੁੰਨੀ ਹੋ ਗਈ? ਉਹ ਜਿਸਦਾ ਬਾਲ ਨਾ ਜਿਉਂਦਿਆਂ 'ਚ ਨਾ ਮੋਇਆਂ 'ਚ...? ਦੋ ਪਲ ਪਹਿਲਾਂ ਗਾਂ ਲਈ ਪਸੀਜਿਆ ਦਿਲ ਮਾਂਵਾਂ ਵੱਲ ਹੋ ਗਿਆ। ਨਜ਼ਰ ਦਰਵਾਜ਼ੇ ਮਗਰ ਰੱਖੀ ਸੋਟੀ 'ਤੇ ਜਾ ਠਹਿਰੀ। ਚਾਨਚੱਕ ਮੂੰਹੋਂ ਨਿਕਲ ਗਿਆ।

"ਠਹਿਰ ਤੇਰੀ ...।"

ਮੇਰੀ ਆਵਾਜ਼ ਸੁਣ ਕੇ ਅਨਾਮਿਕਾ ਮੇਰੇ ਮਗਰ ਆ ਖੜ੍ਹੀ।

"ਛੱਡੋ ਪਰ੍ਹਾਂ। ਕਾਹਨੂੰ...!" ਬੋਲਦੀ ਉਹ ਮੇਰੇ ਵੱਲ ਵਧੀ। ਮੈਨੂੰ ਕਿਤਾਬਾਂ ਦੇ ਰੈਕ 'ਚੋਂ ਕਾਨੂੰਨ ਦੀ ਪੋਥੀ ਚੁੱਕਦਿਆਂ ਬੁੜ-ਬੁੜ ਕਰਦਾ ਵੇਖ ਉਹ ਇਕਦਮ ਚੁੱਪ ਹੋ ਗਈ। ਮੇਜ਼ ਤੋਂ ਚੁੱਕ ਗੁੜ ਦੀ ਢੇਲੀ ਮੇਰੇ ਵੱਲ ਵਧਾਈ। ਦਰਵਾਜ਼ੇ ਮਗਰ ਰੱਖੀ ਸੋਟੀ ਚੁੱਕ ਕੇ ਬਾਹਰ ਵਗਾਹ ਮਾਰੀ।

"ਕਾਨੂੰਨੀ ਚੱਕਰਾਂ 'ਚ ਤਾਂ ਰੱਬ ਕਿਸੇ ਮਾਤੜ ਨੂੰ ਉਲਝਾਏ ਨਾ। ਪਹਿਲਾਂ ਤਾਂ ਨਿਆਂ ਲਈ ਲੜਦਾ ਬੰਦਾ ਬਿਰਖ ਹੋ ਜਾਂਦੈ। ਜੇ ਕਿਸੇ ਮ੍ਰਿਤਕ ਦੇ ਵਾਰਸਾਂ ਨੂੰ ਦੇਰ-ਸਵੇਰ ਮੁਆਵਜ਼ਾ ਮਿਲ ਵੀ ਜਾਵੇ ਤਾਂ ਕੀ ਫਾਇਦਾ? ਮੁਆਵਜ਼ਾ ਜਾਨ ਦਾ ਬਦਲ ਤਾਂ ਨਹੀਂ ਹੋ ਸਕਦਾ।" ਬੋਲਦੀ ਉਹ ਵਾਪਸ ਬੈੱਡ-ਰੂਮ ਵੱਲ ਚਲੀ ਗਈ। ਮੇਰੀ ਸੋਚਣ ਸ਼ਕਤੀ ਇੱਕ ਹੱਥ ਵਿੱਚ ਫੜ੍ਹੀ ਕਾਨੂੰਨ ਦੀ ਪੋਥੀ ਤੇ ਦੂਸਰੇ ਵਿੱਚ ਗੁੜ ਦੀ ਢੇਲੀ



ਵਿਚਾਲੇ ਲਟਕਣ ਲੱਗੀ। ਪੁਸ਼ਤ-ਦਰ-ਪੁਸ਼ਤ ਅਦਾਲਤਾਂ 'ਚ ਲਟਕਦੇ ਮਾਮਲੇ। ਮੇਰਾ ਸਿਰ ਦਰਦ ਨਾਲ ਫਟਣ ਲੱਗਿਆ।

"ਬਾਂਅ-ਬਾਂਅ...।" ਮੈਂ ਗਾਂ ਨੂੰ ਵੇਖਣ ਲਈ ਦਰਵਾਜ਼ੇ ਵੱਲ ਵਧਿਆ ਕਿ ਅਨਾਮਿਕਾ ਚਾਹ ਲੈ ਕੇ ਆ ਗਈ।

" ਕੁੱਤਿਆਂ ਨੇ ਬੋਟੀ-ਬੋਟੀ ਨੋਚਦੇ ਸਾਰਾ ਬੋਟ ਖਾ ਲਿਆ। ਅੱਧ-ਖਾਧੀ ਜਿਹੀ ਖੋਪੜੀ ਬਚੀ ਏ ਤੇ ਗਾਂ ਵਿਚਾਰੀ ਉਹਨੂੰ ਈ ਚੱਟੀ ਜਾਂਦੀ ਏ। ਨੀਂਦ ਨਹੀਂ ਆ ਰਹੀ ਸੀ। ਬਿਸਤਰੇ 'ਤੇ ਪਾਸੇ ਮਾਰਦਿਆਂ ਅੰਦਰ ਦਮ ਘੁੱਟਣ ਲੱਗਿਆ ਤਾਂ ਬਾਹਰ ਚਲੀ ਗਈ। ਗਾਂ ਦੀ ਹਾਲਤ ਵੇਖ ਦਿਲ ਹੋਰ ਔਖਾ ਹੋ ਗਿਆ। ਫਿਰ ਸੋਚਿਆ, ਤੁਸੀਂ ਵੀ ਜਾਗਦੇ ਓ। ਚਾਹ ਈ ਬਣ ਲਵਾਂ।"

ਕੀ ਆਖਾਂ? ਮੇਰਾ ਕੁੱਝ ਬੋਲਣ ਨੂੰ ਜੀਅ ਨਾ ਕੀਤਾ ਤੇ ਚੁੱਪ ਕਰਕੇ ਚਾਹ ਦੇ ਘੁੱਟ ਭਰਨ ਲੱਗਿਆ।

"ਕਮਾਲ ਏ ਵੈਸੇ! ਗਾਂਈਆਂ ਨੂੰ ਮੁੱਦਾ ਬਣਾਉਣਾ ਹੋਵੇ ਤਾਂ ਝੱਟ ਲਾਉਣਗੇ ਬਹਾਨਾ ਲੱਭਣ 'ਤੇ। ਹੁਣ ਕਿਸੇ ਨੇ ਐਨਾ ਨਹੀਂ ਕੀਤਾ ਬਈ ਲੋਥੜੇ ਨੂੰ ਚੁੱਕ ਕੇ ਮਿੱਟੀ 'ਚ ਹੀ ਪੂਰ ਦਿੰਦੇ। ਵੇਖਿਆ ਜਾਵੇ ਤਾਂ ਕੁੱਤਿਆਂ ਵਾਲੀ ਸਹੀ ਕਹਿੰਦੀ ਸੀ। ਲੋਕੀਂ ਆਖਦੇ ਆ ਪਾਗਲ ਜ਼ਨਾਨੀ। ਗੱਲਾਂ ਤਾਂ ਸਹੀ ਕਰ'ਗੀ। ਕੋਈ ਗੱਲ ਗੌਲਣ ਵਾਲਾ ਹੈਨੀ। ਅਖੇ, " ਦੇਸੀ ਗਾਂਈਆਂ ਨੇ ਕੀ ਦੇਣਾ ਹੁੰਦੈ? ਖੱਸੜ ਹੋਈਆਂ ਨੂੰ ਕਿਸਾਨ ਮੂੰਹ ਨ੍ਹੇਰੇ ਸ਼ਹਿਰਾਂ ਵਿੱਚ ਛੱਡ ਜਾਂਦੇ ਨੇ। ਗਊਸ਼ਾਲਾ ਵਾਲੇ ਦੁੱਧ ਦੇਣ ਵਾਲੀਆਂ ਗਾਂਈਆਂ ਰੱਖ ਕੇ ਫੰਡਰਾਂ ਨੂੰ ਗਲੀ-ਮੁਹੱਲਿਆਂ ਵੱਲ ਧੱਕ ਦਿੰਦੇ ਨੇ। ਲੋਕੀਂ ਗਾਈਆਂ ਵੱਛਿਆਂ ਤੋਂ ਡਰਦੇ ਡਾਂਗਾਂ ਚੁੱਕੀ ਫਿਰਨਗੇ। ਇਨਸਾਨਾਂ ਤੋਂ ਬਚਦੀਆਂ ਗਾਂਵਾਂ ਸਿੰਗ ਚੁੱਕੀ ਮਗਰ ਪੈ ਜਾਂਦੀਆਂ ਨੇ। ਨਤੀਜਾ ਨਿੱਤ ਦੇ ਹਾਦਸੇ। ਗਾਂ ਮਰ ਜਾਵੇ ਤਾਂ ਛੇਤੀ ਨਾਲ ਕੋਈ ਚੁੱਕਣ ਨਹੀਂ ਆਉਂਦਾ। ਵੱਡੇ ਗਊ ਮਾਤਾ ਦੇ...।" ਇੱਕ ਵਾਰੀ ਛਿੜੀ ਅਨਾਮਿਕਾ ਨੂੰ ਕੌਣ ਚੁੱਪ ਕਰਾਵੇ?

"ਚੁੱਪ ਕਰ। ਕਿਸੇ ਦੇ ਕੰਨੀਂ ਤੇਰੀ ਅਵਾਜ਼ ਪੈ ਗਈ ਤਾਂ ਸਾਰਾ ਟੱਬਰ ਫਾਹੇ ਟੰਗੇ ਜਾਵਾਂਗੇ। ਸਾਮਾਨ ਤਿਆਰ ਕਰ ਮੇਰਾ। ਦਫ਼ਤਰ ਪਹੁੰਚਣੈ ਜਲਦੀ ਮੈਂ।" ਆਖ ਕੇ ਮੈਂ ਦਫ਼ਤਰ ਜਾਣ ਦੀ ਤਿਆਰੀ 'ਚ ਰੁੱਝ ਗਿਆ।

ਦਫ਼ਤਰ ਜਾਣ ਲਈ ਕਾਰ 'ਚ ਬੈਠਾ। ਧਿਆਨ ਸੜਕ ਵੱਲ ਚਲਾ ਗਿਆ। ਗਾਂ ਤੇ ਵੱਛਾ ਗਾਇਬ। ਸੜਕ 'ਤੇ ਅੱਧ-ਖਾਧੇ ਮੁਰਦਾਰ ਦਾ ਨਾਮੋ-ਨਿਸ਼ਾਨ ਵੀ ਨਹੀਂ। ਮੀਂਹ ਦੇ ਪਾਣੀ ਨਾਲ ਧੋਤੀ ਸੜਕ ਲਿਸ਼ਕਾਂ ਮਾਰੇ ਪਈ।

ਸ਼ਾਮ ਢਲੀ। ਥੱਕਿਆ ਟੁੱਟਿਆ ਘਰ ਪਹੁੰਚਿਆ। ਆਉਂਦਿਆਂ ਅਨਾਮਿਕਾ ਨੇ ਗਾਂ ਦਾ ਕਿੱਸਾ ਛੇੜ ਲਿਆ। ਅਖੇ, "ਸਾਰਾ ਦਿਨ ਪਾਗਲ ਹੋਈ ਗਾਂ ਗਲੀ ਵਿੱਚ ਅੜਿੰਗਦੀ ਗੇੜੇ ਮਾਰਦੀ ਰਹੀ। ਸੜਕ ਸੁੰਘ-ਸੁੰਘ ਕੇ ਕੁੱਖੋਂ ਕਿਰਿਆ ਜੀਅ ਭਾਲਦੀ ਦੇ ਹੰਝੂ ਜ਼ਮੀਨ 'ਤੇ ਡਿੱਗਦੇ ਮੈਂ ਆਪ ਵੇਖੇ। ਵਿਚਾਰੀ ਦੇ ਅੰਦਰ ਦੇ ਜ਼ਖ਼ਮ ਤਾਂ ਚਲੋ ਕਿਸੇ ਨੂੰ ਨਹੀਂ ਦਿਸਦੇ। ਜਿਸਮ 'ਤੇ ਲੱਗੀਆਂ ਸੱਟਾਂ 'ਚੋਂ ਵੀ ਅੱਜ ਖ਼ੂਨ ਸਿੰਮਦਾ ਸੀ। ਮੈਥੋਂ ਤਾਂ ਰਿਹਾ ਨਹੀਂ ਗਿਆ। ਚਾਰ-ਪੰਜ ਰੋਟੀਆਂ ਪਕਾ ਕੇ ਗੁੜ ਨਾਲ ਗੁੰਨ੍ਹ ਦਿੱਤੀਆਂ। ਚੂਰਮਾ ਜਿਹਾ ਬਣਾ ਕੇ ਗਾਂ ਦੇ ਅੱਗੇ ਰੱਖਿਆ ਤੇ ਕੋਸੇ ਪਾਣੀ 'ਚ ਡਿਟੋਲ ਪਾ ਕੇ ਗਾਂ ਦੇ ਜ਼ਖ਼ਮ ਸਾਫ਼ ਕਰ ਦਿੱਤੇ। ਜਿਸਮ 'ਤੇ ਲੱਗੇ ਦਾਗ ਤਾਂ ਭਰ ਜਾਂਦੇ ਨੇ ਪਰ ਅੰਦਰ ਦੀਆਂ ਸੱਟਾਂ ਕਿੱਥੇ ਭਰਦੀਆਂ ਨੇ। ਮੈਨੂੰ ਤਾਂ ਰਹਿ-ਰਹਿ ਕੇ ਰਾਜਨ ਦੀ ਮਾਂ ਤੇ ਕਦੀ ਪਿਛਲੀ ਗਲੀ ਵਾਲੇ ਬਾਲ...।" ਅਨਾਮਿਕਾ ਦਿਨੇ ਬੀਤਿਆ ਸੁਣਾ ਰਹੀ ਸੀ ਤੇ ਮੈਨੂੰ ਉਸ ਵਿੱਚੋਂ ਕੁੱਤਿਆਂ ਵਾਲੀ ਦਾ ਝਉਲਾ ਪਈ ਜਾਵੇ ਕਿ 'ਬਾਂਅ...ਬਾਂਅ' ਦੀ ਆਵਾਜ਼ ਫਿਰ ਆਉਣ ਲੱਗੀ।

'ਅੱਗੇ ਕੀ ਹੋਇਆ?' ਉਤਸੁਕਤਾ ਮਨ 'ਚ ਲਈ ਅਸੀਂ ਇੱਕ-ਦੂਜੇ ਨੂੰ ਪਛਾੜਦੇ ਬਾਹਰ ਵੱਲ ਨੂੰ

ਭੱਜ ਪਏ। ਗਾਂ ਦਾ ਹਵਾਨਾ ਦੁੱਧ ਨਾਲ ਭਰਿਆ ਹੋਇਆ ਤੇ ਸੜਕ ਸੁੰਘਦੀ ਨੱਕ 'ਚੋਂ ਫੂੰਕਾਰਾਂ ਕੱਢੀ ਜਾਵੇ।

"ਆਏ ਹਾਏ ਇਹਦਾ ਤਾਂ ਦੁੱਧ ਚੜ੍ਹਿਆ ਪਿਐ।" ਮਾਂ ਦਾ ਦਰਦ ਅਨਾਮਿਕਾ ਦੀ ਛਾਤੀ 'ਚੋਂ ਚੀਸ ਬਣ ਕੇ ਨਿਕਲਿਆ। ਮੇਰਾ ਵੀ ਅੰਦਰ ਪਸੀਜ ਗਿਆ।

"ਹੁਣ ਫਿਰ...?" ਮੈਂ ਹਰ ਸਮੱਸਿਆ ਦਾ ਹੱਲ ਅਨਾਮਿਕਾ ਦੀ ਸਿਆਣਪ 'ਚੋਂ ਤਲਾਸ਼ਣ ਲੱਗਿਆ।

"ਆਪਾਂ ਕੀ ਕਰ ਸਕਦੇ ਆਂ? ਇਹਨੇ ਤਾਂ ਕਿਸੇ ਨੂੰ ਨੇੜੇ ਨਹੀਂ ਲੱਗਣ ਦੇਣਾ।" ਉਸ ਨੇ ਲਾਚਾਰੀ ਜਤਾਈ।

ਅੜਿੰਗਦੀ ਹੋਈ ਗਾਂ ਸਾਹਮਣੀ ਨਿੰਮ ਦੀ ਓਟ ਲੈ ਖੜ੍ਹੋ ਗਈ। ਦੁੱਧ ਚੜ੍ਹ ਜਾਣ ਕਰਕੇ ਗਾਂ ਦਾ ਹਵਾਨਾ ਪਾਟਣ ਵਰਗਾ ਹੋਇਆ ਪਿਆ। ਉਹ ਦਰਦ 'ਚ ਬਾਂਅ...ਕਰਦੀ ਤੇ ਫਿਰ ਪਿੱਛਲੀਆਂ ਲੱਤਾਂ ਇੱਕਠੀਆਂ ਕਰਕੇ ਕਾਹਲੀ ਪੈਣ ਲੱਗਦੀ। ਇੰਨੇ ਨੂੰ ਕੁੱਤਿਆਂ ਵਾਲੀ ਬੀਬੀ ਫਿਰ ਆਪਣੀ ਫੌਜ ਲੈ ਕੇ ਗਾਂ ਸਿਰਹਾਣੇ ਆ ਖੜ੍ਹੀ ਤੇ ਗਾਂ ਦੀ ਹਾਲਤ ਦਾ ਜਾਇਜ਼ਾ ਲੈਣ ਲੱਗੀ। ਸਾਡੇ ਵੱਲ ਵੇਖ ਕੇ ਪੁੱਠਾ ਹੱਥ ਮਾਰਿਆ ਤੇ ਮੂੰਹ 'ਚ ਕੁਝ ਗੁਣ-ਗੁਣ ਕਰਦੀ ਚਲੀ ਗਈ। ਮੁਸ਼ਕਿਲ ਨਾਲ ਪੰਜ ਮਿੰਟ ਵੀ ਨਹੀਂ ਪਏ ਹੋਣੇ। ਗਲ ਪਾਈ ਕਮੀਜ਼ ਦੀ ਝੋਲੀ 'ਚ ਕੁਝ ਲਪੇਟ ਲਿਆਈ ਤੇ ਗਾਂ ਦੇ ਹਵਾਨੇ ਨੂੰ ਓਹਲਾ ਕਰਕੇ ਜ਼ਮੀਨ 'ਤੇ ਬੈਠ ਗਈ।

"ਕੀ ਕਰਦੀ ਹੋਵੇ?" ਮੈਂ ਤੇ ਅਨਾਮਿਕਾ ਨੇ ਇੱਕ-ਦੂਸਰੇ ਨੂੰ ਅੱਖ ਦੇ ਇਸ਼ਾਰੇ ਨਾਲ ਪੁੱਛਿਆ। ਦੋਵੇਂ ਨਿਰੁੱਤਰ। ਉਹ ਕਿਸੇ ਪਾਸੇ ਹਿੱਲੇ ਤਾਂ ਪਤਾ ਲੱਗੇ।

"ਮਸਾਂ ਥਣਾਂ ਨੂੰ ਲਾਏ ਏ। ਇੱਧਰ ਸੂਰੀ ਸੂਈ ਨੂੰ ਹੋ ਗਏ ਦੋ ਦਿਨ ਪਿਛਲੇ ਪਾਰਕ 'ਚ। ਸੂਰੀ ਗਈ ਹੋਣੀ ਏਂ ਕਿੱਧਰੇ ਢਿੱਡ ਭਰਨ। ਔਖੇ ਸੌਖੇ ਦੋ ਬਾਲ ਚੁੱਕ ਲਿਆਈ ਆਂ। ਘੁਰਲ-ਘੁਰਲ ਕਰਦੇ ਕਾਬੂ ਕਿਹੜਾ ਸੌਖੇ ਆਏ ਆ। ਗਾਂ ਦਾ ਦੁੱਧ ਚੜ੍ਹਿਆ ਪਿਆ ਸੀ। ਉਹ ਵੇਖੋ ਬਾਲਾਂ ਨੇ ਮੂੰਹ ਲਾਇਆ ਤੇ ਧਾਰ ਫੁੱਟ ਪਈ। ਜਾਨਵਰ ਜੁ ਹੋਏ ਵਿਚਾਰੇ। ਬੰਦੇ ਦੀਆਂ ਮੁਸੀਬਤਾਂ ਦਾ ਹੱਲ। ਬਲੀਆਂ ਚੜ੍ਹਨ ਬੱਕਰੇ, ਉੱਲੂ, ਕੁੱਕੜ...। ਮਰਦਾਨਾ ਤਾਕਤ ਦਾ ਇਲਾਜ ਬਣਨ ਚਿੜੇ। ਅਖੇ, ਇੱਕ ਚਿੜਾ, ਦੋ ਕਬੂਤਰ ਤੇ ਚਾਰ ਤਿੱਤਰ ਦਾ ਕੰਬੀਨੇਸ਼ਨ ਬਣਾ ਕੇ ਖਾਉ ਸਾਰੀ ਉਮਰ ਵਿਆਗਰਾ ਖਾਣਾ ਤਾਂ ਦੂਰ ਵੇਖਣ ਦੀ ਲੋੜ ਨਹੀਂ। ਮਰਦਾਨਾ ਤਾਕਤ ਭਾਲਦੇ, ਜਾਨਵਰਾਂ ਨੂੰ ਮਾਰ-ਮਾਰ ਖਾਈ ਜਾਂਦੇ ਆ। ਵੱਡੇ ਮਹਾਬਲੀ। ਸੋਚ ਦੇ ਨਿਪੁੰਸਕ। ਓ ਜਾਨ ਤਾਂ ਜਾਨ ਏ ਕਿਸੇ ਦੀ ਵੀ ਜਾਏ। ਜਾਂ ਤਾਂ ਸਾਰਿਆਂ ਦੇ ਕਤਲ ਦੀ ਸਜ਼ਾ ਮੌਤ ਹੋਵੇ ਜਾਂ ਸਾਰਿਆਂ ਨੂੰ ਇੱਕ ਦੂਜੇ ਨੂੰ ਖਾਣ ਦੀ ਛੋਟ...।" ਬੋਲਦੀ ਠਹਾਕਾ ਮਾਰ ਕੇ ਹੱਸੀ ਤੇ ਆਪਣੇ ਘਰ ਵੱਲ ਤੁਰ ਗਈ।

ਮੈਂ ਕੁਝ ਕਹਿੰਦਾ ਅਨਾਮਿਕਾ ਬੋਲ ਪਈ, "ਕੋਈ ਪਾਗਲ ਹੀ ਗਾਂ ਤੇ ਸੂਰ ਨੂੰ ਇੱਕ ਕਰ ਸਕਦੈ। ਸਿਆਣੇ ਕਾਹਨੂੰ ਇਹਨਾਂ ਨੂੰ ਇੱਕ ਹੋਣ ਦੇਣਗੇ...।" ਅਨਾਮਿਕਾ ਵਿਅੰਗ ਨਾਲ ਮੂੰਹ ਟੇਢਾ ਕਰਕੇ ਹੱਸੀ। ਮੈਨੂੰ ਫਿਰ ਬਸ਼ੀਰ ਦੇ ਹਾੜੇ ਡੋਬੂ ਪਾਉਣ ਲੱਗੇ। ਸੱਚੀਂ ਕਿੰਨਾ ਫ਼ਰਕ ਏ ਇਨਸਾਨ ਤੇ ਜਾਨਵਰ ਦੀ ਜਾਤ 'ਚ!

ਗਾਂ ਦਾ ਦੁੱਧ ਚੁੰਘਦੇ ਸੂਰ ਦੇ ਬੱਚੇ ਵੇਖਣ ਲਈ ਮੁਹੱਲੇ 'ਚ ਹਜੂਮ ਜੁੜਨ ਲੱਗਿਆ।

ਵੇਖਦੇ ਹੀ ਵੇਖਦੇ ਕਲਿੱਕ-ਕਲਿੱਕ ਕਰਦੇ ਕੈਮਰਿਆਂ ਦੀ ਫਲੈਸ਼ ਗਾਂ ਦੇ ਹਵਾਨੇ 'ਤੇ ਲਿਸ਼ਕਣ ਲੱਗੀ। ਤਮਾਸ਼ਾ ਬਣੀ ਗਾਂ ਨੂੰ ਵੇਖਣ ਲਈ ਉੱਲ੍ਹਰ-ਉੱਲ੍ਹਰ ਪੈਂਦੀ ਭੀੜ ਆਪਣਾ ਤਮਾਸ਼ਾ ਦਿਖਾਉਣ ਲੱਗੀ। **ਸੰਪਰਕ-9846-70707**



## ਕਹਾਣੀ / ਸ਼ੂਗਰ ਰੋਗ / - ਗੋਵਰਧਨ ਗੱਬੀ

ਸਰਦੀਆਂ ਦੀ ਰੁੱਤੇ, ਮੂੰਹ ਹਨੇਰੇ, ਅਕਸਰ ਹਰ ਤੀਸਰੇ ਦਿਨ, ਸਾਡੇ ਘਰ ਦੀ ਕਾਲ ਬੈੱਲ ਵੱਜ ਉੱਠਦੀ ਹੈ। ਘਰ ਦੇ ਸਾਰੇ ਜੀਆਂ ਨੂੰ ਪਤਾ ਹੁੰਦਾ ਹੈ ਕਿ ਬੈੱਲ ਕਰਨ ਵਾਲਾ ਕੌਣ ਹੈ ਪਰ ਫਿਰ ਵੀ ਸਾਰੇ ਅਣਸੁਣਾ ਕਰ ਦੇਣਗੇ। ਸਾਰਿਆਂ ਨੂੰ ਇਹ ਵੀ ਪਤਾ ਹੈ ਕਿ ਹੁਣ ਅੱਗੇ ਕੀ ਹੋਵੇਗਾ।

ਹਮੇਸ਼ਾ ਦੀ ਤਰ੍ਹਾਂ ਪੌਣੀ ਕੁ ਸਦੀ ਦੇ ਬਰਾਬਰ ਉਮਰ ਦੀ ਮੇਰੀ ਮਾਂ ਉਠੇਗੀ। ਡਰਾਇੰਗ ਰੂਮ ਦੀ ਬੱਤੀ ਜਗਾਏਗੀ। ਟੇਬਲ ਉੱਪਰ ਪਈਆਂ ਗੇਟ ਤੇ ਗੱਡੀ ਦੀਆਂ ਚਾਬੀਆਂ ਉਠਾਏਗੀ ਤੇ ਬਾਹਰ ਨਿਕਲ, ਸਭ ਤੋਂ ਪਹਿਲਾਂ ਘਰ ਦੇ ਮੇਨ ਗੇਟ ਉੱਪਰ ਲੱਗਾ ਜਿੰਦਰਾ ਖੋਲੇਗੀ।

"ਨਮਸਤੇ ਮਾਤਾ ਜੀ...।"

ਬੋਲਦਾ ਹੋਇਆ ਗੱਡੀ ਧੋਣ ਵਾਲਾ ਚਾਲੀ ਬਤਾਲੀ ਸਾਲਾਂ ਦੀ ਉਮਰ ਦਾ ਭਾਈ ਅੰਦਰ ਵੜਦਿਆਂ ਝੱਟ ਹੀ ਪਲਾਸਟਿਕ ਦੀ ਪਾਈਪ ਨੂੰ ਟੂਟੀ ਨਾਲ ਫਿੱਟ ਕਰਨ ਤੋਂ ਪਹਿਲਾਂ ਆਪਣੀਆਂ ਬਾਹਾਂ ਦੇ ਕਫਾਂ ਨੂੰ ਟੁੰਗਣਾ ਸ਼ੁਰੂ ਕਰ ਦੇਵੇਗਾ।

" ਕਾਕਾ ਤੁਮ ਥੋੜ੍ਹਾ ਠਹਿਰ ਕੇ ਨਹੀਂ ਆ ਸਕਦਾ...ਇੰਨਾ ਹਨੇਰਾ ਹੈ...ਇੰਨੀ ਠਾਂਡ ਹੈ...ਮੁਝੇ ਉਠਾ ਦਿੰਦੈ ਤੂੰ ਸਵੇਰੇ ਸਵੇਰੇ...।"

ਹਿੰਦੀ ਬੋਲਣ ਦੀ ਕੋਸ਼ਿਸ਼ ਕਰਦੀ ਮੇਰੀ ਮਾਂ ਗੱਡੀ ਦੀ ਚਾਬੀ ਨਾਲ ਲੱਗੇ ਛੱਲੇ ਉਪਰ ਗੱਡੀ ਦੇ ਦਰਵਾਜ਼ੇ ਖੋਲ੍ਹਣ ਵਾਲਾ ਬਟਨ ਦਬਾ ਦਿੰਦੀ ਹੈ।

ਦੋ ਵਾਰ ਟਊਂ ਟਊਂ ਦੀ ਆਵਾਜ਼ ਆਉਣ ਨਾਲ ਮਾਂ ਨੂੰ ਪਤਾ ਚਲ ਜਾਂਦਾ ਹੈ ਕਿ ਗੱਡੀ ਦੇ ਦਰਵਾਜ਼ੇ ਖੁੱਲ ਗਏ ਹਨ।

" ਕਿਆ ਕਰੇਂ ਮਾਤਾ ਜੀ...ਔਰ ਘਰੋਂ ਮੇਂ ਵੀ ਜਾਣਾ ਹੋਤਾ ਹੈ ..।"

" ਤੈਨੂੰ ਠੰਡ ਨਹੀਂ ਲਗਤੀ...?"

" ਲਗਤੀ ਤੋ ਹੈ ਪਰ ਕਿਆ ਕਰੇਂ...ਅੱਬ ਕਾਮ ਤੋ ਕਰਨਾ ਹੀ ਪੜੇਗਾ...ਨਹੀਂ ਤੋਂ ਪਰਿਵਾਰ ਕੈਸੇ ਪਾਲੇਂਗੇ...?"

" ਚੱਲ ਠੀਕ ਹੈ ਤੁਮ ਆਪਣਾ ਪਰਿਵਾਰ ਪਾਲ ਲੋ...ਹਮ ਭਾਵੇਂ ਬਿਮਾਰ ਹੋ ਜਾਈਏ..।"

ਮਾਂ ਤੇ ਉਸ ਭਾਈ ਦੇ ਵਿਚਕਾਰ ਹੁੰਦੇ ਸੰਵਾਦ, ਮੈਂ ਘਰ ਦੀ ਪਹਿਲੀ ਮੰਜ਼ਲ ਉੱਪਰ ਬਣੇ ਆਪਣੇ ਕਮਰੇ ਵਿਚ ਉਸਲਵੱਟੇ ਲੈਂਦਾ ਹੋਇਆ ਅਕਸਰ ਸੁਣਦਾ ਰਹਿੰਦਾ ।

ਕਈ ਵਾਰ ਇੰਝ ਵੀ ਹੁੰਦਾ ਹੈ ਕਿ ਮਾਂ ਗੱਡੀ ਨੂੰ ਖੋਲਣ ਵਾਲਾ ਨਹੀਂ ਸਗੋਂ ਬੰਦ ਕਰਨ ਵਾਲਾ ਬਟਨ ਦਬਾ ਕੇ ਚਲੀ ਜਾਂਦੀ ਹੈ ਜਾਂ ਭਾਈ ਨੇ ਦਰਵਾਜ਼ਾ ਖੋਲ ਕੇ ਬੰਦ ਨਹੀਂ ਕੀਤਾ ਤਾਂ ਗੱਡੀ ਫਿਰ ਆਪ ਮੁਹਾਰੇ ਬੰਦ ਹੋ ਜਾਂਦੀ ਹੈ। ਜਦੋਂ ਉਹ ਭਾਈ ਦਰਵਾਜ਼ਾ ਖੋਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅੱਗੇ ਜਦੋਂ ਦਰਵਾਜ਼ਾ ਬੰਦ ਮਿਲਦਾ ਹੈ ਤਾਂ ਉਹ ਫਿਰ ਘਰ ਦਾ ਮੁੱਖ ਦਰਵਾਜ਼ਾ ਖੜਕਾਉਂਦਾ ਹੈ।

" ਹੁਣ ਕਿਆ ਹੂਆ..?"

"ਮਾਤਾ ਜੀ ਗਾਡੀ ਤੋਂ ਬੰਦ ਹੈ...।"

"ਇੱਕ ਤਾਂ ਇਸ ਅੱਗ ਲਾਗਣੀ ਚਾਬੀ ਕਾ ਪਤਾ ਨਹੀਂ ਲਾਗਤਾ ਕਿ ਇਸਦੀ ਕੌਣ ਸੀ ਟਊਂ ਟਊਂ ਦਰਵਾਜ਼ਾ ਖੋਲਦੀ ਹੈ ਤੇ ਕੌਣ ਸੀ ਬੰਦ ਕਰਦੀ ਹੈ...ਕਾਕਾ ਤੁਮੇਂ ਕਿੰਨੀ ਵਾਰ ਕਿਹਾ ਕਿ ਉਸੇ ਵੇਲੇ

ਦਰਵਾਜ਼ਾ ਖੋਲ ਕੇ ਦੇਖ ਲਿਆ ਕਰ...ਤੁਮ ਹਮਾਰੇ ਕੋ ਆਰਾਮ ਨਹੀਂ ਕਰਨ ਦਿੰਦਾ...ਤੁਮੇ ਪਤਾ ਨਹੀਂ ਕਿੰਨੀ ਠਾਂਡ ਹੈ...ਔਂਤਰਾ ਦੰਦੋਰੀਕਾ ਆਪ ਮੁਹਾਰੇ ਹੀ ਵਾਜਣੇ ਲੱਗ ਪੈਂਦਾ ਹੈ...।"

ਬੁੜ ਬੁੜ ਕਰਦੀ ਮਾਂ ਫਿਰ ਬਾਹਰ ਨਿਕਲ ਗੱਡੀ ਨੂੰ ਖੋਲਣ ਵਾਲਾ ਬਟਨ ਦਬਾਉਂਦੀ ਹੈ।

ਹੁਣ ਉਹ ਗੱਡੀ ਧੋਣ ਵਾਲਾ ਭਾਈ ਅੱਗੋਂ ਕੁਝ ਵੀ ਨਾ ਬੋਲਣ ਵਿੱਚ ਹੀ ਆਪਣੀ ਭਲਾਈ ਸਮਝਦਾ ਹੈ।

ਉਹਨਾਂ ਦੋਨਾਂ ਵਿੱਚ ਇਹ ਨੋਕ ਚੋਕ ਵਾਲਾ ਸਿਲਸਿਲਾ ਅਕਸਰ ਸਾਰੀਆਂ ਸਰਦੀਆਂ ਵਿਚ ਚਲਦਾ ਹੈ।

"ਪੁੱਤਰ, ਪਤਾ ਨਹੀਂ ਅੱਜ ਗੱਡੀ ਧੋਣ ਵਾਲੇ ਭਾਈ ਨੇ ਚਾਹ ਤਾਂ ਪੀ ਲਈ ਪਰ ਬਿਸਕੁਟ ਨਹੀਂ ਖਾਧੇ...ਪਲੇਟ ਵਿਚ ਹੀ ਛੱਡ ਕੇ ਚਲਾ ਗਿਐ...ਮੇਰਾ ਮਨ ਬੜਾ ਪਰੇਸ਼ਾਨ ਹੈ..।"

ਕੁਝ ਦਿਨ ਪਹਿਲਾਂ ਸਰਦੀਆਂ ਦੀ ਰੁੱਤ ਵਿਚ ਹੀ ਰੋਜ਼ਾਨਾ ਦੀ ਤਰ੍ਹਾਂ ਇੱਕ ਦਿਨ ਜਦੋਂ ਸਵੇਰੇ ਨੌਂ ਕੁ ਵਜੇ ਦਫ਼ਤਰ ਜਾਣ ਵਾਸਤੇ ਘਰ ਤੋਂ ਮੈਂ ਨਿਕਲਣ ਲੱਗਾ ਤਾਂ ਮਾਂ ਅਚਾਨਕ ਕਹਿਣ ਲੱਗੀ।

ਅਸਲ ਵਿਚ ਜਦੋਂ ਉਹ ਭਾਈ ਗੱਡੀ ਧੋਣ ਵਾਸਤੇ ਆਉਂਦਾ ਹੈ ਤਾਂ ਮੇਰੀ ਪਤਨੀ ਰੱਜੀ ਉਸਨੂੰ ਚਾਹ ਦੇ ਨਾਲ ਕੁਝ ਨਾ ਕੁਝ ਖਾਣ ਨੂੰ ਦੇ ਦਿੰਦੀ ਹੈ ਜਿਵੇਂ ਬਿਸਕੁਟ, ਨਮਕੀਨ, ਮਿਠਾਈ ਜਾਂ ਕੋਈ ਹੋਰ ਵਸਤ।

ਉਹ ਭਾਈ ਚਾਹ ਪੀਣ ਤੋਂ ਬਾਅਦ ਅਕਸਰ ਬਰਤਨ ਬਾਹਰ ਗੱਡੀ ਦੇ ਕੋਲ ਹੀ ਛੱਡ ਕੇ ਚਲਾ ਜਾਂਦਾ ਹੈ।

ਮੇਰੀ ਨਿਗ੍ਹਾ ਜਦੋਂ ਪਲੇਟ ਵਿਚ ਪਏ ਬਿਸਕੁਟਾਂ ਉੱਪਰ ਪਈ ਤਾਂ ਮੈਨੂੰ ਮਾਜ਼ਰਾ ਸਮਝਣ ਵਿਚ ਜ਼ਿਆਦਾ ਦੇਰ ਨਾ ਲੱਗੀ ਕਿ ਉਸਨੇ ਚਾਹ ਨਾਲ ਬਿਸਕੁਟ ਕਿਉਂ ਨਹੀਂ ਖਾਧੇ ਸਨ।ਅਸਲ ਵਿਚ ਬਿਸਕੁਟ ਦੋ ਤਿੰਨ ਕੋਨਿਆਂ ਤੋਂ ਭੁਰੇ ਹੋਏ ਸਨ।

" ਮਾਂ, ਮੈਨੂੰ ਲੱਗਦਾ ਹੈ ਉਸਨੇ ਸਮਝਿਆ ਹੋਣਾ ਹੈ ਕਿ ਉਸਨੂੰ ਜੂਠੇ ਬਿਸਕੁਟ ਦਿੱਤੇ ਗਏ ਹਨ...ਸੋ ਉਸਨੇ ਰੋਸੇ ਬਾਝੋਂ ਨਹੀਂ ਖਾਧੇ..।"

ਮੈਂ ਮਾਂ ਨੂੰ ਉਸਦੇ ਬਿਸਕੁਟ ਨਹੀਂ ਖਾਣ ਦਾ ਕਾਰਨ ਦੱਸਿਆ।

"ਪਰ ਪੁੱਤਰ ਅਸੀਂ ਉਸ ਨਾਲ ਇਸ ਤਰ੍ਹਾਂ ਕਿੰਝ ਕਰ ਸਕਦੇ ਹਾਂ...ਉਸਨੂੰ ਜੂਠੇ ਬਿਸਕੁਟ ਕਿਵੇਂ ਦੇ ਸਕਦੇ ਹਾਂ... ਉਹ ਤਾਂ ਅੱਜ ਸਵੇਰੇ ਜਦੋਂ ਰੱਜੀ ਪੈਕਟ ਖੋਲਣ ਲੱਗੀ ਤਾਂ ਪੈਕਟ ਡਿਗ ਪਿਆ ਸੀ ਤੇ ਕੁਝ ਬਿਸਕੁਟਾਂ ਦੇ ਕੋਨੇ ਭੁਰ ਗਏ ਸਨ...।"

ਮਾਂ ਨੇ ਬਿਸਕੁਟਾਂ ਦੇ ਭੁਰਨ ਬਾਰੇ ਸਫ਼ਾਈ ਦਿੱਤੀ।

" ਫਿਰ ਚਾਹ ਤੇ ਬਿਸਕੁਟ ਦੇਣ ਵੇਲੇ ਰੱਜੀ ਨੂੰ ਉਸਨੂੰ ਦੱਸ ਦੇਣਾ ਚਾਹੀਦਾ ਸੀ ਕਿ ਇਹ ਬਿਸਕੁਟ ਜੂਠੇ ਨਹੀਂ ਹਨ...?"

ਮੈਂ ਮਾਂ ਨੂੰ ਸਮਝਾਇਆ।

" ਹਾਂ, ਪੁੱਤਰ ਉਹ ਤਾਂ ਵਾਕਿਆ ਹੀ ਰੱਜੀ ਕੋਲੋਂ ਗਲਤੀ ਹੋ ਗਈ ਪਰ ਇਹ ਗੱਲ ਉਸਦੇ ਦਿਮਾਗ ਵਿਚ ਆਈ ਹੀ ਨਹੀਂ ਹੋਣੀ ਕਿਉਂਕਿ ਉਸਦੇ ਮਨ ਵਿਚ ਕਿਹੜੀ ਕੋਈ ਮੈਲ ਸੀ...?"

ਮਾਂ ਨੇ ਮਸੋਸਦਿਆਂ ਕਿਹਾ।

ਮਾਂ ਨੂੰ ਸੱਚਮੁਚ ਬਹੁਤ ਬੁਰਾ ਲੱਗ ਰਿਹਾ ਸੀ।ਉਸਨੂੰ ਲੱਗਿਆ ਕਿ ਉਹ ਭਾਈ ਸੋਚਦਾ ਹੋਣਾ ਕਿ ਇਹਨਾਂ ਨੇ ਮੈਨੂੰ ਗਰੀਬ ਸਮਝ ਕੇ ਮੇਰੇ ਨਾਲ ਇੰਝ ਦਾ ਵਿਹਾਰ ਕੀਤਾ ਹੈ।

ਮਾਂ ਨੂੰ ਗੱਲ ਨੂੰ ਬਹੁਤਾ ਮਨ ਨਾਲ ਨਾ ਲਾਉਣ ਲਈ ਕਹਿੰਦੇ ਹੋਏ ਮੈਂ ਦਫ਼ਤਰ ਜਾਣ ਵਾਸਤੇ ਨਿਕਲ



ਗਿਆ।

ਖੈਰ, ਤੀਸਰੇ ਦਿਨ ਉਹ ਭਾਈ ਗੱਡੀ ਸਾਫ ਕਰਨ ਵਾਸਤੇ ਫਿਰ ਆਇਆ ।

ਮਾਂ ਤੇ ਰੱਜੀ ਨੂੰ ਮੈਂ ਕਿਹਾ ਕਿ ਉਸ ਨਾਲ ਪਰਸੋਂ ਬਿਸਕੁਟ ਨਾ ਖਾਣ ਬਾਰੇ ਗੱਲ ਕਰਨ ਤਾਂ ਕਿ ਜੋ ਵਹਿਮ ਪੈਦਾ ਹੋਇਆ ਸੀ ਉਸ ਨੂੰ ਦੂਰ ਕਰ ਲਿਆ ਜਾਵੇ ਤੇ ਉਸਦੇ ਮਨ ਨੂੰ ਸਕੂਨ ਮਿਲੇ।

ਰੱਜੀ ਚਾਹ ਦਾ ਕੱਪ ਤੇ ਬਿਸਕੁਟ ਲੈ ਕੇ ਉਸ ਭਾਈ ਕੋਲ ਚਲੇ ਗਈ।ਮਾਂ ਵੀ ਨਾਲ ਹੋ ਗਈ।

" ਕਾਕਾ, ਤੁਮ ਪਰਸੋਂ ਚਾਹ ਤਾਂ ਪੀ ਗਿਆ ਪਰ ਬਿਸਕੁਟ ਪਲੇਟ ਵਿੱਚ ਛੋੜ ਗਿਆ ਸੀ....ਕਿਉਂ..?"

ਮਾਂ ਨੇ ਉਸਨੂੰ ਪੁੱਛਿਆ।

" ਬਸ ਮਾਤਾ ਜੀ ਐਸੇ ਹੀ ਮਨ ਨਹੀਂ ਕੀਆ..।"

" ਨਹੀਂ ਖਾਣੇ ਸਨ ਤਾਂ ਹਮਾਰੇ ਕੋ ਦੱਸ ਤਾਂ ਦਿੰਦਾ.. ਐਵੇਂ ਚਿੜੀਆਂ ਕਾਵਾਂ ਨੇ ਗੰਦ ਖਿਲਾਰ ਦੀਆ ਥਾ ਚਾਰੇ ਪਾਸੇ...।"

ਜਦੋਂ ਮਾਂ ਤੇ ਰੱਜੀ ਉਸ ਨਾਲ ਗੱਲਾਂ ਕਰ ਰਹੀਆਂ ਸਨ ਤਾਂ ਮੈਂ ਅੰਦਰ ਬੈਠਾ ਸਾਰਾ ਕੁਝ ਸੁਣ ਰਿਹਾ ਸਾਂ।

" ਨਹੀ ਕਾਕਾ ਬਾਤ ਤੋ ਕੋਈ ਜ਼ਰੂਰ ਹੈ...ਜੋ ਤੁਮਨੇ ਬਿਸਕੁਟ ਨਹੀਂ ਖਾਧੇ...ਤੁਮਾਹਰਾ ਸਾਹਿਬ ਕਹਿ ਰਿਹਾ ਹੈ ਕਿ ਉਸਕੋ ਪੁੱਛ ਕੇ ਆਉ।"

ਮਾਂ ਦੇ ਬੋਲ ਸੁਣਦੇ ਸਾਰ ਹੀ ਉਹ ਭਾਈ ਫੁੱਟ ਪਿਆ।

" ਮਾਤਾ ਜੀ....ਹਮ ਗਰੀਬ ਤੋਂ ਜ਼ਰੂਰ ਹੈਂ ਪਰ ਇਸਕਾ ਯੇ ਮਤਲਬ ਨਹੀਂ ਕਿ ਹਮ ਔਰੋਂ ਕੀ ਜੂਠਨ ਖਾਏਂ...।"

ਭਾਈ ਰੋਣ ਹੱਕੇ ਲਹਿਜੇ ਵਿਚ ਬੋਲਿਆ।

"ਕਾਕਾ...ਕਆ ਗੱਲ ਕਰਦਾ ਪਿਐਂ...ਹਮ ਤੈਨੂੰ ਚਾਹ ਦੇ ਨਾਲ ਕੁਝ ਖਾਣ ਵਾਸਤੇ ਆਪਣੀ ਮਰਜ਼ੀ ਨਾਲ ਦਿੰਦੇ ਹਾਂ ਹਾਂ...ਤੁਮ ਮੰਗਦਾ ਥੋੜਾ ਹੈਂ...ਸੋ ਤੁਮਾਰੇ ਨਾਲ ਇੰਝ ਦਾ ਵਿਹਾਰ ਕਿੱਦਾਂ ਕਰ ਸਕਤੇ ਹਾਂ... ਹਮਨੇ ਤੈਨੂੰ ਜੂਠੇ ਬਿਸਕੁਟ ਕਿਉਂ ਦੇਣੇ ਥੇ..?"

ਫਿਰ ਰੱਜੀ ਨੇ ਉਸ ਭਾਈ ਨੂੰ ਪੈਕਟ ਡਿਗਣ ਤੇ ਬਿਸਕੁਟਾਂ ਦੇ ਭੁਰਨ ਵਾਲਾ ਸਾਰਾ ਕਿੱਸਾ ਕਹਿ ਸੁਣਾਇਆ।

ਕਿੱਸਾ ਸੁਣਨ ਤੋਂ ਬਾਅਦ ਉਸ ਭਾਈ ਦੇ ਚਿਹਰੇ ਦੇ ਹਾਵ ਭਾਵ ਕੁਝ ਸੁਖਾਵੇਂ ਤੇ ਸ਼ਾਂਤ ਹੋ ਗਏ।

" ਮੈਂ ਵੀ ਸੋਚੂੰ ਪਹਿਲੇ ਤੋ ਕਭੀ ਮੇਰੇ ਸਾਥ ਐਸਾ ਨਹੀਂ ਕੀਆ ਤੋ ਫਿਰ ਆਜ ਕਿਉਂ...।"

ਬੋਲਦੇ ਹੋਏ ਉਸ ਭਾਈ ਦੇ ਗਲੇਡੂ ਭਰ ਆਏ ।

ਖੈਰ, ਉਹ ਭਾਈ ਚਾਹ ਤੇ ਬਿਸਕੁਟ ਖਾ ਕੇ ਚਲਾ ਗਿਆ।

ਮਾਂ ,ਰੱਜੀ ਤੇ ਮੇਰੇ ਮਨ ਨੂੰ ਸਕੂਨ ਤਾਂ ਮਿਲਿਆ ਪਰ ਮੇਰੇ ਅੰਦਰ ਬੈਠਾ ਲੇਖਕ ਮਨ ਜਾਗ ਪਿਆ।

ਇੱਕ ਲੇਖਕ ਦਾ ਫਰਜ਼ ਨਿਭਾਉਂਦਿਆ ਮੈਂ ਇਸ ਘਟਨਾ ਨੂੰ ਵਿਸ਼ਾ ਬਣਾ,ਇੱਕ ਲੇਖ ਲਿਖ, ਨਿਯਮਤ ਤਰੀਕੇ ਨਾਲ ਇੱਕ ਅਖ਼ਬਾਰ ਨੂੰ ਛਪਨ ਵਾਸਤੇ ਭੇਜ ਦਿੱਤਾ।

ਕੁਝ ਦਿਨਾਂ ਬਾਅਦ ਉਹ ਲੇਖ ਛਪ ਗਿਆ।

ਪਹਿਲਾਂ ਦੀ ਤਰ੍ਹਾਂ ਲੇਖ ਪੜ੍ਹ ਕੇ ਕਈ ਸਾਰੇ ਪਾਠਕਾਂ ਦੇ ਫ਼ੋਨ ਆਏ।

"ਭਾਜੀ, ਇਹਨਾਂ ਲੋਕਾਂ ਨੂੰ ਬਹੁਤਾ ਸਿਰ 'ਤੇ ਨਾ ਚੜ੍ਹਾਇਆ ਕਰੋ...ਕੀ ਜ਼ਰੂਰਤ ਹੈ ਇਹਨਾਂ ਨੂੰ ਚਾਹ ਤੇ ਬਿਸਕੁਟ ਦੇਣ ਦੀ...ਅੱਜ ਕੱਲ੍ਹ ਬਥੇਰੀਆਂ ਸਹੂਲਤਾਂ ਦੇ ਰਹੀ ਹੈ ਸਰਕਾਰ ਇਹਨਾਂ ਲੋਕਾਂ

ਨੂੰ…ਇਹਨਾਂ ਲੋਕਾਂ ਦਾ ਦਿਨੋਂ ਦਿਨ ਦਿਮਾਗ਼ ਖਰਾਬ ਹੁੰਦਾ ਜਾ ਰਿਹਾ ਹੈ…ਇਹਨਾਂ ਨੂੰ ਬਹੁਤਾ ਮੂੰਹ ਨਾ ਲਗਾਇਆ ਕਰੋ…ਬਸ ਕੰਮ ਨਾਲ ਕੰਮ ਰੱਖਿਆ ਕਰੋ…ਸਿਆਣੇ ਐਵੇਂ ਤਾਂ ਨਹੀਂ ਕਹਿੰਦੇ ਕਿ ਛੋਟੀ ਜਾਤ ਕਰੇ ਉਤਪਾਤ…ਨਾਲ ਤੁਸੀਂ ਕਿਹੜਾ ਮੁਫ਼ਤ ਵਿਚ ਗੱਡੀ ਸਾਫ਼ ਕਰਵਾ ਰਹੇ ਹੋ…ਤਨਖਾਹ ਤਾਂ ਦਿੰਦੇ ਹੀ ਹੋਵੋਗੇ…ਉਂਝ ਬਾਈ ਜੀ ਲੇਖ ਤੁਹਾਡਾ ਵਧੀਆ ਸੀ…।"

ਮੇਰਾ ਇੱਕ ਪੁਰਾਣਾ ਤੇ ਨਿਯਮਤ ਪਾਠਕ ਫ਼ੋਨ ਉਪਰ ਮੈਨੂੰ ਨਸੀਹਤ ਦੇ ਰਿਹਾ ਸੀ।

"ਭਾਜੀ, ਤੁਹਾਡਾ ਲੇਖ ਪੜ੍ਹ ਕੇ ਬਹੁਤ ਅੱਛਾ ਲੱਗਿਆ…ਸਚਮੁਚ ਸਾਨੂੰ ਗਰੀਬਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ…ਉਹ ਵੀ ਤਾਂ ਸਾਡੇ ਵਰਗੇ ਹੀ ਮਨੁੱਖ ਹੁੰਦੇ ਨੇ…ਭਾਜੀ, ਤੁਹਾਡੀ ਮਾਤਾ ਜੀ ਦਾ ਕੋਈ ਕਸੂਰ ਨਹੀਂ ਸੀ ਬਸ ਐਵੇਂ ਹੀ ਗ਼ਲਤ ਫਹਿਮੀਆਂ ਪੈਦਾ ਹੋ ਜਾਂਦੀਆਂ ਨੇ…।"

ਇੱਕ ਹੋਰ ਪਾਠਕ ਫ਼ੋਨ ਕਰਕੇ ਮੇਰੀ ਮਾਂ ਦੀ ਤਾਰੀਫ ਕਰ ਰਿਹਾ ਸੀ।

"ਲੇਖਕ ਸਾਹਿਬ ਤੁਹਾਡੇ ਘਰ ਤਾਂ ਨਹੀਂ ਹੁੰਦਾ ਇੰਜ ਪਰ ਬਹੁਤੇ ਘਰਾਂ ਵਿੱਚ ਇਸ ਤਰ੍ਹਾਂ ਦੇ ਛੋਟੇ ਕੰਮ ਕਰਦੇ ਲੋਕਾਂ ਨਾਲ ਬਹੁਤ ਭੇਦਭਾਵ ਹੁੰਦਾ ਹੈ…ਕਈਆਂ ਨਾਲ ਤਾਂ ਜਿਹਨੀ ਸ਼ੋਸ਼ਣ ਦੇ ਨਾਲ ਨਾਲ ਸ਼ਰੀਰਕ ਸ਼ੋਸ਼ਣ ਵੀ ਹੁੰਦਾ ਹੈ…ਲੇਖਕ ਸਾਹਬ ਸੱਚ ਦੱਸਾਂ…ਆ ਜਿਹੜੇ ਅਖੌਤੀ ਅਮੀਰ ਲੋਕ ਹੁੰਦੇ ਆ ਨਾ, ਉਹਨਾਂ ਵਿਚ ਜ਼ਿਆਦਾਤਰ ਲੋਕਾਂ ਦੇ ਦਿਮਾਗ ਵਿੱਚ ਆਪਣੀ ਅਮੀਰੀ ਤੇ ਉੱਚੀ ਜਾਤ ਨੂੰ ਲੈ ਕੇ ਹੰਕਾਰ ਦਾ ਅਜਗਰ ਹਮੇਸ਼ਾ ਫੁੰਕਾਰੇ ਮਾਰਦਾ ਰਹਿੰਦਾ ਹੈ…ਚੰਗਾ ਲੇਖਕ ਸਾਹਿਬ, ਮੈਂ ਵੀ ਕੰਮ 'ਤੇ ਜਾਣਾ ਹੈ …ਜੈ ਭੀਮ…ਜੈ ਭਾਰਤ…।"

ਇੱਕ ਹੋਰ ਗਰੀਬ ਹਿਤੈਸ਼ੀ ਪਾਠਕ ਦਾ ਫ਼ੋਨ ਆਇਆ।

" ਲੇਖਕ ਸਾਬ੍ਹ ਤੁਸੀਂ ਜੋ ਘਟਨਾ ਲਿਖੀ ਹੈ ਚਲੋ ਉਹ ਤਾਂ ਠੀਕ ਹੈ ਪਰ ਸੱਚ ਇਹੀ ਹੈ ਕਿ ਗਰੀਬ ਲੋਕਾਂ ਨਾਲ ਕੋਈ ਵੀ ਚੰਗਾ ਵਿਹਾਰ ਨਹੀਂ ਕਰਦਾ…ਲੇਖਕ ਸਾਬ੍ਹ ਮੈਂ ਅਕਸਰ ਕਈ ਵਾਰ ਦੇਖਿਆ ਹੈ ਕਿ ਵੱਡੇ ਵੱਡੇ ਮਹਿਲ ਨੁਮਾ ਮੈਰਿਜ਼ ਪੈਲਸਾਂ ਵਿਚ ਜਦੋਂ ਕੁਝ ਅਖੌਤੀ ਅਮੀਰ ਲੋਕਾਂ ਦੇ ਬੱਚਿਆਂ ਦੇ ਵਿਆਹ ਹੁੰਦੇ ਹਨ ਤਾਂ ਬਾਰਾਤ ਨਾਲ ਆਏ ਬੈਂਡ ਵਾਜੇ ਵਾਲਿਆਂ, ਖੁਸਰਿਆਂ, ਦੇਸੀ ਨਚਾਰਾਂ ਤੇ ਗੱਡੀਆਂ-ਕਾਰਾਂ ਦੇ ਡਰਾਇਵਰਾਂ ਵਾਸਤੇ ਖਾਣਪੀਣ ਦਾ ਪ੍ਰਬੰਧ ਵੱਖਰਾ ਤੇ ਸਧਾਰਨ ਕੀਤਾ ਹੁੰਦਾ ਹੈ…ਕਈ ਸੱਜਣ ਤਾਂ ਉਹਨਾਂ ਵਾਸਤੇ ਪਹਿਲਾਂ ਹੀ ਸਧਾਰਨ ਖਾਣਾ ਪੈਕਟਾਂ ਵਿਚ ਪਾ ਕੇ ਉਹਨਾਂ ਨੂੰ ਫੜਾ ਦਿੰਦੇ ਹਨ…ਕਈ ਅਖੌਤੀ ਅਮੀਰ ਲੋਕ ਤਾਂ ਉਹਨਾਂ ਨੂੰ ਉੱਕੇ ਸੁੱਕੇ ਪੈਸੇ ਦੇ ਦਿੰਦੇ ਹਨ ਕਿ ਉਹ ਵਿਆਹ ਵਾਲਾ ਨਹੀਂ ਸਗੋਂ ਬਾਹਰ ਜਾ ਕੇ ਕਿਸੇ ਢਾਬੇ ਆਦਿ ਤੋਂ ਖਾਣਾ ਖਾ ਲੈਣ…ਲੇਖਕ ਸਾਬ੍ਹ ਬਾਕੀ ਦੀਆਂ ਤਾਂ ਛੱਡੋ ਪਰਾਂ…ਕਈ ਵਾਰ ਵਿਆਹ ਵਾਲਿਆਂ ਨੇ ਆਪਣੇ ਕੁਝ ਬੰਦਿਆਂ ਦੀ ਖਾਸ ਕਰਕੇ ਇਹੀ ਡਿਊਟੀ ਲਗਾਈ ਹੁੰਦੀ ਹੈ ਕਿ ਉਹ ਨਜ਼ਰ ਰੱਖਣ ਕਿ ਕਿਤੇ ਉਹ ਵਿਚਾਰੇ ਗਰੀਬ ਲੋਕ ਮੁੱਖ ਖਾਣੇ ਦੇ ਪੰਡਾਲ ਵੱਲ ਨਾ ਚਲੇ ਜਾਣ…ਕਿਤੇ ਪਾਣੀ ਵਾਂਗ ਵਹਾਈ ਜਾ ਰਹੀ ਦਾਰੂ ਨਾ ਪੀ ਲੈਣ…ਬੈਰ੍ਹਿਆਂ ਤੇ ਹੋਰ ਕਰਿੰਦਿਆਂ ਨੂੰ ਵੀ ਹਦਾਇਤਾਂ ਹੁੰਦੀਆਂ ਹਨ ਕਿ ਉਹ ਉਹਨਾਂ ਨੂੰ ਕੁਝ ਵੀ ਨਾ ਪਰੋਸਣ ਤੇ ਉਹਨਾਂ ਨੂੰ ਵਿਆਹ ਵਾਲੇ ਮੁੱਖ ਪੰਡਾਲ ਤੋਂ ਦੂਰ ਰੱਖਣ…ਹਾਂ, ਉਹ ਵੱਖਰੀ ਗੱਲ ਹੈ ਲੇਖਕ ਸਾਬ੍ਹ ਕਿ ਬਾਅਦ ਵਿਚ ਉਹੀ ਅਖੌਤੀ ਅਮੀਰ ਲੋਕ ਆਪਣੇ ਵਿਆਹਾਂ ਉੱਪਰ ਆਏ ਲੱਖਾਂ ਰੁਪਈਆਂ ਦੇ ਖਰਚ ਦਾ ਵਖਾਣ ਗਲਾ ਫਾੜ ਫਾੜ ਕਰਦੇ ਥੱਕਦੇ ਨਹੀਂ …ਲੇਖਕ ਸਾਬ੍ਹ, ਇੱਕ ਵਾਰ ਇੱਕ ਵਿਆਹ ਸਮਾਗਮ ਨਿਬੜ ਜਾਣ ਤੋਂ ਬਾਅਦ ਮੈਂ ਦੇਖਿਆ ਕਿ ਲਾੜੇ ਦਾ ਪਿਉ ਬੈਂਡ ਵਾਜਿਆਂ ਵਾਲਿਆਂ ਨਾਲ ਝਗੜ ਰਿਹਾ ਸੀ…ਉਹ ਉਹਨਾਂ ਨੂੰ ਪੈਸੇ ਇਸ ਕਰਕੇ ਘੱਟ ਦੇਣ ਦੀ ਜ਼ਿੱਦ ਕਰ ਰਿਹਾ ਸੀ ਕਿਉਂਕਿ ਉਹਨਾਂ ਨੇ ਬੈਂਡਵਾਜ਼ਾ ਇੱਕ ਕਿਲੋਮੀਟਰ ਦੀ ਬਜਾਏ ਪੌਣਾ ਕਿਲੋਮੀਟਰ ਹੀ ਵਜਾਇਆ ਸੀ…ਕਰ ਲਉ ਘਿਉ ਨੂੰ ਭਾਂਡਾ…ਅੱਛਾ ਜੀ ਲੇਖਕ ਸਾਬ੍ਹ ਤੁਹਾਡਾ



ਸ਼ੁਕਰੀਆ…ਤੁਸੀਂ ਮੈਨੂੰ ਟਾਈਮ ਦਿੱਤਾ…ਅੱਛਾ ਜੀ ਸਾਸਰੀਕਾਲ ਜੀ…।"

ਇੱਕ ਨਵਾਂ ਪਾਠਕ ਅਮੀਰ ਲੋਕਾਂ ਨੂੰ ਕੋਸ ਰਿਹਾ ਸੀ।

ਹੋਰ ਵੀ ਬਹੁਤ ਸਾਰੇ ਫ਼ੋਨ ਤੇ ਸੁਨੇਹੇ ਆਏ। ਕਈ ਗਰੀਬਾਂ ਦੇ ਹੱਕ ਵਿਚ ਤੇ ਕਈ ਵਿਰੋਧ ਵਿਚ।

ਖੈਰ, ਸਮਾਂ ਆਪਣੀ ਚਾਲੇ ਚਲਦਾ ਰਿਹਾ।

ਫਰਵਰੀ ਮਹੀਨਾ ਅੱਧਾ ਲੰਘ ਗਿਆ ਸੀ । ਠੰਡ ਉਡਾਰੀ ਮਾਰਨ ਨੂੰ ਫਿਰ ਰਹੀ ਸੀ।

ਐਤਵਾਰ ਦਾ ਦਿਨ ਸੀ। ਸਵੇਰੇ ਗਿਆਰਾਂ ਕੁ ਵਜੇ, ਅਸੀਂ ਘਰ ਦੇ ਸਾਰੇ ਜੀਅ ਪਿਛਲੇ ਵਿਹੜੇ ਬੈਠ, ਧੁੱਪ ਦਾ ਆਨੰਦ ਮਾਣ ਰਹੇ ਸਾਂ।

"ਪੁੱਤਰ ਇਹ ਗੱਡੀ ਸਾਫ਼ ਕਰਨ ਵਾਲਾ ਭਾਈ ਕੱਲ੍ਹ ਨਵਾਂ ਰੇੜਕਾ ਲੈ ਕੇ ਬਹਿ ਗਿਆ…ਅਖੇ-ਮੇਰਾ ਚਾਹ ਵਾਲਾ ਕੱਪ ਬਦਲ ਦਿਉ…ਬ੍ਹਹੁਤ ਪੁਰਾਣਾ ਹੋ ਗਿਐ…ਪਿੱਛੇ ਜਿਹੇ ਇਸਨੇ ਭੁਰੇ ਬਿਸਕੁਟਾਂ ਦਾ ਪੰਗਾ ਪਾਇਆ ਸੀ…ਅਖੇ- ਮੁਝੇ ਜੂਠੇ ਬਿਸਕੁਟ ਦਿੰਦੇ ਨੇ…ਹੁਣ ਕਹਿੰਦਾ ਹੈ ਕੱਪ ਬਦਲ ਦਿਉ…ਪੁੱਤਰ ਮੈਨੂੰ ਲਗਦਾ ਹੈ ਕਿ ਉਸਨੂੰ ਇਹ ਵਹਿਮ ਹੋ ਗਿਆ ਹੈ ਕਿ ਅਸੀਂ ਉਸਦਾ ਇੱਕ ਵੱਖਰਾ ਕੱਪ ਰੱਖਿਆ ਹੋਇਆ ਹੈ…ਜਿਵੇਂ ਸਾਡੇ ਵੇਲਿਆਂ ਵਿਚ ਪਿੰਡਾਂ ਵਿਚ ਜ਼ਿਮੀਂਦਾਰ ਲੋਕ ਆਪਣੇ ਘਰਾਂ ਦੇ ਕੰਮੀ ਕਮੀਨ ਲੋਕਾਂ ਵਾਸਤੇ ਵੱਖਰੇ ਬਾਟੇ ਰੱਖਦੇ ਹੁੰਦੇ ਸਨ… ਪਰ ਇਸ ਬੇਵਕੂਫ ਨੂੰ ਇਹ ਨਹੀਂ ਪਤਾ ਕਿ ਸਾਡੇ ਕੋਲ ਇੱਕੋ ਰੰਗਰੂਪ ਤੇ ਆਕਾਰ ਦੇ ਚਾਰ ਦਰਜਨਾਂ ਤੋਂ ਵੱਧ ਕੱਪ ਹਨ…ਪੁੱਤਰ, ਇਸ ਭਾਈ ਵਿਚ ਆਕੜ ਬਹੁਤ ਆ ਗਈ ਹੈ…ਮੈਨੂੰ ਲਗਦਾ ਇਸਦੇ ਤਾਏ ਵਾਂਗ ਇਸਦਾ ਵੀ ਕੋਈ ਇਲਾਜ਼ ਕਰਨਾ ਪੈਣਾ ਹੈ…ਕਿਸੇ ਹੋਰ ਭਾਈ ਨਾਲ ਗੱਲ ਕਰੋ ਗੱਡੀ ਸਾਫ ਕਰਨ ਵਾਸਤੇ…ਇਹ ਕੁਝ ਜ਼ਿਆਦਾ ਹੀ ਸਿਰ ਚੜਦਾ ਜਾਂਦਾ ਹੈ…।"

ਆਪਣੇ ਵਾਲਾਂ ਵਿਚ ਰੱਜੀ ਕੋਲੋਂ ਤੇਲ ਝਸਾਉਂਦੀ ਹੋਈ ਮਾਂ ਉਸ ਭਾਈ ਨੂੰ ਕੋਸ ਰਹੀ ਸੀ।

ਮਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਯਾਦ ਆਇਆ ਕਿ ਇਸ ਤੋਂ ਪਹਿਲਾਂ ਇਸ ਭਾਈ ਦਾ ਤਾਇਆ ਹਕੀਮ ਚੰਦ ਸਾਡੀ ਗੱਡੀ ਸਾਫ਼ ਕਰਦਾ ਹੁੰਦਾ ਸੀ।

ਸੱਠਾਂ ਨੂੰ ਟੱਪਿਆ ਹਕੀਮ ਚੰਦ ਦੂਸਰੇ ਮੁੱਹਲੇ ਵਿਚ ਕਿਸੇ ਦੀ ਗੱਡੀ ਸਾਫ਼ ਕਰਦਾ ਹੋਇਆ ਅਕਸਰ ਸਾਨੂੰ ਸਵੇਰੇ ਨੇੜੇ ਪੈਂਦੇ ਪਾਰਕ ਵਿਚ ਸੈਰ ਕਰਕੇ ਪਰਤਦਿਆਂ ਵਿਖਾਈ ਦਿੰਦਾ ਰਹਿੰਦਾ ਸੀ।

ਉਹਨਾਂ ਦਿਨਾਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਸਾਡੀ ਗੱਡੀ ਸਾਫ਼ ਕਰਨ ਵਾਲਾ ਮੁੰਡਾ ਇੱਕ ਮਹੀਨੇ ਤੋਂ ਲਗਾਤਾਰ ਨਹੀਂ ਆ ਰਿਹਾ ਸੀ। ਫਿਰ ਪਤਾ ਚਲਿਆ ਕਿ ਉਸਦੀ ਮਾਂ ਬਿਮਾਰ ਹੋਣ ਕਰਕੇ ਉਹ ਬਿਹਾਰ ਚਲਾ ਗਿਆ ਸੀ। ਉਸਨੇ ਸਾਡੇ ਘਰ ਕੰਮ ਕਰਦੀ ਮੀਨਾ ਦੇ ਹੱਥ ਸੁਨੇਹਾ ਤਾਂ ਭਿਜਵਾ ਦਿੱਤਾ ਸੀ ਕਿ ਉਹ ਹਫ਼ਤੇ ਤੱਕ ਆ ਜਾਏਗਾ ਪਰ ਉਹ ਆਇਆ ਨਹੀਂ ਸੀ ਸੋ ਇੱਕ ਦਿਨ ਮੈਂ ਹਕੀਮ ਚੰਦ ਨੂੰ ਗੱਡੀ ਸਾਫ਼ ਕਰਨ ਵਾਸਤੇ ਕਿਹਾ ਤਾਂ ਉਹ ਰਾਜ਼ੀ ਹੋ ਗਿਆ।

ਉਹ ਅਗਲੇ ਦਿਨ ਸਵੇਰੇ ਹੀ ਆ ਗਿਆ ਗੱਡੀ ਸਾਫ਼ ਕਰਨ।

ਪਰ ਉਸੇ ਦਿਨ ਸ਼ਾਮ ਨੂੰ ਹੀ ਉਹ ਫਿਰ ਸਾਡੇ ਘਰ ਆ ਗਿਆ। ਉਸਨੇ ਸੋ ਰੁਪਏ ਇਹ ਦੱਸਦਿਆਂ ਅਗੇਤਰੇ ਮੰਗ ਲਏ ਕਿ ਉਸਦਾ ਪੋਤਰਾ ਬਿਮਾਰ ਹੈ। ਅਸੀਂ ਵੀ ਬਿਨਾਂ ਦੇਰ ਕੀਤਿਆਂ ਦੇ ਦਿੱਤੇ।

ਉਸ ਨਾਲ ਪ੍ਰਤੀ ਮਹੀਨਾ ਤਨਖਾਹ ਵੀ ਤੈਅ ਕਰ ਲਈ।ਇੱਕ ਦਿਨ ਛੱਡ ਕੇ ਉਸਨੇ ਗੱਡੀ ਸਾਫ਼ ਕਰਨੀ ਸੀ।

ਹੁਕਮ ਚੰਦ ਨੇ ਪਹਿਲੇ ਪੰਦਰਾਂ ਦਿਨਾਂ ਵਿੱਚ ਹੀ ਕਈ ਪ੍ਰਕਾਰ ਦੇ ਕਾਰਨ ਦੱਸਦੇ ਹੋਏ ਸੋ, ਸੋ ਤੇ ਪੰਜਾਹ,ਪੰਜਾਹ ਰੁਪਏ ਮੰਗ ਕੇ ਆਪਣੀ ਤਨਖਾਹ ਅਗੇਤਰੀ ਹੀ ਲੈ ਲਈ ।

ਉਹ ਕਿਸੇ ਦਿਨ ਸਵੇਰੇ ਚਾਰ ਵਜੇ ਜਾਂ ਰਾਤ ਦਸ ਗਿਆਰਾਂ ਵਜੇ ਸਾਡੇ ਘਰ ਆ ਵੱਜਦਾ। ਉਸਦੇ

ਇਸ ਰੋਜ਼ ਰੋਜ਼ ਬੇਵਕਤੇ ਪੈਸੇ ਮੰਗਣ ਦੇ ਚਲਣ ਤੋਂ ਰੱਜੀ ਬੜਾ ਚਿੜਦੀ ਸੀ।

" ਆ ਗਿਆ ਈ ਤੁਹਾਡਾ ਚਹੇਤਾ...ਦਿਉ ਉਸਨੂੰ ਹੋਰ ਪੈਸੇ...?"

ਉਸਨੂੰ ਦੇਖਦੇ ਹੀ ਰੱਜੀ ਮਘ ਉੱਠਦੀ।

ਇੱਕ ਵਾਰ ਉਸਨੇ ਦੇਰ ਰਾਤ ਆ ਕੇ ਘਰ ਦੀ ਬੈੱਲ ਵਜਾ ਦਿੱਤੀ।

" ਬੀਬੀ ਜੀ...ਸੋ ਰੁਪਏ ਚਾਹੀਏ...ਘਰ ਮੇਂ ਜ਼ਰੂਰਤ ਆਣ ਪੜੀ ਹੈ..।"

ਜਦੋਂ ਰੱਜੀ ਨੂੰ ਪਤਾ ਲੱਗਾ ਕਿ ਉਸਨੇ ਦਾਰੂ ਪੀਤੀ ਹੋਈ ਹੈ ਤਾਂ ਉਸਨੇ ਦੁਤਕਾਰ ਦਿੱਤਾ ਤੇ ਬਿਨਾਂ ਪੈਸੇ ਦੇ ਕੇ ਮੋੜਨਾ ਚਾਹਿਆ। ਇੰਨੀ ਦੇਰ ਨੂੰ ਮੈਂ ਵੀ ਉਹਨਾਂ ਕੋਲ ਚਲਾ ਗਿਆ।

"ਯਾਰ ਵਾਕਿਆ ਹੀ ਕੋਈ ਮਜ਼ਬੂਰੀ ਹੋਣੀ ਐ...ਕੋਈ ਐਵੇਂ ਥੋੜਾ ਮੰਗਣ ਤੁਰ ਪੈਂਦੈ...ਮੰਗਣਾ ਕੋਈ ਸੌਖਾ ਕੰਮ ਹੁੰਦੈ...ਕਿਸੇ ਅੱਗੇ ਹੱਥ ਅੱਡਣ ਵਾਸਤੇ ਆਪਣੇ ਆਪ ਨੂੰ ਮਾਰਨਾ ਪੈਂਦਾ...।"

ਰੱਜੀ ਦੇ ਬਹੁਤ ਮਨ੍ਹਾ ਕਰਨ ਦੇ ਬਾਵਜੂਦ ਮੈਂ ਉਸਨੂੰ ਸੋ ਰੁਪਏ ਦੇ ਦਿੱਤੇ।

ਅਗਲੇ ਦਿਨ ਹੁਕਮ ਚੰਦ ਦੀ ਪਤਨੀ ਤੇ ਉਸਦਾ ਪੋਤਰਾ ਆ ਕੇ ਘਰ ਵਾਲਿਆਂ ਨੂੰ ਕਹਿ ਗਏ ਕਿ ਹੁਕਮ ਚੰਦ ਨੂੰ ਅਗੇਤਰੀ ਤਨਖਾਹ ਨਾ ਦਿਆ ਕਰੋ ਕਿਉਂਕਿ ਉਹ ਰੋਜ਼ ਦਾਰੂ ਪੀ ਘਰ ਵਿੱਚ ਖੋਰੂੰ ਪਾਉਂਦਾ ਹੈ। ਸਾਰੇ ਟੱਬਰ ਨੂੰ ਗਾਲ੍ਹਾਂ ਕਢਦਾ ਹੈ। ਮਾਰ ਕੁਟਾਈ ਕਰਦਾ ਹੈ।

ਹੁਕਮ ਚੰਦ ਲਗਪਗ ਦੋ ਮਹੀਨੇ ਦੀ ਅਗੇਤਰੀ ਤਨਖਾਹ ਲੈ ਚੁੱਕਾ ਸੀ ਪਰ ਇੱਕ ਦਿਨ ਰਾਤ ਅੱਠ ਕੁ ਵਜੇ ਉਹ ਫਿਰ ਆ ਗਿਆ ਪੰਜਾਹ ਰੁਪਏ ਮੰਗਣ ਵਾਸਤੇ।

ਰੱਜੀ ਤੇ ਮੇਰੀ ਮਾਂ ਪੈਰਾਂ ਤੇ ਪਾਣੀ ਨਾ ਪੈਣ ਦੇਣ।

ਉਹਨਾਂ ਦੀਆਂ ਆਵਾਜ਼ਾਂ ਸੁਣ, ਮੈਂ ਬਾਹਰ ਨਿਕਲਿਆ।

ਸਾਰਾ ਮਾਜਰਾ ਸਮਝ, ਮੈਂ ਰੱਜੀ ਤੇ ਮਾਂ ਨੂੰ ਅੰਦਰ ਜਾਣ ਵਾਸਤੇ ਕਿਹਾ।

"ਬਾਬੂ ਜੀ...ਮੈਂ ਝੂਠ ਨਹੀਂ ਬੋਲ ਰਹਾ..ਸਚਮੁਚ ਘਰ ਮੇਂ ਭਤੀਜੇ ਕੀ ਬੇਟੀ ਬਿਮਾਰ ਹੈ...ਆਪ ਬੇਸ਼ਕ ਹਮਾਰੇ ਘਰ ਜਾ ਕੇ ਪੂਛ ਲਉ ...ਮੇਰੀ ਘਰਵਾਲੀ ਕਹਿਤੀ ਹੈ ਕਿ ਪੈਸੇ ਲੇਕਰ ਆਉ, ਦਵਾਈ ਲਾ ਕਰ ਦੇਣੀ ਹੈ...ਆਪ ਦੇ ਦੋ ਬਾਬੂ ਜੀ...ਬੀਬੀ ਜੀ ਤੋਂ ਮਾਨ ਨਹੀਂ ਰਹੇ..।"

ਬੋਲਦੇ ਹੋਏ ਹੁਕਮ ਚੰਦ ਦੀਆਂ ਅੱਖਾਂ ਵਿੱਚ ਹੰਝੂ ਉਮੜ ਆਏ ਸਨ।

ਮੈਂ ਉਸਨੂੰ ਬਾਹਰ ਹੀ ਬੈਠਣ ਵਾਸਤੇ ਕਿਹਾ।

ਅੰਦਰ ਗਿਆ ਤਾਂ ਮਾਂ ਤੇ ਰੱਜੀ ਨੂੰ ਪਤਾ ਸੀ ਕਿ ਮੈਂ ਮੰਨਣ ਵਾਲਾ ਨਹੀਂ।

" ਇਹ ਬੜਾ ਖਰਾਬ ਹੈ...ਝੂਠ ਬੋਲ ਰਿਹਾ ਹੈ...ਤੁਸੀਂ ਦੇਣੇ ਨੇ ਪੈਸੇ ਤਾਂ ਦਿਉ... ਦੋ ਮਹੀਨਿਆਂ ਦੀ ਤਨਖਾਹ ਇਹ ਪਹਿਲਾਂ ਹੀ ਲੈ ਚੁੱਕਾ ਹੈ...ਤੁਸੀਂ ਇਸਨੂੰ ਸਿਰ ਚੜਾਇਆ ਹੋਇਐ....ਲੁਟਾਓ ਆਪਣੇ ਪੈਸੇ...ਸਾਨੂੰ ਕੀ...?"

ਬੁੜਬੁੜ ਕਰਦੀ ਰੱਜੀ ਰਸੋਈ ਦੇ ਕੰਮਾਂ ਵਿੱਚ ਰੁਝ ਗਈ।

ਮਾਂ ਵੀ ਨੱਕ ਮਚਕੋੜਦੀ ਆਪਣੇ ਕਮਰੇ ਵਿਚ ਚਲੇ ਗਈ।

ਸ਼ਨੀਵਾਰ ਦਾ ਦਿਨ ਸੀ। ਉਸ ਦਿਨ ਠੰਡ ਦੂਰ ਕਰਨ ਵਾਸਤੇ ਮੈਂ ਵਿਸ੍ਹਕੀ ਦੀ ਬੋਤਲ ਖੋਲ੍ਹੀ ਹੋਈ ਸੀ। ਨਾਲ ਮੁਰਗਾ ਤਿਆਰ ਕਰਵਾਇਆ ਹੋਇਆ ਸੀ। ਮੈਂ ਦਾਰੂ ਦਾ ਡੱਬਲ ਪੈੱਗ ਸਟੀਲ ਦੇ ਗਲਾਸ ਵਿਚ ਭਰਿਆ ਤੇ ਇੱਕ ਕੌਲੀ ਵਿੱਚ ਇੱਕ ਲੈੱਗ ਪੀਸ ਪਾਇਆ ਤੇ ਉਸਨੂੰ ਬਾਹਰ ਹੀ ਦੇ ਆਇਆ।

ਮੈਨੂੰ ਅਜੇ ਅੰਦਰ ਪਹੁੰਚਿਆ ਦੋ ਹੀ ਮਿੰਟ ਹੋਏ ਸਨ ਕਿ ਹਕੀਮ ਚੰਦ ਨੇ ਜਾਲੀ ਵਾਲੇ ਦਰਵਾਜ਼ੇ ਉਪਰ ਉਂਗਲਾਂ ਨਾਲ ਆਵਾਜ਼ ਪੈਦਾ ਕੀਤੀ। ਬਿਨਾਂ ਬੋਲਿਆਂ ਉਸਨੇ ਮੇਰੇ ਵੱਲ ਖਾਲੀ ਗਲਾਸ ਕੀਤਾ।ਮੈਂ ਵੀ ਰੱਜੀ ਤੇ ਮਾਂ ਕੋਲੋਂ ਬਚਣ ਵਾਸਤੇ ਕੁਝ ਬੋਲੇ ਬਿਨਾਂ ਉਸ ਕੋਲੋਂ ਗਿਲਾਸ ਫੜਿਆ ਤੇ ਇੱਕ ਹੋਰ ਡਬਲ



ਪੈੱਗ ਉਸਨੂੰ ਬਣਾ ਦਿੱਤਾ ਤੇ ਨਾਲ ਹੀ ਮੁਰਗੇ ਦੀ ਇੱਕ ਲੱਤ ਹੋਰ ਉਸਨੂੰ ਫੜਾ ਦਿੱਤੀ।

ਪੰਜ ਕੁ ਮਿੰਟਾਂ ਬਾਅਦ ਉਹ ਖਾਲੀ ਗਲਾਸ ਤੇ ਕੌਲੀ ਮੈਨੂੰ ਵਾਪਸ ਕਰ ਕੇ ਤੇ ਮੇਰੇ ਕੋਲੋਂ ਰੁਪਏ ਲੈ ਕੇ ਸ਼ੁਕਰੀਆ ਕਰਦਾ ਹੋਇਆ ਗੇਟ ਤੋਂ ਬਾਹਰ ਨਿਕਲ, ਪੈਲਾਂ ਪਾਉਂਦਾ ਹੋਇਆ ਆਪਣੇ ਘਰ ਨੂੰ ਚਲਾ ਗਿਆ।

ਉਸ ਤੋਂ ਬਾਅਦ ਕਦੇ ਕਦੇ ਘਰ ਵਾਲਿਆਂ ਤੋਂ ਚੋਰੀ ਮੈਂ ਹਕੀਮ ਚੰਦ ਨੂੰ ਇੱਕ ਦੋ ਪੈੱਗ ਲਗਵਾ ਦਿੰਦਾ।

ਪਰ ਇੱਕ ਦਿਨ ਹਕੀਮ ਚੰਦ ਦੀ ਪਤਨੀ ਤੇ ਇਹੀ ਭਤੀਜਾ ਮੇਰੀ ਗ਼ੈਰ ਹਾਜਰੀ ਵਿੱਚ ਸਾਡੇ ਘਰ ਵਾਲਿਆਂ ਕੋਲ ਆ ਧਮਕੇ। ਉਹਨਾਂ ਨੇ ਮੇਰੀ ਮਾਂ ਤੇ ਰੱਜੀ ਨੂੰ ਸ਼ਿਕਾਇਤ ਲਗਾਈ ਕਿ ਬਾਬੂ ਜੀ ਉਸਨੂੰ ਦਾਰੂ ਪਿਲਾਉਂਦੇ ਹਨ।

"ਜਬ ਪੂਛਤੇ ਹੈ ਕਿ ਦਾਰੂ ਕਹਾਂ ਸੇ ਪੀ ਤੇਰੇ ਪਾਸ ਤੋ ਪੈਸੇ ਵੀ ਨਹੀਂ ਥੇ ਤੋਂ ਆਗੇ ਸੇ ਆਕੜ ਕਰ ਬਤਾਤਾ ਹੈ-ਆਪਕੋ ਕਯੋਂ ਤਕਲੀਫ ਹੋਤੀ ਹੈ...ਮੈਂ ਕੌਣ ਸਾ ਆਪਸੇ ਪੈਸੇ ਮਾਂਗਤਾ ਹੂੰ...ਮੁਝੇ ਤੋ ਬਾਬੂ ਜੀ ਪਿਲਾਤੇ ਹੈਂ...ਬੀਬੀ ਜੀ ਅਬ ਵੋਹ ਨਹੀਂ ਆਏਗਾ ਗਾਡੀ ਸਾਫ਼ ਕਰਨੇ..।"

ਉਸਦਾ ਭਤੀਜਾ ਰੱਜੀ ਤੇ ਮਾਂ ਨਾਲ ਸ਼ਿਕਾਇਤ ਲਗਾ ਰਿਹਾ ਸੀ।

ਜਦੋਂ ਰੱਜੀ ਨੇ ਕਿਹਾ ਕਿ ਉਸਨੇ ਤਾਂ ਦੋ ਮਹੀਨੇ ਦੀ ਤਨਖਾਹ ਅਗੇਤਰੀ ਲੈ ਲਈ ਹੋਈ ਹੈ ਤਾਂ ਉਸਦੇ ਭਤੀਜੇ ਨੇ ਕਿਹਾ ਕਿ ਅੱਗੇ ਤੋਂ ਉਹ ਗੱਡੀ ਸਾਫ਼ ਕਰ ਦਿਆ ਕਰੇਗਾ।

ਸੋ ਇਸ ਤਰ੍ਹਾਂ ਹਕੀਮ ਚੰਦ ਦੀ ਥਾਂ ਭਤੀਜੇ ਨੇ ਲੈ ਲਈ ਸੀ।

ਉਸਨੇ ਹਰ ਮਹੀਨੇ ਕੁਝ ਰੁਪਏ ਕਟਵਾ ਕੇ ਅਗੇਤਰਾ ਲਿਆ ਉਧਾਰ ਖ਼ਤਮ ਕਰ ਦਿੱਤਾ।

ਕੱਪ ਬਦਲਣ ਵਾਲੀ ਗੱਲ ਨਾਲ ਮੇਰਾ ਲੇਖਕ ਮਨ ਫਿਰ ਜਾਗ ਉੱਠਿਆ।

"ਭਾਈ..ਤੁਝੇ ਦੋ ਸਾਲ ਸੇ ਜ਼ਿਆਦਾ ਸਮੇਂ ਹੋ ਗਿਆ ਹਮਾਰੇ ਘਰ ਕਾਮ ਕਰਤੇ...ਤੁਮਾਰ੍ਹਾ ਨਾਮ ਹਮਨੇ ਕਭੀ ਪੂਛਾ ਹੀ ਨਹੀਂ...ਨਾਮ ਕਆ ਹੈ ਤੁਮਾਹਰਾ..?"

ਅਗਲੇ ਦਿਨ ਮੈਂ ਉਸ ਨਾਲ ਜਾਣਬੁੱਝ ਕੇ ਗੱਲਬਾਤ ਤੋਰੀ।

" ਸ਼ਿਵ ਨਾਥ...।"

ਉਹ ਮੁਸਕਰਾਉਂਦੇ ਹੋਏ ਬੋਲਿਆ।

" ਪੂਰਾ ਨਾਮ ਕਆ ਹੈ...?"

" ਸ਼ਿਵ ਨਾਥ ਸ਼ਰਮਾ...।"

ਉਸਨੇ ਮੇਰੇ ਵੱਲ ਦੇਖਦੇ ਕਿਹਾ।

"ਸ਼ਿਵ ਨਾਥ ਸ਼ਰਮਾ...ਅੱਛਾ ਤੋ ਤੁਮ ਬ੍ਰਾਹਮਣ ਜਾਤੀ ਕੇ ਹੋ...ਸਬ ਸੇ ਬੜੀ ਜਾਤ ਵਾਲੇ..ਤੋ ਫਿਰ ਹਮਾਰੀ ਜਾਤ ਤੋ ਤੁਮਾਹਰੀ ਜਾਤ ਸੇ ਬਹੁਤ ਛੋਟੀ ਹੈ...।"

ਮੈਂ ਉਸਨੂੰ ਉਕਸਾਉਂਦੇ ਕਿਹਾ।

" ਆਪ ਪੰਡਤ ਨਹੀਂ ਹੋ ਕਆ...? ਤਾਇਆ ਜੀ ਤੋ ਬਤਾਤੇ ਹੈਂ ਕਿ ਸਾਹਬ ਬਹੁਤ ਬੜੇ ਪੰਡਿਤ ਹੈਂ...ਬੜੀ ਅੱਛੀ ਅੱਛੀ ਬਾਤੇਂ ਕਰਤੇ ਹੈਂ...ਆਪਕੀ ਅਖ਼ਬਾਰੋਂ ਮੇਂ ਫੋਟੂ ਛਪਤੀ ਹੈ...ਆਪ ਲੇਖਕ ਹੈਂ..।"

ਸ਼ਿਵ ਨਾਥ ਸ਼ਰਮਾ ਮੇਰੇ ਵੱਲ ਪ੍ਰਸ਼ਨ ਵਾਚਕ ਨਜ਼ਰਾਂ ਨਾਲ ਦੇਖਦਾ ਬੋਲ ਰਿਹਾ ਸੀ।

" ਚਲੋ ਆਪ ਹਮਾਰੀ ਜਾਤ ਕੋ ਛੋੜੋ... ਤੁਮਾਰ੍ਹੀ ਮੇਮ ਸਾਹਬ ਤੋ ਬਤਾ ਰਹੀ ਥੀ ਤੁਮਾਰ੍ਹੀ ਬੀਵੀ ਔਰ ਤੁਮਾਰ੍ਹੇ ਘਰ ਕੀ ਕਈ ਔਰਤੇ ਘਰੋਂ ਮੇਂ ਸਫ਼ਾਈ ਕਾ ਕਾਮ ਕਰਤੀ ਹੈ... ਬ੍ਰਾਹਮਣ ਹੋਕਰ ਭੀ ਤੁਮ ਲੋਗ ਯੇ ਛੋਟੇ ਛੋਟੇ ਕਾਮ ਕਿਉਂ ਕਰਤੇ ਹੋ...?"

ਮੈਂ ਜਾਣਬੁਝ ਕੇ ਉਸਨੂੰ ਚੁੱਭਵਾਂ ਸੁਆਲ ਪੁੱਛਿਆ।

"ਬਾਬੂ ਜੀ ਕਯਾ ਬਤਾਏਂ...ਬਸ ਕਿਸਮਤ ਕੇ ਮਾਰੇ ਹੈਂ...ਹਮਾਰੀ ਮਜ਼ਬੂਰੀ ਹੈ ਵਰਨਾ ਯੇ ਛੁਟਣ ਜਾਤ ਵਾਲਾ ਕਾਮ ਹਮ ਕਭੀ ਵੀ ਨਾ ਕਰਤੇ...?"

ਬੋਲਦੇ ਹੋਏ ਸ਼ਿਵ ਕੁਮਾਰ ਸ਼ਰਮਾ ਦੇ ਗੱਡੀ ਸਾਫ਼ ਕਰਦੇ ਹੋਏ ਹੱਥ ਕੁਝ ਢਿੱਲੇ ਪੈ ਗਏ।

" ਕਯਾ ਮਜ਼ਬੂਰੀ ਹੈ..?"

ਮੈਂ ਉਸਨੂੰ ਕੁਰੇਦਣ ਵਾਸਤੇ ਪੁੱਛਿਆ।

" ਬਾਬੂ ਜੀ...ਵੋਹ ਜੋ ਤਾਇਆ ਹੈ ਨਾ ਮੇਰਾ ...ਜੋ ਪਹਿਲੇ ਗਾਡੀ ਸਾਫ਼ ਕਰਤਾ ਥਾ ਆਪਕੇ ਯਹਾਂ...ਤੀਨ ਚਾਰ ਸਾਲ ਪਹਿਲੇ ਉਸਨੇ ਗਾਂਓਂ ਮੇਂ ਏਕ ਠਾਕੁਰ ਕੋ ਲਗਭਗ ਜਾਨ ਸੇ ਮਾਰ ਦਿਆ ਥਾ...ਬਸ ਗਾਂਓਂ ਕੇ ਸਾਰੇ ਠਾਕੁਰ ਹਮਾਰੇ ਪਰਿਵਾਰ ਕੇ ਪੀਛੇ ਪੜ੍ਹ ਗਏ ...ਕਹਿਤੇ- ਸਾਲੋ ਹਮ ਪੁਲਸ ਕੋ ਤੋ ਨਹੀਂ ਬਤਾਏਂਗੇ ਪਰ ਤੁਮ ਲੋਗੋਂ ਕਾ ਬੀਜ ਨਾਸ ਕਰਕੇ ਛੋੜੇਂਗੇ...ਡਰ ਕੇ ਮਾਰੇ ਹਮ ਸਮਸਤ ਪਰਿਵਾਰ ਰਾਤੋਰਾਤ ਭਾਗ ਆਏ ਥੇ ਯਹਾਂ...ਬਸ ਯੇ ਸਭ ਤਾਏ ਕਾ ਹੀ ਕਰਾ ਧਰਾ ਹੈ...ਵਰਨਾ ਹਮ ਵਹਾਂ ਕੇ ਰਾਜਾ ਥੇ...ਪੂਰੇ ਇਲਾਕੇ ਮੇਂ ਹਮਾਰੇ ਪਰਿਵਾਰ ਕੋ ਲੋਗ ਰਾਜ ਪ੍ਰੋਹਿਤ ਪਰਿਵਾਰ ਕੇ ਨਾਮ ਸੇ ਜਾਣਤੇ ਹੈਂ...।"

ਸ਼ਿਵ ਨਾਥ ਸ਼ਰਮਾ ਦੇ ਹੱਥ ਹੁਣ ਗੱਡੀ ਸਾਫ਼ ਕਰਨ ਤੋਂ ਰੁੱਕ ਚੁੱਕੇ ਸਨ।

" ਐਸਾ ਕਯਾ ਹੋ ਗਿਆ ਥਾ ਕਿ ਠਾਕੁਰ ਕੋ ਜਾਨ ਸੇ ਮਾਰਨੇ ਪਰ ਉਤਾਰੂ ਹੋ ਗਏ ਥੇ ਤੁਮਾਰ੍ਹੇ ਤਾਇਆ ....?"

ਉਸਦੇ ਤਾਏ ਬਾਰੇ ਜਾਣਨ ਵਸਤੇ ਮੇਰੀ ਉਤਸੁਕਤਾ ਹੋਰ ਵੱਧ ਗਈ ਸੀ।

" ਕੁਛ ਨਹੀਂ ਹੂਆ ਥਾ ਬਾਬੂ ਜੀ...ਹਮਾਰੇ ਦਾਦਾ ਜੀ ਸਰਪੰਚ ਕਾ ਚੁਣਾਵ ਲੜ ਰਹੇ ਥੇ...ਬਸ ਏਕ ਦਿਨ ਛੋਟੀ ਸੀ ਬਾਤ ਕੋ ਲੇਕਰ ਵਿਰੋਧੀ ਧੜੇ ਵਾਲੋਂ ਸੇ ਝਗੜਾ ਹੋ ਗਿਆ...ਵੋਹ ਜੋ ਠਾਕੁਰ ਖੜਾ ਥਾ ਸਰਪੰਚੀ ਕੇ ਲੀਏ ਉਸਨੇ ਬਾਤੋਂ ਬਾਤੋਂ ਮੇਂ ਤਾਇਆ ਜੀ ਕੋ ਯੇ ਬੋਲ ਦੀਆ ਕਿ ਸਰਪੰਚੀ ਕਰਨਾ ਠਾਕੁਰੋਂ ਕਾ ਕਾਮ ਹੈ ਤੁਮ ਜੈਸੀ ਮਾਂਗ ਕਰ ਖਾਣੇ ਵਾਲੀ ਜਾਤ ਵਾਲੋਂ ਕਾ ਨਹੀਂ ...ਬਸ ਫਿਰ ਕਯਾ ਥਾ...ਤਾਇਆ ਜੀ ਨੇ ਖੂਬ ਦਾਰੂ ਪੀ ਹੁਈ ਥੀ...ਗੁੱਸੇ ਮੇਂ ਆਕਰ ਉਸਨੇ ਉਸ ਠਾਕੁਰ ਕੇ ਸਿਰ ਪਰ ਜ਼ੋਰ ਸੇ ਟਕੂਆ ਦੇ ਮਾਰਾ ...ਵੋਹ ਵਹੀਂ ਢੇਰ ਹੋ ਗਿਆ...?"

ਇਹ ਗਾਥਾ ਸੁਣਾਉਂਦੇ ਹੋਏ ਸ਼ਿਵ ਕੁਮਾਰ ਸ਼ਰਮਾ ਦੇ ਚਿਹਰੇ ਦਾ ਰੰਗ ਲਾਲੀ ਮਾਰ ਰਿਹਾ ਸੀ।

" ਯਾਰ ਤੁਮ ਤੋ ਬਹੁਤ ਖ਼ਤਰਨਾਕ ਲੋਗ ਹੋ...?"

ਮੁਸਕਰਾਉਂਦੇ ਹੋਏ ਮੈਂ ਗੱਲ ਨੂੰ ਖ਼ਤਮ ਕਰਨਾ ਹੀ ਠੀਕ ਸਮਝਿਆ।

ਕੁਝ ਦਿਨਾਂ ਬਾਅਦ ਮੈਨੂੰ ਮਾਂ ਨੇ ਦੱਸਿਆ ਕਿ ਤਿੰਨ ਚਾਰ ਦਿਨਾਂ ਤੋਂ ਉਸ ਗੱਡੀ ਸਾਫ਼ ਕਰਨ ਵਾਲੇ ਭਾਈ ਨੇ ਚਾਹ ਪੀਣ ਤੋਂ ਵੀ ਮਨ੍ਹਾ ਕਰ ਦਿੱਤਾ ਹੈ।

" ਮਾਂ ਤੂੰ ਪੁੱਛਿਆ ਨਹੀਂ ਕਿਉਂ ਨਹੀਂ ਪੀਣੀ ਚਾਹ ਉਸਨੇ...?"

ਮੈਂ ਮਾਂ ਨੂੰ ਪੁੱਛਿਆ।

" ਹਾਂ, ਪੁੱਛਿਆ ਸੀ...ਤਾਂ ਅੱਗੋਂ ਕਹਿੰਦਾ-ਡਾਕਟਰ ਕਹਿਤਾ ਹੈ ਕਿ ਤੁਮਾਹਰੀ ਸ਼ੁਗਰ ਵੜ ਗਈ ਹੈ...ਤੁਮਕੋ ਮਿੱਠਾ ਔਰ ਚਾਹ ਛੋਡਣੇ ਪੈਣੇ ਹਨ...।"

ਮਾਂ ਦਾ ਜਵਾਬ ਸੁਣ ਕੇ ਮੈਨੂੰ ਪਤਾ ਚਲ ਗਿਆ ਸੀ ਕਿ ਸ਼ਿਵ ਨਾਥ ਸ਼ਰਮਾ ਦੀ ਕਿਹੜੀ ਕਿਸਮ ਦੀ ਸ਼ੂਗਰ ਵਧੀ ਹੈ ਤੇ ਕਿਉਂ ਵਧੀ ਹੈ?

(**ਸੰਪਰਕ- 9417173700**)



## ਕਹਾਣੀ / ਪੀੜ ਪਰੁੰਨੇ / ਗੁਰਦੀਪ ਸਿੰਘ ਢੁੱਡੀ

" ਮੈਡਮ, ਕੁੱਝ ਕੁੜੀਆਂ ਨੂੰ ਕਹਿਣੈ, ਤਿਆਰ ਹੋ ਕੇ ਆਉਣ। ਐਮ.ਐਲ.ਏ. ਸਾਹਿਬ ਨੇ ਆਪ ਆਉਣੈ , ਵਜ਼ੀਫ਼ਾ ਵੰਡਣ ਦੀ ਰਸਮ ਵੀ ਕਰਨੀ ਆ ਅਤੇ ਪਾਣੀ ਵਾਲੀ ਟੈਂਕੀ ਦਾ ਉਦਘਾਟਨ ਵੀ ਕਰਨੈ। ਉਹ ਬੜੇ ਅੱਪ-ਟੂ-ਡੇਟ ਰਹਿੰਦੇ ਆ। 'ਜਥਾ ਰਾਜਾ ਤਥਾ ਪਰਜਾ' ਅਨੁਸਾਰ ਆਪਾਂ ਨੂੰ ਐਮ.ਐਲ.ਏ. ਦਾ ਧਿਆਨ ਰੱਖ ਕੇ ਚੱਲਣਾ ਪੈਣੈ। ਫਿਰ ਆਪਾਂ ਆਪਣੇ ਸਕੂਲ ਦਾ ਮੂੰਹ ਮੱਥਾ ਵੀ ਤਾਂ ਚੰਗੀ ਤਰ੍ਹਾਂ ਸੰਵਾਰਿਆ। ਤਿਆਰੀ ਤੇ ਪੱਚੀ ਤੀਹ ਹਜ਼ਾਰ ਲੱਗ ਗਿਆ ਹੋਣੈ। ਅਜੇ ਚਾਹ ਪਾਣੀ ਤੇ ਕੱਲ੍ਹ ਨੂੰ ਹੋਰ ਲੱਗਣੇ ਆ। ਪਤਾ ਨ੍ਹੀਂ ਕਿਵੇਂ ਐਡਜਸਟ ਕਰਾਂਗੇ। ਮੈਂ ਪੀ.ਏ. ਸਾਹਿਬ ਨਾਲ ਗੱਲ ਕੀਤੀ ਸੀ। ਮੰਤਰੀ ਦੇ ਫੰਡ 'ਚੋਂ ਪੰਜ ਲੱਖ ਦੀ ਮੰਗ ਕਰਾਂਗੇ, ਦੋ ਤਿੰਨ ਲੱਖ ਤਾਂ ਡੁੱਕ ਹੀ ਲਵਾਂਗੇ। ਜੇ ਖੁਸ਼ ਹੋਵੇ ਤਾਂ ਚਾਰੇ ਗੱਡ ਕੇ ਖੜ੍ਹ ਜਾਂਦੈ। ਬੱਸ ਥੋੜ੍ਹੀ ਜ੍ਹੀ ਆਓ-ਭਗਤ ਭਾਲ਼ਦੇ ਆ।" ਪ੍ਰਿੰਸੀਪਲ ਨੇ ਮੈਨੂੰ ਬੁਲਾ ਕੇ ਉਚੇਚੇ ਤੌਰ ਤੇ ਆਖਿਆ।

" ਜੀ, ਸਰ।" ਇਸ ਤੋਂ ਵੱਧ ਤਾਂ ਮੇਰੇ ਮੂੰਹ ਵਿਚ ਜਿਵੇਂ ਕੋਈ ਬੋਲ ਹੀ ਨਹੀਂ ਸੀ। ਪ੍ਰਿੰਸੀਪਲ ਦੇ ਬੋਲਾਂ ਨੇ ਮੇਰੇ ਅੰਦਰ ਸੁਕਾ ਕੇ ਬਾਲ਼ੀਆਂ ਲੱਕੜਾਂ ਵਰਗਾ ਭਾਂਬੜ ਬਾਲ਼ ਦਿੱਤਾ ਸੀ। ਇਕ ਇਕ ਬੋਲ ਨੁਕੀਲੇ ਤੀਰ ਦੀ ਤਰ੍ਹਾਂ ਵਿੰਨ੍ਹਦਾ ਜਾਂਦਾ ਸੀ। ਇਸ ਤਰ੍ਹਾਂ ਦੀ ਸੋਚਣੀ . . ਤੋਬਾ। ਸਿੱਖਿਆ ਵਿਹੂਣੀਆਂ ਸਿੱਖਿਆ ਸੰਸਥਾਵਾਂ ਬਾਰੇ ਸੋਚ ਸੋਚ ਕੇ ਮੇਰੇ ਅੰਦਰੋਂ ਘੁਣ ਖਾਧੀ ਲੱਕੜ ਵਾਂਗੂੰ ਕੁੱਝ ਭੁਰ ਰਿਹਾ ਸੀ। ਲੰਮਿਆਂ ਵੇਲਿਆਂ ਤੋਂ ਚਲੀ ਆ ਰਹੀ ਵਿੱਥ ਕਿਹੜਾ ਮਾਂਦਰੀ ਆ ਕੇ ਘਟਾਵੇਗਾ!

" ਜੇ ਠੀਕ ਰਹੇ ਤਾਂ ਕੁੱਝ ਕੁੜੀਆਂ ਦੂਸਰੀਆਂ ਖੜ੍ਹੀਆਂ ਕਰ ਲੈਣੀ-ਆਂ। ਵਜ਼ੀਫ਼ਾ ਵੰਡਣ ਵੇਲੇ . . ਉਹ ਤਾਂ ਠੀਕ ਈ ਬਣ ਕੇ ਆਉਂਦੀਆਂ। ਉਹਨਾਂ ਦੇ ਮੂੰਹ ਮੱਥੇ .।" ਪ੍ਰਿੰਸੀਪਲ ਦੇ ਬੋਲਾਂ ਨੇ ਬਲ਼ਦੀ ਤੇ ਤੇਲ ਪਾਉਣ ਦੀ ਪੂਰੀ ਕੋਸ਼ਿਸ਼ ਕਰ ਦਿੱਤੀ ਸੀ। 'ਤੋਬਾ ਇਹ ਲੋਕ ਮੇਰੇ ਬਾਰੇ ਕੀ ਸੋਚਦੇ ਹੋਣਗੇ!'

"ਸਰ !" ਮੇਰੀ ਜਿਵੇਂ ਚੀਕ ਨਿੱਕਲ ਗਈ ਹੋਵੇ।

" ਤੁਸੀਂ ਜਾਓ ਤੇ ਰਚਨਾ ਮੈਡਮ ਨੂੰ ਭੇਜਣਾ ਮੇਰੇ ਕੋਲ। ਮੈਂ ਬੁਲਾ ਲੈਨੈਂ। " ਨਾਲ ਦੀ ਨਾਲ ਘੰਟੀ ਦੱਬ ਕੇ ਉਨ੍ਹਾਂ ਨੇ ਪੀਅਨ ਨੂੰ ਬੁਲਾ ਲਿਆ। ਤੇ ਮੈਂ ਮੂੰਹ ਲਟਕਾ ਕੇ ਪ੍ਰਿੰਸੀਪਲ ਦੇ ਦਫ਼ਤਰ ਵਿਚੋਂ ਤੁਰ ਆਉਂਦੀ ਹਾਂ। ਮੇਰੇ ਅੰਗ ਪੈਰ ਝੂਠੇ ਪੈਂਦੇ ਜਾ ਰਹੇ ਸਨ। ਪੈਰ ਉਠਾ ਕੇ ਤੁਰਨ ਦੀ ਕੋਸ਼ਿਸ਼ ਕਰਦੀ ਸਾਂ ਪਰੰਤੂ ਐਂ ਲੱਗਦਾ ਸੀ ਜਿਵੇਂ ਪੈਰ ਅੱਗੇ ਪਿੱਛੇ ਜਾ ਹੀ ਨਾ ਰਹੇ ਹੋਣ। ਪੈਰਾਂ ਵਿਚੋਂ ਨਿੱਕਲਦਾ ਸੇਕ ਮੇਰੇ ਸਿਰ ਨੂੰ ਚੜ੍ਹ ਰਿਹਾ ਸੀ। ਅੰਗ ਪੈਰ ਬੇਜ਼ਾਨ ਹੋ ਗਏ ਜਾਪਦੇ ਸਨ। ਜੀਅ ਵਿਚ ਆ ਰਿਹਾ ਸੀ ਪਿੱਛੇ ਨੂੰ ਮੁੜ ਜਾਵਾਂ ਤੇ ਪ੍ਰਿੰਸੀਪਲ ਨੂੰ ਪੁੱਛਾਂ ਪਰ ਅਗਲੇ ਹੀ ਪਲ ਜੀਅ ਜਵਾਬ ਦੇ ਰਿਹਾ ਸੀ। ਪ੍ਰਿੰਸੀਪਲ ਦੀ ਸ਼ਕਲ ਠਾਣੇ ਵਿਚ ਤਬਦੀਲ ਹੋ ਰਹੀ ਸੀ। ਠਾਣਾ ਜਿਹੜਾ ਮੇਰਾ ਸਕੂਲ ਵਿਚ ਪੜ੍ਹਦੀ ਦਾ ਜਮਾਤੀ ਸੀ। ਮੈਂ ਦਸਵੀਂ ਜਮਾਤ ਵਿਚ ਪੜ੍ਹਦੀ ਸਾਂ। ਵਜ਼ੀਫ਼ੇ ਦੇ ਫ਼ਾਰਮ ਭਰੇ ਜਾਣੇ ਸਨ। ਸਾਡੇ ਇੰਚਾਰਜ ਅਧਿਆਪਕ ਸੂਬਾ ਸਿੰਘ ਜੀ ਨੇ ਜਮਾਤ ਵਿਚ ਬੋਲਿਆ ਸੀ ' ਜਿਨ੍ਹਾਂ ਜਿਨ੍ਹਾਂ ਬੱਚਿਆਂ ਦੇ ਵਜ਼ੀਫ਼ੇ ਦੇ ਫ਼ਾਰਮ ਜਾਣੇ ਹਨ ਉਹਨਾਂ ਨੇ ਕੱਲ੍ਹ ਨੂੰ ਜ਼ਰੂਰ ਆਉਣੈ, ਸਕੂਲ। ਫ਼ਾਰਮ ਇੱਥੇ ਭਰ ਲਵਾਂਗੇ। ਕੋਈ ਰਹਿ ਨਾ ਜਾਵੇ। ਫ਼ਾਰਮ ਕੰਪਲੀਟ ਕਰਕੇ ਤੁਹਾਡੇ ਪਿਤਾ ਨੂੰ ਬੁਲਾ ਕੇ ਦਸਖ਼ਤ ਕਰਵਾ ਲਵਾਂਗੇ। ਵਾਰ ਵਾਰ ਉਹਨਾਂ ਦਾ ਕੰਮ ਨਹੀਂ ਛੁਡਵਾਉਣਾ। ਸਰਪੰਚ ਤੋਂ ਸਕੂਲ 'ਚ ਬੁਲਾ ਕੇ 'ਕੱਠੇ ਸਾਈਨ ਕਰਵਾ ਲਵਾਂਗੇ।'

" ਜੀ ਜੱਟਾਂ ਨੂੰ ਵਜ਼ੀਫ਼ਾ ਨ੍ਹੀਂ ਮਿਲਦੈ।" ਠਾਣੇ ਨੇ ਬੈਠਿਆਂ ਹੀ ਪੁੱਛਿਆ। ਅਧਿਆਪਕਾਂ ਦਾ

ਸਤਿਕਾਰ ਉਹ ਓਨਾ ਕੁ ਹੀ ਕਰਦਾ ਸੀ ਜਿੰਨੇ ਬਿਨਾ ਨਹੀਂ ਸਰਦਾ ਸੀ। ਵਿਦਿਆਰਥੀ ਅਨੁਸ਼ਾਸਨ ਨਾਂ ਦੀ ਤਾਂ ਕੋਈ ਚੀਜ਼ ਹੀ ਨਹੀਂ ਸੀ ਉਸ ਕੋਲ। ਸਾਰਿਆਂ ਨੂੰ ਪਤਾ ਲੱਗ ਗਿਆ ਸੀ ਕਿ ਉਸ ਨੇ ਸ਼ਰਾਰਤ ਨਾਲ ਪੁੱਛਿਆ ਹੈ। ਜਮਾਤ ਵਿਚ ਹਾਸਾ ਪੈ ਗਿਆ ਸੀ। ਮੈਨੂੰ ਧਰਤੀ ਪਾਟਦੀ ਜਾਪੀ ਸੀ। " ਸਾਨੂੰ ਵੀ ਵਜ਼ੀਫ਼ਾ ਮਿਲ ਜਿਆ ਕਰੇ ਤਾਂ ਕੁਛ ਪੈਸੇ ਖਰਚਣ ਨੂੰ ਈ ਮਿਲ ਜਾਇਆ ਕਰਨ। ਬੁੜ੍ਹਾ ਤਾਂ ਪੈਸੇ ਦੇਣ ਲੱਗਾ ਹੱਥ ਘੁੱਟ ਲੈਂਦੈ। ਸੱਪ ਬਣੂੰਗਾ ਅਗਲੀ ਜੂਨ 'ਚ। ਓਹਤੋਂ ਪੈਸਾ ਕਢਾਉਣਾ ਤਾਂ ਫ਼ੋਟਾ ਚੋਣ ਦੇ ਬਰੋਬਰ ਆ। " ਅਧਿਆਪਕਾਂ ਨਾਲ ਗੱਲਾਂ ਕਰਨ ਵੇਲੇ ਉਹ ਝਿਜਕਦਾ ਨਹੀਂ ਸੀ। " ਬਹਿ ਜਾ ਉਏ, ਬਹੁਤਾ ਬੋਲਿਆ ਨਾ ਕਰ।" ਅਧਿਆਪਕ ਸਰਦਾਰ ਸੂਬਾ ਸਿੰਘ ਜੀ ਨੇ ਭਾਵੇਂ ਗੁੱਸੇ ਵਿਚ ਹੀ ਆਖਿਆ ਸੀ ਪਰੰਤੂ ਉਹ ਪੂਰੀ ਤਰ੍ਹਾਂ ਜਾਹਿਰ ਨਹੀਂ ਕਰ ਸਕੇ ਸਨ। ਫਿਰ ਵੀ ਉਹਨਾਂ ਦਾ ਉਸ ਨੂੰ ਚੁੱਪ ਕਰਾਉਣ ਦਾ ਇਸ਼ਾਰਾ ਜ਼ਰੂਰ ਸੀ। ਉਹ ਦੂਸਰੇ ਅਧਿਆਪਕਾਂ ਵਾਂਗ ਠਾਣੇ ਦੀਆਂ ਗੱਲਾਂ ਨੂੰ ਹਵਾ ਨਹੀਂ ਦਿਆ ਕਰਦੇ ਸਨ। ਠਾਣੇ ਦੇ ਬੋਲਦੇ ਸਮੇਂ ਜਾਂ ਫਿਰ ਕੋਝੀਆਂ ਹਰਕਤਾਂ ਕਰਦੇ ਸਮੇਂ ਸ. ਸੂਬਾ ਸਿੰਘ ਜੀ ਦੀਆਂ ਭਵਾਂ ਤਣ ਜਾਇਆ ਕਰਦੀਆਂ ਸਨ। ਇਉਂ ਜਾਪਦਾ ਸੀ ਜਿਵੇਂ ਉਨ੍ਹਾਂ ਦੇ ਅੰਦਰ ਲੂਹਰੀਆਂ ਉਠਦੀਆਂ ਹੋਣ। ਪਰ ਕੋਈ ਮਜਬੂਰੀ ਉਨ੍ਹਾਂ ਦੇ ਬੁੱਲ੍ਹਾਂ ਤੇ ਜ਼ਿੰਦਰਾ ਲਾਈ ਰੱਖਦੀ ਸੀ।

" ਸਹੁੰ ਗੁਰੂ ਦੀ ਸੱਚੀਂ ਕਹਿਨਾ ਜੀ। ਭਾਵੇਂ ਤਪਿਆਂ ਆਲ਼ੇ ਡੇਰੇ ਲਿਜਾ ਕੇ ਸਮਾਧਾਂ 'ਤੇ ਚੜ੍ਹਾ ਲੋ। " ਠਾਣਾ ਖਚਰੀ ਜ਼ੁਬਾਨ ਫਿਰ ਵੀ ਚਲਾ ਰਿਹਾ ਸੀ। ਵਾਹ ਲੱਗਦੀ ਉਹ ਛੇਤੀ ਚੁੱਪ ਨਹੀਂ ਕਰਿਆ ਕਰਦਾ ਸੀ। ਸੂਬਾ ਸਿੰਘ ਸਰ ਬਾਰੇ ਤਾਂ ਪਿੱਠ ਪਿੱਛੇ ਹੋਰ ਜਿਹੀਆਂ ਗੱਲਾਂ ਵੀ ਕਰ ਜਾਇਆ ਕਰਦਾ ਸੀ।

"ਪੁੱਤ ਤੈਨੂੰ ਗੱਲਾਂ ਆਉਂਦੀਆਂ। ਜੇ ਕਿਤੇ ਵਜ਼ੀਫ਼ੇ ਆਲ਼ਿਆਂ ਦੇ ਘਰੇ ਜੰਮਿਆ ਹੁੰਦਾ ਤਾਂ ਪਤਾ ਲੱਗ ਜਾਂਦਾ, ਏਹਨਾਂ ਟਰਕੋਲੀਆਂ ਮਾਰਨ ਦਾ। ਦੋ ਡੰਗ ਦੀ ਰੋਟੀ ਦੇ ਪਏ ਹੁੰਦੇ ਤੈਨੂੰ ਲਾਲੇ, ਮੂੰਹ ਤੇ ਹਮੇਸ਼ਾ ਬਾਰਾਂ ਵੱਜੇ ਰਿਹਾ ਕਰਨੇ ਸੀ। ਦਸ ਤਾਰੀਖ਼ ਨੂੰ ਤੂੰ ਸਕੂਲ ਈ ਨ੍ਹੀਂ ਆਇਆ ਕਰਨਾ ਸੀ। ਹੁਣ ਈ ਟੁੱਕ ਨੂੰ ਟੁੱਚ ਆਖਦੈਂ। ਪਤਾ ਲੱਗਦਾ ਜੇ ਕਿਤੇ . . " ਗੱਲ ਨੂੰ ਭਾਵੇਂ ਉਨ੍ਹਾਂ ਨੇ ਵਿਚੇ ਹੀ ਦੱਬ ਲਿਆ ਸੀ ਪਰੰਤੂ ਫਿਰ ਵੀ ਜਾਪਦਾ ਸੀ ਕਿ ਸਰਦਾਰ ਸੂਬਾ ਸਿੰਘ ਜੀ ਨੇ ਠਾਣੇ ਦੇ ਇਸ ਤਰ੍ਹਾਂ ਬੋਲਣ ਤੇ ਬੁਰਾ ਮਨਾਇਆ।

"ਸਹੁੰ ਗੁਰੂ ਦੀ ਫੇਰ ਤਾਂ ਹੋਰ ਵੀ ਨਜ਼ਾਰਾ ਹੋਣਾ ਸੀ। ਜਿਹੜਾ ਕੰਮ ਹੁਣ ਨਹੀਂ ਬਣਨਾ, ਉਹ ਵੀ ਬਣ ਜਾਣਾ ਸੀ, ਅਸਾਨੀ ਨਾਲ।" ਠਾਣਾ ਤਾਂ ਪੂਰੀ ਬੇਸ਼ਰਮੀ ਤੇ ਉੱਤਰ ਆਇਆ ਸੀ। ਕਿਸੇ ਨੂੰ ਸਮਝ ਲੱਗੀ ਹੋਵੇ ਭਾਵੇਂ ਨਾ ਪਰ ਮੈਂ ਉਸਦੀ ਗੱਲ ਦੇ ਅਰਥ ਸਮਝ ਗਈ ਸੀ। ਉਸ ਦੇ ਬੋਲ ਅਤੇ ਹਰਕਤਾਂ ਚੱਤੋ ਪਹਿਰ ਮੇਰੇ ਹਿਰਦੇ ਵਿਚ ਸੱਪ ਬਣ ਕੇ ਡੰਗਦੇ ਰਹਿੰਦੇ ਸਨ।

ਅਸਲ ਵਿਚ ਬਹੁਤੇ ਅਧਿਆਪਕ ਠਾਣੇ ਦੀਆਂ ਊਲ-ਜ਼ਲੂਲ ਗੱਲਾਂ ਨੂੰ ਜਰਨ ਜਾਂ ਦਰਗੁਜ਼ਰ ਕਰਨ ਵਿਚ ਹੀ ਭਲਾ ਸਮਝਦੇ ਸਨ। ਕਿਧਰੇ ਸੂਬਾ ਸਿੰਘ ਵਰਗੇ ਹੀ ਥੋੜ੍ਹਾ ਬਹੁਤਾ ਟੋਕਦੇ ਸਨ ਬਾਕੀ ਤਾਂ। ਸਾਇੰਸ ਵਾਲੇ ਗਰੇਵਾਲ ਸਰ ਅਤੇ ਮੈਥ. ਵਾਲੇ ਢਿੱਲੋਂ ਸਰ ਤਾਂ ਉਸ ਦੀਆਂ ਗੱਲਾਂ ਤੇ ਆਮ ਤੌਰ ਤੇ ਖ਼ੁਸ਼ ਹੀ ਹੋਇਆ ਕਰਦੇ ਸਨ। ਗਰੇਵਾਲ ਸਰ ਤਾਂ ਉਸ ਨੂੰ ਬੜੇ ਵਾਰੀ ਐਮ.ਐਲ.ਏ. ਸਾਹਿਬ ਜਾਂ ਫਿਰ ਨੇਤਾ ਜੀ ਆਖ ਕੇ ਬੁਲਾਇਆ ਕਰਦੇ ਸਨ।

ਮੈਨੂੰ ਤਾਂ ਜਿਵੇਂ ਧਰਤੀ ਵਿਹਲ ਨਹੀਂ ਦਿੰਦੀ ਸੀ। ਵਜ਼ੀਫ਼ਾ ਲੈਣ ਸਮੇਂ ਜਿਹੜੇ ਹਾਲਤਾਂ ਵਿਚੋਂ ਦੀ ਲੰਘਣਾ ਪੈਂਦਾ ਸੀ, ਇਹ ਤਾਂ ਮੈਨੂੰ ਅਜੇ ਵੀ ਬੜਾ ਦੁਖਦਾਈ ਲੱਗਦਾ ਹੈ। ਰਹਿੰਦੀ ਕਸਰ. ਵਿਭਾਗ ਪੂਰੀ ਕਰ ਦਿੰਦਾ ਹੈ। ਅਖੇ, ਰੂਲਿੰਗ ਪਾਰਟੀ ਦੇ ਨੇਤਾ ਨੂੰ ਬੁਲਾ ਕੇ ਵਜ਼ੀਫ਼ਾ ਵੰਡਣ ਦੀ ਰਸਮ ਪੂਰੀ ਕਰਨੀ ਆ। ਰੂਲਿੰਗ ਪਾਰਟੀ ਦਾ ਨੇਤਾ ਅੱਗੇ ਆਪਣੇ ਨਾਲ 'ਜੰਞ' ਲੈ ਕੇ ਆਉਂਦੈ। ਇਕ ਵਾਰੀ ਤਾਂ ਸਰਪੰਚ ਦੇ ਘਰੇ ਇਕੱਠ ਕਰਕੇ ਵੰਡੇ ਸੀ, ਪੈਸੇ। 'ਭਲਾ ਪੁੱਛਣ ਆਲਾ ਹੋਵੇ ਬਈ ਚਾਰ ਪੈਸੇ ਦੇਣੇ ਆ ਤੇ ਉਹ ਵੀ ਪੂਰਾ



ਵਿਖਾਵਾ ਕਰਕੇ ਜਾਂ ਫਿਰ ਇਹ ਵੀ ਕਿਹਾ ਜਾ ਸਕਦਾ ਹੈ ਕਿ ਠਿੱਠ ਕਰਕੇ। ਵਜ਼ੀਫ਼ਾ ਕਾਹਨੂੰ ਦਿੰਦੇ ਆ, ਪੂਰਾ ਜਤਾਉਂਦੇ ਆ . ਬਈ. . . । ਰੱਬ, ਸਰਕਾਰਾਂ ਸਾਰੇ ਹੀ ਠਾਣੇ ਦੇ ਪਿਓ ਬਣਨ ਵਿਚ ਕੋਈ ਕਸਰ ਨ੍ਹੀਂ ਛੱਡਦੇ।'

ਓਸ ਸਮੇਂ ਵਜ਼ੀਫ਼ੇ ਦਾ ਮਿਲਣਾ ਸਾਡੇ ਵਾਸਤੇ ਬੜੀ ਵੱਡੀ ਸਹਾਇਤਾ ਹੁੰਦੀ ਸੀ। ਬਾਪੂ ਸਾਡਾ ਪੱਕੇ ਤੌਰ ਤੇ ਸੀਰ ਕਮਾਉਂਦਾ ਸੀ ਪਰੰਤੂ ਫਿਰ ਵੀ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੀ ਹੁੰਦਾ ਸੀ। ਬਾਪੂ ਦਾ ਚਿਹਰਾ ਅੱਜ ਵੀ ਮੇਰੀਆਂ ਅੱਖਾਂ ਅੱਗੇ ਸਾਕਾਰ ਹੋਇਆ ਰਹਿੰਦਾ ਹੈ। ਆਮ ਤੌਰ ਤੇ ਟਾਕੀਆਂ ਲੱਗਿਆ ਕੁੜਤਾ, ਤੇੜ ਬੰਨ੍ਹੀ ਚਾਦਰ ਵਿਚੋਂ ਦੀ ਮੋਰੀਆਂ ਆਮ ਹੀ ਦਿਸਦੀਆਂ ਹੁੰਦੀਆਂ, ਸਿਰ ਤੇ ਬੰਨ੍ਹੀ ਪੱਗ ਦੇ ਵਲ਼ ਕਦੇ ਵੀ ਸਿੱਧੇ ਨਹੀਂ ਹੁੰਦੇ ਸਨ। ਚਾਲ਼ੀ ਪੰਤਾਲੀ ਸਾਲ ਦੀ ਉਮਰ ਤੇ ਬਾਪੂ ਦਾ ਬੁਢਾਪਾ ਇਉਂ ਜਾਪਦਾ ਜਿਵੇਂ ਬੰਦਾ ਸੱਤਰਾ-ਬਹੱਤਰਾ ਹੋਵੇ। ਦਾੜ੍ਹੀ ਨੂੰ ਜਿਸ ਦਿਨ ਕੱਟਦਾ ਉਸ ਦਿਨ ਤਾਂ ਮੂੰਹ ਦੀਆਂ ਹੜ੍ਹਬਾਂ ਸਾਡੀ ਸਾਇੰਸ ਲੈਬ. ਵਿਚਲੇ ਸਕੈਲਟਨ ਨਾਲੋਂ ਵੀ ਜਿਆਦਾ ਹੀ ਨਿੱਕਲ ਆਉਂਦੀਆਂ ਜਾਪਦੀਆਂ। ਰਾਤ ਨੂੰ ਵਾਹਵਾ ਕੁਵੇਲੇ ਹੋਏ ਘਰ ਆਉਂਦਾ। ਮੈਨੂੰ ਤੇ ਛੋਟੀ ਨੂੰ ਲਾਡ ਨਾਲ ਜ਼ਰੂਰ ਬੁਲਾਉਂਦਾ। ਬੈਠੀਆਂ ਨੂੰ ਪੜ੍ਹਦੀਆਂ ਵੇਖ ਇਕ ਅੱਧੀ ਗੱਲ ਕਰਦਾ ਤੇ ਫਿਰ ਥਕੇਵਾਂ ਲਾਹੁਣ ਲਈ ਬੂਹੇ ਕੋਲ ਚਿਣੀਆਂ ਇੱਟਾਂ ਤੇ ਨਹਾਉਣ ਲਈ ਜਾ ਬੈਠਦਾ। ਨਹਾਉਂਦਿਆਂ ਵਾਖ਼ਰੂ ਵਾਖ਼ਰੂ ਕਰਦਾ ਰਹਿੰਦਾ ਤੇ ਕਦੇ ਕਦੇ ਪਤਾ ਨਹੀਂ ਕਿਹੜੇ ਮੰਤਰ ਜਿਹੇ ਜਪਣ ਵਾਲਿਆਂ ਵਾਂਗ ਕਰਦਾ।

'ਜਾਂ ਤਾਂ ਲੋੜਾਂ ਅਤੇ ਥੁੜ੍ਹਾਂ ਦਾ ਝੰਬਿਆ ਬੰਦਾ ਅਦਿੱਖ ਥਾਂਵਾਂ ਤੋਂ ਆਸਰਾ ਭਾਲ਼ਦੈ ਜਾਂ ਫਿਰ ਆਪਣੇ ਹੀ ਕੀਤੇ ਕੰਮਾਂ ਤੇ ਪਛਤਾਵਾ ਕਰਨ ਵਾਲਾ ਅੱਖਾਂ ਮੀਚਣ ਲਈ ਅਜਿਹਾ ਕਰਦਾ ਹੈ।' ਜਦੋਂ ਕਿਸੇ ਥਾਂ ਤੇ ਲਿਖਿਆ ਅਜਿਹਾ ਪੜ੍ਹਿਆ ਸੀ ਤਾਂ ਲਾਈਨ ਦੇ ਪਹਿਲੇ ਹਿੱਸੇ ਵਾਸਤੇ ਬਾਪੂ ਯਾਦ ਆ ਗਿਆ ਸੀ ਤੇ ਪਿਛਲੇ ਹਿੱਸੇ ਵਾਸਤੇ ਠਾਣੇ ਦੇ ਪਿਓ ਜ਼ੈਲਦਾਰ ਦੀ ਤਸਵੀਰ ਅੱਖਾਂ ਅੱਗੇ ਆ ਗਈ ਸੀ। ਜ਼ੈਲਦਾਰ ਹਰਦੁਆਰ ਇਸ਼ਨਾਨ ਕਰਨ ਵੀ ਜਾਂਦਾ ਸੀ, ਹਰ ਸਾਲ ਅਤੇ ਮਾਘੀ ਤੇ ਪੁੰਨ ਦਾਨ ਵੀ ਕਰਦਾ ਸੀ। ਜ਼ੈਲਦਾਰਨੀ ਗਊ ਨੂੰ ਪੇੜਾ ਦੇਣਾ ਕਦੇ ਵੀ ਨਹੀਂ ਵਿਸਾਰਦੀ ਸੀ। ਬਾਪੂ ਵਰਗਿਆਂ ਦੀ ਦਸਾਂ ਨਹੁੰਆਂ ਦੀ ਕਿਰਤ ਅੱਜ ਵੀ ਸ਼ਰੇਆਮ ਲੁੱਟੀਂਦੀ ਹੈ ਅਤੇ ਜ਼ੈਲਦਾਰਾਂ ਨੇ ਤਾਂ ਹੁਣ ਬੜੇ ਰੂਪ ਅਖ਼ਤਿਆਰ ਕਰ ਲਏ ਹਨ। ਅਜ਼ਾਦੀ, ਗੁਲਾਮੀ ਦੇ ਅਰਥਾਂ ਨੂੰ ਜਾਣਨ ਵਾਸਤੇ ਏਹਨਾਂ ਦੋਨਾਂ ਨੂੰ ਵੇਖ ਲੈਣਾ ਹੀ ਬਹੁਤ ਹੋਵੇਗਾ। ਮੇਰੇ ਬਾਪੂ ਵਾਸਤੇ ਅੰਗਰੇਜ਼ਾਂ ਦੇ ਰਾਜ ਤੇ ਹੁਣ ਦੇ ਰਾਜ ਵਿਚ ਕੋਈ ਫਰਕ ਨਹੀਂ ਤੇ ਜ਼ੈਲਦਾਰਾਂ ਨੇ ਅੰਗਰੇਜ਼ਾਂ ਦੇ ਰਾਜ ਵਿਚ ਵੀ ਬੁੱਲ੍ਹੇ ਲੁੱਟੇ ਸੀ ਤੇ ਅੱਜ ਵੀ ਸੱਤਾ ਦਾ ਆਨੰਦ ਮਾਣਦੇ ਹਨ।

ਜਦੋਂ ਦੀ ਥੋੜ੍ਹੀ ਜਿਹੀ ਸੁਰਤ ਸੰਭਲੀ ਸੀ ਉਦੋਂ ਦਾ ਅਸੀਂ ਕਿਤਾਬ ਕਾਪੀ ਮੰਗਣ ਵੇਲੇ ਵੀ ਝਿਜਕਦੀਆਂ ਸਾਂ ਅਤੇ ਫ਼ੀਸ ਲਿਜਾਣ ਵੇਲੇ ਵੀ ਮੂੰਹ ਵਿਚ ਕੁੱਝ ਅੜੇ ਵਰਗਾ ਹੋ ਜਾਂਦਾ ਸੀ। ਮੈਨੂੰ ਤਾਂ ਛੇਵੀਂ ਜਮਾਤ ਵਿਚ ਪੜ੍ਹਦੀ ਨੂੰ ਹੀ ਖਾਲੀ ਹੋਏ ਆਟੇ ਵਾਲੀ ਭੜੋਲੀ ਤੋਂ ਬਹੁਤ ਕਾਸੇ ਦਾ ਪਤਾ ਲੱਗਣ ਲੱਗ ਪਿਆ ਸੀ। ਪੋਹ ਮਾਘ ਦੇ ਮਹੀਨਿਆਂ ਵਿਚ ਆਏ ਕਣਕ ਦੇ ਗੱਟੇ ਬਾਪੂ ਸਿਰ ਕਰਜ਼ੇ ਦੀ ਪੰਡ ਨੂੰ ਹੋਰ ਭਾਰਾ ਕਰ ਦਿੰਦੇ ਸਨ। ਕਈ ਵਾਰੀ ਛੇ ਛੇ ਮਹੀਨੇ ਦਾ ਇਕੱਠਾ ਵਜ਼ੀਫ਼ਾ ਮਿਲਣ ਤੇ ਸਾਡੀ ਕੋਈ ਗਰਜ਼ ਪੂਰੀ ਹੋ ਜਾਂਦੀ ਸੀ। ਬੀਬੀ ਭਾਪਾ ਤਾਂ ਇਸ ਮਿਲਣ ਵਾਲੀ 'ਰਕਮ' ਦੀ ਉਡੀਕ ਕਰਦੇ ਰਹਿੰਦੇ ਸਨ। ਮੈਨੂੰ ਤਾਂ ਉਹ ਅਕਸਰ ਹੀ ਪੁੱਛ ਲਿਆ ਕਰਦੇ ਸਨ। ਜਦੋਂ ਕਦੇ ਬੀਬੀ ਨੇ ਸਕੂਲ ਆਉਣਾ ਤਾਂ ਉਹ ਮਾਸਟਰਾਂ ਨੂੰ ਵੀ ਪੁੱਛ ਲਿਆ ਕਰਦੀ ਸੀ,'ਜੀ, ਵਜ਼ੀਫ਼ਾ ਕਦੋਂ ਕੁ ਆਊ?'

'ਬੀਬੀ, ਸਰਕਾਰ ਦੇ ਘਰ ਕੀ ਪਤੈ। ਕਈ ਵਾਰੀ ਤਾਂ ਹਾੜ੍ਹੀ ਸਾਉਣੀ ਕਰ ਦਿੰਦੀ ਆ। ਕੋਈ ਨ੍ਹੀਂ ਜਦੋਂ ਆਇਆ, ਦੇ ਦੇਵਾਂਗੇ।' ਮਾਸਟਰਾਂ ਦਾ ਇਕ ਹੀ ਜਵਾਬ ਹੁੰਦਾ ਸੀ।

ਮੇਰੀ ਬੀਬੀ ਵੀ ਪਤਾ ਨਹੀਂ ਕੀ ਸੀ। ਅੱਖਰ ਗਿਆਨ ਤੋਂ ਬਿੱਲਕੁੱਲ ਕੋਰੀ ਪਰੰਤੂ ਸਾਡੀ ਪੜ੍ਹਾਈ ਬਾਰੇ ਪੂਰੀ ਫਿਕਰਮੰਦ ਹੁੰਦੀ ਸੀ। ਆਪਣੇ ਅਤੇ ਬਾਪੂ ਦੇ ਕੱਪੜਿਆਂ ਨੂੰ ਉਹ ਅਕਸਰ ਹੀ ਟਾਕੀਆਂ ਲਾ ਕੇ ਪਾਉਂਦੀ ਸੀ ਪਰੰਤੂ ਉਸ ਦੀ ਕੋਸ਼ਿਸ਼ ਹੁੰਦੀ ਕਿ ਸਾਨੂੰ ਠੀਕ ਕੱਪੜੇ ਦਿੱਤੇ ਜਾਣ। ਆਪਣੇ ਕਣਕਵੰਨੇ ਰੰਗ ਕਰਕੇ ਹੀ ਸ਼ਾਇਦ ਉਹ ਹਲਕੇ ਰੰਗ ਦੇ ਕੱਪੜੇ ਪਾਇਆ ਕਰਦੀ ਸੀ। ਮੱਥੇ ਦੀਆਂ ਸਿਲਵਟਾਂ ਉਸ ਦੀਆਂ ਗੂੜ੍ਹੀਆਂ ਹੋ ਚੁੱਕੀਆਂ ਸਨ। 'ਪੜ੍ਹ ਲਾ ਧੀਏ। ਜੇ ਚਾਰ ਅੱਖਰ ਪੜ੍ਹ ਜੇਂ ਤਾਂ ਜੂਨ ਸੁਧਰ ਜੂ ਤੇਰੀ ਤਾਂ। ਭਾਪਾ ਤੇਰਾ ਰੁਲ਼ ਗਿਆ ਜੱਟਾਂ ਦੀਆਂ ਖੁਰਲੀਆਂ 'ਚ ਹੱਥ ਮਾਰਦਾ ਤੇ ਮਗਰ ਮੈਂ.. ' ਕਹਿੰਦਿਆਂ ਉਸ ਦੀਆਂ ਅੱਖਾਂ ਭਰ ਆਉਣੀਆਂ। ਛੋਟੀ ਦੀ ਪੜ੍ਹਾਈ ਦਾ ਵੀ ਉਹ ਓਨਾ ਹੀ ਧਿਆਨ ਰੱਖਦੀ ਸੀ ਪਰੰਤੂ ਮੇਰਾ ਤਾਂ ਉਹ ਕੁੱਝ ਜਿਆਦਾ ਹੀ ਧਿਆਨ ਰੱਖਦੀ ਸੀ। ਸਾਡੇ ਭਰਾ ਕੋਈ ਨਹੀਂ ਹੋਇਆ ਸੀ। ਭਾਪਾ ਤਾਂ ਸਾਡਾ ਕਦੇ ਕਦੇ ਆਖ ਦਿੰਦਾ ਸੀ 'ਜੇ ਏਹਨਾਂ ਦਾ ਕੋਈ ਭਰਾ ਵੀ ਹੁੰਦਾ ਤਾਂ ਪੇਕਿਆਂ 'ਚ ਸੀਰ ਬਣਿਆ ਰਹਿੰਦਾ। ਪਰ ਚੱਲੋ. .' ਪਰੰਤੂ ਬੀਬੀ ਤਾਂ ' ਮੇਰੀਆਂ ਤਾਂ ਧੀਆਂ ਈ ਸਾਡਾ ਸੀਰ ਆ। ਪੜ੍ਹ ਲਿਖ ਜਾਣ। ਸਾਨੂੰ ਪੁੱਤ ਦੀ ਥੋੜ੍ਹ ਮਸੂਸ ਨ੍ਹੀਂ ਹੋਣੀ। ਵੇਖੀਂ ਤਾਂ ਸਹੀ ਸਾਡੇ ਆਪਣਿਆਂ ਨੇ ਈ ਕਿਵੇਂ ਏਹਨਾਂ ਨਾਲ ਸਾਂਝ ਪਾਉਣੀ ਆ, ਏਹਦੀ ਤਾਈ ਤਾਂ ਹੁਣੇ ਈ ਛਿੰਦੀ ਛਿੰਦੀ ਕਹਿੰਦੀ ਨ੍ਹੀਂ ਥੱਕਦੀ। ਮੇਰੀ ਤਾਂ ਇਕੋ ਈ ਖਵਾਹਿਸ਼ ਹੈ, ਮੇਰੀਆਂ ਕੁੜੀਆਂ ਸਾਡੇ ਆਲ਼ੀ ਜੂਨ 'ਚੋਂ ਨਿੱਕਲ ਜਾਣ, 'ਕੇਰਾਂ। ਸਾਡੀ ਕੋਈ ਜੂਨ ਆ, ਡੰਗਰਾਂ ਨਾਲੋਂ ਵੀ ਭੈੜੀ। ਦਿਨ ਪੁਰ ਰਾਤ ਗੋਲਾ ਧੰਦਾ ਕਰਕੇ ਵੀ ਦੋ ਡੰਗ ਦੀ ਰੋਟੀ ਦੀ ਚਿੰਤਾ ਬਣੀ ਰਹਿੰਦੀ ਆ। ਮੇਰੀਆਂ ਧੀਆਂ. ਰੱਬਾ ਮਿਹਰ ਕਰੀਂ। ' ਆਖ ਕੇ ਬੜੀ ਵੱਡੀ ਗੱਲ ਕਹਿ ਦਿੰਦੀ ਸੀ। ਹੁਣ ਕਦੇ ਕਦੇ ਸੋਚਦੀ ਆਂ, ਬੀਬੀ ਨੇ ਅੱਖਰਾਂ ਆਲ਼ੀ ਕਿਤਾਬ ਤਾਂ ਭਾਵੇਂ ਨਹੀਂ ਕੋਈ ਪੜ੍ਹੀ ਸੀ ਪਰ ਜ਼ਿੰਦਗੀ ਦੀ ਕਿਤਾਬ ਨੂੰ ਤਾਂ ਉਸ ਨੇ ਬੜੀ ਡੂੰਘਾਈ 'ਚ ਪੜ੍ਹਿਆ ਹੋਇਆ ਸੀ। ਬੋਲਦੀ ਹੋਈ ਬੀਬੀ ਮੈਨੂੰ ਕਿਸੇ ਵਿਦਵਾਨ ਤੋਂ ਕਦੇ ਵੀ ਘੱਟ ਨਹੀਂ ਲੱਗੀ ਸੀ। ਜਦੋਂ ਉਹ ਬੋਲਦੀ ਤਾਂ ਉਸ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਮੈਨੂੰ ਖਾਸ ਤਰ੍ਹਾਂ ਦੀਆਂ ਜਾਪਦੀਆਂ। ਕਿਸੇ ਨੇ ਸੱਚ ਈ ਕਿਹੈ,'ਫ਼ਿਕਰਾਂ ਦੀ ਚੱਕੀ 'ਚ ਪਿਸਦਾ ਬੰਦਾ ਤਾਂ ਅੱਧਾ ਫ਼ਿਲਾਸਫ਼ਰ ਹੁੰਦੈ।'

ਮੇਰਾ ਜੀਅ ਕਰਨਾ ਉਠ ਕੇ ਬੀਬੀ ਨੂੰ ਕਲਾਵੇ 'ਚ ਲੈ ਲਵਾਂ। ਉਸ ਦਾ ਇਸ ਤਰ੍ਹਾਂ ਬੋਲਣਾ ਤੇ ਅੱਖਾਂ ਭਰਨਾ ਮੈਨੂੰ ਤਰਸ ਘੱਟ ਤੇ ਮਾਣ ਵਾਲਾ ਵੱਧ ਲੱਗਦਾ ਸੀ। ਇਹ ਤਾਂ ਮੈਨੂੰ ਵੀ ਪਤਾ ਨਹੀਂ ਲੱਗਦਾ ਸੀ ਕਿ ਅਜਿਹਾ ਕਿਉਂ ਹੁੰਦਾ ਹੈ ਪਰੰਤੂ ਫਿਰ ਵੀ ਮੈਨੂੰ ਚੰਗਾ ਲੱਗਦਾ ਸੀ। ਬੀਬੀ ਨੇ ਸਾਡੀ ਪੜ੍ਹਾਈ ਲਈ ਪੂਰੀ ਵਾਹ ਲਾਈ ਸੀ। ਸਾਨੂੰ ਦੋਨਾਂ ਭੈਣਾਂ ਨੂੰ ਸਕੂਲ ਭੇਜਣਾ ਤਾਂ ਉਸ ਵਾਸਤੇ ਕੋਈ ਵੱਡਾ ਧਾਰਮਿਕ ਕੰਮ ਹੀ ਹੁੰਦਾ ਸੀ। ਘਰੇ ਵੀ ਉਸ ਦੀ ਕੋਸ਼ਿਸ਼ ਹੁੰਦੀ ਕਿ ਅਸੀਂ ਘਰ ਦੇ ਕੰਮਾਂ ਨਾਲੋਂ ਪੜ੍ਹਾਈ ਵੱਲ ਵੱਧ ਧਿਆਨ ਦੇਈਏ। ਰਾਤ ਨੂੰ ਪੜ੍ਹਦੀਆਂ ਕੋਲ ਉਹ ਅਕਸਰ ਹੀ ਆ ਜਾਂਦੀ। ਚੁੱਪ ਕਰਕੇ ਕੋਲ ਬੈਠਦੀ। ਮੈਨੂੰ ਲੱਗਦਾ ਜਿਵੇਂ ਕੋਈ ਸਾਧੂ ਸੰਤ ਤਪ ਕਰ ਰਿਹਾ ਹੈ। ਉਹ ਸਾਡੇ ਕੋਲ ਨਹੀਂ ਪੈਂਦੀ ਸੀ। ਮਤੇ ਉਸ ਦੀ ਸੁਸਤੀ ਕਰਕੇ ਸਾਨੂੰ ਵੀ ਨੀਂਦ ਆ ਜਾਵੇ। ਸਾਰਾ ਦਿਨ ਕੰਮ ਦੀ ਚੱਕੀ 'ਚ ਪਿਸਦੀ ਹੋਈ ਸ਼ਾਮ ਨੂੰ ਜਦੋਂ ਮੰਜੇ ਤੇ ਬੈਠਦੀ ਨੂੰ ਨੀਂਦ ਦਾ ਝੋਂਕਾ ਆਉਂਦਾ ਤਾਂ ਚੁੱਪ ਕਰਕੇ ਹੀ ਜਿਵੇਂ ਅਸ਼ੀਰਵਾਦ ਦੇ ਕੇ ਚਲੀ ਜਾਂਦੀ।

ਇਹ ਠਾਣਾ ਪੜ੍ਹਨ ਵਿਚ ਸਾਰਿਆਂ ਤੋਂ ਨਲਾਇਕ ਸੀ ਪਰੰਤੂ ਸ਼ਰਾਰਤਾਂ ਵਿਚ ਸਾਰਿਆਂ ਤੋਂ ਅੱਗੇ ਹੁੰਦਾ ਸੀ। ਦੂਸਰੇ ਮੁੰਡੇ ਉਸ ਦਾ ਸਾਥ ਤਾਂ ਘੱਟ ਹੀ ਦਿੰਦੇ ਸਨ ਪਰੰਤੂ ਉਸ ਨੂੰ ਟੋਕਦਾ ਕੋਈ ਨਹੀਂ ਸੀ। ਕੱਦ ਕਾਠ ਤੋਂ ਲੱਗਦਾ ਹੀ ਨਹੀਂ ਸੀ ਕਿ ਇਹ ਦਸਵੀਂ ਜਮਾਤ ਦਾ ਵਿਦਿਆਰਥੀ ਹੈ। ਦਾੜ੍ਹੀ ਹਰ ਰੋਜ਼ ਸ਼ੇਵ ਕਰਕੇ ਆਉਂਦਾ ਸੀ। ਵਾਲ਼ਾਂ ਦੇ ਸਟਾਈਲ ਕਿਸੇ ਫਿਲਮੀ ਹੀਰੋ ਵਾਂਗ ਬਣਾਉਂਦਾ। ਬਦਲ ਬਦਲ ਕੇ। ਕਈ ਵਾਰੀ ਤਾਂ ਉਹ ਸਕੂਲ ਦੀ ਵਰਦੀ ਵੀ ਨਾ ਪਾ ਕੇ ਆਉਂਦਾ। ਮਾਸਟਰ ਉਸ ਨੂੰ ਝਿੜਕਦੇ ਘੱਟ ਤੇ ਲਿਹਾਜ ਵੱਧ ਜਤਾਉਂਦੇ। ਮੈਨੂੰ ਤਾਂ ਆਵਦੇ ਜਣੇ ਉਹ ਆਪਣੀ ਪ੍ਰੇਮਿਕਾ ਹੀ ਮੰਨਦਾ ਸੀ। ਗਾਹੇ ਬਗਾਹੇ ਰਾਹ



ਮੱਲਣਾ, ਕੋਈ ਗੱਲ ਸੁਣਾ ਕੇ ਆਖਣੀ, ਇਸ਼ਾਰੇ ਕਰਨਾ ਉਸ ਦਾ ਹਰ ਰੋਜ਼ ਦਾ ਕੰਮ ਸੀ। ਕਈ ਵਾਰੀ ਮੇਰਾ ਜੀਅ ਕਰਨਾ ਇਸ ਦੇ ਭੈੜੇ ਜਿਹੇ ਮੂੰਹ ਤੇ ਥੱਪੜ ਜੜ ਦੇਵਾਂ ਪਰੰਤੂ ਫਿਰ ਬੜਾ ਕੁੱਝ ਸੋਚ ਕੇ ਵਿਚੇ-ਵਿਚ ਘੁੱਟ ਕੇ ਰਹਿ ਜਾਣਾ। ਅੱਜ ਇਹ ਜਾਣਿਆ ਹੈ ਕਿ ਇਹ ਕੁੱਝ ਜਨਮ ਤੋਂ ਪਹਿਲਾਂ ਹੀ ਕੁੜੀਆਂ ਦੇ ਹਿੱਸੇ ਵਿਚ ਆ ਜਾਂਦਾ ਹੈ। ਪਤਾ ਨਹੀਂ ਇਹ ਕਿਸ ਦਿਨ ਟੁੱਟਣਾ ਹੈ ! ਕੋਈ ਨ੍ਹੀਂ ਉਹ ਦਿਲ ਦੂਰ ਨ੍ਹੀਂ। ਉਸ ਦਿਨ ਤਾਂ ਹੱਦ ਹੀ ਹੋ ਗਈ ਸੀ ਜਿਸ ਦਿਨ ਮੈਨੂੰ ਕਾਗਜ਼ ਦਾ ਟੁਕੜਾ ਫੜਾ ਕੇ ਕਹਿੰਦਾ,' ਆਹ ਮੇਰਾ ਕੰਮ ਕਰ ਦੇਈਂ।' ਕਾਗਜ਼ ਤੇ ਚਾਲੂ ਜਿਹੇ ਗੀਤ ਲਿਖੇ ਹੋਏ ਸਨ। ਮੇਰਾ ਜੀਅ ਕੀਤਾ, ਜਾ ਕੇ ਹੈੱਡਮਾਸਟਰ ਕੋਲ ਸ਼ਿਕਾਇਤ ਲਾ ਦੇਵਾਂ। ਪਰ ਪਤਾ ਸੀ, ਉਸ ਦਾ ਕਿਸੇ ਨੇ ਕੁੱਝ ਨਹੀਂ ਕਰਨਾ। ਸਕੂਲ ਵਿਚ ਸ਼ਿਕਾਇਤ ਲਾਉਣ ਲੱਗਿਆਂ ਵੀ ਡਰ ਲੱਗਦਾ ਸੀ। ਮਾਸਟਰ ਸੂਬਾ ਸਿੰਘ ਜੀ ਨੂੰ ਮੈਂ ਫਿਰ ਵੀ ਦੱਸ ਦਿੱਤਾ ਸੀ। " ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਹ। ਇਹੋ ਜਿਹਿਆਂ ਦਾ ਇਲਾਜ ਹੋਰ ਤਰੀਕੇ ਨਾਲ ਹੁੰਦੈ। ਥੋੜ੍ਹੇ ਸਮੇਂ ਬਾਅਦ ਤੈਨੂੰ ਆਪਣੇ ਆਪ ਪਤਾ ਲੱਗ ਜਾਣੈ। ਕੁੱਝ ਪੈਸੇ ਨੇ ਤੇ ਕੁੱਝ ਸਾਡੇ ਵਰਗੇ ਪਿਛਲੱਗ ਕਿਸਮ ਦੇ ਲੋਕਾਂ ਨੇ ਏਹਨਾਂ ਦਾ ਦਿਮਾਗ ਵਿਗਾੜਿਆ ਹੁੰਦੈ। ਸਫ਼ਲਤਾ ਵਾਸਤੇ ਜ਼ਰੂਰੀ ਹੈ ਕਿ ਕੁੱਝ ਗੈਰ-ਜ਼ਰੂਰੀ ਗੱਲਾਂ ਸੁਣਨ ਦੀ ਥਾਂ ਕੰਨਾਂ ਵਿਚ ਕੌੜਾ ਤੇਲ ਪਾ ਕੇ ਰੱਖੋ। ਸਮਾਂ ਬੜਾ ਬਲਵਾਨ ਹੁੰਦੈ, ਉਡੀਕੋ, ਉਹ ਦਿਨ ਦੂਰ ਨਹੀਂ ਜਿਸ ਦਿਨ ਜਿੱਤਣ ਵਾਲੇ ਦੋ ਹੱਥ ਕਰਾਂਗੇ।' ਮਾਸਟਰ ਜੀ ਦੀ ਗੱਲ ਮੈਂ ਕੰਨ ਵਿਚ ਪਾ ਲਈ ਸੀ ਤੇ ਉਸ ਤੋਂ ਬਾਅਦ ਇਹੋ ਜਿਹੇ ਹੋਰ ਵੀ ਬਹੁਤ ਸਾਰੇ ਠਾਣਿਆਂ ਨੂੰ ਅਣਗੌਲਿਆ ਕਰਕੇ ਅੱਗੇ ਤੁਰੀ ਹਾਂ। ਅਸਲ ਵਿਚ ਠਾਣਾ ਸਿਰਫ਼ ਭੇਸ ਹੀ ਵਟਾਉਂਦੈ। ਕੋਈ ਨ੍ਹੀਂ ਇਕ ਦਿਨ ਤਾਂ ਆਉਣੈ ਈ, ਜਦੋਂ . .।

ਬੀਬੀ ਭਾਵੇਂ ਸਾਥੋਂ ਦੋਨਾਂ ਭੈਣਾਂ ਤੋਂ ਕੰਮ ਕਰਵਾਉਣ ਦੀ ਇੱਛਕ ਨਹੀਂ ਹੁੰਦੀ ਸੀ ਤੇ ਉਸ ਦੀ ਇੱਛਾ ਤਾਂ ਹੁੰਦੀ ਸੀ ਕਿ ਅਸੀਂ ਆਵਦੀ ਪੜ੍ਹਾਈ ਵੱਲ ਧਿਆਨ ਦੇਈਏ ਪਰੰਤੂ ਫਿਰ ਵੀ ਮੈਂ ਘਰ ਦੇ ਕੰਮਾਂ ਧੰਦਿਆਂ ਜਾਂ ਬਾਹਰ ਅੰਦਰ ਬੀਬੀ ਨਾਲ ਕੰਮ ਜ਼ਰੂਰ ਕਰਵਾ ਦਿਆ ਕਰਦੀ ਸੀ। 'ਹੱਥੀਂ ਕੰਮ ਕਰਨ ਵਾਲਿਆਂ ਦੀ ਸੂਰਤ ਤੇ ਸੀਰਤ ਵਿਲੱਖਣ ਬਣ ਜਾਂਦੀ ਹੈ।' ਇਹ ਵਾਕ ਉਦੋਂ ਵੀ ਮੇਰੇ ਵਾਸਤੇ ਕਿਸੇ ਧਾਰਮਿਕ ਵਾਕ ਵਰਗਾ ਸੀ ਤੇ ਅੱਜ ਵੀ ਮੇਰੇ ਵਾਸਤੇ ਰਾਹ-ਦਸੇਰਾ ਬਣ ਕੇ ਚੱਲਦਾ ਹੈ। ਛੋਟੀ ਆਮ ਤੌਰ ਤੇ ਘਰ ਦੇ ਕੰਮਾਂ ਵਿਚ ਹੀ ਹੱਥ ਵਟਾਉਂਦੀ ਸੀ ਅਤੇ ਉਹ ਸਾਡੇ ਨਾਲ ਖੇਤ ਬੰਨੇ ਦੇ ਕੰਮਾਂ ਤੇ ਨਹੀਂ ਜਾਂਦੀ ਸੀ। ਬੀਬੀ ਨਾਲ ਮੈਨੂੰ ਅਕਸਰ ਹੀ ਠਾਣੇ ਕੇ ਖੇਤ ਬੰਨੇ ਜਾਣਾ ਪੈ ਜਾਂਦਾ ਸੀ। ਜੇ ਮੈਂ ਬੀਬੀ ਨੂੰ ਆਖਣਾ 'ਬੀਬੀ ਆਪਾਂ ਦੂਸਰੇ ਪਾਸਿਓਂ ਪੱਠੇ ਖੋਤ ਲਿਆਈਏ।'

' ਪੁੱਤ ਤੇਰਾ ਭਾਪਾ ਇਹਨਾਂ ਦੇ ਸੀਰੀ ਲੱਗਿਐ। ਏਧਰੇ ਈ ਠੀਕ ਆ। ਛੇਤੀ ਕੋਈ ਕੁਛ ਕਹਿੰਦਾ ਨ੍ਹੀਂ। ਨਹੀਂ ਤਾਂ ਏਹਨਾਂ ਦਾ ਪਤਾ ਨ੍ਹੀਂ ਲੱਗਦਾ ਕਦੋਂ ਕਿਸੇ ਨੇ ਕੀ ਕਹਿ ਦੇਣੈ। ਕਈ ਵਾਰੀ ਤਾਂ ਜੱਟ ਐਵੇਂ ਹੀ ਕੋਈ ਗੱਲ ਮੜ੍ਹ ਦਿੰਦੇ ਆ। ਨਾਲ਼ੇ ਆਪਣੀਆਂ ਕੁੜੀਆਂ ਬੁੜ੍ਹੀਆਂ ਨੂੰ ਤਕਾਉਣਾ ਤਾਂ ਇਹ ਆਪਣਾ ਜੱਦੀ-ਪੁਸ਼ਤੀ ਹੱਕ ਸਮਝਦੇ ਆ। ਆਪਣੀ ਇੱਜ਼ਤ ਬਚਾਉਣ ਵਾਸਤੇ ਆਪ ਨੂੰ ਈ ਬਚਣਾ ਪੈਂਦੈ। ਫੇਰ ਤੇਰਾ ਭਾਪਾ ਵੀ ਏਧਰ ਆਉਂਦਾ ਜਾਂਦਾ ਰਹਿੰਦੈ। ਐਨੇ ਨਾ ਆਸਰਾ ਜਿਹਾ ਬਣਿਆ ਰਹਿੰਦੈ।' ਬੀਬੀ ਨੇ ਕਹਿਣਾ।

ਮੇਰਾ ਜੀਅ ਕਰਨਾ ਬੀਬੀ ਨੂੰ ਆਖ ਦੇਵਾਂ 'ਬੀਬੀ ਇਹਨਾਂ ਦਾ ਠਾਣਾ ਮੇਰੇ ਨਾਲ ਪੜ੍ਹਦੈ ਤੇ ਪੜ੍ਹਨ ਵਿਚ ਵੀ ਨਲਾਇਕ ਹੈ। ਮੈਨੂੰ ਅੱਖਾਂ ਨਾਲ ਘੂਰਦਾ ਵੀ ਰਹਿੰਦੈ। ਕਦੇ ਕਦੇ ਤਾਂ ਆਉਂਦਾ ਜਾਂਦਾ ਮੇਰਾ ਰਾਹ ਵੀ ਰੋਕ ਲੈਂਦੈ। ' ਪਰ ਪਤਾ ਨਹੀਂ ਕਿਵੇਂ ਮੇਰੇ ਤਾਂ ਮੂੰਹ ਵਿਚੋਂ ਬੋਲ ਨਾ ਨਿੱਕਲਦਾ। 'ਆਪਣੇ ਆਪ ਵਿਚ ਘੁੱਟ ਵੱਟ ਕੇ ਰਹਿਣਾ ਤਾਂ ਕੁੜੀਆਂ ਨੂੰ ਮਾਂ ਦੇ ਗਰਭ ਵਿਚੋਂ ਹੀ ਮਿਲਿਆ ਹੁੰਦੈ।' ਮੈਨੂੰ ਇਸ ਗੱਲ ਤੇ ਹਮੇਸ਼ਾ ਰੰਜ ਰਿਹਾ ਹੈ। ਹੁਣ ਤਾਂ ਸ਼ੁਕਰ ਆ, ਬਰਾਬਰ ਦੀਆਂ ਬਣ ਕੇ ਰਹਿੰਦੀਆਂ। ਕਈ ਵਾਰੀ ਤਾਂ ਐਂ ਲੱਗਦੈ

ਜਿਵੇਂ ਮੁੰਡਿਆਂ ਨੂੰ ਵੀ ਪਛਾੜੀ ਜਾਂਦੀਆਂ। ਸਾਡੇ ਘਰਾਂ ਦੀਆਂ ਭਾਵੇਂ ਅਜੇ ਕੁੱਝ ਦੱਬੂ ਜਿਹੀਆਂ ਬਣ ਕੇ ਰਹਿੰਦੀਆਂ ਪਰੰਤੂ ਫੇਰ ਵੀ ਕੁੱਝ ਤਾਂ ਸਿਰ ਚੁੱਕਦੀਆਂ। . . . ਮੈਨੂੰ ਤਾਂ ਪ੍ਰਿੰਸੀਪਲ ਦੀ ਸਮਝ ਨ੍ਹੀਂ ਆਉਂਦੀ। ਐਹੋ ਜਿਹੀ ਪੋਸਟ ਤੇ ਬੈਠੇ ਬੰਦੇ ਦਾ ਹਿਰਦਾ ਤਾਂ ਵਿਸ਼ਾਲ ਹੋਣਾ ਚਾਹੀਦੈ। ਪਰ ਜਮਾਤਾਂ ਪੜ੍ਹ ਕੇ ਡਿਗਰੀਆਂ ਲੈਣ ਨਾਲ ਅਕਲ ਤਾਂ ਨ੍ਹੀਂ ਆ ਜਾਂਦੀ। ਮੈਨੂੰ ਲੱਗਦੈ, ਅਖ਼ਬਾਰ ਰਸਾਲਾ ਤਾਂ ਕਦੇ ਏਹਨੇ ਪੜ੍ਹਿਆ ਨ੍ਹੀਂ ਹੋਣੈ। ਪਰੇਅਰ 'ਚ ਬੋਲਦਾ ਆਮ ਬੰਦੇ ਨਾਲੋਂ ਵੀ ਸਿੱਧੀਆਂ ਪੱਧਰੀਆਂ ਗੱਲਾਂ ਕਰਦਾ ਹੁੰਦੈ। ਐਹੋ ਜਿਹੀਆਂ ਘਤਿੱਤਾਂ ਬਥੇਰੀਆਂ ਆਉਂਦੀਆਂ। ਕੁਰਸੀ ਤੇ ਐਂ ਬੈਠਦੈ ਜਿਵੇਂ. . ਪਰ ਏਹਦਾ ਕੀ ਕਸੂਰ ਆ. ਏਹਨੇ ਕਦੇ ਏਹੋ ਜਿਹੀ ਪੀੜ ਹੰਢਾਈ ਨ੍ਹੀਂ , ਨਾਲੇ ਇਹ ਵੀ ਤਾਂ ਗਰੇਵਾਲ ਜਾਂ ਢਿੱਲੋਂਆਂ ਵਿਚੋਂ ਈ ਆ।'

ਵਜ਼ੀਫ਼ੇ ਦੀ ਵੰਡ ਵੇਲੇ ਰਚਨਾ ਮੈਡਮ ਨੇ ਪ੍ਰਿੰਸੀਪਲ ਦੇ ਬੋਲਾਂ ਤੇ ਪੂਰੀ ਤਰ੍ਹਾਂ ਫੁੱਲ ਚੜ੍ਹਾਏ । ਕੁੱਝ ਕੁੜੀਆਂ ਤਾਂ ਵਜ਼ੀਫ਼ੇ ਵਾਲੀਆਂ ਖੜ੍ਹੀਆਂ ਕੀਤੀਆਂ ਅਤੇ ਕੁੱਝ ਕੁੜੀਆਂ ਪ੍ਰਿੰਸੀਪਲ ਦੇ ਕਹਿਣ ਤੇ ਦੂਜੀਆਂ ਵਿਚੋਂ ਖੜ੍ਹੀਆਂ ਕਰ ਲਈਆਂ ਸਨ। ਚੰਗੇ ਧੋਤੇ ਸੁਆਰੇ ਅਤੇ ਪ੍ਰੈੱਸ ਕੀਤੇ ਕੱਪੜੇ ਪਾ ਕੇ ਆਉਣ ਦੀ ਸਾਰੀਆਂ ਨੂੰ ਉਸ ਨੇ ਸਖ਼ਤੀ ਨਾਲ ਤਾਕੀਦ ਕੀਤੀ ਹੋਈ ਸੀ। ਫਿਰ ਵੀ ਉਸ ਨੇ ਪ੍ਰਿੰਸੀਪਲ ਦੇ ਕਹਿਣ ਅਨੁਸਾਰ ਦੂਸਰੀਆਂ ਕੁੜੀਆਂ ਨੂੰ ਏਸ ਤਰੀਕੇ ਨਾਲ ਖੜ੍ਹਾ ਕੀਤਾ ਸੀ ਕਿ ਐਮ.ਐਲ.ਏ. ਕੋਲ ਵਧੀਆਂ ਪ੍ਰਭਾਵ ਪਾਉਣ ਵਿਚ ਪ੍ਰਿੰਸੀਪਲ ਦੀ ਆਖੀ ਗੱਲ ਸਿਰੇ ਲਾ ਦਿੱਤੀ ਸੀ। ਉਹ ਕਿਸੇ ਵੀ ਤਰ੍ਹਾਂ ਪ੍ਰਿੰਸੀਪਲ ਦੀ ਇੱਛਾ ਪੂਰੀ ਕਰਨ ਦੀ ਪੂਰੀ ਵਾਹ ਲਾ ਦਿੰਦੀ ਸੀ।

ਰਚਨਾ ਮੈਡਮ ਅਸਲ ਵਿਚ ਉਹ ਸਾਰੇ ਦਾਅ ਜਾਣਦੀ ਸੀ ਜਿਸ ਨਾਲ ਪ੍ਰਿੰਸੀਪਲ ਨੂੰ ਖੁਸ਼ ਰੱਖਿਆ ਜਾ ਸਕਦਾ ਹੈ। ਸਮੇਂ ਨਾਲ ਵਿਚਰਨਾ ਉਸ ਨੂੰ ਹੋਰ ਸਾਰੇ ਕੰਮਾਂ ਤੋਂ ਵਧੇਰੇ ਆਉਂਦਾ ਸੀ। ਪੜ੍ਹਾਉਣ ਜਾਂ ਸਕੂਲ ਦੇ ਹੋਰਨਾਂ ਕੰਮਾਂ ਨੂੰ ਕਰਨ ਵੇਲੇ ਉਹ ਸਮੇਂ ਅਨੁਸਾਰ ਆਪਣਾ ਵਿਹਾਰ ਬਣਾਉਂਦੀ ਸੀ। ਆਮ ਤੌਰ ਤੇ ਉਹ ਪੜ੍ਹਾਉਣ ਵੇਲੇ ਜਮਾਤ ਵਿਚ ਲੇਟ ਜਾਂਦੀ ਅਤੇ ਪੀਰੀਅਡ ਪਹਿਲਾਂ ਛੱਡ ਕੇ ਆ ਜਾਂਦੀ । ' ਨ੍ਹੀਂ ਇਹ ਕਿਹੜਾ ਪੜ੍ਹਨ ਆਉਂਦੀਆਂ। ਏਹਨਾਂ ਨੂੰ ਤਾਂ ਵਜ਼ੀਫ਼ਾ ਚਾਹੀਦਾ ਤੇ ਜਾਂ ਫਿਰ ਤੋਰਾ-ਫੇਰਾ। ਨਾਲੇ ਪੜ੍ਹ ਕੇ ਕੇਹੜਾ ਏਹਨਾਂ ਨੇ ਡਾਕਟਰ ਬਣ ਜਾਣੈ। ਪੁਲਸ 'ਚ ਭਰਤੀ ਹੋ ਜਾਣਗੀਆਂ, ਕਲਰਕ ਲੱਗ ਜਾਣਗੀਆਂ ਜਾਂ ਫਿਰ ਵੱਧ ਤੋਂ ਵੱਧ ਏਹਨਾਂ ਦੀ ਪਹੁੰਚ ਟੀਚਰ ਬਣਨ ਤੱਕ ਦੀ ਹੋਵੇਗੀ। ਉਹ ਵੀ ਰਿਜ਼ਰਵੇਸ਼ਨ ਦੇ ਆਸਰੇ .।' ਸਟਾਫ਼ ਰੂਮ ਵਿਚ ਆਈ ਨੂੰ ਜੇ ਕਿਸੇ ਨੇ ਪਹਿਲਾਂ ਪੀਰੀਅਡ ਛੱਡ ਕੇ ਆਉਣ ਬਾਰੇ ਚਿਤਾਰ ਦੇਣਾ ਤਾਂ ਰਚਨਾ ਨੇ ਘੜੇ-ਘੜਾਏ ਵਾਕ ਬੋਲ ਦੇਣੇ। 'ਡਾਕਟਰ ਤਾਂ ਬਣਨ ਨਾ ਬਣਨ, ਡੀ.ਓ. ਤਾਂ ਬਣ ਈ ਜਾਣਗੀਆਂ। ਵੇਖ ਲੋ, ਅੱਗੇ ਕਰਮਜੀਤ ਮੈਡਮ ਡੀ.ਓ. ਸ਼ਿੱਪ ਕਰਗੇ ਆ। ਰਿਜ਼ਰਵੇਸ਼ਨ ਤਾਂ ਏਹਨਾਂ ਵਾਸਤੇ ਬਰਹਮੀ ਬੂਟੀ ਆ। ਉਦੋਂ ਤਾਂ ਤੂੰ ਵੀ ਅੱਗੇ ਹੋ ਹੋ ਸਵਾਗਤ ਕਰਿਆ ਕਰਦੀ ਸੀ, ਡੀ.ਓ. ਮੈਡਮ ਦਾ। ' ਰਜਨੀ ਸ਼ਰਮਾ ਮੈਡਮ ਨੇ ਆਪਣਾ ਤਰਕ ਦੇ ਦੇਣਾ।

' ਓਸ ਦਿਨ ਤਾਂ ਰਚਨਾ ਮੈਡਮ ਨੇ ਪੂਰੇ ਨੰਬਰ ਬਣਾ ਲੇ, ਜਿਦਣ ਸਟਾਫ਼ ਰੂਮ ਵਿਚ ਸੱਦ ਕੇ ਆਪਣੇ ਟਿਫ਼ਨ ਵਿਚੋਂ ਮੱਲੋ-ਮੱਲੀ ਖਾਣਾ ਖੁਆ ਦਿੱਤਾ ਸੀ, ਡੀ.ਓ. ਮੈਡਮ ਨੂੰ।' ਮਿਸਜ਼ ਗੁਪਤਾ ਨੇ ਦਿਲ ਦੀ ਭੜਾਸ ਕੱਢਣ ਦੀ ਕੋਸ਼ਿਸ਼ ਕੀਤੀ। 'ਰਚਨਾ ਮੈਡਮ ਪਹਿਲਾਂ ਈ ਪਤਾ ਹੋਣੈ, ਆਉਣ ਦਾ ਜਿਹੜਾ ਸਪੈਸ਼ਲ ਬਣਾ ਕੇ ਲਿਆਏ ਸੀ, ਖਾਣਾ, ਅਫ਼ਸਰਾਂ ਵਾਸਤੇ।' ਲੱਗਦੇ ਹੱਥ ਹੀ ਇਹ ਤੀਰ ਵੀ ਮਿਸਜ਼ ਗੁਪਤਾ ਨੇ ਛੱਡ ਦਿੱਤਾ ਸੀ। ਮਿਸਜ਼ ਗੁਪਤਾ ਦਾ ਕਨੌੜੇ ਦੀ ਹੋੜਾ ਤੇ /ਣ/ ਦੀ ਥਾਂ /ਨ/ ਦਾ ਉਚਾਰਨ ਮੈਨੂੰ ਬੜਾ ਅੱਖੜਦੈ। ਇਹੋ ਜਿਹੀਆਂ ਨੇ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਹੀ ਵਿਗਾੜ ਦਿੱਤੈ। ਬੋਲਣ ਲੱਗਿਐਂ ਮੂੰਹ ਦੀ ਸ਼ੇਪ ਐਂ ਬਣਾਉਂਦੀ ਆ ਜਿਵੇਂ ...



' ਨੀ ਕਾਹਨੂੰ, ਮੈਨੂੰ ਕਾਹਦਾ ਪਤਾ ਸੀ।' ਰਚਨਾ ਮੈਡਮ ਨੇ ਸਫ਼ਾਈ ਦੇਣ ਦੀ ਕੋਸ਼ਿਸ਼ ਕੀਤੀ,'ਵੇਖ ਲਾ ਡੀ.ਓ. ਮੈਡਮ ਦੇ ਨਖ਼ਰੇ ਈ ਮਾਣ ਨ੍ਹੀਂ ਸੀ, ਮੂੰਹ 'ਚ ਬੁਰਕੀ ਐਂ ਪਾਉਂਦੀ ਸੀ ਜਿਵੇਂ ਲਾਟ ਸਾਹਬ ਦੇ ਘਰੇ ਜੰਮੀ ਹੋਵੇ। ਮੇਰਾ ਤਾਂ ਵੇਖ ਵੇਖ ਢਿੱਡ ਹੱਸਦਾ ਸੀ। ' ਰਚਨਾ ਮੈਡਮ ਨੇ ਅਗਲਾ ਤੀਰ ਛੱਡਿਆ।

' ਕੋਈ ਨ੍ਹੀਂ , ਹੁਣ ਬਹੁਤਾ ਚਿਰ ਨ੍ਹੀਂ ਏਹ ਪੱਤਾ ਚੱਲਣੈ। ਏਹ ਦੱਸਦੇ ਸੀ, ਸੁਪਰੀਮ ਕੋਰਟ ਨੇ ਇਸ ਤਰ੍ਹਾਂ ਦੀ ਰਿਜ਼ਰਵੇਸ਼ਨ ਖਿਲਾਫ਼ ਫ਼ੈਸਲਾ ਦੇ ਦਿੱਤੈ।' ਮਿਸਜ਼ ਮੱਕੜ ਆਪਣੇ ਘਰ ਵਾਲੇ ਵੱਲੋਂ ਦੱਸੇ ਦਾ ਹਵਾਲਾ ਦੇ ਕੇ ਦੱਸਦਿਆਂ ਪੂਰੀ ਖੁਸ਼ ਹੋ ਜਾਂਦੀ। ਉਸ ਦਾ ਪਤੀ ਐਂਟੀ ਰਿਜ਼ਰਵੇਸ਼ਨ ਲਹਿਰ ਦਾ ਜ਼ਿਲ੍ਹੇ ਦਾ ਕਰਤਾ ਧਰਤਾ ਸੀ ਅਤੇ ਉਹ ਉਹਨਾਂ ਦੀ ਜੱਥੇਬੰਦੀ ਦੁਆਰਾ ਲੜੇ ਜਾ ਰਹੇ ਘੋਲ਼ ਬਾਰੇ ਸਾਰੀ ਗੱਲ ਘਰੇ ਦੱਸਦਾ ਰਹਿੰਦਾ ਸੀ। ਮਿਸਜ਼ ਮੱਕੜ ਇਹਨਾਂ ਗੱਲਾਂ ਨੂੰ ਸਟਾਫ਼ ਰੂਮ ਵਿਚ ਕਰਦਿਆਂ ਇਹ ਵੀ ਨਹੀਂ ਵੇਖਦੀ ਸੀ ਕਿ ਅਸੀਂ ਵੀ ਸਟਾਫ਼ ਰੂਮ ਵਿਚ ਬੈਠੀਆਂ ਹਾਂ। ਉਸ ਨੂੰ ਟੋਕਣ ਦਾ ਕਈ ਵਾਰੀ ਮਨ 'ਚ ਆਇਆ ਸੀ, ਪਰ ਫੇਰ. ਬੜੇ ਵਾਰੀ ਤਾਂ ਉਸ ਦੇ ਇਸ ਤਰ੍ਹਾਂ ਬੋਲਣ ਤੇ ਮੈਂ ਬਹਾਨੇ ਨਾਲ ਉਠ ਕੇ ਤੁਰ ਜਾਇਆ ਕਰਦੀ ਹਾਂ।

ਕਦੇ ਕਦੇ ਤਾਂ ਮਨ ਜਿਆਦਾ ਹੀ ਭਰ ਆਉਂਦਾ ਹੈ। ਵਿਦਿਅਕ ਸੰਸਥਾਵਾਂ ਵਿਚ ਇਸ ਤਰ੍ਹਾਂ ਦਾ ਕੁੱਝ ਹੋਣਾ ਮੈਨੂੰ ਕੁੱਝ ਜਿਆਦਾ ਹੀ ਅੱਖੜਦਾ ਹੈ। ਕਹਿਣ ਨੂੰ ਅਧਿਆਪਕ ਸਾਰਿਆਂ ਨੂੰ ਇਕ ਅੱਖ ਨਾਲ ਵੇਖਦੇ ਆ, ਪਰੰਤੂ ਏਥੇ ਤਾਂ ਨਾਲ ਦਿਆਂ ਨੂੰ ਵੀ ਨਹੀਂ ਬਖ਼ਸ਼ਿਆ ਜਾਂਦਾ। ਵਿਦਿਆਰਥਣਾਂ ਨੂੰ ਕੰਮ ਕਹਿਣ ਲੱਗਿਆਂ ਚੰਗੀ ਤਰ੍ਹਾਂ ਵੇਖਿਆ ਜਾਂਦਾ ਹੈ। ਰਚਨਾ ਹੋਰਾਂ ਨੇ ਜਦੋਂ ਆਪਣੇ ਜੂਠੇ ਭਾਂਡੇ ਚੁਕਵਾਉਣੇ ਹੋਣ ਤਾਂ ਹੋਰਾਂ ਨੂੰ ਅਵਾਜ਼ ਮਾਰਦੀਆਂ ਤੇ ਜਦੋਂ ਕੋਈ ਕਾਗਜ਼ ਪੱਤਰ ਅੱਗੇ ਪਿੱਛੇ ਭੇਜਣਾ ਹੋਵੇ ਤਾਂ ਹੋਰਨਾਂ ਨੂੰ ਬੁਲਾਉਂਦੀਆਂ ਆ। ਸ਼ਾਇਦ ਏਸੇ ਕਰਕੇ ਤਾਂ ਕਿਸੇ ਲੇਖਕ ਨੇ ਇਨ੍ਹਾਂ ਅਧਿਆਪਕਾਂ ਨੂੰ ਅੱਜ ਦੇ ਦਰੋਣਾਚਾਰੀਆ ਲਿਖਿਆ ਸੀ। ਅੱਜ ਵੀ ਜੇ ਇਨ੍ਹਾਂ ਦੀ ਪੇਸ਼ ਚੱਲੇ ਤਾਂ ਸਾਡੇ ਵਰਗਿਆਂ ਦਾ ਅੰਗੂਠਾ ਕੱਟਣ ਲੱਗੇ ਅੱਗਾ ਪਿੱਛਾ ਨਾ ਵੇਖਣ। ਸਾਡਾ ਐਮ.ਐਲ.ਏ. ਪਤਾ ਨਹੀਂ ਕੀ ਦਰਸਾਉਣਾ ਚਾਹੁੰਦਾ ਸੀ,'ਸਾਡੀ ਸਰਕਾਰ ਸਾਰਿਆਂ ਨੂੰ ਪੜ੍ਹਨ ਦੇ ਮੌਕੇ ਦੇਣਾ ਚਾਹੁੰਦੀ ਹੈ। ਏਸੇ ਕਰਕੇ ਅਸੀਂ ਬੱਚਿਆਂ ਨੂੰ ਵਜ਼ੀਫ਼ਾ ਦਿੰਦੇ ਆਂ। ਸਰਕਾਰ ਦੇ ਇਹ ਵਿਚਾਰ ਅਧੀਨ ਹੈ ਕਿ ਅਸੀਂ ਪੜ੍ਹਨ ਵਾਲੇ ਸਾਰੇ ਬੱਚਿਆਂ ਨੂੰ ਚੰਗੀਆਂ ਸਹੂਲਤਾਂ ਦੇਈਏ। ਹਰ ਪੜ੍ਹਨ ਵਾਲੇ ਨੂੰ ਮਹੀਨਾਵਾਰ ਪੈਸੇ ਮਿਲਣ ਤਾਂ ਕਿ ਸਾਰੇ ਜਣਿਆਂ ਨੂੰ ਸਹੂਲਤਾਂ ਦੇ ਸਕੀਏ।' ਅੱਜ ਜੇਕਰ ਠਾਣਾ ਬੈਠਾ ਹੁੰਦਾ ਤਾਂ ਉਹ ਐਮ.ਐਲ.ਏ. ਦੀ ਗੱਲ ਸੁਣ ਕੇ ਜ਼ਰੂਰ ਕੋਈ ਨਾ ਕੋਈ ਕੁਮੈਂਟ ਦਿੰਦਾ ਤੇ ਐਮ.ਐਲ.ਏ. ਨੂੰ ਦਾਦ ਦਿੰਦਾ। ਪ੍ਰਿੰਸੀਪਲ ਸਮੇਤ ਰਚਨਾ ਹੋਰਾਂ ਨੇ ਐਮ.ਐਲ.ਏ. ਦੀ ਗੱਲ ਦੀ ਤਾੜੀਆਂ ਦੀ ਗੂੰਜ ਨਾਲ ਤਾਰੀਫ਼ ਕਰਨ ਲਈ ਪੂਰੀ ਵਾਹ ਲਾ ਦਿੱਤੀ ਸੀ। ਇਹ ਕਿਹੜਾ ਠਾਣਿਆਂ ਤੋਂ ਘੱਟ ਆ।

ਸੰਪਰਕ-95010-20731



## ਕਹਾਣੀ / ਦੇਰ ਨਾ ਹੋ ਜਾਏ/ ਜਸਵਿੰਦਰ ਕੌਰ ਬਿੰਦਰਾ

"ਮੰਮੀ, ਕਿੱਥੇ ਗਏ ਸੀ ਤੁਸੀਂ, ਕਿੰਨੀਂ ਵਾਰ ਫ਼ੋਨ ਕਰ ਚੁੱਕੀ ਹਾਂ।"

"ਮਾਂ ਜੀ, ਬਿਮਾਰ ਹਨ..।ਉਨ੍ਹਾਂ ਨੂੰ ਹੀ ਵੇਖਣ ਗਈ ਸੀ।" ਮੰਮੀ ਦੀ ਆਵਾਜ਼ ਵਿੱਚ ਕਾਫੀ ਉਦਾਸੀ ਸੀ।

"ਹੱਛਾ !ਔਹ! ਆਪਣੇ ਮਾਂ ਜੀ । ਕੀ ਹੋਇਆ ਏ ਉਨ੍ਹਾਂ ਨੂੰ ।" ਮੈਂ ਸੁਭਾਵਿਕੀ ਹੀ ਪੁੱਛਿਆ।

"ਬਸ,ਕੀ ਦਸਾਂ..। ਤੂੰ ਆਏਗੀ ਫਿਰ ਦਸਾਂਗੀ।" ਮੰਮੀ ਨੇ ਇਕ ਹਉਂਕਾ ਜਿਹਾ ਲਿਆ।

"ਮੈਂ ਬਸ ਘਰੋਂ ਚੱਲਣ ਹੀ ਲੱਗੀ ਸੀ,ਤਦੇ ਹੀ ਤੁਹਾਨੂੰ ਫ਼ੋਨ ਕਰ ਰਹੀ ਸੀ।"

"ਆ ਜਾ, ਫਿਰ ਛੇਤੀ ਨਾਲ । ਤੇਰੇ ਲਈ ਪਾਲਕ ਪਨੀਰ ਬਣਾਇਆ ਹੈ।"

ਗੱਡੀ ਵਿੱਚ ਸਾਮਾਨ ਰੱਖਦੇ ਹੀ ਮੇਰਾ ਧਿਆਨ ਮਾਂ ਜੀ ਵੱਲ ਚਲਾ ਗਿਆ।ਆਪਣੇ ਪੇਕੇ ਜਾਂਦਿਆਂ ਗੱਡੀ ਦੀ ਰਫ਼ਤਾਰ ਨਾਲ ਮੇਰੇ ਦਿਮਾਗ਼ ਵਿੱਚ ਪੁਰਾਣੀਆਂ ਯਾਦਾਂ ਦੀ ਰੀਲ ਘੁੰਮਣ ਲੱਗ ਪਈ।

ਮੇਰਾ ਬਚਪਨ ਜਿਸ ਗਲੀ-ਮੁੱਹਲੇ ਵਿੱਚ ਬੀਤਿਆ,ਉੱਥੇ ਸਾਡੇ ਘਰ ਦੇ ਨਾਲ ਜੋੜਵਾਂ ਮਕਾਨ 'ਮਾਂ ਜੀ' ਦਾ ਸੀ। ਗਲੀ-ਮੁੱਹਲਾ..ਜਿੱਥੇ ਹਰ ਬੰਦਾ ਤੁਹਾਡੇ ਨਾਲ ਕਿਸੇ ਰਿਸ਼ਤੇ ਵਿੱਚ ਜੁੜਿਆ ਹੁੰਦਾ ਹੈ। ਕੋਈ ਮਾਸੀ, ਕੋਈ ਮਾਤਾ, ਜਾਂ ਚਾਚਾ,ਤਾਇਆ ਹੁੰਦਾ ਹੈ। ਉਦੋਂ ਤਕ 'ਆਂਟੀ-ਅੰਕਲ' ਜਿਹੇ ਸੰਬੋਧਨਾਂ ਦਾ ਰਿਵਾਜ ਨਹੀਂ ਪਿਆ ਸੀ। ਇਨ੍ਹਾਂ ਰਿਸ਼ਤਿਆਂ ਦੀ ਬਦੌਲਤ ਹੀ ਆਪਸ ਵਿੱਚ ਨਿੱਘ-ਪਿਆਰ ਮਹਿਸੂਸ ਹੁੰਦਾ ਸੀ। ਇਹ ਗੱਲ ਨਹੀਂ ਸੀ ਕਿ ਆਪਸ ਵਿੱਚ ਕਦੇ ਕੋਈ ਲੜਾਈ-ਝਗੜਾ ਨਹੀਂ ਹੁੰਦਾ ਸੀ। ਇੰਝ ਹੋ ਜਾਣ 'ਤੇ ਇਕ-ਦੋ ਦਿਨ ਮੂੰਹ ਸੁਜਾ ਲੈਣ ਮਗਰੋਂ ਝੱਟ ਮਨੇਵਾ ਵੀ ਹੋ ਜਾਂਦਾ ਸੀ।

ਇਕ ਦਿਨ ਮੰਮੀ ਨੇ ਦੇਖਿਆ ਕਿ ਸਾਡੇ ਘਰ ਦੀ ਬਾਹਰੀ ਕੰਧ ਨਾਲ ਨਾਲੀ ਵਿਚੋਂ ਕੱਢਿਆ ਗੰਧ ਪਿਆ ਹੈ। ਮੰਮੀ ਨੇ ਗੁੱਸੇ ਨਾਲ, ਉਥੇ ਖੜੇ ਜਮਾਂਦਾਰ ਤੋਂ ਪੁੱਛਿਆ, "ਇਹ ਗੰਦ ਤੂੰ ਇੱਥੇ ਰੱਖਿਆ ਏ?"

"ਹਾਂ ਜੀ, ਇਨ੍ਹਾਂ ਨੇ ਨਾਲੀ ਸਾਫ਼ ਕਰਵਾਈ ਏ।" ਜਮਾਂਦਾਰ ਨੇ ਮਾਂ ਜੀ ਦੇ ਘਰ ਵੱਲ ਇਸ਼ਾਰਾ ਕਰ ਕੇ ਜਵਾਬ ਦਿੱਤਾ।

"ਨਾਲੀ ਸਾਫ਼ ਕਰਵਾਈ ਸੀ, ਤਾਂ ਗੰਦ ਮਾਂ ਜੀ ਨੇ ਆਪਣੀ ਕੰਧ ਨਾਲ ਰੱਖਵਾਉਣਾ ਸੀ ਨਾ, ਸਾਡੇ ਘਰ ਕਿਉਂ ਭੈੜੀ ਹਵਾੜ ਭੇਜੀ ਜਾ ਰਹੀ ਹੈ।" ਮੰਮੀ ਨੇ ਗੁੱਸੇ ਨਾਲ ਕਹਿ,ਨਾਲ ਹੀ ਜਮਾਂਦਾਰ ਨੂੰ ਵੀ ਡਾਂਟਿਆ, "ਤੂੰ ਵੀ ਤਾਂ ਨਾਲੋਂ-ਨਾਲ ਗੰਦ ਨਹੀਂ ਚੁੱਕਦਾ। ਚੁੱਕ ਇਸ ਨੂੰ ਇੱਥੋਂ..।'ਵਾੜ..'ਵਾੜ ਹੋਈ ਪਈ ਏ।" ਕਹਿ ਮੰਮੀ ਆਪਣੇ ਘਰ ਅੰਦਰ ਆ ਗਏ।

ਪੱਕੀ ਗੱਲ ਸੀ ਕਿ ਮਾਂ ਜੀ ਨੇ ਆਪਣੇ ਘਰ ਅੰਦਰ ਇਸ ਸਾਰੇ ਵਾਰਤਾਲਾਪ ਨੂੰ ਸੁਣ ਲਿਆ ਸੀ। ਉਹ ਪੂਰਾ ਦਿਨ ਮੰਮੀ ਨੇ ਮਾਂ ਜੀ ਨਾਲ ਕੋਈ ਗੱਲ ਨਾ ਕੀਤੀ।ਅਗਲੇ ਦਿਨ ਦੁਪਹਿਰੀ ਮਾਂ ਜੀ ਨੇ 'ਵਾਜ਼ ਮਾਰੀ, "ਜੀਤ ਕੌਰੇ, ਵਿਹਲੀ ਹੋ ਗਈ ਏਂ।"

"ਨਹੀਂ ਅਜੇ ਕੰਮ ਮੁੱਕਿਆ ਨਹੀਂ। ਦੱਸੋ।" ਮੰਮੀ ਨੇ ਰੁੱਝਿਆ ਹੀ ਜਵਾਬ ਦਿੱਤਾ।

"ਜੀਤ ਕੌਰੇ, ਇਕ ਆਦਮੀ ਸੀ ਨਾ, ਉਸ ਨੂੰ ਇਕ ਦਿਨ ਦਾ ਰਾਜ ਮਿਲਿਆ।" ਮਾਂ ਜੀ ਪੱਲਥਾ ਮਾਰ ਕੇ ਬੂਹੇ ਵਿੱਚ ਬੈਠਦੀ ਹੋਈ ਬੋਲੀ।

"ਹੱਛਾ! ਪਰ ਰਾਜ ਕਿਉਂ ਮਿਲਿਆ?" ਮੰਮੀ ਵੀ ਸਬਜ਼ੀ ਕੱਟਦੀ ਹੋਈ ਕੋਲ ਆ ਬੈਠੀ।

"ਉਹ ਤੂੰ ਛੱਡ..। ਰਾਜ ਇਹ ਮਿਲਿਆ ਕਿ ਉਸ ਆਂਦੇ-ਜਾਂਦੇ ਕੀ ਵੱਟਾ ਚੁੱਕ ਕੇ ਮਾਰਨਾ ਸੀ।"

"ਵੱਟਾ ?" ਮੰਮੀ ਨੇ ਹੈਰਾਨੀ ਨਾਲ ਫਿਰ ਪੁੱਛਿਆ।



"ਗੱਲ ਸੁਣੀਂ ਦੀ ਹੁੰਦਾ ਏ।" ਮਾਂ ਜੀ ਨੇ ਟਹੋਕਾ ਮਾਰਿਆ।

"ਹੱਛਾ ਫਿਰ।" ਮੰਮੀ ਨੇ ਵੀ ਕੰਨ ਉਧਰ ਲਾ ਲਏ।

"ਉਸ ਆਂਦੇ-ਜਾਂਦੇ ਕੀ ਵੱਟੇ ਮਾਰਨੇ ਸਨ, ਸਾਰਾ ਦਿਨ..। ਉਹ ਇਸੇ ਤਰ੍ਹਾਂ ਹੀ ਕਰਦਾ ਰਿਹਾ। ਲੰਘਦੇ ਜਾਂਦੇ ਲੋਕਾਂ ਵਿੱਚ ਉਸ ਦਾ ਇਕ ਬਹੁਤ ਆਪਣਾ ਜਿਹਾ ਬੰਦਾ ਲੰਘਿਆ। ਉਸ ਸੋਚਿਆ, ਇਸ ਨੂੰ ਮੈਂ ਵੱਟਾ ਨਹੀਂ ਮਾਰ ਸਕਦਾ, ਪਰ ਹੁਣ ਕਰੇ ਕੀ। ਉਸ ਸੋਚ-ਸੋਚ ਕੇ, ਕੋਲ ਪਿਆ ਇਕਫੁੱਲ ਚੁੱਕ ਕੇ ਬੜੇ ਪਿਆਰ ਨਾਲ ਉਸ ਆਦਮੀ ਨੂੰ ਮਾਰ ਕੇ ਜਿਵੇਂ ਗੱਲ ਸਾਰ ਲਈ। ਸ਼ਾਮ ਵੇਲੇ ਉਸ ਬੰਦੇ ਦਾ ਰਾਜ ਖੱਤਮ ਹੋਇਆ, ਸਾਰੇ ਲੋਕ ਉਸ ਨੂੰ ਉਸ ਦੇ ਰਾਜ ਲਈ ਵਧਾਈਆਂ ਦੇਣ ਲਈ ਆਏ। ਉਸ ਬੰਦੇ ਨੇ ਧਿਆਨ ਦਿੱਤਾ, ਸਾਰਿਆਂ ਬੰਦਿਆਂ ਵਿੱਚ ਸਿਰਫ਼ ਉਹੀ ਆਦਮੀ ਨਹੀਂ ਸੀ ਆਇਆ, ਜਿਸ ਨੂੰ ਉਸ ਨੇ ਵੱਟੇ ਦੀ ਥਾਂ ਤੇ ਫੁੱਲ ਮਾਰਿਆ ਸੀ। ਇਕ-ਦੋ ਦਿਨਾਂ ਬਾਅਦ, ਜਦੋਂ ਉਹ ਬੰਦਾ ਉਸ ਨੂੰ ਮਿਲਿਆ, ਤਾਂ ਰਾਜ ਕਰਨ ਵਾਲੇ ਨੇ ਉਸ ਨੂੰ ਵਧਾਈ ਨਾ ਦੇਣ ਦਾ ਨਿਹੋਰਾ ਮਾਰਿਆ। ਅੱਗੋਂ ਉਸ ਕਿਹਾ, 'ਤੂੰ ਮੈਨੂੰ ਉਸ ਦਿਨ ਫੁੱਲ ਕਿਉਂ ਮਾਰਿਆ ਸੀ?'

"ਕਿਉਂਕਿ ਮੈਂ ਤੈਨੂੰ ਵੱਟਾ ਨਹੀਂ ਮਾਰਨਾ ਚਾਹੁੰਦਾ ਸੀ, ਤੂੰ ਮੇਰਾ ਅਜ਼ੀਜ਼ ਸੇਂ।"

"ਮੈਂ ਤੇਰਾ ਅਜ਼ੀਜ਼ ਸਾਂ ਨਾ, ਇਸੇ ਕਰ ਕੇ ਤੇਰਾ ਫੁੱਲ ਮੈਨੂੰ ਬਹੁਤ ਜ਼ੋਰ ਦੀ ਜਾ ਕੇ ਲੱਗਾ ਸੀ। ਤੂੰ ਬਿਗਾਨਾ ਹੁੰਦਾ ਤਾਂ ਤੇਰਾ ਵੱਟਾ ਵੀ ਮੈਨੂੰ ਨਹੀਂ ਸੀ ਚੁੱਭਣਾ।" ਐਨਾ ਕਹਿ ਕੇ ਮਾਂ ਜੀ ਚੁੱਪ ਕਰ ਗਏ।

"ਮਾਂ ਜੀ, ਤੁਸੀਂ ਮੈਨੂੰ ਇਹ ਕਹਾਣੀ ਕਿਸ ਮਕਸਦ ਨਾਲ ਸੁਣਾਈ ਏ, ਮੈਂ ਉਹ ਸਮਝਣ ਦੀ ਕੋਸ਼ਿਸ਼ ਕਰ ਰਹੀ ਹਾਂ।"

"ਜੀਤ ਕੌਰੇ, ਤੂੰ ਕਲ੍ਹ ਕਹਿੰਦੀ ਪਈ ਸੀ ਨਾ, ਗੰਦ ਕੱਢਵਾ ਕੇ ਮੇਰੀ ਕੰਧ ਨਾਲ ਕਿਉਂ ਰੱਖਵਾ ਦਿੱਤਾ ਏ। ਤੂੰ ਮੇਰੀ ਆਪਣੀ ਏਂ। ਤੂੰ ਇਹ ਗੱਲ ਜਮਾਂਦਾਰ ਸਾਹਮਣੇ ਕਿਉਂ ਕਹੀ, ਮੈਨੂੰ ਸਿੱਧਾ ਆਖੀ 'ਅਰ। ਉਸ ਦਸ ਜਗ੍ਹਾ ਜਾਣਾ ਹੁੰਦਾ ਏ, ਲੋਕਾਂ ਨੂੰ ਆਖਦਾ ਫਿਰੇਗਾ, ਉਂਜ ਤਾਂ ਪਿਆਰ ਨਾਲ ਰਹਿੰਦੀਆਂ ਹਨ,ਪਰ ਗਵਾਂਢਣਾਂ ਵਾਂਗ ਲੜਦੀਆਂ ਹਨ।"

"ਚਲੋ ਮਾਂ ਜੀ, ਮੇਰੇ ਤੋਂ ਗਲਤੀ ਹੋ ਗਈ।" ਕਹਿ ਮੰਮੀ ਨੇ ਮਾਂ ਜੀ ਦੇ ਗੋਡੇ ਹੱਥ ਲਾ ਦਿੱਤਾ।

"ਆਪ ਤਾਂ ਵਿਹਲੀ ਹੋਈ ਪਈ ਏਂ, ਮੇਰਾ ਅਜੇ ਸਾਰਾ ਕੰਮ ਪਿਆ ਏ..ਚੰਗਾ ਭਈ।" ਮਾਂ ਜੀ ਛੋਹਲੇ ਕਦਮੀਂ ਆਪਣੇ ਘਰ ਵੱਲ ਤੁਰ ਪਈ।

ਉਨ੍ਹਾਂ ਦੇ ਜਾਂਦੇ ਹੀ ਮੰਮੀ ਮੁਸਕਰਾ ਪਈ, "ਗਲਤੀ ਵੀ ਇਨ੍ਹਾਂ ਦੀ, ਮਾਫ਼ੀ ਵੀ ਮੇਰੇ ਕੋਲੋਂ ਹੀ ਮੰਗਵਾ ਲਈਂ।"

ਇਹੋ ਜਿਹੀ ਹੀ ਸੀ ਮਾਂ ਜੀ ! ਵੱਡਾ ਭਰਿਆ-ਪੁਰਿਆ ਪਰਿਵਾਰ, ਚਾਰ ਪੁੱਤਰ, ਦੋ ਧੀਆਂ ਵੱਡੀ ਬਿਰਾਦਰੀ। ਮਾਂ ਜੀ ਸਾਰਾ ਦਿਨ ਕੰਮ ਵਿੱਚ ਲੱਗੀ ਰਹਿੰਦੀ। ਅਸੀਂ ਉਨ੍ਹਾਂ ਨੂੰ ਕਦੇ ਵੀ ਖਾਲੀ ਬੈਠਿਆ ਨਹੀਂ ਦੇਖਿਆ ਸੀ। ਦਿਹਾੜੀ ਕੰਮਾਂ ਤੋਂ ਵਿਹਲੀ ਹੁੰਦੀ ਤਾਂ ਕਦੇ ਸਵੈਟਰ ਬੁਣਦੀ ਦਿੱਸਦੀ, ਕਦੇ ਕਿਸੇ ਫੱਟੇ-ਉਧੜੇ ਕੱਪੜੇ ਨੂੰ ਡੰਗਾਂ-ਤੁਰੋਪਾ ਲੱਗਾਉਂਦੀ ਦਿੱਸਦੀ। ਉਂਜ ਵੀ ਵੱਡਾ ਪਰਿਵਾਰ, ਸਾਰਾ ਦਿਨ ਕੰਮ ਮੁੱਕਣ ਵਿੱਚ ਹੀ ਨਹੀਂ ਆਉਂਦਾ ਸੀ।

ਗੋਰਾ-ਨਿਛੋਹ ਰੰਗ, ਲਾਲੀ ਭਰਿਆ। ਮਲਮਲ ਦੀ ਸ਼ਮੀਜ ,ਉਤੇ ਖੁੱਲੀ ਜਿਹੀ ਕਮੀਜ਼ ਪਾਈ ਮਾਂ ਜੀ ਸਾਰਾ ਦਿਨ ਲੰਘਾ ਦੇਂਦੀ। ਗਰਮੀ ਵਿੱਚ ਕਈ ਵੇਰਾਂ ਉਹ ਆਪਣੇ ਘਰ ਅੰਦਰ ਸ਼ਮੀਜ ਪਾਈ ਹੀ ਕੰਮ ਕਰਦੀ ਰਹਿੰਦੀ। ਕਥਾ-ਕਹਾਣੀਆਂ, ਬਾਤਾਂ ਆਦਿ ਦਾ ਉਸ ਕੋਲ ਬੜਾ ਭੰਡਾਰ ਸੀ। ਜਿਸ ਵਿਚੋਂ ਅਕਸਰ ਉਹ ਸਾਡੀ ਮੰਮੀ ਨੂੰ ਕਈ ਬਾਤਾਂ ਆਦਿ ਸੁਣਾ ਕੇ ਹੈਰਾਨ ਕਰ ਦੇਂਦੀ।

ਜੋੜਵੀਆਂ ਕੰਧਾਂ, ਜ਼ਰਾ ਉੱਚੀ ਬੋਲਿਆ, ਸਾਰੀ ਗੱਲ ਦੂਜੇ ਦੇ ਘਰ ਆਸਾਨੀ ਨਾਲ

ਸੁਣਾਈ ਦੇ ਜਾਂਦੀ। ਸਾਡੇ ਘਰ ਤਾਂ ਵੈਸੇ ਵੀ ਹੌਲੀ ਬੋਲਣਾ ਕਿਸੇ ਨੂੰ ਆਉਂਦਾ ਹੀ ਨਹੀਂ। ਇਸੇ ਤਰ੍ਹਾਂ ਇਕ ਦਿਹਾੜੀ ਜਦੋਂ ਉਹ ਮੰਮੀ ਕੋਲ ਆ ਕੇ ਬੈਠੀ ਤਾਂ ਕਹਿਣ ਲੱਗੀ, "ਜੀਤ ਕੌਰੇ, ਇਕ ਕੁੜੀ ਦਾ ਨਵਾਂ-ਨਵਾਂ ਵਿਆਹ ਹੋਇਆ। ਉਹ ਆਪਣੇ ਘਰਵਾਲੇ ਤੋਂ ਬਹੁਤ ਸ਼ਰਮਾਇਆ ਕਰੇ, ਅੱਗੇ-ਪਿੱਛੇ ਦਿਓਰਾਂ-ਨਨਾਣਾਂ ਨਾਲ ਹੱਸਿਆ-ਖੇਡਿਆ ਕਰੇ। ਜੇ ਘਰਵਾਲਾ ਇਕਦਮ ਸਾਹਮਣੇ ਆ ਜਾਏ, ਤਾਂ ਮੂੰਹ ਵੱਟ ਕੇ ਅੰਦਰ ਚਲੀ ਜਾਇਆ ਕਰੇ।"

"ਹੱਛਾ, ਫਿਰ।" ਮੰਮੀ ਨੂੰ ਸਮਝ ਆ ਗਿਆ ਸੀ, ਹੁਣ ਫਿਰ ਕੋਈ ਗੱਲ ਮਾਂ ਜੀ ਕਰਨ ਲੱਗੀ ਏ।

"ਇਸੇ ਤਰ੍ਹਾਂ ਹੀ, ਇਕ ਦਿਨ ਫਿਰ ਜਦੋਂ ਇੰਝ ਹੋਇਆ, ਹੱਸਦੀ-ਖੇਡਦੀ ਕੁੜੀ ਅੰਦਰ ਜਾ ਕੇ ਸਿਮਟ ਗਈ ਤਾਂ, ਉਸ ਦੇ ਆਦਮੀ ਨੇ ਹਉਕਾ ਲੈ ਕੇ ਕਿਹਾ, "ਕਾਸ਼! ਮੈਂ ਵੀ ਇਸ ਦਾ ਦਿਓਰ ਹੁੰਦਾ, ਤਾਂ ਇਹ ਮੇਰੇ ਨਾਲ ਵੀ ਖੁਸ਼ ਰਹਿੰਦੀ।"

"ਇਹ ਗੱਲ ਤਾਂ ਸਮਝ ਆ ਗਈ ਮਾਂ ਜੀ, ਪਰ।" ਮੰਮੀ ਨੇ ਇਸ ਦੇ ਪਿੱਛੇ ਦਾ ਕਾਰਣ ਜਾਨਣਾ ਚਾਹਿਆ।

"ਜੀਤ ਕੌਰੇ, ਤੂੰ ਆਪਣੇ ਮਲ੍ਹਿਓਰੇ ਕੀ,ਕਲ੍ਹ ਪਕੌੜੇ ਤਲ ਕੇ ਖੁਵਾਏ। ਘਰ ਬੈਠੀ ਮੈਂ ਪਈ ਸੋਚਾਂ, ਮੈਂ ਵੀ ਅੱਜ ਇਸ ਦਾ ਮਲ੍ਹਿਓਰਾ ਹੀ ਹੁੰਦੀ, ਮੈਨੂੰ ਵੀ ਪਕੌੜੇ ਖਾਣ ਲਈ ਮਿਲਦੇ।" ਕਹਿੰਦੇ-ਕਹਿੰਦੇ ਉਹ ਜ਼ੋਰ ਦੀ ਹੱਸ ਪਈ।"

ਮੰਮੀ ਨੂੰ ਯਾਦ ਆਇਆ ਕਿ , ਕਲ੍ਹ ਉਨ੍ਹਾਂ ਡੈਡੀ ਦੇ ਮਾਮਾ ਜੀ ਦੇ ਆਉਣ ਤੇ ਪਕੌੜੇ ਤਲੇ ਸਨ। ਸੁਖ ਨਾਲ ਉਨ੍ਹਾਂ ਦੀ ਆਵਾਜ਼ ਬਿਨਾ ਉਚੇਚ ਦੇ ਹੀ ਆਲੇ-ਦੁਆਲੇ ਪਹੁੰਚ ਜਾਂਦੀ ਹੈ। "ਲੈ, ਤੁਸੀਂ ਮੈਨੂੰ 'ਵਾਜ਼ ਮਾਰੋ' ਅਰ ਮੈਂ ਤੁਹਾਨੂੰ ਪਕੌੜੇ ਖੁਵਾ ਦੇਂਦੀ। ਇਹ ਕਿਹੜੀ ਵੱਡੀ ਗੱਲ ਸੀ।"

"ਕੋਈ ਨਾ, ਅੱਗੋਂ 'ਚ ਯਾਦ ਰੱਖੀਂ।" ਉੱਠ ਖੜੀ ਹੁੰਦੀ ਮਾਂ ਜੀ ਕਹਿਣ ਲੱਗੀ, "ਮੇਰਾ ਹਰਬੰਸ ਆਉਂਦਾ ਹੋਸੀ, ਜਾ ਕੇ ਗਰਮ ਫੁਲਕਾ ਪਕਾਵਾਂ।"

ਇੰਝ ਮੁੱਹਲੇ ਵਿੱਚ ਹਰ ਗੱਲ, ਹਰ ਆਏ-ਗਏ ਬਾਰੇ ਆਂਢ-ਗੁਆਂਢ ਪਤਾ ਲੱਗ ਜਾਂਦਾ। ਜੇ ਕੋਈ ਰਿਸ਼ਤੇਦਾਰ ਕੁਝ ਚਿਰ ਨਾ ਆਵੇ, ਤਾਂ ਵੀ ਗਲੀ-ਗੁਆਂਢ ਉਸ ਬਾਰੇ ਪਤਾ ਕਰਦਾ ਰਹਿੰਦਾ। ਮੁੱਹਲੇਦਾਰੀ ਵਿੱਚ ਲੋਕ ਆਸ-ਪਾਸ ਵਾਲਿਆਂ ਨੂੰ ਹੀ ਨਹੀਂ , ਸਗੋਂ ਤੁਹਾਡੀਆਂ ਸਾਕ-ਸਕੀਰੀਆਂ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਹਨ।

ਇਕ ਦਿਨ ਦੁਪਹਿਰ ਵੇਲੇ ਮੰਮੀ ਬਾਹਰਲੇ ਬੂਹੇ ਸਾਹਮਣੇ ਬੈਠੀ ਕੋਈ ਕੱਢਾਈ ਕੱਢਦੀ ਪਈ ਸੀ। ਸਾਡੇ ਘਰ ਦੇ ਦੂਜੇ ਪਾਸੇ ਉਪਰਲੇ ਘਰ ਨੂੰ ਜਾਣ ਵਾਸਤੇ ਪੌੜੀਆਂ ਸਨ। ਮੂੰਹ-ਧਿਆਨੇ ਆਪਣਾ ਕੰਮ ਕਰਦਿਆਂ ਮੰਮੀ ਨੂੰ ਇੰਝ ਝਾਵਲਿਆ ਜਿਹਾ ਪਿਆ, ਜਿਵੇਂ ਪੌੜੀਆਂ ਉਤਰਦੇ ਕਿਸੇ ਓਪਰੇ ਆਦਮੀ ਨੇ ਮੋਢੇ ਉਤੇ ਕੁਝ ਚੁੱਕਿਆ ਹੋਇਆ ਸੀ। ਅੱਖ ਦੇ ਫੋਰ 'ਚ ਉਹ ਆਦਮੀ ਲੰਘ ਗਿਆ। ਇਹ ਬੜੀ ਮਾਮੂਲੀ ਜਿਹੀ ਗੱਲ ਸੀ। ਸ਼ਾਮ ਵੇਲੇ ਗਲੀ ਵਿੱਚ ਰੌਲਾ ਪਿਆ ਸੁਣਿਆ, ਕੋਈ ਚੋਰ 'ਹਰੂ' ਹੋਰਾਂ ਘਰੋਂ ਸਿਲਾਈ ਮਸ਼ੀਨ ਚੁੱਕ ਕੇ ਲੈ ਗਿਆ ਏ। ਹਰ ਕੋਈ ਪੁੱਛਣ ਲੱਗਾ, ਕਿਸੇ ਤੱਕਿਆ-ਸੁਣਿਆ ਨਹੀਂ, ਭਰੀ ਗਲੀ ਵਿਚੋਂ ਕੋਈ ਇੰਝ ਮਸ਼ੀਨ ਚੁੱਕ ਕੇ ਲੈ ਜਾਏ ਤੇ ਕਿਸੇ ਨੂੰ ਕੋਈ ਪਤਾ ਹੀ ਨਾ ਲੱਗੇ..। ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਲੱਗੇ। ਪਤਾ ਲੱਗਾ,ਪੁਲਿਸ ਨੂੰ ਖ਼ਬਰ ਕੀਤੀ ਜਾ ਰਹੀ ਹੈ। ਹੁਣੇ ਪੁਲਿਸ ਆਏਗੀ। ਆਂਢ-ਗੁਆਂਢ ਸਾਰਿਆਂ ਨੂੰ ਪੁੱਛੇਗੀ।

ਅਚਾਨਕ ਮੰਮੀ ਨੂੰ ਯਾਦ ਆਇਆ ਕਿ ਦੁਪਹਿਰੇ ਉਨ੍ਹਾਂ ਕਿਸੇ ਅਨਜਾਣ ਬੰਦੇ ਨੂੰ ਕੋਈ ਚੀਜ਼ ਮੋਢਿਆਂ ਤੇ ਚੁੱਕੀ, ਜਾਂਦੇ ਤੱਕਿਆ ਸੀ। ਉਨ੍ਹਾਂ ਝੱਟ ਆਪਣੀਆਂ ਕੁਝ ਗਵਾਂਢਣਾਂ ਨੂੰ ਇਹ ਦੱਸਣ ਲਈ ਕਿਹਾ, "ਦੁਪਹਿਰੇ ਕੋਈ ਆਇਆ ਤਾਂ ਸੀ।" ਉਥੇ ਹੀ ਉਨ੍ਹਾਂ ਔਰਤਾਂ ਵਿੱਚ ਮਾਂ ਜੀ ਵੀ ਖੜੀ ਸੀ।



"ਏ ਜੀਤ ਕੌਰੇ, ਲੱਗਦਾ ਈਂ ਕੋਈ ਆਇਆ ਏਂ ਤੇਰੇ ਘਰ।" ਮਾਂ ਜੀ ਨੇ ਜ਼ੋਰ ਦੀ ਆਵਾਜ਼ ਮਾਰ ਕੇ ਗੱਲ ਨੂੰ ਅੰਝਾਈਂ ਕਰ ਦਿੱਤਾ।

"ਕੌਣ ਆਇਆ?" ਕਹਿੰਦੇ ਹੋਏ ਮੰਮੀ ਜਿਉਂ ਹੀ ਘਰ ਦੇ ਖੁਲ੍ਹੇ ਬੂਹੇ ਅੰਦਰ ਵੜੀ, ਪਿੱਛੇ-ਪਿੱਛੇ ਹੀ ਮਾਂ ਜੀ ਵੀ ਅੰਦਰ ਲੰਘ ਆਈ।

ਕੌਣ ਆਇਆ ਸੀ, ਮਾਂ ਜੀ?" ਮੰਮੀ ਨੇ ਪਿੱਛੇ ਮੁੜ ਕੇ ਉਨ੍ਹਾਂ ਤੋਂ ਪੁੱਛਿਆ।

"ਤੂੰ ਅੰਦਰ ਬੋਹ, ਨਹੀਂ ਤਾਂ ਆਪਣੀ ਭੈਣ ਦੇ ਘਰ ਚਲੀ ਜਾ।"

"ਕਿਉਂ?" ਮੰਮੀ ਹੈਰਾਨ ਹੋਈ।

"ਹੁਣੇ ਪੁਲਿਸ ਆਸੀ, ਤੂੰ ਸਭ ਤੋਂ ਨੇੜੇ ਏਂ, ਉਹ ਤੇਰੇ ਕੋਲੋਂ ਜ਼ਰੂਰ ਪੁੱਛਸਣ। ਤੂੰ ਕਹੀਂ , ਮੈਨੂੰ ਤਾਂ ਦੋ ਦਿਨਾਂ ਦਾ ਬੁਖ਼ਾਰ ਚੜ੍ਹਿਆ ਹੋਇਆ ਏ। ਮੈਂ ਤਾਂ ਆਪਣੇ ਬਿਸਤਰੇ ਤੋਂ ਨਿਕਲੀ ਤਕ ਨਹੀਂ । ਫਿਰ ਮੈਨੂੰ ਕੀ ਪਤਾ, ਕਿਧਰੇ ਕੋਈ ਆਇਆ-ਗਿਆ ਏ ਕਿ ਨਹੀਂ । ਨਾਲ ਕਹੀਂ , ਇਹ ਮਾਂ ਜੀ ਤੋਂ ਪੁੱਛ ਲਵੋ, ਮੈਂ ਕਿੰਨੀ ਬਿਮਾਰ ਹਾਂ।"

ਪੁਲਿਸ ਦਾ ਨਾਂ ਸੁਣ ਕੇ ਆਮ ਸ਼ਰੀਫ਼ ਬੰਦਿਆਂ ਵਾਂਗ ਮੇਰੀ ਮਾਂ ਦੀ ਵੀ ਖਾਨਿਓ ਗਈ।

"ਆਦਮੀ ਤੇਰਾ ਘਰ ਨਹੀਂ । ਬਾਹਰ ਗਿਆ ਏਂ, ਤੂੰ ਲੋਕਾਂ ਨੂੰ ਦੱਸਦੀ ਫਿਰਦੀ ਏਂ, ਤੂੰ ਚੋਰ ਨੂੰ ਦੇਖਿਆ ਏਂ। ਥਾਣੇ ਜਾਣਾ ਪੈਸੀ ਆਂ।" ਮਾਂ ਜੀ ਨੇ ਜ਼ੋਰਦਾਰ ਢੰਗ ਨਾਲ ਡਾਂਟਦੇ ਹੋਏ ਮੇਰੀ ਮਾਂ ਨੂੰ ਸਮਝਾਇਆ ਸੀ। ਫਿਰ ਆਪਣੀ ਆਦਤ ਅਨੁਸਾਰ ਇਸ ਨਾਲ ਸੰਬੰਧਿਤ ਇਕ ਬਾਤ ਵੀ ਸੁਣਾਈ।

"ਇਕ ਵੇਰਾਂ, ਇਕ ਛੋਟੇ ਜਿਹੇ ਮੁੰਡੇ ਨੂੰ ਕਿੱਧਰੋਂ ਸੋਨੇ ਦਾ ਵੱਡਾ ਹਾਰ ਲੱਭ ਪਿਆ। ਅਸਲ ਵਿੱਚ ਇਕ ਕਾਂ ਕਿਸੇ ਰਾਣੀ ਦਾ ਹਾਰ ਚੁੱਕ ਲਿਆਇਆ ਤੇ ਜਿੱਥੇ ਉਹ ਮੁੰਡਾ ਪਿਆ ਖੇਡਦਾ ਸੀ, ਉਥੇ ਲਿਆ ਸੁੱਟਿਆ। ਉਸ ਮੁੰਡੇ ਨੂੰ ਇਹ ਸਮਝ ਤਾਂ ਨਾ ਆਇਆ ਕਿ ਇਹ ਕੀ ਹੈ,ਪਰ ਚਮਕਦੀ ਹੋਈ ਚੀਜ਼ ਵੇਖ ਉਸ ਚੁੱਕ ਲਿਆ। ਘਰ ਆ ਉਸ ਨੇ ਉਹ ਹਾਰ ਆਪਣੀ ਮਾਂ ਨੂੰ ਦੇ ਦਿੱਤਾ। ਮਾਂ ਨੇ ਝੱਟ ਉਹ ਹਾਰ ਛੁਪਾ ਲਿਆ। ਥੋੜੀ ਦੇਰ ਬਾਅਦ ਉਸ ਆਪਣੀ ਛੱਤ ਤੇ ਜਾ ਕੇ ਕੁਝ ਲੱਡੂ ਭੋਰ ਕੇ ਸੁੱਟ ਦਿੱਤੇ। ਹੇਠਾਂ ਆ ਕੇ ਉਸ ਨੇ ਮੁੰਡੇ ਨੂੰ ਕਿਹਾ, ਆ, ਉੱਪਰ ਆ ਕੇ ਦੇਖ,ਲੱਡੂਆਂ ਦੀ ਬਾਰਿਸ਼ ਪਈ ਹੁੰਦੀ ਏ। ਆ, ਆਪਾਂ ਲੱਡੂ ਇੱਕਠੇ ਕਰ ਲਈਏ। ਮੁੰਡਾ ਚਾਈਂ-ਚਾਈਂ ਛੱਤ ਤੇ ਜਾ ਚੜ੍ਹਿਆ। ਸਚੁਮੱਚ ਉਥੇ ਕਿੰਨੇ ਹੀ ਲੱਡੂ ਭੋਰਾ-ਭੋਰਾ ਹੋਏ ਪਏ ਹੋਏ ਸਨ।

ਮੁੰਡੇ ਨੇ ਖੇਡਦੇ ਹੋਏ ਆਪਣੇ ਕਿਸੇ ਹਾਣੀ ਨੂੰ ਜਾ ਦੱਸਿਆ ਕਿ ਉਸ ਨੂੰ ਇਕ ਦਿਨ ਬਹੁਤ ਚਮਕਦੀ ਹੋਈ ਚੀਜ਼ ਲੱਭੀ ਸੀ। ਕੋਲ ਉਸ ਦੇ ਹਾਣੀ ਦਾ ਬਾਪੂ ਖੜਾ ਸੀ। ਉਸ ਨੂੰ ਪਤਾ ਸੀ ਕਿ ਰਾਜਾ ਦੇ ਸਿਪਾਹੀ ਰਾਣੀ ਦਾ ਗੁੰਮ ਹੋਇਆ ਹਾਰ ਪਏ ਲੱਭਦੇ ਹਨ। ਉਸ ਉਹ ਸੁਣੀ-ਸੁਣਾਈ ਗੱਲ , ਰਾਜੇ ਕੋਲ ਇਨਾਮ ਪਾਉਣ ਦੇ ਚੱਕਰ ਵਿੱਚ ਸਿਪਾਹੀਆਂ ਨੂੰ ਜਾ ਦੱਸੀ। ਪੁੱਛਦੇ-ਪੁਛਾਂਦੇ ਸਿਪਾਹੀ ਉਸ ਮੁੰਡੇ ਦੇ ਘਰ ਆ ਪਹੁੰਚੇ। ਉਨ੍ਹਾਂ ਉਸ ਮੁੰਡੇ ਕੋਲੋਂ ਪਹਿਲਾਂ ਪੁੱਛਿਆ। ਉਸ ਖੁਸ਼ੀ ਨਾਲ ਹਾਮੀ'ਚਾ ਭਰੀ। ਉਸ ਦੱਸਿਆ ਕਿ ਉਸ ਨੇ ਉਹ ਹਾਰ ਆਪਣੀ ਮਾਂ ਨੂੰ ਦੇ ਦਿੱਤਾ ਸੀ। ਸਿਪਾਹੀਆਂ ਉਸ ਦੀ ਮਾਂ ਕੋਲੋਂ ਪੁੱਛਿਆ। ਮਾਂ ਬੜੀ ਸਿਆਣੀ ਵੀ ਸੀ ਤੇ ਚਾਲਾਕ ਵੀ। ਉਸ ਸਿਪਾਹੀਆਂ ਸਾਹਮਣੇ ਆਪਣੇ ਮੁੰਡੇ ਤੋਂ ਪੁੱਛਿਆ, 'ਪੁੱਤਰ, ਤੂੰ ਕਿਸ ਦਿਨ ਦੀ ਗੱਲ ਪਿਆ ਕਰਦਾ ਏਂ।' 'ਮਾਂ, ਜਿਸ ਦਿਨ ਲੱਡੂਆਂ ਦੀ ਬਾਰਿਸ਼ ਹੋਈ ਸੀ, ਮੈਂ ਤੈਨੂੰ ਇਕ ਵੱਡੀ ਸਾਰੀ ਚਮਕਦੀ ਚੀਜ਼ ਲਿਆ ਕੇ ਦਿੱਤੀ ਸੀ।' ਮਾਂ ਨੇ ਭੋਲੇਪਨ ਨਾਲ ਸਿਪਾਹੀਆਂ ਵੱਲ ਦੇਖਿਆ ਤੇ ਕਿਹਾ, 'ਦੇਖਿਆ ਤੁਸੀਂ ਬੱਚਿਆਂ ਦੀਆਂ ਗੱਲਾਂ । ਲੱਡੂਆਂ ਦੀ ਬਾਰਿਸ਼..।' ਸਿਪਾਹੀ ਆਪਣਾ ਜਿਹਾ ਮੂੰਹ ਲੈ ਕੇ ਉਥੋਂ ਟੁਰ ਗਏ।"

ਮਾਂ ਜੀ ਕੋਲ ਹਰ ਗੱਲ ਦਾ ਜਵਾਬ ਤਿਆਰ ਹੁੰਦਾ ਸੀ। ਕਿਸੇ ਦਾ ਕੋਈ ਬੱਚਾ ਬਿਮਾਰ ਹੋ ਜਾਏ,ਉਹ ਰਾਤੀ-ਬਿਰਾਤੀ ਵੀ ਮਾਂ ਜੀ ਕੋਲੋਂ ਕੋਈ ਨਾ ਕੋਈ ਟੋਟਕਾ ਪੁੱਛਣ ਟੁਰ ਪੈਂਦਾ। ਕਿਸੇ ਸੁਆਣੀ

ਦੀਆਂ ਜੇ ਵੜੀਆਂ ਨਰਮ ਨਹੀਂ ਬਣਦੀਆਂ, ਉਹ ਇਸ ਦਾ ਗੁਰ ਮਾਂ ਜੀ ਤੋਂ ਆ ਕੇ ਪੁੱਛਦੀ। ਕੋਈ ਸਵੈਟਰ ਦੇ ਡਿਜ਼ਾਇਨ ਵਿੱਚ ਬਥੇਰਾ ਘੋਲ-ਮਾਲ ਕਰ ਜਾਂਦੀ, ਉਸ ਦੀ ਬੁਣਤੀ ਮਾਂ ਜੀ ਦੇ ਸਿਵਾ ਹੋਰ ਕਿਸੇ ਕੋਲੋਂ ਠੀਕ ਨਹੀਂ ਹੋ ਸਕਦੀ ਸੀ। ਬਸ ਇਕ ਗੱਲ ਸੀ, ਕਦੇ ਕਿਸੇ ਨੇ ਮਾਂ ਜੀ ਨੂੰ ਵਿਹਲਿਆਂ ਬੈਠਿਆ ਨਹੀਂ ਸੀ ਦੇਖਿਆ। ਉਹ ਹੈਰਾਨ ਹੁੰਦੀ ਕਿ ਲੋਕ ਬਿਮਾਰ ਕਿਵੇਂ ਪੈ ਜਾਂਦੇ ਹਨ, ਉਸ ਕੋਲ ਤਾਂ ਬਿਮਾਰ ਹੋਣ ਦਾ ਵੀ ਟਾਈਮ ਨਹੀਂ ਸੀ।

ਅੱਗੇ-ਪਿੱਛੇ ਗੁਆਢਣਾਂ ਗੱਲਾਂ ਕਰਦੀਆਂ,ਮਾਂ ਜੀ ਬੋਲਦੀ ਬਹੁਤ ਏਂ। ਆਪ ਵਿਹਲੀ ਬਹਿੰਦੀ ਨਹੀਂ , ਸਾਨੂੰ ਵਿਹਲਿਆਂ ਹੋਣ ਨਹੀਂ ਦੇਂਦੀ। ਜਦੋਂ ਕਦੇ ਮੇਰੀ ਮੰਮੀ ਵੀ ਇਹੋ ਜਿਹੀ ਹੀ ਕੋਈ ਗੱਲ ਮਾਂ ਜੀ ਬਾਰੇ ਕਹਿੰਦੀ, ਤਾਂ ਮੇਰੇ ਡੈਡੀ ਕਹਿੰਦੇ, "ਬੜੀ ਸਿਆਣੀ ਔਰਤ ਏਂ। ਇਨ੍ਹਾਂ ਤੋਂ ਕੁਝ ਸਿੱਖਿਆ ਕਰ। ਤੇਰੇ ਕੰਮ ਹੀ ਆਏਗਾ।"

ਸਮਾਂ ਬੀਤਦਾ ਗਿਆ।ਬਚਪਨ ਲੰਘ ਗਿਆ। ਇਕ ਅਰਸੇ ਬਾਅਦ ਅਸੀਂ ਉਸ ਪੁਰਾਣੇ ਮੁਹੱਲੇ ਤੋਂ ਮਕਾਨ ਬਦਲ ਕੇ ਇਕ ਨਵੀਂ ਕਾਲੋਨੀ ਵਿੱਚ ਕੋਠੀ ਵਿੱਚ ਰਹਿਣ ਆ ਗਏ। ਫਿਰ ਵੀ ਗਲੀ-ਮੁੱਹਲੇ ਵਾਲਿਆਂ ਨਾਲ ਮਾੜਾ-ਮੋਟਾ ਰਾਬਤਾ ਬਣਿਆ ਹੀ ਰਿਹਾ। ਇਕ ਸੁਖਦ ਗੱਲ ਪਤਾ ਲੱਗੀ ਕਿ ਮਾਂ ਜੀ ਦੇ ਦੋ ਪੁੱਤਰਾਂ ਨੇ ਸਾਡੀ ਹੀ ਕਾਲੋਨੀ ਦੇ ਦੂਜੇ ਬਲਾਕਾਂ ਵਿੱਚ ਕੋਠੀਆਂ ਲਈਆਂ ਹਨ ਤੇ ਪੁਰਾਣੀ ਜਗ੍ਹਾ ਛੱਡ ਕੇ ਆ ਗਏ ਹਨ। ਉਨ੍ਹਾਂ ਵਿਚੋਂ ਹੀ ਇਕ ਪੁੱਤਰ ਕੋਲ ਮਾਂ ਜੀ ਹੁਣ ਰਹਿ ਰਹੀ ਸੀ।

"ਕਿੰਨੀ ਦੇਰ ਲੱਗਾ ਦਿੱਤੀ ਆਂ ਆਉਂਦਿਆਂ, ਕਿਹੜੇ ਵੇਲੇ ਦੀ ਪਈ ਤੈਨੂੰ ਉਡੀਕਦੀ ਆਂ।" ਮੇਰੀ ਗੱਡੀ ਰੁੱਕਦੇ ਹੀ ਗੇਟ ਨਾਲ ਲੱਗ ਕੇ ਖੜੀ ਮੰਮੀ ਨੇ ਮੈਨੂੰ ਨਹੋਰਾ ਕੀਤਾ।

"ਦਿੱਲੀ ਦੇ ਟਰੈਫਿਕ ਦਾ ਪਤਾ ਨਹੀਂ ਤੁਹਾਨੂੰ..।" ਹਾਲਾਂਕਿ ਉਂਝ ਮੈਂ ਟਰੈਫਿਕ ਕਾਰਣ ਅਤਿਅੰਤ ਖਿੱਝ ਜਾਂਦੀ ਸੀ, ਪਰ ਅੱਜ ਮਾਂ ਜੀ ਦੀਆਂ ਯਾਦਾਂ ਵਿੱਚ ਗੁਆਚੀ ਨੂੰ ਟਰੈਫਿਕ 'ਤੇ ਗੁੱਸਾ ਨਹੀਂ ਆਇਆ ਸੀ।

ਰੋਟੀ-ਪਾਣੀ ਤੋਂ ਫ਼ਾਰਿਗ ਹੋ ਕੇ ਮੈਂ ਫਿਰ ਮੰਮੀ ਤੋਂ ਮਾਂ ਜੀ ਬਾਰੇ ਪੁੱਛਿਆ।

"ਮਾਂ ਜੀ ਦਾ ਤਾਂ ਬਹੁਤ ਬੁਰਾ ਹਾਲ ਹੈ।" ਕਹਿ ਕੇ ਮੰਮੀ ਨੇ ਸਿਰ ਮਾਰਿਆ।

"ਕਿਉਂ ਨੂੰਹ ਚੰਗੀ ਤਰ੍ਹਾਂ ਪੁੱਛਦੀ-ਭਾਲਦੀ ਨਹੀਂ।" ਮੇਰੇ ਮੂੰਹੋਂ ਸੁਭਾਵਿਕ ਜਿਹਾ ਸਵਾਲ ਨਿਕਲਿਆ, ਜੋ ਆਮ ਤੌਰ ਤੇ ਬੁਜ਼ਰਗਾਂ ਬਾਰੇ ਸੋਚਿਆ ਜਾਂਦਾ ਹੈ।

"ਨੂੰਹਾਂ-ਪੁੱਤਰ ਤਾਂ ਬਹੁਤ ਚੰਗੇ ਹਨ। ਇਸ ਨੂੰਹ ਨੇ ਹੁਣ ਇਕ ਨਰਸ ਵੀ ਰੱਖੀ ਹੋਈ ਏਂ ,ਉਨ੍ਹਾਂ ਦੀ ਦੇਖ ਭਾਲ ਲਈ।"

"ਫਿਰ.., ਬਿਮਾਰੀ ਕੀ ਹੈ?" ਮੇਰਾ ਅਗਲਾ ਸਵਾਲ ਸੀ।

"ਮਾਂ ਜੀ ਦਾ ਦਿਮਾਗ਼ ਹਿੱਲ ਗਿਆ ਏਂ। ਪਾਗਲਾਂ ਵਾਲੀਆਂ ਹਰਕਤਾਂ ਕਰਨ ਲੱਗ ਪਈ ਏਂ।"ਮੰਮੀ ਨੇ ਬੜੀ ਮਾਯੂਸੀ ਨਾਲ ਕਿਹਾ।

"ਹੈਂ..," ਹੈਰਾਨੀ ਨਾਲ ਮੇਰਾ ਮੂੰਹ ਅੱਡਿਆ ਗਿਆ।

"...।"

"ਤੁਸੀਂ ਤਾਂ ਦੱਸਦੇ ਹੁੰਦੇ ਸੀ ਕਿ ਮਾਂ ਜੀ ਬਹੁਤ ਹੀ ਸਿਆਣੀ ਜ਼ਨਾਨੀ ਸੀ। ਐਨੀ ਸਿਆਣੀ ਜ਼ਨਾਨੀ ਭਲਾ ਪਾਗਲ ਕਿਵੇਂ ਹੋ ਗਈ? ਕਿੱਧਰੇ ਦਿਮਾਗ਼ ਵਿੱਚ ਕੋਈ ਸੱਟ ਵਜ ਗਈ ਕਿ ਕੋਈ ਐਕਸੀਡੈਂਟ ਹੋ ਗਿਆ।" ਮੈਂ ਆਪਣੇ ਵਲੋਂ ਕਿਆਸੇ ਲੱਗਾਏ।

"ਨਹੀਂ, ਇੰਝ ਦਾ ਕੁਝ ਨਹੀਂ ਹੋਇਆ। ਬਸ, ਹਰਨਾਮ (ਉਨ੍ਹਾਂ ਦੀ ਨੂੰਹ) ਦੱਸਦੀ ਸੀ, ਪਤਾ ਨਹੀਂ ਬੈਠੇ-ਬੈਠੇ ਮਾਂ ਜੀ ਨੂੰ ਕੀ ਝੱਲ ਫੁਰ ਪੈਂਦਾ ਏਂ ਆਪਣੇ ਕੱਪੜੇ ਕੈਂਚੀ ਨਾਲ ਕੱਟ ਕੇ ਰੱਖ ਦਿੱਤੇ। ਉਸ ਨੂੰ ਵਾਜ਼



ਮਾਰ ਕੇ ਕਿਹਾ, 'ਹਰਨਾਮ, ਮੈਨੂੰ ਮਸ਼ੀਨ ਦੇ, ਮੈਂ ਆਪਣੇ ਕੱਪੜੇ ਠੀਕ ਕਰਨੇ ਨੇ।' ਉਸ ਕਿਹਾ, ਮਸ਼ੀਨ ਕੀ ਕਰਨੀ ਏਂ, ਕੱਪੜੇ ਫੱਟ ਗਏ ਹਨ, ਮੈਂ ਨਵੇਂ ਲਿਆ ਦੇਵਾਂਗੀ। ਜ਼ਿੱਦ ਫੜ ਲਈ, ਮੈਂ ਆਪੇ ਠੀਕ ਕਰਸਾਂ। ਮੈਨੂੰ ਮਸ਼ੀਨ ਚੁੱਕ ਕੇ ਲਿਆ ਦੇ।' ਉਹ ਕਹਿੰਦੀ, ਹੁਣ ਮਸ਼ੀਨਾਂ ਕੌਣ ਵਰਤਦਾ ਭਰਜਾਈ ਜੀ, ਤੁਸੀਂ ਦੱਸੋ।"

"ਫਿਰ ਹੋਇਆ ਕੀ.." ਮੈਂ ਗੱਲ ਦੀ ਤਹਿ ਵਿੱਚ ਜਾਣਾ ਚਾਹ ਰਹੀ ਸੀ।

"ਬਸ, ਇਸੇ ਤਰ੍ਹਾਂ ਹੀ ਉਹ ਕੁਝ ਨਾ ਕੁਝ ਕਰਨ ਲੱਗ ਪੈਂਦੀ ਏਂ। ਇਕ ਦਿਨ ਲਾਗਲੀ ਕੋਠੀ ਦੀ ਬੈੱਲ ਵਜਾ ਕੇ ਕਹਿਣ ਲੱਗੀ, ਕੋਈ ਕੰਮ ਹੈ, ਤੁਹਾਡੇ ਘਰ ਕਰਨ ਵਾਲਾ। ਮੈਂ ਕਰ ਦੇਂਦੀ ਹਾਂ। ਉਨ੍ਹਾਂ ਸਮਝਿਆ, ਕੋਈ ਕੰਮ ਕਰਨ ਵਾਲੀ ਬਾਈ ਏਂ। ਜਦ ਨੇੜੇ ਆ ਕੇ ਦੇਖਿਆ ਤਾਂ ਪਤਾ ਲੱਗਾ,ਨਾਲ ਵਾਲੀ ਕੋਠੀ ਦੇ ਸਰਦਾਰ ਜੀ ਦੀ ਮਾਤਾ ਜੀ ਹੈ। ਉਨ੍ਹਾਂ ਜ਼ਬਰਦਸਤੀ ਮਾਂ ਜੀ ਨੂੰ ਘਰ ਭੇਜਿਆ। ਇਹੋ ਜਿਹੀਆਂ ਹੀ ਕਈ ਗੱਲਾਂ ਦੱਸਦੀ ਸੀ ਹਰਨਾਮ। ਮਾਂ ਜੀ ਕਦੇ ਸਾਫ਼ ਭਾਂਡੇ ਹੀ ਚੁੱਕ ਕੇ ਮਾਂਜਣ ਲੱਗ ਪੈਂਦੀ ਏਂ। ਕਦੇ ਕੀਤੀ ਸਫ਼ਾਈ ਤੇ ਹੀ ਪੋਚਾ ਮਾਰਨ ਲੱਗ ਜਾਂਦੀ ਏਂ। ਹਰਨਾਮ ਕਹਿੰਦੀ, 'ਦੱਸੋ ਭਰਜਾਈ ਜੀ, ਜੇ ਮੇਰੇ ਘਰ ਕੋਈ ਆ ਜਾਵੇ ਤੇ ਉਹ ਮਾਂ ਜੀ ਨੂੰ ਇੰਝ ਸਾਫ਼-ਸਫ਼ਾਈ ਕਰਦੇ ਦੇਖੇ ਤਾਂ ਕੀ ਸੋਚੇਗਾ, ਭਲਾ ਮੈਂ ਉਨ੍ਹਾਂ ਕੋਲੋਂ ਘਰ ਦੇ ਕੰਮ ਕਰਵਾਉਂਦੀ ਹਾਂ। ਕਿਹਾ ਏਂ ਕਿੰਨੀ ਵਾਰ ਉਨ੍ਹਾਂ ਨੂੰ, ਮਾਂ ਜੀ,ਕਿਸੇ ਚੀਜ਼ ਦੀ ਲੋੜ ਹੋਵੇ, ਸਾਨੂੰ ਦੱਸੋ। ਪਰ ਮਾਂ ਜੀ , ਮੰਨਦੇ ਹੀ ਨਹੀਂ ..। ਹੁਣ ਨੂੰਹ-ਪੁੱਤਰ ਵੀ ਕੀ ਕਰਨ..।" ਮੰਮੀ ਨੂੰ ਮਾਂ ਜੀ ਦੇ ਨੂੰਹ-ਪੁੱਤਰ ਨਾਲ ਪੂਰੀ ਹਮਦਰਦੀ ਸੀ।

"ਮੰਮੀ, ਹਰਨਾਮ ਆਂਟੀ ਤਾਂ ਸਰਵਿਸ ਕਰਦੀ ਹੈ ਨਾ ਤੇ ਬੱਚੇ।"

"ਆਹੋ! ਸਕੂਲ ਜਾਂਦੀ ਏਂ ਪੜ੍ਹਾਉਣ। ਤਦੇ ਹੀ ਉਸ ਘਰ ਕਈ ਮਾਈਆਂ-ਨੌਕਰ ਲਾਏ ਹੋਏ ਹਨ। ਤਾਂ ਕਿ ਮਾਂ ਜੀ ਨੂੰ ਉਸ ਦੇ ਪਿੱਛੋਂ ਕੋਈ ਕੰਮ ਨਾ ਕਰਨਾ ਪਏ। ਪਰ ਫਿਰ ਵੀ ਢੋਈ ਕੋਈ ਨਹੀਂ ਕਹਿੰਦੀ ਸੀ, ਭਰਜਾਈ ਜੀ, ਮਾਂ ਜੀ ਸ਼ੀਸ਼ੇ ਦੇ ਅੱਗੇ ਖੜੇ ਹੋ ਕੇ ਆਪੇ ਗੱਲ ਕਰਨ ਲੱਗ ਜਾਂਦੀ ਹੈ। ਸ਼ੀਸ਼ੇ ਵਿੱਚ ਦਿੱਸਦੀ ਆਪਣੀ ਹੀ ਸ਼ਕਲ ਨੂੰ ਦੇਖ ਕੇ ਕਹੇਗੀ, 'ਵੇ ਪੁੱਤਰ ਵੇਖ,ਤੇਰੀ ਨਾਨੀ ਆਈ ਏਂ। ਫਿਰ ਅਕਸ ਵੱਲ ਹੱਥ ਵੱਧਾ ਕੇ ਕਹੇਗੀ, ਆ, ਮਾਂ ਗੱਲਾਂ ਕਰੀਏ..। ਔਹ! ਤੂੰ ਕਿਹੜਾ ਅਚਾਰ ਦੱਸਿਆ ਸੀ ਮੈਨੂੰ, ਪਤਾ ਨਹੀਂ ਅੱਜ ਕਲ੍ਹ ਮੇਰੇ ਤੋਂ ਕੋਈ ਅਚਾਰ ਹੀ ਨਹੀਂ ਪੈਂਦਾ, ਸਾਰੇ ਖਰਾਬ ਹੋ ਜਾਂਦੇ ਹਨ। ਮਾਂ, ਅੱਜ ਮੈਨੂੰ ਸ਼ਲਗਮ ਦਾ ਅਚਾਰ ਦੱਸ ਜਾ।' ਹਰਨਾਮ ਕਹਿੰਦੀ, ਭਰਜਾਈ ਜੀ, ਮਾਂ ਜੀ ਦੀਆਂ ਇਹ ਗੱਲਾਂ ਸੁਣ ਕੇ ਅਸੀਂ ਸਮਝਿਆ, ਇਨ੍ਹਾਂ ਦਾ ਕੋਈ ਅਚਾਰ ਖਾਣ ਦਾ ਮਨ ਪਿਆ ਕਰਦਾ ਹੈ। ਉਸੇ ਵੇਲੇ ਨੌਕਰ ਨੂੰ ਬਾਜ਼ਾਰ ਭੱਜਾਇਆ, ਜਾ, ਜਾ ਕੇ ਵਧੀਆ ਅਚਾਰ ਦੀ ਸ਼ੀਸ਼ੀ ਲੈ ਆ। ਜਿਹੜੀਆਂ ਦੋ ਗਰਾਹੀਆਂ ਖਾਣੀਆਂ ਨੇ, ਚਲੋ ਅਚਾਰ ਸੇਤੀ ਹੀ ਖਾ ਲੈਣ। ਨੌਕਰ ਝੱਟ ਬਾਜ਼ਾਰੋਂ ਅਚਾਰ ਲੈ ਆਇਆ। ਮੈਂ ਨੌਕਰ ਕੋਲੋਂ ਵਧੀਆ ਜਿਹਾ ਪਰਾਂਠਾ ਬਣਵਾ ਕੇ ਮਾਂ ਜੀ ਨੂੰ ਅਚਾਰ ਨਾਲ ਖਾਣ ਲਈ ਦਿੱਤਾ। ਉਨ੍ਹਾਂ ਝੱਟ ਪਲੇਟ ਪਰ੍ਹੇ ਸੁੱਟ ਮਾਰੀ।" ਐਨੀ ਲੰਮੀ ਗੱਲ ਦੱਸ ਮੰਮੀ ਸਾਹ ਲੈਣ ਲਈ ਰੁੱਕੀ।

"ਮੰਮੀ, ਉਨ੍ਹਾਂ ਦੇ ਘਰ ਪਿੱਛੋਂ ਹੋਰ ਕੌਣ ਹੁੰਦਾ ਏਂ?" ਮੈਂ ਕੁਝ ਹੋਰ ਜਾਨਣਾ ਚਾਹ ਰਹੀ ਸੀ।

"ਕੋਈ ਨਹੀਂ ਹੁੰਦਾ। ਬੱਚੇ ਬਾਹਰ ਪੜ੍ਹਣ ਚਲੇ ਗਏ ਹਨ। ਮੀਆਂ-ਬੀਵੀ ਸਵੇਰੇ ਆਪਣੇ ਕੰਮਾਂ ਕਾਜਾਂ ਤੇ ਨਿਕਲ ਜਾਂਦੇ ਹਨ। ਪਿੱਛੋਂ ਇਕ ਨੌਕਰ ਏਂ, ਜੋ ਘਰ ਨੂੰ ਦੇਖਦਾ-ਸੰਭਾਲਦਾ ਏਂ। ਕੰਮਾਂ ਵਾਲੀਆਂ ਬਾਈਆਂ ਵਾਰੀ-ਵਾਰੀ ਆ ਕੇ ਘਰ ਦਾ ਸਾਰਾ ਕੰਮ ਕਰ ਜਾਂਦੀਆਂ ਹਨ। ਹੁਣ ਦੇਖਿਆ ਜਾਏ ਤਾਂ, ਮਾਂ ਜੀ ਕੋਈ ਤਕਲੀਫ਼ ਨਹੀਂ। ਉਹ ਘਰ ਬੈਠ ਕੇ ਆਰਾਮ ਕਰੇ। ਪਰ ਹੁਣ ਬਿਪਤਾ ਹੀ ਅਜਿਹੀ ਆ ਗਈ ਏਂ ਕਿ ਮਾਂ ਜੀ ਇੱਕਲੀ ਥੈਲਾ ਚੁੱਕ ਕੇ ਬਾਜ਼ਾਰ ਕੁਝ ਖਰੀਦਣ ਹੀ ਨਾ ਨਿਕਲ ਜਾਏ ਜਾਂ ਗੇਟ ਦੇ ਬਾਹਰੋਂ ਕਿਸੇ ਰਾਹ ਲੰਘਦੇ ਨੂੰ ਫੜ ਕੇ ਅੰਦਰ ਗੱਲਾਂ ਕਰਨ ਲਈ ਹੀ ਨਾ ਲੈ ਆਵੇ, ਇਸ ਦਾ ਧਿਆਨ ਰੱਖਦੇ ਹੋਏ , ਉਨ੍ਹਾਂ ਨੂੰ ਗੇਟ ਨੂੰ ਸਾਰਾ ਦਿਨ ਤਾਲਾ ਲੱਗਾ ਕੇ ਰੱਖਣਾ ਪੈਂਦਾ ਹੈ।"

"ਮੰਮੀ, ਤੁਹਾਨੂੰ ਵੀ ਲੱਗਦਾ ਏਂ, ਮਾਂ ਜੀ ਨੂੰ ਕੋਈ ਤਕਲੀਫ਼ ਨਹੀਂ..। ਤੁਸੀਂ ਤਾਂ ਉਨ੍ਹਾਂ ਨਾਲ ਉਨ੍ਹਾਂ ਦੀਆਂ ਨੂੰਹਾਂ ਤੋਂ ਕਿਤੇ ਵੱਧ ਰਹੇ ਹੋ।" ਮੈਂ ਕਿਤੇ ਗਹਿਰੇ ਡੁੱਬਦੇ ਹੋਏ ਕਿਹਾ।

"ਹਾਂ, ਪਰ ਹੁਣ ਇਸ ਤੋਂ ਵੱਧ ਉਹ ਨੂੰਹ ਵੀ ਕੀ ਕਰੇ?ਉਹ ਆਪਣੇ ਵਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸੁਖ-ਆਰਾਮ ਦੇਣ ਦੀ ਕੋਸ਼ਿਸ਼ ਕਰ ਰਹੀ ਏਂ।"

"ਮੰਮੀ, ਇਹ ਆਰਾਮ ਹੀ ਸਾਡੇ ਲਈ ਹਰਾਮ ਹੋ ਗਿਆ ਹੈ। ਘਰ ਵਿੱਚ ਬਣਦੀ ਹਰ ਚੀਜ਼ ਅੱਜ ਬਾਜ਼ਾਰਾਂ ਵਿੱਚ ਰੇਡੀਮੇਡ ਮਿਲ ਜਾਂਦੀ ਏਂ ।ਅਸੀਂ ਬਾਜ਼ਾਰਾਂ ਵੱਲ ਹੀ ਭੱਜਦੇ-ਫਿਰਦੇ ਹਾਂ। ਇਨ੍ਹਾਂ ਮਸ਼ੀਨਾਂ, ਢੇਰ ਸਾਰੀਆਂ ਸੁਖ-ਸਹੂਲਤਾਂ ਨੇ ਬੰਦੇ ਨੂੰ ਵਿਹਲਾ ਕਰ ਦਿੱਤਾ ਏਂ ਤੇ ਇਸ ਵਿਹਲ ਨੇ ਬੰਦੇ ਨੂੰ ਇੱਕਲਾ ਕਰ ਦਿੱਤਾ ਏਂ। ਹੋਰ ਕੁਝ ਸਾਲਾਂ ਬਾਅਦ ਦੇਖਣਾ ਮੰਮੀ, ਵਿਹਲੇ ਤੇ ਇੱਕਲੇ ਹੋਣ ਲਈ ਬੁਢਾਪੇ ਤਕ ਦਾ ਇੰਤਜ਼ਾਰ ਨਹੀਂ ਕਰਨਾ ਪਏਗਾ, ਹਰ ਘਰ ਵਿੱਚ ਮਾਂ ਜੀ ਵਰਗੇ ਕਈ ਮਿਲਿਆ ਕਰਨਗੇ..।" ਮੈਂ ਪਤਾ ਨਹੀਂ ਕਿੱਥੇ ਗੁਆਚ ਗਈ ਸੀ।

"ਤੂੰ ਡਰਾ ਰਹੀ ਏਂ।" ਮੰਮੀ ਨੇ ਥੋੜ੍ਹਾ ਔਖੇ ਹੁੰਦੇ ਹੋਏ ਕਿਹਾ।

"ਨਹੀਂ ਮੰਮੀ, ਮੈਂ ਕਿਸੇ ਨੂੰ ਕੀ ਡਰਾਵਾਂਗੀ, ਇਹ ਵਕਤ ਹੀ ਸਾਨੂੰ ਸਮਝਾਏਗਾ।" ਮੈਂ ਕਿੱਧਰੇ ਖਲਾਅ ਵਿੱਚ ਉਤਰਦੇ ਹੋਏ ਕਿਹਾ।

ਮੇਰਾ ਮਨ ਕੀਤਾ, ਮੈਂ ਇਸੇ ਵੇਲੇ ਭੱਜ ਕੇ ਮਾਂ ਜੀ ਕੋਲ ਜਾਵਾਂ ਤੇ ਉਨ੍ਹਾਂ ਨੂੰ ਕਿਹਾ, "ਮਾਂ ਜੀ, ਮੈਨੂੰ ਆਪਣੀਆਂ ਉਹ ਢੇਰ ਸਾਰੀਆਂ ਕਹਾਣੀਆਂ ਸੁਣਾਓ, ਜਿਸ ਦਾ ਭੰਡਾਰ ਤੁਹਾਡੇ ਕੋਲ ਹੈ। ਜਿਨ੍ਹਾਂ ਨੂੰ ਸਮੇਂ ਦੇ ਨਾਲ-ਨਾਲ ਮੈਂ ਕੀ ਅਸੀਂ ਸਾਰੇ ਹੀ ਭੁੱਲਦੇ ਜਾ ਰਹੇ ਹਾਂ। ਤੁਹਾਡੇ ਉਹ ਟੋਟਕੇ,ਉਹ ਟੂਣੇ-ਟਾਮਣੇ ਦੱਸੋ, ਜੋ ਮੈਨੂੰ ਗੂਗਲ ਜਾਂ ਟਵਿਟਰ ਤੇ ਸਾਂਝਿਆਂ ਕੀਤਿਆਂ ਜਾਂ 'ਸਰਚਰ' ਕੀਤਿਆਂ ਵੀ ਨਹੀਂ ਮਿਲਣੇ। ਜਿਨ੍ਹਾਂ ਨੂੰ ਵਰਤਣ ਵਿੱਚ ਕੋਈ 'ਸਾਈਟ ਇਫੈਕਟ'ਨਹੀਂ ਹੋਣੇ ਤੇ ਨਾ ਹੀ ਕੋਈ ਖਰਚ ਕਰਨਾ ਪੈਣਾ ਏਂ। ਤੁਹਾਡੀ ਬੜੀ ਲੋੜ ਹੈ ਸਾਨੂੰ..। ਤੁਹਾਡੇ ਅਨੁਭਵਾਂ ਦੇ ਸ੍ਰੋਤ ਇਨ੍ਹਾਂ ਖਾਮੋਸ਼ੀਆਂ ਕਾਰਣ ਕਿੱਧਰੇ ਸੁੱਕ ਜਾਣ ਜਾਂ ਮੁੱਕ ਜਾਣ, ਸਾਨੂੰ ਉਹ ਸਭ ਸੰਭਾਲ ਲੈਣੇ ਚਾਹੀਦੇ ਹਨ..।" ਮੇਰੀ ਲੰਮੀ ਸੋਚ ਨੂੰ ਟੈਲੀਫ਼ੋਨ ਦੀ ਘੰਟੀ ਨੇ ਤੋੜ ਦਿੱਤਾ।

ਜਿੰਨੀ ਦੇਰ 'ਚ ਮੈਂ ਚੇਤਦੀ, ਮੰਮੀ ਨੇ ਰਿਸੀਵਰ ਚੁੱਕ ਲਿਆ ਸੀ।

"ਔਹ ਹੋ ! ਹੱਛਾ, ਕਿਹੜੇ ਵੇਲੇ?" ਮੰਮੀ ਦੀ ਮਾਯੂਸ ਆਵਾਜ਼ ਨੇ ਮੇਰਾ ਹੋਰ ਵੀ ਧਿਆਨ ਆਪਣੇ ਵੱਲ ਖਿੱਚ ਲਿਆ। ਫ਼ੋਨ ਬੰਦ ਕਰ, ਮੰਮੀ ਨੇ ਹਉਕਾ ਲਿਆ।

"ਕਿਸ ਦਾ ਫ਼ੋਨ ਸੀ... ਮੰਮੀ?"

"ਵੇਖ ਲੈ, ਅੱਜ ਸਾਰਾ ਦਿਨ ਮਾਂ ਜੀ ਨੂੰ ਯਾਦ ਕਰਦੇ ਰਹੇ ਹਾਂ,ਉਹ ਪੂਰੇ ਹੋ ਗਏ ਹਨ।" ਮੰਮੀ ਦੀ ਆਵਾਜ਼ ਵਿੱਚ ਬੜਾ ਹੀ ਪੀੜਾ ਭਰੀ ਹੋਈ ਸੀ।

"ਮੈਂ ਵੀ ਤੁਹਾਡੇ ਨਾਲ ਚਲਾਂਗੀ..।" ਕਹਿੰਦੇ ਹੋਏ ਮੈਂ ਮਨ ਵਿੱਚ ਇਕ ਨਿਸ਼ਚਾ ਵੀ ਕਰ ਲਿਆ ਸੀ, ਇਹੋ ਜਿਹੀਆਂ ਹੋਰ ਮਾਂ ਜੀਆਂ ਨੂੰ ਇੱਕਲੇਪਨ ਦਾ ਸ਼ਿਕਾਰ ਨਹੀਂ ਹੋਣ ਦੇਣਾ। ਜਿੱਥੋਂ ਤਕ ਹੋ ਸਕਿਆ, ਇਨ੍ਹਾਂ ਬੁਜ਼ਰਗਾਂ ਨੂੰ ਇੱਕਲੇਪਨ ਤੋਂ ਬਚਾਉਣ ਦਾ ਕੋਈ ਨਾ ਕੋਈ ਹੀਲਾ ਜ਼ਰੂਰ ਕਰਨਾ ਪਏਗਾ, ਭਾਵੇਂ ਸਮੇਂ ਅਨੁਸਾਰ ਇਸ ਦੇ ਕਿਸੇ ਕਲਬ ਜਾਂ ਐਨ.ਜੀ.ਓ. ਨੂੰ ਹੀ ਕਿਉਂ ਨਾ 'ਜੁਆਇਨ' ਕਰਨਾ ਪਏ। ਆਪਣੇ ਵਲੋਂ ਜ਼ਰੂਰ ਕੋਸ਼ਿਸ਼ ਕਰਾਂਗੀ ਤਾਂ ਕਿ ਹੋਰ ਦੇਰ ਨਾ ਹੋ ਜਾਏ ।



## ਕਹਾਣੀ / ਹਲਕਾਅ / -ਬਲਵੀਰ ਕੌਰ ਰੀਹਲ

"ਕਾਕਾ ਆਹ ਕੁੱਤੇ ਨੂੰ ਭੌਂਕਣੋਂ ਰੋਕ" ਮੇਰਾ ਦਿਲ ਘਟਦਾ ਹੈ ,ਆਹ ਵਾਜ਼ਾਂ ਸੁਣ ਕੇ ਦਿਲ ਨੂੰ ਕੁੱਝ ਹੋਣ ਲੱਗ ਪੈਂਦਾ ਹੈ, ਮੁੰਡੇ ਨੇ ਕੁੱਤੇ ਦੇ ਚੁੱਕ ਕੇ ਡੰਡਾ ਮਾਰਿਆ ਤੇ ਉਹ ਚਊਂ-ਚਊਂ ਕਰਦਾ ਘਰੋਂ ਬਾਹਰ ਨਿਕਲ ਗਿਆ, ਮੇਰੀ ਮਾੜੀ ਜਿਹੀ ਅੱਖ ਲੱਗੀ ਹੀ ਸੀ, ਸਪੀਕਰ ਵੱਜਣ ਲੱਗ ਪਿਆ, ਹਰੇਕ ਸਾਲ ਪੰਦਰਾ ਅਗਸਤ ਵਾਲੇ ਦਿਨ ਪਿੰਡ ਦੇ ਗੁਰਦੁਆਰੇ ਆਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ। ਇਹ ਤਿੰਨ ਦਿਨ ਮੇਰੇ ਲਈ ਕੱਟਣੇ ਔਖੇ ਹੋ ਜਾਂਦੇ ਹਨ, ਮੈਂ ਇਹ ਆਵਾਜ਼ਾਂ ਸੁਣਨਾ ਨਹੀਂ ਚਾਹੁੰਦੀ। ਇਸ ਪਾਠ ਦਾ ਭੋਗ ਉਹਨਾਂ ਲੋਕਾਂ ਦੀ ਸ਼ਾਤੀ ਲਈ ਪਾਇਆ ਜਾਂਦਾ ਹੈ, ਜਿਹੜੇ ਸੰਤਾਲੀ ਦੀ ਵੰਡ ਵੇਲੇ ਜਨੂੰਨੀਆਂ ਦੀ ਬਲੀ ਚੜ੍ਹ ਗਏ। ਮੈਂ ਕਦੇ ਤਾਕੀਆਂ ਬੰਦ ਕਰਦੀ ਹਾਂ, ਕਦੇ ਦਰਵਾਜਾ ਬੰਦ ਕਰਦੀ ਹਾਂ। ਮੈਂ ਤਾਕੀ ਰਾਹੀਂ ਵੀ ਕੁੱਤੇ ਨੂੰ ਦੇਖਣਾ ਨਹੀਂ ਚਾਹੁੰਦੀ।

ਜਿਵੇਂ-ਜਿਵੇਂ ਪਾਠੀ ਸਿੰਘ ਦੀ ਆਵਾਜ਼ ਉੱਚੀ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਮੇਰੇ ਕੰਨਾਂ ਵਿਚ ਚੀਕਾਂ ਦਾ ਸ਼ੋਰ ਉੱਚਾ ਹੁੰਦਾ ਜਾਂਦਾ ਹੈ। ਸਾਡੇ ਪਿੰਡ ਵਿਚ ਮੁਸਲਮਾਨ ਸਦੀਆਂ ਤੋਂ ਵਸਦੇ ਰਸਦੇ ਆ ਰਹੇ ਸਨ। ਹਬੀਬ ਰਾਣਾ ਪੰਜ ਸੌਅ ਏਕੜ ਦਾ ਮਾਲਕ ਸੀ, ਪਿੰਡ ਦਾ ਕਹਿੰਦਾ ਕਹਾਉਂਦਾ ਬੰਦਾ ਸੀ। ਪਿੰਡ ਦੇ ਅੱਧ ਤੋਂ ਵੱਧ ਲੋਕ ਉਸ ਦੇ ਖੇਤਾਂ ਵਿਚ ਕਾਮੇ ਸਨ,ਉਹ ਆਪਣੇ ਕੋਲ ਦੋਨਾਲੀ ਰੱਖਦਾ, ਬੜਾ ਰੋਅਬ ਸੀ ਉਹਦਾ, ਰੱਜ ਕੇ ਸੋਹਣਾ ਸੁਨੱਖਾ, ਛੇਅ ਫੁੱਟਾਂ ਉੱਚਾ ਲੰਬਾ ਸਿਰਕੱਢ ਤੇ ਦਿਲ ਵਾਲਾ ਨਰ ਬੰਦਾ ਸੀ। ਰਾਣੇ ਦੇ ਬਜ਼ੁਰਗ ਕਈ ਪੀੜ੍ਹੀਆਂ ਪਹਿਲਾਂ ਰਾਜਪੂਤਾਂ ਤੋਂ ਧਰਮ ਬਦਲ ਕੇ ਮੁਸਲਮਾਨ ਬਣ ਗਏ ਸਨ। ਰਾਣੇ ਨੂੰ ਫ਼ਲਾਂ ਦੇ ਬੂਟੇ ਲਾਉਣ ਦਾ ਬਹੁਤ ਸ਼ੌਕ ਸੀ, ਬਾਰਾਂ ਵਰ੍ਹੇ ਹੋ ਗਏ ਸਨ ਉਹਨੂੰ ਅਲੱਗ-ਅਲੱਗ ਫ਼ਲਾਂ ਦਾ ਬਾਗ ਤਿਆਰ ਕਰਦੇ ਨੂੰ ਉਹ ਤੇ ਉਸ ਦੇ ਭਰਾ ਨੇ ਪਿੰਡ ਆਉਣਾ ਛੱਡ ਦਿੱਤਾ ਸੀ, ਬਸ ਬਾਗ ਵਿਚ ਹੀ ਰਹਿੰਦੇ ਸਨ ਦੋਵੇਂ ਭਰਾ। ਦਸਾਂ ਖੇਤਾਂ ਦਾ ਬਾਰਾਂ ਵਰਿਆਂ ਮਗਰੋਂ ਬਾਗ ਬਣ ਕੇ ਤਿਆਰ ਹੋ ਗਿਆ ਸੀ। ਬਾਗ ਦੇ ਬੂਟੇ ਭਰ ਜਵਾਨੀ ਤੇ ਆ ਗਏ ਸਨ। ਉਹ ਜਦੋਂ ਬੂਟਿਆਂ ਨੂੰ ਬੂਰ ਪਿਆ ਦੇਖਦਾ ਉਸਦਾ ਮਨ ਅਸ਼ -ਅਸ਼ ਕਰ ਉੱਠਦਾ ।

ਜੇਠੇ ਵੀਰਵਾਰ ਉਹ ਨਿਆਜ਼ ਤਿਆਰ ਕਰਕੇ ਸਾਰੇ ਪਿੰਡ ਨੂੰ ਢੱਕੀ ਤੇ ਆਉਣ ਦਾ ਸੱਦਾ ਦਿੰਦਾ। ਪਹਿਲੀ ਵਾਰ ਫਲ ਲੱਗਿਆ ਉਹਨੇ ਸਾਰੇ ਪੈਸਿਆਂ ਦੀ ਨਿਆਜ਼ ਤਿਆਰ ਕਰਵਾਈ, ਸਾਰਾ ਪਿੰਡ ਢੱਕੀ ਸੱਦਿਆ । ਪਿੰਡ ਦੇ ਸਭ ਲੋਕ ਢੱਕੀ ਜਾਂਦੇ। ਹਿੰਦੂ ਸਿੱਖਾਂ ਦੇ ਮੁੰਡੇ ਉਸ ਦੇ ਸੱਜਣ ਮਿੱਤਰ ਸਨ। ਨੱਥਾ ਉਸ ਦਾ ਸਭ ਤੋਂ ਪਿਆਰਾ ਜਿਗਰੀ ਯਾਰ ਸੀ। ਕਦੇ ਨੱਥਾ ਉਸ ਦੇ ਬਾਗਾਂ ਵਿਚ ਹੁੰਦਾ ਤੇ ਕਦੇ ਉਹ ਨੱਥੇ ਦੇ ਮੁਰੱਬੇ ਉਹਦੇ ਕੋਲ ਆ ਕੇ ਬੈਠਦਾ ਉੱਠਦਾ। ਜ਼ਮੀਨਾਂ ਵਥੇਰੀਆਂ ਸਨ ਪਰ ਲੋਕਾਂ ਕੋਲ ਪੈਸੇ ਨਾਲੋਂ ਪਿਆਰ ਵੱਧ ਸੀ। ਪੈਸੇ ਧੇਲੇ ਦੀ ਲੋੜ ਹੁੰਦੀ ਦੋਵੇਂ ਇਕ ਦੂਜੇ ਦੀ ਗਰਜ਼ ਪੂਰੀ ਕਰ ਦਿੰਦੇ। ਰਾਣੇ ਨੂੰ ਰਸਤੇ ਜਾਂਦੇ ਇਕ ਬਲਦ ਪਸੰਦ ਆ ਗਿਆ ਉਹਦੇ ਖੀਸੇ ਵਿਚ ਬਲਦ ਦੇ ਮਾਲਕ ਨੂੰ ਦੇਣ ਜੋਗੇ ਪੈਸੇ ਨਹੀਂ ਸਨ, ਝੱਟ ਕੋਲ ਬੈਠੇ ਨੱਥੇ ਨੇ ਬਲਦ ਮਾਲਕ ਦੇ ਹੱਥ ਪੈਸੇ ਧਰ ਦਿੱਤੇ। ਰਾਣੇ ਨੇ ਨੱਥੇ ਨੂੰ ਪੈਸੇ ਦੇਣ ਦੀ ਬਹੁਤ ਵਾਰ ਜਿੱਦ ਕੀਤੀ ਪਰ ਉਹ ਹਰੇਕ ਵਾਰੀ ਹੀ ਟਾਲ ਜਾਂਦਾ। ਨੱਥੇ ਨੂੰ ਪਤਾ ਹੀ ਨਾ ਲੱਗਾ ਕਦੋਂ ਇਕ ਖੇਤ ਦੀ ਰਜਿਸਟਰੀ ਰਾਣਾ ਉਹਦੇ ਨਾਂ ਕਰਵਾ ਆਇਆ ਸੀ।

ਖਾਣਾ-ਪੀਣਾ ਉੱਠਣਾ ਬੈਠਣਾ ਇਕੱਠਾ ਸੀ। ਬਚਪਨ ਵਿਚ ਦੋਵੇਂ ਮੱਝਾਂ ਦੀਆਂ ਪੂਛਾਂ ਫੜ੍ਹ ਕੇ ਟੋਭੇ ਵਿਚ ਤਾਰੀਆਂ ਲਾਉਂਦੇ ਇਕੱਠਿਆਂ ਨੇ ਪੰਜ ਜਮਾਤਾਂ ਪਾਸ ਕੀਤੀਆਂ। ਜਦੋਂ ਅੰਬ ਪੱਕਦੇ ਇਕੱਠੇ ਬੈਠ ਕੇ

ਟਪਕੇ ਦੇ ਅੰਬ ਚੂਪਦੇ ਬ਼ੇਸ਼ੱਕ ਉਹਨਾਂ ਦੋਹਾਂ ਦੇ ਅਲੱਗ-ਅਲੱਗ ਧਰਮ ਤੇ ਘਰ ਵੱਖਰੇ ਸਨ, ਪਰ ਜਦੋਂ ਉਹ ਇਕ ਦਿਨ ਨਾ ਮਿਲਦੇ ਉਹਨਾਂ ਨੂੰ ਲੱਗਦਾ ਸੀ ਜਿਵੇਂ ਉਹਨਾਂ ਦੀ ਜਾਨ ਨਿਕਲ ਚੱਲੀ ਹੋਵੇ।

ਜਿਹਨਾਂ ਪਿੰਡਾਂ ਵਿਚ ਮੁਸਲਮਾਨਾਂ ਦੇ ਘਰ ਵੱਧ ਸਨ, ਲੱਗਦਾ ਸੀ ਉੱਥੇ ਕੋਈ ਖਤਰਾ ਨਹੀਂ ਸੀ ।ਪਰ ਰੋਜ਼ ਮੁਸਲਮਾਨਾਂ ਲਈ ਪੰਜਾਬ ਵਿਚ ਮੁਸਲਿਮ ਵਿਰੋਧੀ ਸੁਰਾ ਉੱਠ ਰਹੀਆਂ ਸਨ, ਨੱਥਾ ਸਾਰਾ ਦਿਨ ਰਾਣੇ ਕੋਲ ਬੈਠਾ ਰਿਹਾ। ਰਾਣਾ ਜਾਣਦਾ ਸੀ ਕਿ ਪਿੰਡ ਵਾਲੇ ਉਹਨੂੰ ਕੁੱਝ ਨਹੀਂ ਕਹਿਣਗੇ ।"ਨੱਥਿਆ ਜਾਅ ਹੁਣ ਜਾ ਕੇ ਸੌਂਅ ਜਾਂ ਮੈਨੂੰ ਕੁੱਝ ਨਹੀਂ ਹੁੰਦਾ।" ਰਾਣੇ ਨੇ ਪਿੰਡ ਤੇ ਮਾਣ ਕਰਦਿਆ ਉਹਨੂੰ ਭੇਜ ਦਿੱਤਾ , ਅੱਧੀ ਕੁ ਰਾਤ ਨੂੰ ਨੱਥਾ ਆਪਣੇ ਡੰਗਰਾਂ ਕੋਲ ਆ ਕੇ ਸੌਂਅ ਗਿਆ। ਸਿੰਬਲੀ ਵਲੋਂ ਜਥਾ ਹਮਲਾ ਕਰਨ ਦੀ ਪੂਰੀ ਤਿਆਰੀ ਕਰੀ ਬੈਠਾ ਸੀ। ਕਦੋਂ ਮੌਕਾ ਮਿਲੇ ਤੇ ਕਦੋਂ ਉਹ ਰਾਣੇ ਤੇ ਹਮਲਾ ਕਰਨ।

ਹਬੀਬ ਰਾਣੇ ਦਾ ਟੱਬਰ ਜਦੋਂ ਬਾਗਾਂ ਨੂੰ ਜਾਂਦਾ , ਰਸਤੇ ਵਿਚ ਪੈਂਦੇ ਨੱਥੇ ਦੇ ਡੇਰੇ ਤੇ ਕੁੱਝ ਦੇਰ ਲਈ ਰੁਕ ਕੇ ਜਾਂਦਾ। ਦੋਵੇਂ ਇਕ ਦੂਜੇ ਦੇ ਊਠ ਬਲਦ ਲੈ ਕੇ ਖੇਤੀ ਕਰਦੇ। ਰਾਣੇ ਦੀਆ ਭੈਣਾਂ ਅੱਧੀ-ਅੱਧੀ ਰਾਤ ਤੱਕ ਨੱਥੇ ਦੀ ਵਹੁਟੀ ਕੋਲ ਬੈਠ ਕੇ ਚਰਖਾ ਕੱਤਦੀਆਂ। ਦਿਨੇ ਸੀਣ ਪਰੋਣ ਤੇ ਕਢਾਈ ਦਾ ਕੰਮ ਕਰਦੀਆਂ । ਖੂਹਾਂ ਤੇ ਇਕੱਠੀਆਂ ਪਾਣੀ ਭਰਨ ਜਾਂਦੀਆਂ ਇਕ ਦੂਜੀ ਨੂੰ ਹਾਸੇ ਠੱਠੇ ਕਰਦੀਆਂ ਜੁਆਨ ਹੋ ਰਹੀਆਂ ਸਨ।

ਰਾਣਾ ਤਾਂ ਆਮ ਦਿਨਾਂ ਵਾਂਗ ਵਿਚਰ ਰਿਹਾ ਸੀ, ਉਹ ਅੱਧੇ ਤੋਂ ਵੱਧ ਪਿੰਡ ਦਾ ਮਾਲਕ ਸੀ। ਨੱਥਾ ਵੀ ਅਣਜਾਣ ਸੀ ਕਿ ਪਿੰਡ ਦੇ ਲੋਕ ਰਾਣੇ ਵਿਰੁੱਧ ਅੰਦਰੋਂ ਅੰਦਰੀ ਕੀ ਕੀ ਮਤੇ ਪਕਾਈ ਬੈਠੇ ਹਨ। ਪਿੰਡ ਦੇ ਲੋਕਾਂ ਨੇ ਨੱਥੇ ਨਾਲ ਕੋਈ ਗੱਲ ਸਾਂਝੀ ਨਾ ਕੀਤੀ ਉਹ ਡਰਦੇ ਸਨ ਇਹ ਸਭ ਕੁੱਝ ਉਹਨੂੰ ਜਾ ਕੇ ਦਸ ਦੇਵੇਗਾ, ਤੇ ਰਾਣੇ ਨੂੰ ਚੌਕੰਨਾ ਕਰ ਦੇਵੇਗਾ।

ਰਾਤ ਸਿਖਰ ਤੇ ਹੈ ਇਹ ਕਿਹੋ ਜਿਹੀ ਚੰਦਰੀ ਕਾਲੀ ਹਵਾ ਵਗੀ ਸੀ,ਰਾਣਾ ਸੋਚਦਾ ਸੀ ਇਹ ਪਿੰਡ ਮੇਰਾ ਹੈ, ਮੈਂ ਇੱਥੇ ਜੰਮਿਆ ਪਲਿਆ ਮੇਰੀਆਂ ਜੜ੍ਹਾਂ ਇੱਥੇ ਹਨ। ਮੈਨੂੰ ਪਿੰਡ ਦੇ ਲੋਕ ਕੁੱਝ ਨਹੀਂ ਕਹਿਣਗੇ ਉਹ ਮੇਰੇ ਭਰਾ ਹਨ। ਹਬੀਬ ਰਾਣਾ ਪਿੰਡ ਦਾ ਚੌਧਰੀ ਬੰਦਾ ਸੀ ਘੱਟ ਜ਼ਮੀਨਾਂ ਦੇ ਮਾਲਕ ਉਸ ਕੋਲੋਂ ਖਾਰ ਖਾਦੇਂ ਸਨ ਤੇ ਇਕ ਗੱਲ ਹੋਰ ਪਿੰਡ ਦਾ ਲੱਭੂ ਰਾਣੇ ਦੇ ਖੇਤਾਂ ਦਾ ਪੱਕਾਂ ਹੀ ਕਾਮਾ ਸੀ , ਲੱਭੂ ਦੀ ਵਹੁਟੀ ਬਹੁਤ ਸੋਹਣੀ ਸੀ, ਹਬੀਬ ਰਾਣੇ ਨਾਲ ਲੱਭੂ ਦੀ ਵਹੁਟੀ ਦੀ ਕਦੋਂ ਨੇੜਤਾ ਵਧ ਗਈ ਪਤਾ ਹੀ ਨਾ ਲੱਗਾ, ਉਸ ਦੇ ਇਕ ਮੁੰਡਾ ਹੋਇਆ ਪਰ ਮਰ ਗਿਆ, ਲੋਕ ਰਾਣੇ ਦੀ ਘੋੜੀ ਖੜੀ ਤਾਂ ਲੱਭੂ ਦੇ ਬੂਹੇ ਮੋਹਰੇ ਵੇਖ ਲੈਂਦੇ ਪਰ ਅੰਦਰ ਵੜਨ ਦਾ ਕਿਸੇ ਦਾ ਹੀਂਆ ਨਾ ਪੈਂਦਾ, ਗੱਲ ਭਾਵੇਂ ਪੁਰਾਣੀ ਹੋ ਗਈ ਸੀ ਪਰ ਲੋਕਾਂ ਦੇ ਮਨਾਂ ਵਿਚ ਇਕ ਗੰਢ ਜ਼ਰੂਰ ਬਣੀ ਹੋਈ ਸੀ।

ਸਾਰੀ ਰਾਤ ਉਹ ਮਨ ਹੀ ਮਨ ਸੋਚਾਂ ਸੋਚਦਾ ਰਿਹਾ। ਤੜਕਸਾਰ ਉਹ ਉੱਠ ਕੇ ਜੰਗਲ ਪਾਣੀ ਗਿਆ। ਰਾਣਾ ਹਮੇਸ਼ਾਂ ਆਪਣੀ ਬੰਦੂਕ ਸਿਰਾਹਣੇ ਰੱਖ ਕੇ ਸੌਂਦਾ ਸੀ , ਅੱਜ ਉਹ ਆਪਣੀ ਬੰਦੂਕ ਘਰ ਹੀ ਭੁੱਲ ਗਿਆ ਸੀ, ਨਾਲ ਦੇ ਪਿੰਡ ਦੇ ਕੁੱਝ ਮੁਸਲਮਾਨ ਰਾਣੇ ਨਾਲ ਮਸ਼ਵਰਾ ਕਰਨ ਆਏ ਸਨ ਕਿ ਜਿਸ ਦਿਨ ਸੰਗਰਾਂਦ ਹੈ, ਸਾਰੇ ਇਕੱਠੇ ਹੋਏ ਪਿੰਡ ਵਾਸੀਆਂ ਨੂੰ ਇਕੋ ਵੇਲੇ ਭੁੰਨ ਦੇਵਾਂਗੇ , ਰਾਣੇ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ, ਉਹ ਤਾਂ ਪਿੰਡ ਦੇ ਲੋਕਾਂ ਨੂੰ ਆਪਣੀ ਜਿੰਦ ਜਾਨ ਸਮਝਦਾ ਸੀ।

ਹੱਲਾਕਾਰੀ ਸਾਰੀ ਰਾਤ ਉਹਦੀ ਉਡੀਕ ਕਰਦੇ ਰਹੇ , ਕਦੋਂ ਉਹ ਬਾਹਰ ਨਿਕਲੇ। ਤੜਕੇ ਤੜਕੇ ਉਹ ਆਪਣੀ ਬੰਦੂਕ ਲਿਆਉਣਾ ਭੁੱਲ ਗਿਆ ਸੀ। ਉਹਨੂੰ ਤਾਂ ਆਪਣੇ ਹਮਸਾਇਆ ਤੇ ਮਾਣ ਸੀ। ਪਿੰਡ ਦੇ ਲੋਕਾਂ ਨੇ ਨਾਲ ਦੇ ਪਿੰਡ ਦੇ ਕੁੱਝ ਲੋਕਾਂ ਨੂੰ ਰਾਤ ਹੀ ਘਰੇ ਬੁਲਾ ਲਿਆ ਸੀ, ਜਦੋਂ ਉਹ ਖੇਸ ਦੀ ਬੁਕੱਲ ਮਾਰ ਕੇ ਬਾਹਰ ਨਿਕਲਿਆ ਮੋੜਾਂ ਚੁਰਸਤਿਆ ਤੇ ਖੜੇ ਹੱਲਾਕਾਰੀ ਉਹਦੇ ਪਿੱਛੇ ਹੋ ਤੁਰੇ, ਉਹ ਅਜੇ ਪੈਰਾਂ ਭਾਰ



ਜਾ ਕੇ ਬੈਠਾ ਹੀ ਸੀ , ਰੁਆਲੇ ਜਿਹੇ ਵਿਚ ਹੀ ਲੋਕਾਂ ਨੇ ਇਸ਼ਾਰਾ ਕਰ ਦਿੱਤਾ, ਉਹ ਅਜੇ ਆਪਣਾ ਆਪ ਸੰਭਾਲਣ ਹੀ ਲੱਗਾ ਸੀ ਜਦ ਨੂੰ ਇਕੱਠੇ ਹੋਏ ਲੋਕਾਂ ਨੇ ਉਸਨੂੰ ਤੇਜ ਹਥਿਆਰਾਂ ਨਾਲ ਵਾਰ ਕਰਕੇ ਉੱਥੇ ਹੀ ਢੇਰੀ ਕਰ ਦਿੱਤਾ ਉਹ ਵਥੇਰੇ ਵਾਸਤੇ ਪਾਉਦਾ ਰਿਹਾ ਪਰ ਉਹਦੀ ਕਿਸੇ ਨੇ ਵੀ ਇਕ ਗੱਲ ਨਾ ਸੁਣੀ। ਉਹ ਮੁੜ ਉੱਠ ਨਾ ਸਕਿਆ।

ਅੱਧੇ ਹੱਲਾਕਾਰੀ ਰਾਣੇ ਦੇ ਘਰ ਵੱਲ ਨੂੰ ਚਲੇ ਗਏ। ਕੁੱਝ ਹੱਲਾਕਾਰੀਆਂ ਨੇ ਰਾਣੇ ਦੀ ਬੰਦੂਕ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਘਰ ਦੀਆਂ ਔਰਤਾਂ ਨੇ ਕੋਠੇ ਦੀ ਛੱਤ ਉੱਪਰੋਂ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ, ਭੀੜ ਮੋਹਰੇ ਖਾਲੀ ਹੱਥ ਔਰਤਾਂ ਬਹੁਤੀ ਦੇਰ ਮੁਕਾਬਲਾ ਨਹੀਂ ਕਰ ਸਕੀਆਂ। ਹਬੀਬ ਰਾਣੇ ਦੀ ਪਤਨੀ ਛਿਲੇ ਵਿਚ ਸੀ, ਕੁੱਛੜ ਉਹਦੇ ਕੁੱਝ ਕੁ ਦਿਨਾਂ ਦਾ ਛੋਟਾ ਬੱਚਾ ਸੀ। ਭੀੜ ਵਿਚੋਂ ਹੀ ਇਕ ਜਣੇ ਨੇ ਮੁੰਡਾ ਫੜ੍ਹ ਕੇ ਸਭ ਤੋਂ ਪਹਿਲਾਂ ਮਾਂ ਦੀਆਂ ਅੱਖਾਂ ਅੱਗੇ ਕਤਲ ਕਰ ਦਿੱਤਾ, ਮਾਂ ਬਥੇਰਾ ਤੜਫੀ ਪਰ ਬੇਬੱਸ ਚੀਕਾਂ ਅੰਬਰ ਚੀਰ ਰਹੀਆਂ ਸਨ, ਇਕ ਮੁੱਛ ਫੁੱਟ ਗੱਭਰੂ ਨੇ ਤਲਵਾਰ ਰਾਣੇ ਦੀ ਪਤਨੀ ਦੇ ਆਰ ਪਾਰ ਲੰਘਾ ਦਿੱਤੀ..ਉਸ ਦੀਆਂ ਅੱਖਾਂ ਅੰਬਰ ਵੱਲ ਨੂੰ ਖੁੱਲੀਆ ਕਿਸੇ ਇਨਸਾਫ ਦੀ ਫਰਿਆਦ ਕਰ ਰਹੀਆਂ ਸਨ..ਤੇ ਉਸ ਦੀ ਗਰਦਨ ਇਕ ਪਾਸੇ ਨੂੰ ਲੁੜਕ ਗਈ। ਰਾਣੇ ਦਾ ਅੱਧੇ ਤੋਂ ਵੱਧ ਟੱਬਰ ਕਤਲ ਹੋ ਗਿਆ।

ਗਗੈਰ ਉੱਤੇ ਰਾਣੇ ਦੀ ਪਤਨੀ ਤੇ ਪੁੱਤਰ ਦੀ ਕਬਰ ਸੀ ਹੁਣ ਜਦੋਂ ਵੀ ਕੁੱਝ ਲੋਕ ਗਗੈਰ ਵੱਲ ਜਾਂਦੇ ਹਨ ਤਾਂ ਉਹ ਛਿਲੇ ਵਿਚ ਮਰੀ ਰਾਣੇ ਦੀ ਪਤਨੀ ਤੇ ਉਹਦੇ ਪੁੱਤਰ ਦੇ ਰੋਣ ਦੀਆਂ ਅਵਾਜ਼ਾਂ ਸੁਣਦੇ ।ਬਹੁਤੇ ਲੋਕ ਤਾਂ ਡਰਦੇ ਗਗੈਰ ਵੱਲ ਨੂੰ ਵੇਲੇ ਕੁਵੇਲੇ ਜਾਂਦੇ ਹੀ ਨਹੀਂ। ਕਦੇ ਲੋਕਾਂ ਦੇ ਕੰਨਾਂ ਵਿਚ ਰਾਣੇ ਦੀ ਪਤਨੀ ਦੀਆਂ ਝਾਜਰਾਂ ਦੇ ਛਣਕਣ ਦੀ ਆਵਾਜ਼ ਪੈਂਦੀ ਹੈ ਤੇ ਕਦੇ ਛੋਟੇ ਬੱਚੇ ਦੇ ਰੋਣ ਦੀਆਂ ਆਵਾਜ਼ਾਂ ਆਉਂਦੀਆਂ ਹਨ। ਕਦੇ ਕਦੇ ਤਾਂ ਰੋਣ ਬਹੁਤ ਉੱਚੀ ਹੋ ਜਾਂਦਾ ਹੈ। ਪੀਤਾ ਇਕ ਵਾਰ ਉੱਧਰ ਗਿਆ ਸੀ ਆ ਕੇ ਬਿਮਾਰ ਹੋ ਗਿਆ ਰੋਣਾ ਸੁਣ ਕੇ ਮੁੜ ਕਦੇ ਉਹ ਉਸ ਡੰਡੀ ਨਹੀਂ ਗਿਆ।

ਨੱਥੇ ਨੇ ਝੁਸਮੁਸੇ ਵਿਚ ਹੀ ਬਲਦਾਂ ਨੂੰ ਪੱਠਾ ਦੱਥਾ ਪਾਇਆ, ਦਿਨ ਚੜਦੇ ਸਾਰ ਹੀ ਜਿਓ ਹੀ ਉਸ ਨੂੰ ਰਾਣੇ ਦੇ ਕਤਲ ਦੀ ਖ਼ਬਰ ਮਿਲੀ, ਉਹ ਸੁਣਦਿਆਂ ਸਾਰ ਹੀ ਧਰਤੀ ਤੇ ਡਿੱਗ ਪਿਆ ਤੇ ਜਦੋਂ ਉੱਠਿਆ ਉਹ ਸਦਾ ਲਈ ਆਪਣੇ ਹੋਸ਼ੋ ਹਵਾਸ ਖੋਹ ਬੈਠਾ ਸੀ ਤੇ ਉਹ ਆਪਣਾ ਦਿਮਾਗੀ ਸੰਤੁਲਨ ਗੁਆ ਬੈਠਾ। ਰਾਣੇ ਦੇ ਵਿਯੋਗ ਵਿਚ ਗਲੀਆ ਵਿਚ ਪਾਗਲ ਹੋਇਆ ਘੁੰਮਦਾ-ਘੁੰਮਦਾ ।ਉਹ ਹਬੀਬ ਰਾਣੇ ਦੇ ਬਾਗਾਂ ਵੱਲ ਨੂੰ ਦੌੜਿਆ ਜਾਂਦਾ। ਹਬੀਬ ਦੇ ਲਾਏ ਬੂਟੇ ਅਲੱਗ ਅਲੱਗ ਕਿਸਮਾਂ ਦੇ ਫ਼ਲਾਂ ਨਾਲ ਲੱਦੇ ਗਏ। ਇਸ ਬਹਾਰ ਨੂੰ ਦੇਖਣ ਲਈ ਉਸ ਨੇ ਦਿਨ ਰਾਤ ਇਕ ਕਰ ਦਿੱਤੀ ਸੀ। ਉਹ ਹਫ਼ਿਆ-ਹਫ਼ਿਆ ਘੁੰਮਦਾ , ਪਰ ਉਹਨੂੰ ਆਪਣਾ ਜਿਗਰੀ ਦੋਸਤ ਨਾ ਲੱਭਦਾ ।

ਨੱਥਾ ਸੋਚਦਾ, ਇਹ ਪਿੰਡ ਉਸ ਦੇ ਦੋਸਤ ਦਾ ਸੀ, ਇਹ ਧਰਤੀ ਉਹਦੀ ਸੀ, ਯਾਰ ਦੋਸਤ, ਇਹ ਖੇਤ, ਇਹ ਬਾਗ ਬਗੀਚੇ ਸਭ ਉਹਦੇ ਸਨ। ਉਹ ਤਾਂ ਕਿਸੇ ਨੂੰ ਕੁੱਝ  ਨਹੀਂ ਕਹਿੰਦਾ ਸੀ। ਹੁਣ ਨੱਥਾ ਆਪਣੇ ਯਾਰ ਦੇ ਵਿਯੋਗ ਵਿਚ ਝੱਲਾ ਹੋਇਆ ਗਲੀਆਂ ਵਿਚ ਘੁੰਮਦਾ।

"ਭਰਾਵਾਂ ਤੂੰ ਸਾਡੇ ਕੋਲੋਂ ਸਾਰਾ ਕੁੱਝ ਲੈ ਲਾ।" ਤੇਲੀ ਮੁਸਲਿਮ ਪਤੀ ਪਤਨੀ ਸੰਤੇ ਨੂੰ ਵਾਸਤੇ ਪਾ ਰਿਹਾ ਸੀ, ਉਹਨਾਂ ਨੇ ਆਪਣੇ ਸਾਰੇ ਗਹਿਣੇ ਸੰਤੇ ਮੋਹਰੇ ਢੇਰੀ ਕਰ ਦਿੱਤੇ ਤੇ ਦੋਵੇਂ ਪਤੀ-ਪਤਨੀ ਆਪਣੇ ਬੱਚਿਆ ਨੂੰ ਘੁੱਟ-ਘੁੱਟ ਕੇ ਸੀਨੇ ਲਾ ਰਹੇ ਸਨ। "ਤੈਨੂੰ ਆਹ ਕੁੱਝ ਹੀ ਚਾਹੀਦਾ ਆਹ ਫੜ" ਪਤਨੀ ਨੇ ਦੌੜਦੀ ਦੌੜਦੀ ਨੇ ਜਿਹੜੀ ਗੱਠੜੀ ਚੁੱਕੀ ਸੀ ਉਹ ਸੰਤੇ ਦੇ ਮੋਹਰੇ ਢੇਰੀ ਕਰ ਦਿੱਤੀ ਪਰ ਸੰਤਾਂ ਕਿੱਥੇ ਰੁਕਣ ਵਾਲਾ ਸੀ।

ਸੰਤਾ ਉਹਨਾਂ ਨਿਹੱਥਿਆ ਤੇ ਬਰਛਾ ਚਲਾਈ ਗਿਆ, ਪਿੰਡ ਦੇ ਰਸਤੇ ਵਿਚ ਥੋੜਾ ਖੂਹ ਸੁੱਕਿਆ

ਪਿਆ ਸੀ, ਸੰਤਾ ਉਹਨਾਂ ਤੇ ਵਾਰ ਕਰਦਾ ਕਰਦਾ ਉਹਨਾਂ ਨੂੰ ਖੂਹ ਕੋਲ ਲੈ ਗਿਆ। ਵਾਰੋ ਵਾਰੀ ਨਿਹੱਥੇ ਟੱਬਰ ਨੂੰ ਸੰਤੇ ਨੇ ਖੂਹ ਵਿਚ ਧੱਕੇ ਮਾਰ ਕੇ ਸਿੱਟ ਦਿੱਤਾ।ਪੂਰਾ ਪਰਿਵਾਰ ਅਜੇ ਮਰਿਆ ਨਹੀਂ ਸੀ , ਜਿਉਂਦਾ ਸੀ , ਸਹਿਕ ਰਿਹਾ ਸੀ , "ਸਾਨੂੰ ਨਾ ਮਾਰ ਜਾ ਲੈਣ ਦੇ ਤੈਨੂੰ ਤੇਰੇ ਬੱਚਿਆ ਦਾ ਵਾਸਤਾ।" ਬੱਚਿਆ ਦੀ ਮਾਂ ਤਰਲੇ ਲੈ ਰਹੀ ਸੀ। ਸੰਤਾ ਉਹਨਾਂ ਦੀ ਇਕ ਵੀ ਗੱਲ ਨਹੀਂ ਸੁਣ ਰਿਹਾ ਸੀ। ਉਹ ਖੂਹ ਵਿਚ ਦਬਾ ਦਬ ਮਿੱਟੀ ਸਿੱਟ ਕੇ ਖੂਹ ਪੂਰੀ ਜਾ ਰਿਹਾ ਸੀ।ਉਹਨਾਂ ਜਿਉਂਦਿਆ ਨੂੰ ਹੀ ਸੰਤੇ ਨੇ ਮਿੱਟੀ ਵਿਚ ਦੱਬ ਦਿੱਤਾ ਖੂਹ ਵਿਚੋਂ , ਪਾਣੀ ਮੰਗਣ ਦੀਆਂ ਅਵਾਜ਼ਾਂ ਆ ਰਹੀਆਂ ਸਨ, "ਬਾਹਰ ਕੱਢ ਲਾ ਅਸੀਂ ਤੇਰਾ ਕੁੱਝ ਨਹੀਂ ਬਿਗਾੜਿਆ।"

ਸੰਤਾ ਸਿਰ ਤੇ ਬੰਨੇ ਪਰਨੇ ਨਾਲ ਖੂਨ ਵਿਚ ਲਿੱਬੜੇ ਹੱਥ ਪੂੰਝਦਾ ਪਿੰਡ ਵੱਲ ਨੂੰ ਤੁਰ ਪਿਆ। ਖੂਹ ਵਿਚੋਂ ਅਜੇ ਵੀ ਪਾਣੀ ਦੀ ਪੁਕਾਰ ਦੀਆਂ ਮੱਧਮ ਆਵਾਜ਼ਾਂ ਆ ਰਹੀਆਂ ਸਨ ਤੇ ਉਹ ਖੂਹ ਤੋਂ ਦੂਰ ਹੁੰਦਾ ਗਿਆ । ਸੰਤਾ ਚਾਰ ਬੰਦਿਆ ਵਿਚ ਜਦ ਵੀ ਬੈਠਦਾ ਆਪਣੀ ਬਹਾਦਰੀ ਦੀਆਂ ਗੱਲਾਂ ਸ਼ੇਖੀ ਮਾਰ-ਮਾਰ ਕੇ ਸੁਣਾਉਂਦਾ।

ਆਜ਼ਾਦੀ ਦੇ ਸੱਤਰ ਸਾਲਾਂ ਮਗਰੋਂ ਉਹ ਕੁੱਬਾ ਹੋਇਆ ਆਪਣੇ ਖੇਤਾਂ ਵਿਚ ਕਦੇ ਗੋਡੀ ਕਰਦਾ ਕਦੇ ਕੋਈ ਹੋਰ ਕੰਮ ਕਰਦਾ। ਮੈਂ ਸ਼ਾਮ ਸਵੇਰੇ ਜਦੋਂ ਵੀ ਉਹਦੇ ਕੋਲੋਂ ਲੰਘਦੀ ਹਾਂ ਉਹ ਮੈਨੂੰ ਚੰਗਾ ਨਹੀਂ ਲੱਗਦਾ। ਮੈਨੂੰ ਉਹਦਾ ਚਿਹਰਾ ਬੁੱਲ ਪਿੱਟ ਕੁੱਤੇ ਵਿਚ ਤਬਦੀਲ ਹੋ ਗਿਆ ਲੱਗਦਾ ਹੈ, ਮੈਂ ਜਾਂਦੀ ਜਾਂਦੀ ਉਹਦੇ ਵੱਲੋਂ ਆਪਣਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰਦੀ ਹਾਂ, ਫਿਰ ਵੀ ਉਹ ਮੇਰੇ ਮੱਥੇ ਲੱਗ ਹੀ ਜਾਂਦਾ ਹੈ।

ਆਪਣੀ ਮੋਟਰ ਤੇ ਉਹਨੇ ਫੁੱਲ ਬੂਟਿਆ ਦਾ ਬਹੁਤ ਸੋਹਣਾ ਬਗੀਚਾ ਤਿਆਰ ਕੀਤਾ ਹੋਇਆ ਹੈ ਤੇ ਰਾਣੇ ਦੇ ਬਾਗ ਜਿਹਨਾਂ ਵਾਰੀਆ ਦੇ ਹਿੱਸੇ ਆਇਆ ਉਹਨਾਂ ਨੇ ਪਾਕਿਸਤਾਨੋਂ ਉੱਜੜ ਕੇ ਆਉਂਦਿਆ ਹੀ ਜ਼ਮੀਨ ਪੱਧਰੀ ਕਰ ਦਿੱਤੀ। ਰਾਣੇ ਹਬੀਬ ਦਾ ਬਾਗ ਜੁਆਨ ਹੋ ਗਿਆ ਸੀ ਭਰਮਾ ਫ਼ਲ ਦੇਣ ਲੱਗਾ ਸੀ। ਨਾ ਰਿਹਾ ਰਾਣਾ ਤੇ ਨਾ ਹੀ ਰਿਹਾ ਉਹਦੇ ਸੁਪਨਿਆ ਦਾ ਬਾਗ। ਹਾਂ ਉਹਦੀ ਰੂਹ ਜ਼ਰੂਰ ਇਥੇ ਕਿਤੇ ਨਾ ਕਿਤੇ ਆਪਣੇ ਬਾਗ ਵਿਚ ਭਟਕਦੀ ਹੋਣੀ ਆ। ਮੈਨੂੰ ਸੰਤੇ ਨਾਲ ਦਿਲੋਂ ਨਫ਼ਰਤ ਹੈ ਮੈਂ ਨਹੀਂ ਚਾਹੁੰਦੀ ਉਹ ਮੇਰੇ ਮੱਥੇ ਲੱਗੇ।

ਮੈਂ ਹਰ ਰੋਜ਼ ਉਸ ਖੂਹ ਕੋਲੋਂ ਸੈਰ ਕਰਨ ਲਈ ਲੰਘਦੀ ਹਾਂ , ਅਸਲ ਵਿਚ ਤਾਂ ਮੈਂ ਉਸ ਪਰਿਵਾਰ ਨੂੰ ਸਿਜਦਾ ਕਰਨ ਜਾਂਦੀ ਹਾਂ ਸੋਟੀ ਸਹਾਰੇ । ਮੇਰੇ ਪੈਰ ਉੱਥੇ ਜਾ ਕੇ ਰੁਕ ਜਾਂਦੇ ਹਨ, ਮੇਰੇ ਚੇਤਿਆ 'ਚ ਰੋਜ਼ ਉਹ ਘਟਨਾ ਸੂਲਾਂ ਵਾਂਗ ਉੱਭਰ ਆਉਂਦੀ ਹੈ। ਖੂਹ ਵਿਚੋਂ ਮੈਨੂੰ ਬਾਹਰ ਨਿਕਲਦੇ ਹੱਥ ਦਿਖਾਈ ਦਿੰਦੇ ਹਨ ਤੇ ਪਾਣੀ-ਪਾਣੀ ਪੁਕਾਰਦੇ ਹਨ।

ਮੇਰੇ ਖੂਹ ਤੋਂ ਅਗਾਂਹ ਪੈਰ ਨਹੀਂ ਵਧਦੇ ਤੇ ਮੈਂ ਆਪਣੀ ਸੈਰ ਉੱਥੋਂ ਹੀ ਮੁਲਤਵੀ ਕਰਕੇ ਵਾਪਸ ਆ ਜਾਂਦੀ ਹਾਂ। ਸਾਰੀ ਰਾਤ ਮੇਰੀਆਂ ਅੱਖਾਂ ਅੱਗੇ 47 ਦਾ ਸੀਨ ਘੁੰਮਣ ਲੱਗ ਪੈਂਦਾ ਹੈ। ਰਾਣਾ ਹਬੀਬ, ਉਸਦਾ ਪਰਿਵਾਰ, ਮੁਸਲਿਮ ਜੋੜੇ ਦਾ ਪਰਿਵਾਰ ਪਤਾ ਨਹੀਂ ਕਿੰਨੇ ਅਣਗਿਣਤ ਲੋਕ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਦੇ ਹਨ। ਮੈਨੂੰ ਨੀਂਦ ਨਹੀਂ ਆਉਂਦੀ ਮੈਂ ਉਸਲਵੱਟੇ ਲੈਂਦੀ ਛੱਤ ਤੇ ਘੁੰਮਦੀ -ਘੁੰਮਦੀ ਉੱਪਰ ਵਾਲੇ ਤੋਂ ਕਿਸੇ ਇਨਸਾਫ਼ ਦੀ ਪੁਕਾਰ ਕਰਦੀ ਹਾਂ।ਮੇਰੀਆਂ ਅੱਖਾਂ ਅੱਗੇ ਇਕ ਵੱਡਾ ਸਾਰਾ ਕੁੱਤਾ ਆ ਖੜਦਾ ਹੈ, ਲੱਗਦਾ ਹੈ ਉਸ ਨੇ ਮੈਨੂੰ ਵੱਢ ਲੈਣਾ ਹੈ, ਬਚਾਓ ਬਚਾਓ ਦਾ ਮੈਂ ਰੋਲਾ ਪਾਉਦੀ ਹਾਂ ਮੇਰਾ ਪੋਤਾ ਨੱਠਾ ਨੱਠਾ ਛੱਤ ਤੇ ਆਉਦਾ ਹੈ , "ਬੀਬੀ ਇੱਥੇ ਤਾਂ ਕੁੱਝ ਵੀ ਨਹੀਂ, ਮੈਂ ਸਹਿਮੀ ਸਹਿਮੀ ਉਹਦੇ ਨਾਲ ਲੱਗਦੀ ਜਾਂਦੀ ਹਾਂ।

ਸਵੇਰੇ ਦਿਨ ਚੜਦਿਆ ਸਾਰ ਪਤਾ ਲੱਗਦਾ ਹੈ ਕਿ ਸੰਤੇ ਨੂੰ ਸੰਗਲ ਨਾਲ ਬੰਨ ਕੇ ਕਿਸੇ ਕਮਰੇ



ਵਿਚ ਬੰਦ ਕਰ ਦਿੱਤਾ ਗਿਆ ਹੈ, ਕੋਈ ਉਹਨੂੰ ਰੋਟੀ ਪਾਣੀ ਵੀ ਕੋਲ ਹੋ ਕੇ ਫੜਾਉਣ ਨਹੀਂ ਜਾਂਦਾ।ਸੱਦਾ ਦੇਣ ਆਈ ਨੈਣ ਮੇਰੀ ਨੂੰਹ ਨੂੰ ਦੱਸਦੀ ਹੈ. "ਸੰਤੇ ਨੂੰ ਹਲਕਿਉ ਕੁੱਤੇ ਨੇ ਵੱਢ ਲਿਆ ਹੈ ਤੇ ਭੈਣ ਸੰਤਾ ਵੀ ਹਲਕ ਗਿਆ ਹੈ।"

ਹਬੀਬ ਰਾਣੇ ਦਾ ਥੋੜਾਂ ਜਿਹਾ ਟੱਬਰ ਬਚ ਗਿਆ ਸੀ, ਉਹ ਪਾਕਿਸਤਾਨੋ ਆ ਕੇ ਆਪਣੀ ਮਾਂ ਤੇ ਛੋਟੇ ਬੱਚੇ ਦੀ ਕਬਰ 'ਤੇ ਚਾਦਰ ਚੜਾ ਕੇ ਗਿਆ ਹੈ।ਰਾਣੇ ਦੀ ਜ਼ਮੀਨ ਗਗੈਰ ਵੱਲ ਸੀ ,ਜਿਹੜੇ ਲੋਕੀਂ ਗਗੈਰ ਵੱਲ ਜਾਂਦੇ, ਉਹਨਾਂ ਨੂੰ ਉੱਥੇ ਗਿਆ ਨੂੰ ਇਕ ਬੱਚੇ ਦੇ ਰੋਣ ਦੀਆ ਅਵਾਜ਼ਾਂ ਸੁਣਦੀਆਂ ਸਨ ਨਾਲ ਹੀ ਕਿਸੇ ਦੇ ਵੈਣ ਵੀ ਸੁਣਾਈ ਦਿੰਦੇ।ਪਰ ਜਦੋਂ ਦਾ ਰਾਣੇ ਦਾ ਟੱਬਰ ਆ ਕੇ ਗਿਆ, ਗਗੈਰ ਵੱਲ ਗਏ ਲੋਕ ਦੱਸਦੇ , "ਹੁਣ ਪਹਿਲਾਂ ਜਿੰਨੀਆਂ ਅਵਾਜ਼ਾਂ ਨਹੀਂ ਆਉਂਦੀਆਂ ਹਾਂ ਕਦੇ ਕਦੇ ਬੱਚੇ ਦੇ ਰੋਣ ਦੀ ਅਵਾਜ਼ ਜ਼ਰੂਰ ਆਉਂਦੀ ਹੈ ਤੇ ਜਾ ਝਾਂਜਰਾਂ ਦੀ ਛਣਕਾਰ ਸੁਣਾਈ ਦਿੰਦੀ ਹੈ।"

ਸੰਤਾ ਇਕ ਤਾਂ ਬੁੱਢਾ ਹੋ ਗਿਆ ਹੈ ਦੂਜਾ ਹਲਕਾਅ ਗਿਆ ਹੈ। ਹਲਕਾਅ ਤਾਂ ਉਹ ਸੰਤਾਲੀ ਵੇਲੇ ਹੀ ਗਿਆ ਸੀ। ਰੋਟੀ ਉਹਨੂੰ ਤਾਕੀ ਰਾਹੀਂ ਦੂਰੋਂ ਹੀ ਘਰ ਦਾ ਕੋਈ ਮੈਂਬਰ ਸੁੱਟ ਜਾਂਦਾ ਹੈ। ਕੋਈ ਡਰਦਾ ਉਹਦੇ ਨੇੜੇ ਨਹੀਂ ਢੁੱਕਦਾ । ਸੰਗਲਾਂ ਵਿਚ ਨੂੜਿਆਂ ਸੰਤਾ ਪ੍ਰਾਣ ਤਿਆਗ ਗਿਆ ਹੈ। ਘਰ ਤੇ ਪਿੰਡ ਦਾ ਕੋਈ ਵੀ ਬੰਦਾ ਉਹਦੀ ਲਾਸ਼ ਨੂੰ ਹੱਥ ਲਾਉਣ ਲਈ ਵੀ ਤਿਆਰ ਨਹੀਂ । ਚੁਬਾਰਿਓ ਘੜੀਸ ਕੇ ਉਹਦੀ ਲਾਸ਼ ਨੂੰ ਸ਼ਮਸ਼ਾਨ ਘਾਟ ਤੱਕ ਮਸੀਂ ਪਹੁੰਚਾਇਆ ਗਿਆ, ਹੁਣ ਮੈਨੂੰ ਖੂਹ ਕੋਲੋਂ ਲੰਘਦਿਆ ਘੱਟ ਬੇਚੈਨੀ ਹੁੰਦੀ ਹੈ। ਸੰਤੇ ਦੇ ਖੂਹ ਤੇ ਇਕ ਕੁੱਤਾ ਹੈ ਪਰ ਹੁਣ ਉਹਦੇ ਗਲ ਵਿਚ ਸੰਗਲੀ ਹੈ।

ਸੰਪਰਕ- 94643-30803

---

## ਕਹਾਣੀ/ ਸੂਲੀ ਉੱਤੇ ਟੰਗੀ ਅਣਖ / - ਅਸਗਰ ਅਲੀ ਜਾਵੇਦ

---

ਬੂਟ ਪਾਲਸ਼, ਬੂਟ ਪਾਲਸ਼, ਬੂਟ ਪਾਲਸ਼... ਉਹ ਆਵਾਜ਼ਾਂ ਲਾਂਦਾ ਤੇ ਆਪਣੇ ਪਿੰਡੇ ਨੂੰ ਘਸੀਟਦਾ ਇਕ ਡੱਬੇ ਤੋਂ ਥੱਲੇ ਲੱਥਾ। ਫੇਰ ਪਲੇਟਫਾਰਮ ਤੇ ਮੁਸਾਫ਼ਰਾਂ ਦੇ ਥਾਂ ਥਾਂ ਬਧੇ ਪਿੜਾਂ ਦੇ ਵਿਚੋਂ ਲੰਘਦਾ ਸਾਡੇ ਡੱਬੇ ਵਿਚ ਆ ਵੜਿਆ। ਉਹ ਚਾਰ ਮੁਸਾਫ਼ਰਾਂ ਵਾਲੀ ਸੀਟ ਦੇ ਅੱਗੇ ਥੋੜ੍ਹਾ ਚਿਰ ਖਲੋਂਦਾ। ਬੂਟ ਪਾਲਸ਼, ਬੂਟ ਪਾਲਸ਼ ਦੀਆਂ ਆਵਾਜ਼ਾਂ ਲਾਂਦਾ ਤੇ ਅੱਗੇ ਖਿਸਕ ਜਾਂਦਾ। ਮੈਂ ਤੇ ਇਲਿਆਸ ਪਲੇਟਫਾਰਮ ਵਾਲੇ ਪਾਸੇ, ਕਲ੍ਹੇ ਬੰਦੇ ਵਾਲੀਆਂ ਸੀਟਾਂ ਤੇ ਇਕ ਦੂਜੇ ਵਲ ਮੂੰਹ ਕਰਕੇ ਬੈਠੇ ਰਹੇ ਤੇ ਸਾਰੇ ਜਹਾਨ ਦੀਆਂ ਗੱਲਾਂ ਮੁਕਾ ਦਿੱਤੀਆਂ ਪਰ ਰਚਨਾ ਐਕਸਪ੍ਰੈਸ ਪਲੇਟਫ਼ਾਰਮ ਨੰਬਰ 3 ਨੂੰ ਛੱਡਣ ਦਾ ਨਾਂ ਵੀ ਨਾ ਲਵੇ।

ਪਾਕਿਸਤਾਨੀ ਗੱਡੀਆਂ ਮਰਜ਼ੀਆਂ ਉਂਜ ਵੀ ਮਸ਼ਹੂਰ ਨੇ ਪਰ ਉਸ ਦਿਹਾੜੇ ਤੇ ਆਪੋਜ਼ੀਸ਼ਨ ਦੇ ਟ੍ਰੇਨ ਮਾਰਚ ਨੇ ਡਾਹਢਾ ਚੋਖਾ ਬਖੇੜਾ ਬਣਾ ਛੱਡਿਆ ਸੀ। ਕੋਈ ਗੱਡੀ ਵੀ ਆਪਣੇ ਦਸੇ ਵੇਲੇ ਤੇ ਲਾਹੌਰੋਂ ਨਾ ਟੁਰ ਸਕੀ। ਭਾਦਰੋਂ ਦੇ ਮਹੀਨੇ ਦੇ ਵਟ ਤੇ ਮੁਸਾਫ਼ਰਾਂ ਦੇ ਜੱਥਿਆਂ ਵਿਚ ਖਲੋਤਾ ਹਰ ਬੰਦਾ ਮੁੜ੍ਹਕਿਓ ਮੁੜ੍ਹਕੀ ਹੋਇਆ ਸੀ। ਕੋਈ ਸੀਟ ਉੱਤੇ ਟੋਪੀ ਪਰਨਾ ਸੁੱਟ ਕੇ ਪਲੇਟ ਫਾਰਮ ਤੇ ਉਖੀਆਂ ਪਿਆ ਲੈਂਦਾ ਸੀ ਤੇ ਕੋਈ ਸੀਟ ਹੱਥੋਂ ਨਿਕਲ ਜਾਣ ਦੇ ਡਰ ਪਾਰੋਂ ਦੂਹਰੀ ਵਾਰ ਗੱਡੀ 'ਚ ਪਿਆ ਬਹਿੰਦਾ ਸੀ ਪਰ ਦੋਹਾਂ ਲੱਤਾਂ ਤੋਂ ਹੱਥਲ, ਬੂਟ ਪਾਲਸ਼ੀਆ, ਚਾਲੀ ਪੰਜਤਾਲੀ ਵਰ੍ਹਿਆਂ ਦਾ ਉਹ ਬੰਦਾ ਬੜੀ ਤਸੱਲੀ ਨਾਲ ਇਕ ਤੋਂ ਦੂਜੇ ਤੇ ਦੂਜੇ ਤੋਂ ਤਰੀਜੇ ਡੱਬੇ ਵਿਚ ਘੁੰਮਦਾ ਰਿਹਾ।

ਰਚਨਾ ਐਕਸਪ੍ਰੈਸ ਲਾਹੌਰੋਂ ਫ਼ੈਸਲਾਬਾਦ, ਸ਼ੇਖ਼ੂਪੁਰਾ ਰਾਹੀਂ 15-45 ਤੇ ਟੁਰਦੀ ਏ ਪਰ ਉਸ ਦਿਹਾੜੇ ਤੇ ਸਾਢੇ ਚਾਰ ਵਜੇ ਤਕ ਗੱਡੀ ਦੇ ਆਹਰ ਕੋਈ ਐਡੇ ਚੰਗੇ ਨਹੀਂ ਸਨ ਪਏ ਦਿਸਦੇ। ਬੂਟ ਪਾਲਸ਼ ਕਰਨ

ਵਾਲਾ, ਗਲ ਵਿਚ ਤੌਲੀਆਂ ਬੰਨ੍ਹ ਕੇ, ਬੰਦਿਆਂ ਨੂੰ ਡਾਹਢੇ ਅਦਬ ਨਾਲ ਆਪਣੇ ਸਾਹਮਣੇ ਖਲ੍ਹਾਰ ਕੇ ਸ਼ੇਵ ਬਣਾਨ ਵਾਲਾ, ਠੰਡੀ ਠਾਰ ਬੋਤਲ ਦਾ ਰੌਲਾ ਪਾਨ ਵਾਲਾ ਤੇ ਗਰਮਾ-ਗਰਮ ਪਕੌੜਿਆਂ ਸਮੋਸਿਆਂ ਦੀਆਂ ਆਵਾਜ਼ਾ ਲਾਣ ਵਾਲੇ ਬੜੇ ਰਾਜ਼ੀ ਪਏ ਦਿਸਦੇ ਸਨ। ਉਨ੍ਹਾਂ ਦੇ ਵਸ ਵਿਚ ਹੁੰਦਾ ਤੇ ਇੰਜਨ ਦੇ ਸਾਹਮਣੇ, ਦੋ ਪੈਲੀਆਂ ਦੁਰੇਡੀ ਬਲਦੀ ਲਾਲ ਬੱਤੀ ਨੂੰ ਕਦੀ ਵੀ ਹਰੀ ਨਾ ਹੋਣ ਦੇਂਦੇ ਪਰ ਰੇਲਵੇ ਦੇ ਵਡਿੱਕਿਆਂ ਨੇ ਮੁਸਾਫ਼ਰਾਂ ਦੀਆਂ ਅੱਖਾਂ ਵਿਚ ਲੁਕੇ ਅੱਥਰੂ ਵੇਖ ਈ ਲਏ। ਪਲੇਟਫ਼ਾਰਮ ਤੇ ਸਿਗਨਲ ਡਾਊਨ, ਸਿਗਨਲ ਡਾਊਨ ਦੀ ਕੁਰਲਾਟ ਪਈ ਤੇ ਮੁਸਾਫ਼ਰ ਛੇਤੀ ਛੇਤੀ ਗੱਡੀ 'ਤੇ ਚੜ੍ਹਨ ਲਗ ਪਏ। ਗਾਰਡ ਨੇ ਸੀਟੀ ਵਜਾਈ, ਹਰੀ ਝੰਡੀ ਹਿਲਾਈ ਤੇ ਵੇਖਦਿਆਂ ਈ ਵੇਖਦਿਆਂ ਗੱਡੀ ਲਾਹੌਰ ਦੀ ਧੂੜ ਤੇ ਧੂੰਵੇਂ ਵਿਚੋਂ ਨਿਕਲ ਕੇ ਰਾਵੀ ਦੀ ਉੱਜੜੀ ਜਵਾਨੀ ਤੇ ਹੰਝੂ ਪਈ ਕੇਰਦੀ ਸੀ।

ਸ਼ਾਹਦਰੇ ਦੇ ਟੇਸ਼ਨ ਤੇ ਗੱਡੀ ਦਾ ਖਲੋਣਾ ਬਣਦਾ ਤੇ ਨਹੀਂ ਫੇਰ ਵੀ ਗੱਡੀ ਉਥੇ ਡਕ ਲਈ ਗਈ। ਗੱਡੀ ਦੇ ਖਲੋਂਦਿਆਂ ਈ ਉਹ ਅਚਨਚੇਤ ਫ਼ੇਰ ਨਜ਼ਰੀਂ ਪਿਆ। ਉਹਨੇ ਛੇਤੀ ਨਾਲ, ਖੱਬੇ ਮੋਢੇ ਤੇ ਲਟਕਦਾ ਲੱਕੜੀ ਦਾ ਚੱਬਾ, ਚੰਮ ਦੀ ਪੇਟੀ ਤੋਂ ਫੜ੍ਹ ਕੇ, ਸਾਡੇ ਡੱਬੇ ਦੇ ਅੰਦਰ ਵਗਾਇਆ ਤੇ ਫੇਰ ਬਗ਼ੈਰ ਕਿਸੇ ਮਦਦ ਤੇ ਸਹਾਰੇ ਦੀ ਤਲਬ ਤੋਂ ਡੱਬੇ ਵਿਚ ਸਵਾਰ ਹੋ ਗਿਆ। ਉਹਨੇ ਲੱਕੜ ਦਾ ਡੱਬਾ ਫੇਰ ਮੋਢੇ ਤੇ ਰਖਿਆ ਤੇ ਬੂਟ ਪਾਲਸ਼, ਬੂਟ ਪਾਲਸ਼ ਦੀਆਂ ਆਵਾਜ਼ਾਂ ਲਾਂਦਾ ਕਿਸੇ ਨਿਆਣੇ ਵਾਂਗ ਰਿੜ੍ਹਨ ਲਗ ਪਿਆ ਤੇ ਮੈਂ ਅੰਦਰੋਂ ਅੰਦਰ, ਸੈਂਟਰਲੀ ਏਅਰ ਕੰਡੀਸ਼ਨਡ ਦਫ਼ਤਰ ਵਿਚ ਬਹਿ ਕੇ, ਲੋੜਾਂ ਤੋ ਵੱਧ ਲੱਭਦੀ ਤਨਖਾਹ ਤੇ ਪਲੇਟ ਫਾਰਮ ਤੇ ਜੁੱਤੀਆਂ ਪਾਲਸ਼ ਕਰਕੇ, ਟੁਕਰ ਦੀ ਲੱਭਤ ਲਈ ਹੰਡੇਂਦਿਆਂ ਪੱਖਾਂ ਦਾ ਵੇਰਵਾ ਕਰਨ ਲੱਗ ਪਿਆ।

ਮੈਨੂੰ ਸੂਰਤ ਰਹਿਮਾਨ ਦੇ ਇਹ ਸੋਹਣੇ ਅੱਖਰ ਡਾਹਢੇ ਯਾਦ ਆਏ 'ਤੇ ਫ਼ੇਰ ਤੁਸੀਂ ਆਪਣੇ ਪਾਲਣਹਾਰ ਦੀ ਕਿਹੜੀ ਕਿਹੜੀ ਦੇਣ ਵਲ ਕੰਡ ਕਰੋਗੇ।' ਵਾਹ... ਕੀ ਆਖ ਛੱਡਿਆ ਏ ਸੋਹਣੇ ਰੱਬ ਨੇ... ਤੇ ਕਿਵੇਂ ਆਪਣੇ ਬੰਦੇ ਨੂੰ ਝੋਂਦਾ ਪਿਆ ਏ ਤੇ ਆਖਦਾ ਏ, "ਗੱਲ ਏਹ ਵੇ ਭਾਈ ਤੁਸੀਂ ਟਿਲ ਨਾ ਛੱਡੋ ਪਰ ਫੇਰ ਵੀ ਮੇਰੀਆਂ ਦਿੱਤੀਆਂ ਨੇਅਮਤਾਂ ਦਾ ਸ਼ੁਕਰ ਅਦਾ ਨਹੀਂ ਕਰ ਸਕਦੇ।

ਬੂਟ ਪਾਲਸ਼ ਕਰਨ ਵਾਲਾ ਸਪੈਸਲ ਪਰਸਨ ਮੇਰੇ ਕੋਲ ਪੁੱਜਿਆ ਤੇ ਮੈਂ ਜੁੱਤੀ ਲਾਹ ਕੇ ਉਹਦੇ ਵਲ ਵਧਾ ਦਿੱਤੀ ਤੇ ਆਪਣੇ ਪੈਰ ਸਾਹਮਣੇ ਇਲਿਆਸ ਵਾਲੀ ਸੀਟ ਤੇ ਖਲਾਰ ਲਏ। ਉਹਨੇ ਮੇਰੇ ਵਲ ਵੇਖਿਆ... ਧਿਆਨ ਪਰ੍ਹਾਂ ਕੀਤਾ... ਫੇਰ ਵੇਖਿਆ... ਫੇਰ ਧਿਆਨ ਪਰ੍ਹਾਂ ਕਰ ਲਿਆ ਤੇ 'ਇਕ ਦੰਮ ਫਸਟ ਕਲਾਸ ਨੇ ਬਾਊ ਜੀ।' ਆਖਦਾ ਹੋਇਆ ਅੱਗੇ ਨਿਕਲਣ ਲੱਗਾ। ਮੈਂ ਉਹਦੀ ਬਾਂਹ ਫੜ ਲਈ ਤੇ ਜਦੋਂ ਉਹਨੇ ਗੁੱਸੇ ਨਾਲ ਮੇਰੇ ਵਲ ਵੇਖਿਆ ਤੇ ਮੈਨੂੰ ਉਹਦੀਆਂ ਅੱਖਾਂ ਵਿਚ ਗੁੱਸਾ ਤੇ ਅੱਥਰੂ ਰਲਦੇ ਨਜ਼ਰ ਆਏ। ਮੈਂ ਫੇਰ ਆਖਿਆ, 'ਪਾਲਸ਼ ਕਰ ਦੇ ਯਾਰ।"

'ਚਮਕਦੇ ਨੇ ਬਾਊ ਜੀ! ਫਸਟ ਕਲਾਸ ਨੇ।' ਉਹਨੇ ਫੇਰ ਜਵਾਬ ਦਿੱਤਾ। ਇਲਿਆਸ ਮੇਰੇ ਨਾਲ ਨਾ ਹੁੰਦਾ ਤੇ ਕੋਲ ਬੈਠੀ ਖਲੋਤੀ ਖ਼ਲਕਤ ਅੰਨ੍ਹੀ ਹੋ ਜਾਂਦੀ ਤੇ ਮੈਂ ਉਸ ਬੂਟ ਪਾਲਸ਼ੀਏ ਨੂੰ ਘੁੱਟ ਕੇ ਸੀਨੇ ਨਾਲ ਲਾ ਲੈਂਦਾ ਪਰ ਮੈਂ ਖਾਲਸ ਦੁਨੀਆਦਾਰ ਤੇ ਘੱਟੀਆ ਬੰਦਾ ਈ ਰਿਹਾ। ਮੈਂ ਫੇਰ ਆਖਿਆ, "ਯਾਰ ਤੈਨੂੰ ਪੈਸੇ ਨਹੀਂ ਲੋੜੀਦੇ?"

'ਪੈਸੇ ਬੜੇ ਨੇ ਬਾਊ ਜੀ! ਅੱਲ੍ਹਾ ਦਾ ਬੜਾ ਫ਼ਜ਼ਲ ਏ। ਆਪਣੀ ਖਾ ਲਈ ਤੇ ਘਰ ਵਾਲੀ ਦੀ ਨਾਲ ਬੰਨ੍ਹ ਲਈ ਏ।

ਉਹਨੇ ਲੱਕੜ ਦੇ ਡੱਬੇ ਵਲ ਉਂਗਲ ਕਰਕੇ ਕੁਝ ਆਖਿਆ ਪਰ ਮੇਰੇ ਪੱਲੇ ਕੋਈ ਗੱਲ ਨਾ ਪਈ। ਉਹ ਮੇਰੀ ਜੁੱਤੀ ਪਾਲਸ਼ ਕੀਤੇ ਬਗ਼ੈਰ ਈ ਅਗਲੀ ਸੀਟ ਵੱਲ ਵੱਧ ਗਿਆ ਤੇ ਬੂਟ ਪਾਲਸ਼ ਬੂਟ ਪਾਲਸ਼ ਦੀਆਂ



ਆਵਾਜ਼ਾ ਲਾਂਦਾ ਬੂਹੇ ਦੇ ਕੋਲ ਜਾ ਕੇ ਬਹਿ ਗਿਆ।

ਰਚਨਾ ਐਕਸਪ੍ਰੈਸ ਬੜੀ ਤੇਜ਼ੀ ਨਾਲ ਪੰਧ ਨਿਬੇੜਦੀ ਪਈ ਸੀ। ਗੱਡੀ ਅਗਾਂਹ ਨੂੰ ਟੁਰੀ ਜਾਂਦੀ ਸੀ ਤੇ ਮੈਂ ਪਿੱਛੇ ਨੂੰ। ਮੈਂ ਸੋਚਣ ਲਗ ਪਿਆ ਕਿ ਜਿਹੜੀਆਂ ਅੱਖਾਂ ਸਾਨੂੰ ਚੋਖੀਆਂ ਸੋਹਣੀਆਂ ਲੱਗਦੀਆਂ ਨੇ ਅਸੀਂ ਹਮੇਸ਼ ਉਨ੍ਹਾਂ ਨੂੰ ਈ ਹੰਝੂਆਂ ਨਾਲ ਡਿਉਨੇ ਆਂ। ਖ਼ੌਰੇ ਅਸੀਂ ਇੰਜ ਕਿਉਂ ਕਰਨੇ ਆ... ਇਨ੍ਹਾਂ ਸੋਚਾਂ ਵਿਚ ਡੁਬਕੀਆਂ ਲੈਂਦਿਆਂ ਈ ਮੈਨੂੰ ਇੰਜ ਜਾਪਿਆ ਜਿਵੇਂ ਬੂਟ ਪਾਲਸੀਏ ਦੇ ਸੀਨੇ ਵਿਚ ਬੱਲਦੇ ਭਾਂਬੜ ਦਾ ਸੇਕ ਮੇਰੇ ਤਕ ਪੁੱਜ ਗਿਆ ਏ ਤੇ ਹੁਣ ਏਹ ਸੇਕ, ਸੇਕ ਈ ਨਹੀਂ ਰਹਿਣਾ ਸਗੋਂ ਲੰਬੂ ਈ ਬਣ ਜਾਣਾ ਏ ਤੇ ਏਹ ਮੇਰੇ ਲੂ-ਲੂ ਨੂੰ ਸਾੜ ਸੁਟਣ ਲਈ ਬਥੇਰਾ ਏ।

ਮਸਨ ਕਾਲਰ ਤੇ ਕਿੱਲਾ ਸਤਾਰ ਸ਼ਾਹ ਦੇ ਸਟੇਸ਼ਨ ਲੰਘ ਗਏ ਸਨ ਤੇ ਹੁਣ ਗੱਡੀ ਅਪਰ ਚਨਾਬ ਦੇ ਪੁਲ ਤੋਂ ਗੁਜ਼ਰਦੀ ਪਈ ਸੀ। ਨਹਿਰ ਦੇ ਚੜ੍ਹਦੇ ਪਾਸੇ ਖ਼ਾਨ ਪੁਰ ਦੀ ਆਬਾਦੀ ਤੇ ਲਹਿੰਦੇ ਪਾਸੇ ਚੀਚੋ ਕੀ ਮੱਲੀਆਂ ਦਾ ਪਿੰਡ ਜਿੱਥੇ ਮੇਰਾ ਬਚਪਨ ਗੁਜ਼ਰਿਆ ਸੀ। ਨਹਿਰ ਦੇ ਨਾਲ ਨਾਲ ਵੱਗਦਾ ਉਹ ਸੇਮ ਨਾਲਾ ਏ ਜਿੱਥੋਂ ਮੈਂ ਆਪਣੀ ਮਾਂ ਦੇ ਨਾਲ ਕੱਚੇ ਕੋਠਿਆਂ ਦੀਆਂ ਛੱਤਾਂ ਲਿੰਬਣ ਲਈ ਗਿੱਲੀ ਮਿੱਟੀ ਲੈ ਕੇ ਆਉਂਦਾ ਸੀ। ਚੀਚੋ ਕੀ ਮੱਲੀਆਂ ਵਿਚ ਉਨ੍ਹਾਂ ਦਿਨਾਂ ਵਿਚ ਸਿਰਫ਼ ਪ੍ਰਾਇਮਰੀ ਸਕੂਲ ਸੀ ਤੇ ਉਹ ਵੀ ਸਿਰਫ਼ ਮੁੰਡਿਆ ਦਾ। ਖ਼ੌਰੇ ਕੋਈ ਹੋਰ ਵੀ ਸਬੱਬ ਹੋਵੇਗਾ ਪਰ ਮੇਰਾ ਖਿਆਲ ਏ ਕਿ ਅਸਲ ਗੱਲ ਏਹੋ ਸੀ ਕਿ ਅਸੀਂ ਪਿੰਡ ਦਾ ਕੋਠਾ ਪੈਲੀ ਵੇਚ ਕੇ ਤੇ ਸ਼ੇਖੂਪੁਰੇ ਟੁਰ ਗਏ।

ਰਚਨਾ ਐਕਸਪ੍ਰੈਸ ਅਪਰ ਚਨਾਬ ਟੱਪ ਕੇ ਮੇਰੇ ਪਿੰਡ ਦੇ ਅੱਗੇ ਪੁੱਜ ਗਈ ਸੀ। ਪਿੰਡ ਦਾ ਛੱਪੜ ਤੇ ਕਾਗਜ਼ ਦੀਆਂ ਬੇੜੀਆਂ , ਮਸੀਤ ਦੇ ਤੇਲ ਵਿਚੋਂ ਥੋੜ੍ਹਾ ਵਧਾ ਕੇ ਛੱਪੜ ਚਿਵ ਬਣਾਨ ਵਾਲੇ ਘੁੱਗੂ ਘੋੜੇ, ਸੇਮ ਨਾਲੇ ਦੇ ਡੋਲੇ, ਫਲਿਆਂ ਤੇ ਬਹਿ ਕੇ ਗੁਜ਼ਰਨ ਵਾਲੇ ਵੇਲੇ, ਮੀਂਹ ਤੋਂ ਬਾਅਦ ਰੂੜੀ ਤੋਂ ਲੱਭਣ ਵਾਲੇ ਪੰਜੂ, ਦਸੂ ... ਤੇ ਹੋਰ ਭੁੱਲੀਆਂ ਹੋਈਆਂ ਕਿੰਨੀਆਂ ਈ ਗੱਲਾਂ ਚੇਤੇ ਆ ਗਈਆਂ। ਅਜੇ ਖ਼ੌਰੇ ਹੋਰ ਕੀ ਕੁਝ ਯਾਦ ਆਉਂਦਾ ਪਰ ਹੋਇਆ ਏਹ ਕਿ ਮੇਰੀ ਨਜ਼ਰ ਫੇਰ ਅਚਨਚੇਤ ਬੂਟ ਪਾਲਸ਼ੀਏ ਤੇ ਪੈ ਗਈ। ਹੁਣ ਉਹ ਲੱਕੜ ਦਾ ਡੱਬਾ ਬੂਹੇ ਨਾਲ ਲਾ ਕੇ ਉਹਦੇ ਉੱਤੇ ਬੈਠਾ ਹੋਇਆ ਸੀ। ਪਲੇਟਫ਼ਾਰਮ ਸ਼ੁਰੂ ਹੁੰਦਿਆਂ ਉਹਨੇ ਛੇਤੀ ਨਾਲ ਮੂੰਹ ਬਾਹਰ ਕੱਢਿਆ ਤੇ ਵੇਖਦਿਆ ਵੇਖਦਿਆਂ ਹੱਥ ਵਿਚ ਫੜੀ ਪੋਟਲੀ ਗੱਡੀ ਤੋਂ ਬਾਹਰ ਉਸ ਬੋਰਡ ਵਲ ਵਗ੍ਹਾ ਦਿੱਤੀ। ਜਿਹਦੇ ਤੇ ਮੋਟੇ ਮੋਟੇ ਅੱਖਰਾਂ ਨਾਲ ਸਟੇਸ਼ਨ ਦਾ ਨਾਂ ਲਿਖਿਆ ਹੋਇਆ ਸੀ। ਮੇਰਾ ਧਿਆਨ ਬਾਹਰ ਪਿਆ ਤੇ ਮੈਂ ਵੇਖਿਆ ਕਿ ਬੋਰਡ ਦੇ ਨਾਲ ਖਲੋਤੀ ਜ਼ਨਾਨੀ ਪੋਟਲੀ ਵਲ ਵੱਧੀ ਤੇ ਚੁੱਕ ਕੇ ਮੂੰਹ ਧਿਆਨੇ ਪਿੰਡ ਵੱਲ ਟੁਰ ਪਈ। ਮੇਰੇ ਵਾਂਗ ਕੁਝ ਹੋਰ ਮੁਸਾਫ਼ਰਾਂ ਵੀ ਨਿਮਾਣੇ ਨੂੰ ਪੋਟਲੀ ਸੁੱਟਦਿਆਂ ਤੇ ਜ਼ਨਾਨੀ ਨੂੰ ਚੁੱਕਦਿਆਂ ਤੇ ਜ਼ਰੂਰ ਵੇਖਿਆ ਪਰ ਏਦੋਂ ਵੱਖ ਹੋਰ ਕੋਈ ਗੱਲ ਨਾ ਵੇਖ ਸਕੇ ਕਿ ਗੱਡੀ ਅੱਖ ਝਪਕਦਿਆਂ ਈ ਪਲੇਟ ਫ਼ਾਰਮ ਛਡ ਗਈ ਸੀ।

ਮੈਂ ਉਸ ਬੂਟ ਪਾਲਸ਼ੀਏ ਨਾਲ ਕਈ ਗੱਲਾਂ ਕਰਨਾ ਚਾਹੁੰਦਾ ਸਾਂ ਪਰ ਕੀ ਕਰਦਾ। ਦਾਤਰੀ ਨੂੰ ਇਕ ਪਾਸੇ ਦੰਦੇ ਤੇ ਦੁਨੀਆਂ ਨੂੰ ਦੋਹੀਂ ਪਾਸੇ। ਬਸ ਮੈਂ ਚੁੱਪ ਈ ਕਰ ਗਿਆ, ਪਰ ਇਲਿਆਸ ਨੂੰ ਅਚਮਨੀ ਲੱਗ ਗਈ ਸੀ। 'ਏਹ ਬੰਦਾ ਕੌਣ ਏ... ਏਹਦਾ ਤੇਰੇ ਪਿੰਡ ਨਾਲ ਕੀ ਤਾਅੱਲਕ ਏ... ਪੋਟਲੀ ਚੁੱਕਣ ਵਾਲੀ ਜ਼ਨਾਨੀ ਕੌਣ ਏ... ਬੂਟ ਪਾਲਸ਼ੀਏ ਦੀ ਘਰ ਵਾਲੀ ਜਾਂ ਭੈਣ? ਉਹਨੇ ਭੱਜੀ ਜਾਂਦੀ ਗੱਡੀ ਵਿਚੋਂ ਕੀ ਬਾਹਰ ਸੁੱਟਿਆ ਏ। ਤੂੰ ਪੰਦਰਾਂ ਵਰ੍ਹੇ ਏਸ ਪਿੰਡ ਵਿਚ ਰਹਿ ਕੇ ਵੀ ਇਨ੍ਹਾਂ ਲੋਕਾਂ ਨੂੰ ਕਿਉਂ ਨਹੀਂ ਜਾਣਦਾ?" ਇਲਿਆਸ ਦੇ ਏਹ ਤੇ ਇਹਦੇ ਵਰਗੇ ਹੋਰ ਕਈ ਸਵਾਲ ਮੈਨੂੰ ਪ੍ਰੇਸ਼ਾਨ ਪਏ ਕਰਦੇ ਸਨ।

"ਕਿੱਥੇ ਪੁੱਜ ਗਿਆ ਏ? " ਗੱਡੀ ਦੇ ਰੌਲੇ ਵਿਚ ਇਲਿਆਸ ਹੌਲੀ ਜਿਹੀ ਫੇਰ ਬੋਲਿਆ।

"ਕਿੱਧਰੇ ਨਹੀਂ ਯਾਰ! ਬਸ ਰੱਬ ਦੇ ਰੰਗ ਵੇਖ ਰਿਹਾ ਵਾਂ। " ਮੈਂ ਜਵਾਬ ਦਿੱਤਾ।

"ਅੱਧੇ ਧੜ ਵਾਲਾ ਏਹ ਮੋਚੀ ਕਿੱਦਾਂ ਦਾ ਲਗਾ ਏ? " ਉਹਨੇ ਪੁੱਛਿਆ।

"ਬੜਾ ਖ਼ੁਦਦਾਰ ਏ ਇਹ ਸਪੈਸ਼ਲ ਪਰਸਨ... ਤੂੰ ਵੇਖਿਆ ਏ ਕਿ ਉਸ ਨੇ ਮੇਰੀ ਜੁੱਤੀ ਪਾਲਸ਼ ਕਰਨ ਤੋਂ ਸਿਰਫ਼ ਏਸ ਲਈ ਇਨਕਾਰ ਕਰ ਦਿੱਤਾ ਏ ਕਿ ਉਹਨੂੰ ਸ਼ਕ ਪਿਆ ਸੀ ਕਿ ਮੈਂ ਉਸਦੀ ਕੋਈ ਮਦਦ ਕਰਨਾ ਚਾਹੁੰਦਾ ਸਾਂ।" ਮੈਂ ਆਖਿਆ।

"ਤੇ ਫੇਰ ਬਣ ਗਈ ਕੋਈ ਕਹਾਣੀ?" ਉਹਨੇ ਹੱਸਦਿਆਂ ਹੱਸਦਿਆਂ ਪੁੱਛਿਆ।

"ਨਹੀਂ ਇਹਦੇ ਵਿਚ ਕੋਈ ਕਲਾਈਮੈਕਸ ਨਹੀਂ।' ਮੈਂ ਜਵਾਬ ਦਿੱਤਾ।

"ਚਲੋ ਕੋਈ ਹੋਰ ਕਹਾਣੀ ਲੱਭ ਜਾਏਗੀ। ਅੱਜ ਤੇ ਗੱਡੀ ਤੇ ਪਹਿਲਾ ਦਿਨ ਏ। ਹੁਣ ਦੁਪਹਿਰ ਦੇ ਅਖ਼ਬਾਰ ਤੇ ਖ਼ਬਰ ਆਈ ਏ ਕਿ ਹਕੂਮਤ ਤੇ ਟਰਾਂਸਪੋਰਟਰਾਂ ਦੀ ਗੱਲ ਬਾਤ ਤੋੜ ਨਹੀਂ ਚੜ੍ਹ ਸਕੀ। ਹੁਣ ਦੋ ਈ ਗੱਲਾਂ ਨੇ, ਦਫ਼ਤਰ ਤੋਂ ਛੁਟੀ ਜਾਂ ਗੱਡੀਆਂ ਦੇ ਧੱਕੇ।" ਉਹਨੇ ਆਖਿਆ।

"ਨਹੀਂ ਯਾਰ ਕਲ੍ਹ ਤੋਂ ਆਪਣੀ, ਕਾਰ ਆਏਗੀ ਇੰਨਸ਼ਾ ਅੱਲ੍ਹਾ ਸ਼ੇਖ਼ੂਪੁਰਾ ਤੇ ਲਾਹੌਰ ਦਾ ਪੰਧ ਈ ਕੀ ਏ?" ਮੈਂ ਆਖਿਆ।

"ਤੇ ਕਾਰ ਦੇ ਟੈਂਕ ਵਿਚ ਪਵੇਂਗਾ ਕੀ।" ਉਹ ਬੋਲਿਆ.

"ਕੀ ਮਤਲਬ ਏ ਤੇਰਾ?" ਮੈਂ ਆਖਣ ਲੱਗਾ।

"ਮੀਆਂ ਹੜਤਾਲ ਵਿਚ ਆਇਲ ਟੈਂਕਰਜ਼ ਐਸੋਸੀਏਸ਼ਨ ਵੀ ਰਲ ਗਈ ਏ. ਫਿਲਿੰਗ ਸਟੇਸ਼ਨ ਸਵੇਰ ਤੱਕ ਸੁੱਕ ਜਾਣਗੇ।"

"ਓ ਮੇਰਿਆ ਰੱਬਾ! ਏਹ ਤੇ ਸੱਚ ਮੁੱਚ ਮਸਲਾ ਹੋਇਆ... ਪਬਲਿਕ ਟਰਾਂਸਪੋਰਟ ਤੇ ਜ਼ਾਤੀ ਕਾਰ... ਕਿਵੇਂ ਚਲੇਗਾ ਕੰਮ ਗੱਡੀ ਤੇ ਬੜਾ ਰਸ਼ ਹੋ ਜਾਏਗਾ।'

ਮੈਂ ਬੋਲਦਾ ਬੋਲਦਾ ਥੱਕ ਗਿਆ ਤੇ ਫੇਰ ਇਲਿਆਸ ਦੀ ਵਾਰੀ ਆਈ।

"ਏਸ ਬੰਦੇ ਤੋਂ ਜਾਣੂੰ ਏਂ? "

"ਨਹੀਂ ...ਅਸਲੋਂ ਈ ਨਹੀਂ।" ਮੈਂ ਜਵਾਬ ਦਿੱਤਾ ਤੇ ਇਲਿਆਸ ਆਖਣ ਲੱਗਾ 'ਕਮਾਲ ਏ ਭਈ ਤੇਰੇ ਪਿੰਡ ਦਾ ਰਹਿਣ ਵਾਲਾ ਏ ਤੇ ਤੂੰ ਨਹੀਂ ਜਾਣਦਾ। ਸ਼ੇਖ਼ੂਪੁਰੇ ਤੇ ਲਾਹੌਰ ਵਿਚਕਾਰ ਗੱਡੀ ਤੇ ਸਫ਼ਰ ਕਰਨ ਵਾਲੇ ਸਾਰੇ ਲੋਕੀ ਏਸ ਨੂੰ ਜਾਣਦੇ ਨੇ। ਚੀਚੋ ਕੀ ਮੱਲੀਆਂ ਦਾ ਮੋਚੀ ਏ... ਏਸ ਪਾਸੇ ਗੱਡੀਆਂ ਤੇ ਬੂਟ ਪਾਲਸ਼ ਕਰਦਿਆਂ ਏਸ ਨੂੰ ਨੇੜੇ ਤੇੜੇ ਵੀਹ ਵਰ੍ਹੇ ਹੋ ਚਲੇ ਨੇ।'

ਮੈਂ ਆਖਿਆ, "ਗੱਲ ਏਵੇਂ ਈ ਹੋਵੇਗੀ ਪਰ ਮੈਂ ਰੇਲ ਤੇ ਸਫ਼ਰ ਨਹੀਂ ਕਰਦਾ। ਏਸ ਲਈ ਮੈਂ ਏਸ ਨੂੰ ਨਹੀਂ ਜਾਣਦਾ। ਰਹੀ ਗੱਲ ਪਿੰਡ ਦੀ ਤੇ ਮੈਨੂੰ ਪਿੰਡ ਛੱਡਿਆ ਵੀਹ ਪੰਜੀ ਵਰ੍ਹੇ ਹੋਣ ਲੱਗੇ ਹਨ। ਜਦੋਂ ਅਸੀਂ ਸ਼ੇਖ਼ੂਪੁਰੇ ਗਏ ਸਾਂ ਉਦੋਂ ਪਿੰਡ ਵਿਚ ਮੋਚੀ ਤੇ ਬਥੇਰੇ ਸਨ ਪਰ ਕੋਈ ਇੰਜ ਦਾ ਰੰਗ ਰੂਪ ਕੋਈ ਨਹੀਂ ਸੀ। ਹਾਂ ਏਹ ਹੋ ਸਕਦਾ ਏ ਕਿ ਵੇਲੇ ਦੀ ਧੂੜ ਨੇ ਏਸ ਗਰੀਬੜੇ ਦੇ ਮੁੱਖ ਤੇ ਐਡਾ ਮੋਟਾ ਲੇਅ ਚੜ੍ਹਾ ਦਿੱਤਾ ਹੋਵੇ ਕਿ ਮੈਂ ਪਛਾਣ ਨਾ ਸਕਿਆ ਹੋਵਾਂ। ਏਹ ਗੱਲ ਆਖਦਿਆਂ ਮੇਰੇ ਕਲੇਜੇ ਨੂੰ ਰੁਗ ਤੇ ਪਿਆ ਪਰ ਮੈਂ ਕੀ ਕਰਦਾ?'

ਗੱਡੀ ਸ਼ੇਖ਼ੂਪੁਰੇ ਪੁੱਜ ਗਈ ਸੀ। ਬੂਟ ਪਾਲਸੀਆ ਸੱਭ ਤੋਂ ਪਹਿਲੋਂ ਥੱਲੇ ਲੱਥਾ ਤੇ ਉਸ ਡੱਬੇ ਦੇ ਬੂਹੇ ਦੇ ਸਾਹਮਣੇ ਈ ਪਲੇਟਫਾਰਮ ਤੇ ਬਹਿ ਗਿਆ ਮੈਂ ਥੱਲੇ ਲੱਥਾ ਤੇ ਉਹ ਬੜੇ ਧਿਆਨ ਨਾਲ ਮੇਰੇ ਮੂੰਹ ਵਲ ਵੇਖਦਾ ਪਿਆ ਸੀ। ਮੈਂ ਮੂੰਹ ਪਰ੍ਹਾਂ ਕਰ ਛੱਡਿਆ ਜਿਵੇਂ ਸਾਡਾ ਅੱਬਾ ਪਛੇਤੀ ਬੀਜੀ ਮੂੰਜੀ ਵਲ ਵੇਖ ਕੇ ਕਰ ਛੱਡਦਾ ਸੀ।

'ਜੈਦੀ ...ਖਲੋ ਜਾ...।" ਮੈਂ ਉਹਦੀ ਆਵਾਜ਼ ਸੁਣ ਕੇ ਕੰਬ ਗਿਆ। "ਆ ਤੇਰੀ ਜੁੱਤੀ ਪਾਲਸ਼ ਕਰ



ਦਿਆ।' ਉਹਨੇ ਆਖਿਆ।

ਇਲਿਆਸ ਵੀ ਮੇਰੇ ਨਾਲ ਈ ਖਲੋ ਗਿਆ। ਉਹ ਹੈਰਾਨ ਪ੍ਰੇਸ਼ਾਨ ਕਦੇ ਮੈਨੂੰ ਤੇ ਕਦੇ ਉਹਨੂੰ ਵੇਖ ਰਿਹਾ ਸੀ ਤੇ ਏਹਦੇ ਨਾਲ ਈ ਬੂਟ ਪਾਲਸ਼ ਕਰਨ ਵਾਲਾ ਫੇਰ ਬੋਲਣ ਲਗ ਪਿਆ,

"ਬੰਦਾ ਬੰਦਾ ਈ ਹੁੰਦਾ ਏ... ਏਸ ਨੂੰ ਖਵਾਰ ਨਹੀਂ ਕਰੀਦਾ। ਰੱਬ ਬੜਾ ਬੇ ਨਿਆਜ਼ ਏ। ਬੰਦੇ ਪੈਸੇ ਦੀ ਤੱਕੜੀ ਵਿਚ ਤੁੱਲਣ ਲੱਗ ਪਏ ਨੇ... ਏਵੇਂ ਈ ਗੱਲ ਏ ਨਾ?" ਏਹ ਆਖਦਿਆਂ ਉਹਨੇ ਹੱਥ ਮੇਰੀ ਜੁੱਤੀ ਵਲ ਵਧਾਇਆ ਤੇ ਮੈਂ ਝੁਕ ਕੇ ਉਹਦੇ ਹੱਥ ਫੜ ਲਏ।

'ਰਹਿਣ ਦੇ ਯਾਰ! ਫਸਟ ਕਲਾਸ ਨੇ ਏਹ ਪਾਲਸ਼ ਦੀ ਲੋੜ ਨਹੀਂ।' ਮੈਂ ਏਹ ਗੱਲ ਆਖੀ ਤੇ ਨਾਲ ਈ ਬੇਸ਼ਰਮਾ ਤਰ੍ਹਾਂ ਏਹ ਸਵਾਲ ਵੀ ਕਰ ਦਿੱਤਾ ਕਿ 'ਤੂੰ ਕੌਣ ਏਂ? "

ਉਹ ਆਖਣ ਲੱਗਾ, "ਤੂੰ ਮੈਨੂੰ ਪਛਾਨਣ ਤੋਂ ਕਿਉਂ ਇਨਕਾਰ ਪਿਆ ਕਰਨਾ ਏਂ? ਮੈਂ ਤੇ ਬੰਦਿਆਂ ਵਿਚ ਰਹਿ ਰਹਿ ਕੇ ਕੁੱਤਿਆਂ ਨੂੰ ਪਛਾਨਣ ਲੱਗ ਪਿਆ ਤੇ ਤੂੰ ਮੈਨੂੰ ਭੁੱਲ ਗਿਆ ਏਂ। ਤੂੰ ਜੇ ਆਖ ਦੇਵੇਂ ਕਿ ਤੂੰ ਮੇਰਾ ਯਾਰ ਏਂ ਤੇ ਕੀ ਫ਼ਰਕ ਪਏਗਾ। ਮੈਂ ਮੰਨ ਜਾਨਾਂ ਕਿ ਕੋਈ ਸਰਕਾਰੀ ਅਫ਼ਸਰ ਗੱਡੀਆਂ ਵਿਚ ਜੁੱਤੀਆਂ ਪਾਲਸ ਕਰਨ ਵਾਲੇ ਦਾ ਯਾਰ ਨਹੀਂ ਹੋ ਸਕਦਾ ਪਰ ਆਖ ਦੇਣ ਨਾਲ ਤੇਰਾ ਕੀ ਗਵਾਚਦਾ ਏ? ਵੇਖ ਜੈਦੀ! ਮੈਂ ਤੈਨੂੰ ਕਦੀ ਕੋਈ ਦੁੱਖ ਨਹੀਂ ਦਿੱਤਾ... ਮੈਂ ਤੈਥੋਂ ਕਦੀ ਕੁੱਝ ਨਹੀਂ ਮੰਗਿਆ, ਸਗੋਂ ਕਦੀ ਸੋਚਿਆ ਵੀ ਨਹੀਂ... ਮੈਂ ਮਿਹਨਤ ਕੀਤੀ ਏ, ਦਿਨ ਰਾਤ ਮਿਹਨਤ। ਤੂੰ ਪੜ੍ਹ ਲਿਖ ਗਿਆ, ਕੁਝ ਬਣ ਗਿਆ। ਮੈਂ ਪਿੱਛੇ ਰਹਿ ਗਿਆ, ਮੇਰੀ ਕਿਸਮਤ ਪਰ ਤੇਰਾ ਕੋਈ ਨੁਕਸਾਨ ਤੇ ਨਹੀਂ ਕੀਤਾ।"

ਸਪੈਸ਼ਲ ਪਰਸਨ ਦੀਆਂ ਅੱਖਾਂ ਭਿੱਜ ਗਈਆਂ। ਉਹਦੀਆਂ ਅੱਖਾਂ ਵਿਚੋਂ ਡਿੱਗਣ ਵਾਲੇ ਅੱਥਰੂ ਉਹਦੀ ਵੱਧੀ ਹੋਈ ਦਾੜ੍ਹੀ ਗਿੱਲੀ ਕਰਦਿਆਂ ਉਹਦੀਆਂ ਲੱਤਾਂ ਦੀਆਂ ਨਿਸ਼ਾਨੀਆਂ ਨੂੰ ਵੀ ਤਰ ਕਰ ਗਏ। ਮੈਂ ਉਸ ਨੂੰ ਯਕੀਨ ਦਿਵਾਂਦਾ ਰਿਹਾਂ ਕਿ ਮੈਂ ਉਹਨੂੰ ਨਹੀਂ ਜਾਣਦਾ ਪਛਾਣਦਾ ਤੇ ਉਹ ਰੋਂਦਾ ਰਿਹਾ। ਫੇਰ ਮੈਂ ਉਹਨੂੰ ਸਵਾਲ ਕੀਤਾ ਕਿ, "ਤੇਰੀਆਂ ਲੱਤਾਂ ਨੂੰ ਕੀ ਹੋਇਆ? " ਤੇ ਉਹਨੇ ਜਵਾਬ ਦਿੱਤਾ,

"ਕਈ ਵਰ੍ਹੇ ਬੀਤ ਚਲੇ ਨੇ ਏਸ ਗੱਲ ਨੂੰ ਜਦੋਂ ਇਕ ਦਿਹਾੜੀ ਚੀਚੋ ਕੀ ਮੱਲੀਆਂ ਦੇ ਟੇਸ਼ਨ ਤੇ ਫ਼ੈਸਲਾਬਾਦ ਨਾਨ ਸਟਾਪ ਦੀ ਰਫ਼ਤਾਰ ਚੋਖੀ ਘੱਟ ਗਈ। ਮੈਂ ਬੁਖਾਰ ਪਾਰੋਂ ਘਰ ਵਾਪਸ ਜਾਣਾ ਚਾਹੁੰਦਾ ਸਾਂ। ਗੱਡੀ ਤੋਂ ਉੱਤਰਨ ਦੀ ਕੋਸ਼ਿਸ਼ ਵਿਚ ਲੱਤਾਂ ਵਢਾ ਬੈਠਾ... ਪਰ ਤੈਨੂੰ ਤੇ ਥਹੁ-ਪਤਾ ਲਗ ਗਿਆ ਸੀ? "

"ਮੈਂ ਆਖਿਆ ਏ ਨਾਂ ਮੈਂ ਤੈਨੂੰ ਨਹੀਂ ਪਛਾਣ ਸਕਿਆ। ਜਿੰਨ੍ਹਾ ਦਿਨਾਂ ਵਿਚ ਮੈਂ ਪਿੰਡ ਛੱਡਿਆ ਸੀ ਪਿੰਡ ਵਿਚ ਤੇਰੀ ਸ਼ਕਲ ਸੂਰਤ ਦਾ ਕੋਈ ਮੋਚੀ ਨਹੀਂ ਸੀ।" ਮੈਂ ਫੇਰ ਉਹੋ ਈ ਗੱਲ ਕੀਤੀ।

"ਏਹ ਗੱਲ ਠੀਕ ਹੋਏਗੀ ਪਰ ਮੋਚੀਆਂ ਤੋਂ ਹਟ ਕੇ ਵੀ ਪਿੰਡ ਵਿਚ ਦੁਨੀਆਂ ਵੱਸਦੀ ਸੀ... ਪੜ੍ਹਿਆਰ ਸ਼ਹਿਰ ਟੁਰ ਗਏ... ਮੈਂ ਅੱਬੇ ਹੁਰਾਂ ਦੇ ਆਖਣ ਦੇ ਬਾਵਜੂਦ ਵੀ ਪਿੰਡ ਨਾ ਛੱਡਿਆ ਬਸ ਫੇਰ ਹਲਾਲ ਰੋਟੀ ਦੇ ਚਾਅ ਨੇ ਏਹ ਦਿਨ ਵਿਖਾਏ... ਏਹ ਤੇਰੇ ਨਾਲ ਕੌਣ ਏ? " ਉਹਨੇ ਪੁੱਛਿਆ।

"ਇਲਿਆਸ ਘੁੰਮਣ ਹੁਰੀ ਨੇ... ਮੇਰੀ ਦਫ਼ਤਰ ਦੇ ਸਾਥੀ। ਏਥੇ ਸ਼ੇਖ਼ੂਪੁਰੇ ਈ ਰਹਿੰਦੇ ਨੇ।" ਮੈਂ ਜਵਾਬ ਦਿੱਤਾ।

ਹੁਣ ਮੇਰੀ ਹਾਲਤ ਏਹ ਸੀ ਕਿ ਜਿਵੇਂ ਰੂਹ ਮੇਰੇ ਪਿੰਡੇ ਨੂੰ ਛੱਡ ਕੇ ਟੁਰ ਪਈ ਹੋਵੇ ਤੇ ਮੈਂ ਆਪਣੇ ਅੰਦਰ ਬਲਦੀ ਅੱਗ ਵਿਚ ਕੋਲਾ ਪਿਆ ਹੁੰਦਾ ਸਾਂ। ਮੇਰਾ ਦਿਲ ਕਰੇ ਕਿ ਮੈਂ ਆਪਣਾ ਸਿਰ ਉਹਦੇ ਲੱਕੜ ਦੇ ਡੱਬੇ ਨਾਲ ਮਾਰ ਮਾਰ ਕੇ ਪਾੜ ਲਵਾਂ ਜਾਂ ਧਰਤੀ ਆਪਣਾ ਸੀਨਾ ਖੋਲ੍ਹ ਦਵੇ ਤੇ ਮੈਂ ਏਹਦੇ ਵਿਚ ਵੜ ਜਾਵਾਂ। ਨਾਲ ਈ ਮੈਂ ਇਲਿਆਸ ਨਾਲ ਏਵੇਂ ਡੂੰਘੀਆਂ ਨਜ਼ਰਾਂ ਨਾਲ ਵੇਖਿਆ ਕਿ ਉਹ ਪੜ੍ਹਿਆ ਲਿਖਿਆ ਬੰਦਾ

ਮੇਰੀ ਤੇ ਬੂਟ ਪਾਲਸ਼ੀਏ ਦੀ ਏਸ ਸਾਂਝੀ ਖਾਹਸ਼ ਨੂੰ ਸਮਝ ਗਿਆ ਤੇ ਉਹ ਕੁਝ ਦੁਰੇਡੇ ਬਰਾਂਡੇ ਵਿਚ 'ਇੰਤਜ਼ਾਰ ਗਾਹ ਦਰਜਾ ਦੋਮ' ਦੇ ਬੋਰਡ ਦੇ ਥੱਲੇ ਡਿੱਠੇ ਸਲੇਟੀ ਰੰਗ ਦੇ ਬੈਂਚ ਤੇ ਜਾ ਕੇ ਬਹਿ ਗਿਆ।

ਰਚਨਾ ਐਕਸਪ੍ਰੈਸ ਦੂਰ ਜਾ ਪੁੱਜੀ ਸੀ... ਪਲੇਟ ਫ਼ਾਰਮ ਮੁਸਾਫ਼ਰਾ ਤੋਂ ਖਾਲੀ ਹੋ ਗਿਆ ਸੀ। ਇਲਿਆਸ ਦੂਰ ਬੈਠਾ ਸਿਗਰਟ ਦੇ ਸੂਟੇ ਲਾ ਰਿਹਾ ਸੀ। ਮੈਂ ਹੌਲੀ ਜਿਹਾ ਥੱਲੇ ਬਹਿ ਗਿਆ, ਗੋਡੇ ਜ਼ਮੀਨ ਤੇ ਰੱਖ ਦਿੱਤੇ ਤੇ ਵੱਡੇ ਭਰਾ ਦਾ ਹੰਝੂਆਂ ਨਾਲ ਭਿੱਜਿਆ ਮੁੱਖੜਾ ਚੁੰਮ ਲਿਆ। ਸ਼ੋਰ ਕੋਟ ਵਲੋਂ ਆਉਣ ਵਾਲੀ ਪੈਸੰਜਰ ਗੱਡੀ ਜਿਹਦੇ ਤੇ ਪ੍ਰਵੇਜ਼ ਨੇ ਵਾਪਸ ਚੀਚੋ ਕੀ ਮੱਲੀਆਂ ਜਾਣਾ ਸੀ, ਪਲੇਟਫ਼ਾਰਮ ਤੇ ਪੁੱਜ ਗਈ ਸੀ। ਉਹਨੇ ਲੱਕੜ ਦਾ ਡੱਬਾ ਗੱਡੀ ਦੇ ਅੰਦਰ ਸੁੱਟਿਆ, ਪਾਏਦਾਨ ਘੁੱਟ ਕੇ ਫੜਿਆ ਤੇ ਉੱਛਲ ਗੱਡੀ ਵਿਚ ਸਵਾਰ ਹੋ ਗਿਆ। ਫੇਰ ਹੱਸਦਿਆਂ ਹੋਇਆ ਮੇਰੇ ਵਲ ਵੇਖਿਆ ਤੇ ਆਖਣ ਲੱਗਾ, "ਅਜੇ ਹੁਣ ਈ ਰਚਨਾ ਐਕਸਪ੍ਰੈਸ ਤੇ ਆਉਂਦਿਆਂ ਚੀਚੋ ਕੀ ਮੱਲੀਆਂ ਪਲੇਟ ਫ਼ਾਰਮ ਤੇ ਸ਼ਰੀਫ਼ਾਂ ਦੀ ਰੋਟੀ ਵਗਾ ਆਇਆ ਸਾਂ... ਅੱਜ ਬਾਰ੍ਹਾਂ ਵਜੇ ਵਾਲੀ ਗੱਡੀ ਤੇ ਰੋਟੀ ਨਹੀਂ ਸਾਂ ਲਿਆ ਸਕਿਆ... ਬੜੀ ਨਾਰਾਜ਼ ਹੋਈ ਏ ਅੱਜ ਤੇਰੀ ਭਾਬੀ... ਤੇਰਾ ਸਲਾਮ ਆਖਾਂਗਾ ਉਸ ਨੂੰ... ਤੈਨੂੰ ਬੜਾ ਯਾਦ ਕਰਦੀ ਏ ਉਹ ਭਲੀ ਲੋਕ... ਤੂੰ ਵੀ ਭਾਬੀ ਨੂੰ ਮੇਰਾ ਸਲਾਮ ਚੇਤੇ ਨਾਲ ਆਖ ਦੇਵੀਂ।"

ਸ਼ੋਰ ਕੋਟ ਪੈਸੰਜਰ ਨੇ ਹਾਰਨ ਦਿੱਤਾ... ਗਾਰਡ ਨੇ ਸੀਟੀ ਵਜਾਈ ... ਹਰੀ ਝੰਡੀ ਹਿਲਾਈ ਤੇ ਗੱਡੀ ਟੁਰ ਪਈ। **ਲਿਪੀਅੰਤਰ / ਪਾਲ ਸਿੰਘ ਵੱਲਾ**

***************

## ਕਸ਼ਮੀਰੀ ਕਹਾਣੀ / ਧੁੰਦਲਕਾ / -ਮੂਲ ਲੇਖਕ: ਗੁਲਾਮ ਮੁਹੰਮਦ ਜ਼ਾਹਿਦ

ਬਸ਼ੀਰ ਜੇਲ੍ਹ ਦੀ ਇਸ ਕੋਠੜੀ ਵਿਚ ਪਿਛਲੇ ਪੰਜ ਦਿਨਾਂ ਤੋਂ ਬੰਦ ਸੀ। ਸਵੇਰੇ ਤੋਂ ਸ਼ਾਮ ਤੱਕ ਉਸ ਦੀਆਂ ਨਜ਼ਰਾਂ ਪਲੇਟ ਅਤੇ ਮੱਘ 'ਤੇ ਹੀ ਟਿਕੀਆਂ ਰਹਿੰਦੀਆਂ ਸਨ। ਸ਼ਾਮ ਹੁੰਦਿਆਂ ਹੀ ਉਹ ਥੋੜ੍ਹੀ ਜਿਹੀ ਰੌਸ਼ਨੀ ਦੇ ਲਈ ਤਰਸ ਜਾਂਦਾ ਸੀ। ਕੈਦੀਆਂ ਦੇ ਪੈਰਾਂ ਵਿਚ ਪਾਈਆਂ ਹੋਈਆਂ ਬੇੜੀਆਂ ਦੀ ਭਿਆਨਿਕ ਆਵਾਜ਼ ਨਾਲ ਅਤੇ ਕਾਤਿਲ ਰਾਘਵ ਦੀ ਪਾਗਲਾਂ ਵਾਂਗ ਚੀਕਣ ਦੀ ਨਿੱਤ ਦੀ ਆਵਾਜ਼ ਨਾਲ ਉਸ ਦੀ ਸਵੇਰ ਦੀ ਨੀਂਦ ਖੁੱਲਦੀ ਸੀ। ਪਾਗਲ ਕਾਤਿਲ ਹਰੁਰ... ਰਾ.... ਹੁਰ.... ਹੁਰ ਹਾ.... ਦੀਆਂ ਅਜੀਬ ਜਿਹੀਆਂ ਆਵਾਜ਼ ਕੱਢਦਾ ਸੀ। ਬਸ਼ੀਰ ਨੂੰ ਰਾਘਵ ਦੀ ਆਵਾਜ਼ ਸਮਝ ਨਹੀਂ ਆਉਂਦੀ ਸੀ। ਪ੍ਰੰਤੂ ਉਸ ਨੂੰ ਲੱਗਦਾ ਸੀ ਕਿ ਇਹ ਰਾਘਵ ਸਾਡੇ ਸਮਾਜ ਧਰਮ ਦੇ ਖਿਲਾਫ਼ ਬੋਲ ਰਿਹਾ ਹੈ। ਜਿਸ ਸਮਾਜ ਵਿਚ ਉਹ ਜੰਮਿਆ ਤੇ ਜਵਾਨ ਹੋਇਆ ਹੈ। ਉਹ ਆਪਣੀ ਹੋਂਦ ਦੇ ਸੰਬੰਧ ਵਿਚ ਸੋਚਦਾ ਸੀ ਅਤੇ ਆਪਣੇ ਆਪ ਨੂੰ ਕਹਿੰਦਾ ਸੀ, "ਭਲਿਆ ਮਾਣਸਾ ਤੂੰ ਦੱਸ ਬਈ ਤੇਰੇ ਮਾਂ-ਪਿਓ ਨੇ ਤੈਨੂੰ ਪਿੰਡ ਤੋਂ ਸ਼ਹਿਰ ਯੂਨੀਵਰਸਿਟੀ ਵਿਚ ਪੜ੍ਹਨ ਲਈ ਭੇਜਿਆ ਹੈ, ਉਨ੍ਹਾਂ ਦੇ ਸੋਚਿਆ ਦੇਵੇਗਾ ਕਿ ਸਾਡਾ ਪੁੱਤ ਪੜ੍ਹ ਲਿਖ ਕੇ ਸਕਾਲਰ ਬਣ ਕੇ ਇੱਜ਼ਤ ਨਾਲ ਰਹੇਗਾ ਤੇ ਸਾਨੂੰ ਚੰਗਾ ਰੋਟੀ ਟੁਕ ਦੇਵੇਗਾ। ਤੇਰੀਆਂ ਨਜ਼ਰਾਂ ਨੇ ਇਕ ਵਾਰ ਤਾਂ ਧੋਖਾ ਖਾ ਲਿਆ, ਕਿ ਤੂੰ ਸ਼ਹਿਰ ਦੀ ਚਕਾ-ਚੌਂਦ ਵਿਚ ਗੁੰਮ ਗਵਾਚ ਗਿਆ। ਜਿਵੇਂ ਮੋਚੀ ਆਰ ਨਾਲ ਚਮੜੇ ਵਿਚੋਂ ਧਾਗਾ ਖਿਚ ਕੇ ਲਿਆਉਂਦਾ ਹੈ ਉਂਝ ਹੀ ਤੈਨੂੰ ਇਹ ਸ਼ਹਿਰ ਦੀ ਚਮਕ ਖਿੱਚ ਲਿਆਈ। ਜਦੋਂ ਤੋਂ ਤੂੰ ਪਿੰਡ ਤੋਂ ਸ਼ਹਿਰ ਆਇਆ ਤੈਂਅ ਹਿੱਪੀਆਂ ਵਰਗੇ ਵਾਲ਼ ਬਣਾ ਲਏ ਅਤੇ ਪਿੰਡ ਦੇ ਰਿਵਾਜ਼ ਲਾਹ ਕੇ ਸੁੱਟ ਦਿੱਤਾ। ਤੈਨੂੰ ਹਿੱਪੀਆਂ ਵਰਗੇ ਵਾਲ਼ਾ ਵਿਚ ਅਤੇ ਮੋਚੀ ਦੀ ਰੰਬੀ ਵਰਗੀਆਂ ਵਾਲ਼ਾ ਦੀਆਂ ਕਲਮਾਂ



ਵਿਚ ਹੀ ਜ਼ਿੰਦਗੀ ਦਾ ਸੱਚ ਦਿਖਾਈ ਦਿੱਤਾ। ਕਦੇ ਤੈਨੂੰ ਯੂਨੀਵਰਸਿਟੀ ਵਿਚ ਰਹਿੰਦਿਆਂ ਕਹਿੰਦੇ ਸਨ ਕਿ ਇਹ ਪੁਰਾਣੇ ਜ਼ਮਾਨੇ ਦੇ ਫ਼ੈਸਨ ਦਾ ਬੰਦਾ ਹੈ। ਇਹ ਤਰੱਕੀ ਨਹੀਂ ਚਹੁੰਦਾ। ਉਨ੍ਹਾਂ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਤੂੰ ਹੀਣ ਭਾਵਨਾ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਦੀਆਂ ਗੱਲਾਂ ਤੇਰੇ ਦਿਮਾਗ਼ ਵਿਚ ਚੇਪੀ ਵਾਂਗ ਚੁੰਬੜ ਗਈਆਂ ਸਨ ਤੇਰੀ ਉਹ ਹੋਂਦ ਜਿਹਦੇ ਬਾਰੇ ਤੂੰ ਮਾਣ ਨਾਲ ਕਹਿੰਦਾ ਸੀ ਉਹ ਕਾਂਵਾਂ ਤੇ ਬਾਜ਼ਾਂ ਨੇ ਖਾ ਲਈ। ਤੇਰੇ ਵਿਚਲੇ ਜੋ ਗੁਣ ਸਨ ਉਹ ਤੈਂ ਗਵਾ ਦਿੱਤੇ ਹਨ। ਤੂੰ ਸ਼ਹਿਰ ਆ ਕੇ ਇਹ ਮਹਿਸੂਸ ਕੀਤਾ ਜਿਵੇਂ ਕਾਂਵਾ ਵਿਚ ਕਬੂਤਰ ਆ ਫਸਿਆ ਹੋਵੇ। ਤੈਨੂੰ ਆਪਣੇ ਸੱਚ ਅਤੇ ਆਪਣੀ ਸਵੈ-ਹੋਂਦ ਉੱਤੇ ਨਫ਼ਰਤ ਹੋਣ ਲੱਗੀ। ਤੈਨੂੰ ਪਿੰਡ ਦੇ ਹਰੇ-ਭਰੇ ਖੇਤ ਬੰਜ਼ਰ ਦਿਸਣ ਲੱਗੇ, ਝੋਨਾ ਬੀਜਣ ਸਮੇਂ ਗਾਏ ਜਾਂਦੇ ਲੋਕ ਗੀਤ ਨੀਰਸ ਲੱਗਣ ਲੱਗੇ, ਪਿੰਡ ਦੇ ਬੱਚਿਆਂ ਦੀਆਂ ਚੀਕਾਂ, ਕਿਲਕਾਰੀਆਂ ਤੇ ਗਾਲ੍ਹਾਂ ਰੁੱਖੀਆਂ ਲੱਗਣ ਲੱਗੀਆਂ. ਜੰਗਲੀ ਜਨਵਰਾਂ ਦੀਆਂ ਸਕੂਨ ਦੇਣ ਵਾਲੀਆਂ ਆਵਾਜ਼ਾਂ ਅਜੀਬ ਲੱਗਣ ਲੱਗੀਆਂ। ... ਤੈਨੂੰ ਨਵੇਂ ਜ਼ਮਾਨੇ ਦੇ ਅੰਦਾਜ਼ ਨੇ ਓਬੜ-ਖਾਬੜ ਰਾਹਾਂ ਉੱਤੇ ਪਾ ਦਿੱਤਾ। ਤੇਰਾ ਖਰਚ ਵੱਧਣ ਲੱਗਾ। ਮਾਂ-ਬਾਪ ਜਿਹੜੇ ਪੜ੍ਹਾਈ ਦੇ ਲਈ ਪੈਸੇ ਭੇਜਦੇ ਸਨ, ਉਹ ਵੀ ਤੈਨੂੰ ਥੋੜ੍ਹੇ ਮਹਿਸੂਸ ਹੋਣ ਲੱਗੇ।


ਤੂੰ ਇਸ ਘੁੰਮਣ ਘੇਰੀ ਵਿਚ ਫਸਣਾ ਸੀ, ਇਸ ਲਈ ਤੈਨੂੰ ਹਮੀਦ ਮਿਲਿਆ, ਹਮੀਦ ਨੇ ਤੈਨੂੰ ਕਿਹਾ ਸੀ,

"ਪਿਆਰੇ ਬਸ਼ੀਰ! ਅੱਜ-ਕੱਲ੍ਹ ਤੂੰ ਗਵਾਚਿਆ ਗਵਾਚਿਆ ਕਿਓਂ ਰਹਿੰਦਾ ਏਂ। ਕੁਝ ਪਰੇਸ਼ਾਨ ਜਿਹਾ ਵੀ ਲੱਗਦਾ ਏਂ ਠੀਕ ਤਾਂ ਹੈ ਸਭ ਕੁਝ। ਤੂੰ ਆਪਣੇ ਆਪ ਨੂੰ ਕਾਬੂ ਵਿਚ ਨਹੀਂ ਰੱਖ ਸਕਿਆ ਤੇ ਤੂੰ ਉਸ ਨੂੰ ਜਵਾਬ ਦਿੱਤਾ ਸੀ, "ਹਾਂ ਸਭ ਠੀਕ ਹੀ ਹੈ, ਪ੍ਰੰਤੂ ਮਾਂ ਲੱਛਮੀ ਦੇਵੀ ਨਰਾਜ਼ ਹੈ।"

ਉਦੋਂ ਬਸ਼ੀਰ ਨੇ ਕਿਹਾ ਸੀ, "ਤੈਨੂੰ ਘਰ ਤੋਂ ਪੈਸੇ ਨਹੀਂ ਆਉਂਦੇ? " ਤੂੰ ਕਿਹਾ "ਹਾਂ ਆਉਂਦੇ ਹਨ, ਪ੍ਰੰਤੂ ਉਨ੍ਹਾਂ ਪੈਸਿਆਂ ਦਾ ਕੁਝ ਬਣਦਾ ਨਹੀਂ।" ਇਹ ਸੁਣ ਕੇ ਤੈਨੂੰ ਹਮੀਦ ਨੇ ਕਿਹਾ, "ਤੂੰ ਕਿਤੇ ਪਾਰਟ ਟਾਇਮ ਜਾਬ ਕਿਓ ਨਹੀਂ ਕਰਦਾ। ਤੂੰ ਇਸ ਵਿਚੋਂ ਹਜ਼ਾਰਾਂ ਰੁਪਏ ਕਮਾ ਸਕਦਾ ਏਂ।' ਇਹ ਸੁਣ ਕੇ ਤੇਰੇ ਮਨ 'ਚ ਇੱਛਾ ਪੈਦਾ ਹੋ ਗਈ। ਅਤੇ ਉਤਸੁਕ ਹੋ ਕੇ ਤੂੰ ਉਸ ਨੂੰ ਪੁੱਛਿਆ 'ਕੋਈ ਢੰਗ, ਤਰੀਕਾ ਤਾਂ ਦੱਸ ਦਿੰਦਾ।' ਇਹ ਸੁਣ ਕੇ ਹਮੀਦ ਨੇ ਤੈਨੂੰ ਦੱਸਿਆ, "ਤੂੰ ਬੜੇ ਸ਼ੌਂਕ ਨਾਲ ਸਾਡੇ ਨਾਲ ਕੰਮ ਕਰ ਸਕਦਾ ਏ।" ਤੈਨੂੰ ਬਸ ਪਿੰਡ ਤੋਂ 'ਕੁਝ' ਲਿਆ ਕੇ ਦੇਣਾ ਹੋਵੇਗਾ, ਚਲਾਉਣਾ ਸਾਡਾ ਕੰਮ ਹੈ। ਅਜਿਹਾ ਕਰਨ ਨਾਲ ਤੇਰੇ ਨਾਲ 'ਲੱਛਮੀ ਦੇਵੀ ਕਦੇ ਵੀ ਨਰਾਜ਼ ਨਹੀਂ ਰਹੇਗੀ।' ਹਮੀਦ ਦੀਆਂ ਇਹ ਸਲਾਹਾ ਮੰਨ ਕੇ "ਤੂੰ" ਸਕਾਲਰ ਦੀ ਬਜਾਏ ਸਮੱਗਲਰ ਬਣ ਗਿਆ ਏਂ।

(ਇਹ ਕਹਾਣੀ ਭਾਰਤੀ ਸਾਹਿਤ ਅਕੈਡਮੀ, ਦਿੱਲੀ ਦੀ ਗੁਲਮੁਰਗ ਵਿਖੇ ਅਨੁਵਾਦ ਵਰਕਸਾਪ ਵਿਚ ਸਿੱਧੀ ਕਸ਼ਮੀਰੀ ਤੋਂ ਅਨੁਵਾਦ ਕੀਤੀ ਗਈ)

**- ਅਨੁਵਾਦ ਭਗਵੰਤ ਰਸੂਲਪੁਰੀ**



## ਡੈਡੀ ਸਾਹਿਬ /-ਨਿਰੁਪਮਾ ਦੱਤ

ਦਸੰਬਰ 11, 1962 ਕਿਸ ਤਰ੍ਹਾਂ ਕਈ ਤਰੀਖਾਂ ਦਿਲ ਜਾਂ ਦਿਮਾਗ ਦੇ ਕਿਸੇ ਹਿੱਸੇ 'ਤੇ ਹਮੇਸ਼ਾ ਲਈ ਉੱਕਰੀਆਂ ਜਾਂਦੀਆਂ ਨੇ। ਕੁਝ ਤਾਰੀਖਾਂ ਤਾਂ ਸਕੂਲ ਦੇ ਦਿਨਾਂ ਵਿਚ ਰਟਣੀਆਂ ਪੈਂਦੀਆਂ ਨੇ ਜਿਸ ਤਰ੍ਹਾਂ ਪਾਣੀਪਤ ਦੀ ਪਹਿਲੀ ਲੜਾਈ, ਪਾਣੀਪਤ ਦੀ ਦੂਜੀ ਲੜਾਈ ਤੇ ਪਾਣੀਪਤ ਦੀ ਤੀਜੀ ਲੜਾਈ। ਜੇ ਅੱਜ ਕੋਈ ਮੈਨੂੰ ਪੁੱਛੇ ਤਾਂ ਕਿਸੇ ਵੀ ਇਕ ਲੜਾਈ ਦੀ ਤਰੀਖ਼ ਯਾਦ ਨਹੀਂ, ਰੱਟਾ ਲਗਾਇਆ, ਇਮਤਿਹਾਨ ਦਿੱਤਾ ਤੇ ਫਿਰ ਸਭ ਛੂ ਮੰਤਰ।

ਹਾਂ ਕੁਝ ਤਾਰੀਖਾਂ ਇਕ ਸਮੂਹਿਕ ਯਾਦਾਸ਼ਤ ਦਾ ਹਿੱਸਾ ਬਣ ਜਾਂਦੀਆਂ ਨੇ। ਅਕਤੂਬਰ, 1971 ਰੂਸ ਦੀ ਕ੍ਰਾਂਤੀ, 1789 ਫਰਾਂਸ ਦੀ ਕ੍ਰਾਂਤੀ, 1857 ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ, 1947 ਵਿਚ ਦੇਸ਼ ਦੀ ਵੰਡ, ਨਵੰਬਰ, 1984 ਦਾ ਕਤਲੇਆਮ ਤੇ ਦਸੰਬਰ, 6 1992 ਬਾਬਰੀ ਮਸਜਿਦ ਦਾ ਗਿਰਨਾ, ਫ਼ੌਜੀ ਕਲੱਬਾਂ ਵਿਚ ਤੰਬੋਲਾ ਖੇਡਦੇ ਹੋਏ 71 ਨੰਬਰ ਨਾਲ ਬੰਗਲਾਦੇਸ਼ ਦਾ ਨਾਂ ਬੜੇ ਫਖ਼ਰ ਨਾਲ ਜੋੜਿਆ ਜਾਂਦਾ ਹੈ। ਪਰ 62 ਨੰਬਰ ਤੇ ਨਮੋਸ਼ੀ ਛਾ ਜਾਂਦੀ ਹੈ, ਸਭ ਨੂੰ ਹਿੰਦ ਚੀਨ ਦੀ ਲੜਾਈ ਯਾਦ ਆ ਜਾਂਦੀ ਹੈ, ਪੰਡਿਤ ਨਹਿਰੂ ਦੇ ਅੱਥਰੂ ਤੇ ਲਤਾ ਮੰਗੇਸ਼ਕਰ ਦੀ ਕੰਬਦੀ ਆਵਾਜ਼ ਵਿਚ ਗਾਇਆ ਗੀਤ-ਏ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰ ਲੋ ਪਾਨੀ।'

ਪਰ ਦਸੰਬਰ11, 1962 ਕਿਸੇ ਸਮੂਹਿਕ ਯਾਦਾਸ਼ਤ ਦਾ ਹਿੱਸਾ ਨਹੀਂ, ਇਹ ਤਾਰੀਖ਼ ਤੇ ਸਾਡੇ ਪਰਿਵਾਰ ਦੀ ਯਾਦ ਦਾ ਹਿੱਸਾ ਹੈ, ਜੋ ਮੇਰੀ ਮਾਂ ਯਾਦ ਰੱਖਦੀ ਸੀ। ਇਸ ਦਿਨ ਉਹ ਕਿਸੇ ਕੰਮ ਕਰਨ ਵਾਲੇ ਨੂੰ ਗੋਸ਼ਤ ਬਣਾ ਕੇ ਖੁਆ ਦੇਂਦੀ ਸੀ ਇਹ ਕਹਿ ਕੇ, 'ਪੰਡਤਾਂ ਨੂੰ ਰੋਟੀ ਖੁਆਣ ਵਿਚ ਮੇਰਾ ਵਿਸ਼ਵਾਸ ਨਹੀਂ, ਤੁਹਾਡੇ ਡੈਡੀ ਸਾਹਿਬ ਨੂੰ ਮੀਟ ਬੜਾ ਚੰਗਾ ਲਗਦਾ ਸੀ ਸੋ ਮੈਂ ਇਸ ਦਿਨ ਕਿਸੇ ਗਰੀਬ ਨੂੰ ਮੀਟ ਖੁਆ ਦੇਵਾਂ ਤਾਂ ਮੇਰੇ ਦਿਲ ਨੂੰ ਬੜਾ ਚੈਨ ਮਿਲਦਾ ਹੈ।" ਸਾਹਿਰ ਲੁਧਿਆਣਵੀ ਕਹਿੰਦਾ ਹੈ ਕਿ ਮਤਲਬ ਤਾਂ ਹੈ ਦਿਲ ਨੂੰ ਸਮਝਾਣਾ ਭਾਵੇਂ ਸ਼ਰਾਧ ਮਨਾ ਲੋ ਤੇ ਭਾਵੇਂ ਗੋਸ਼ਤ ਚਾੜ੍ਹ ਕੇ ਆਪ ਵੀ ਖਾ ਲੋ ਤੇ ਕਿਸੇ ਗਰੀਬ ਗੁਰਬੇ ਨੂੰ ਵੀ ਖੁਆ ਦਵੋ। ਬੀਜੀ ਦੱਸਦੇ ਸਨ ਕੀ ਡੈਡੀ ਸਾਹਿਬ ਕਹਿੰਦੇ ਹੁੰਦੇ ਸਨ, 'ਜਿੰਨਾ ਗੋਸ਼ਤ, ਓਨਾ ਹੀ ਪਿਆਜ਼, ਓਨੇ ਹੀ ਟਮਾਟਰ ਤੇ ਫਿਰ ਭੁੰਨੋ, ਭੁੰਨੋ।"

ਡੈਡੀ ਸਾਹਿਬ ਦੇ 'ਡਾਇਰੈਕਟ ਕੋਟਸ' ਮੇਰੇ ਕੋਲ ਬਹੁਤ ਘੱਟ ਨੇ। ਉਹਨਾਂ ਦੀਆਂ ਗੱਲਾਂ ਕਰਦਿਆਂ ਇਹ ਹੀ ਕਹਿਣਾ ਪੈਂਦਾ ਹੈ ਕਿ ਬੀਜੀ ਇਹ ਦੱਸਦੇ ਸਨ, ਇਹ ਸੁਣਦੇ ਹਾਂ ਕਿ ਡੈਡੀ ਦੇ ਹੁੰਦਿਆਂ, ਖਾਸਕਰ ਰਿਟਾਇਰਮੈਂਟ ਤੋਂ ਪਹਿਲਾਂ, ਸਾਡੇ ਘਰ ਰੋਜ਼ ਹੀ ਬਕਰੀਦ ਹੁੰਦੀ ਸੀ। ਮੇਰੇ ਸੁਰਤ ਸੰਭਾਲਣ ਤੱਕ ਘਰ ਵਿਚ ਪੈਸੇ ਦੀ ਤੰਗੀ ਆ ਗਈ ਸੀ ਜੋ ਹਫ਼ਤੇ ਵਿਚ ਇਕ ਦੋ ਵਾਰ ਹੀ ਗੋਸ਼ਤ ਬਣਦਾ, ਕਿਆ ਲਜ਼ੀਜ਼ ਆਲੂ-ਗੋਸ਼ਤ ਬਣਾਂਦੇ ਸਨ ਬੀਜੀ। ਹਾਂ ਹੋਰ ਵੀ ਕਈ ਕਿਸਮਾਂ ਦਾ ਗੋਸ਼ਤ-ਗੋਭੀ ਵਾਲਾ, ਸ਼ਲਗਮ ਵਾਲਾ, ਗੁਰਦੇ-ਕਪੂਰੇ, ਕਲੇਜੀ, ਮਗਜ਼, ਸਾਗ-ਮੀਟ, ਯਖ਼ਨੀ ਪੁਲਾਓ, ਬਰਾਊਨ ਸਟੂ, ਆਇਰਿਸ਼ ਸਟੂ ਤੇ ਰੋਸਟ ਮੀਟ ਸਾਬਤ ਭੁਜੇ ਆਲੂਆਂ ਨਾਲ ਸਜਾਇਆ ਹੋਇਆ। ਹਾਏ! ਮੂੰਹ ਵਿਚ ਪਾਣੀ ਆ ਰਿਹਾ ਹੈ।

ਸਾਡਾ ਰਹਿਣ-ਸਹਿਣ, ਖਾਣਾ-ਪੀਣਾ, ਬੋਲਣਾ ਤੇ ਉੱਠਣਾ ਬੈਠਣਾ ਸਾਡੇ ਚਾਚੇ, ਭੂਆ ਤੇ ਮਾਮਿਆਂ ਤੋਂ ਬਿਲਕੁਲ ਅੱਡ, ਕਿਉਂਕਿ ਬਾਕੀਆਂ ਦੇ ਪਿਓ ਤਾਂ 'ਬਾਉਜੀ' ਜਾਂ 'ਪਿਤਾ ਜੀ' ਸਨ। ਪਰ ਸਾਡੇ ਅੱਠ ਭੈਣ-ਭਰਾਵਾਂ ਦੇ 'ਡੈਡੀ ਸਾਹਿਬ' ਫ਼ਰਕ ਤਾਂ ਹੋਣਾ ਹੀ ਸੀ।

ਜਦ ਕਦੇ ਸਾਡੇ ਬਿਹਾਰੀ ਲਾਲ ਚਾਚਾ ਜੀ ਦੀ ਪਤਨੀ, ਸਾਡੀ ਚਾਚੀ ਕੈਲਾਸ਼ਵੰਤੀ ਆਪਣੇ ਵੱਡੇ



ਮੁੰਡੇ ਨੂੰ ਕਹਿੰਦੀ-"ਆ ਖਾਣਾ ਖਾ ਲੈ।" ਤੇ ਉਸ ਦਾ ਜਵਾਬ ਹੁੰਦਾ। 'ਇਹ ਖਾਣਾ ਥੋੜੇ ਹੈ, ਇਹ ਤਾਂ ਰੋਟੀ ਹੈ, ਖਾਣਾ ਤਾਂ ਕੋਠੀ ਵਾਲੇ ਤਾਏ ਸਾਹਿਬ ਦੇ ਘਰ ਹੁੰਦਾ ਹੈ ਮੇਜ਼ ਕੁਰਸੀ 'ਤੇ ਬੈਠ ਕੇ।'

ਬਿਹਾਰੀ ਲਾਲ ਚਾਚਾ ਦੀ ਵੱਡੀ ਬੇਟੀ ਰਮਾ ਭੈਣ ਜੀ ਨੇ ਬਚਪਨ ਵਿਚ ਮੈਨੂੰ ਪੁੱਛਿਆ, "ਇਹ ਡੈਡੀ ਤੇ ਠੀਕ ਹੈ ਪਰ ਇਹ ਸਾਹਿਬ ਕੀ ਹੋਇਆ?" ਤਦ ਮੈਂ ਮਸਾਂ ਪੰਜ ਕੁ ਵਰ੍ਹਿਆਂ ਦੀ ਸਾਂ ਤੇ ਮੈਨੂੰ ਕੋਈ ਜਵਾਬ ਨਹੀਂ ਸੁੱਝਿਆ ਨਾ ਮੈਨੂੰ ਰਮਾ ਭੈਣ ਜੀ ਦਾ ਤਨਜ਼ ਹੀ ਸਮਝ ਆਇਆ, ਸਗੋਂ ਮੈਨੂੰ ਸਵਾਲ ਹੀ ਅਜੀਬ ਲੱਗਿਆ, ਡੈਡੀ ਸਾਹਿਬ ਨੂੰ ਡੈਡੀ ਸਾਹਿਬ ਹੀ ਤਾਂ ਬੁਲਾ ਸਕਦੇ ਹਾਂ, ਹੋਰ ਕੁਝ ਥੋੜ੍ਹੇ ਨਾ!

ਬਹੁਤ ਹੀ ਬਾਅਦ ਵਿਚ ਮੈਨੂੰ ਸਮਝ ਆਇਆ ਕਿ ਇਹ ਸਾਹਿਬ ਤਾਂ ਅੰਗਰੇਜ਼ਾਂ ਦਾ ਕੰਪਨੀ ਵਾਲਾ ਸਾਹਿਬ ਬਹਾਦੁਰ ਸੀ। 'ਸਗੀਨਾ ਮਹਾਤੋ' ਫ਼ਿਲਮ ਵਿਚ ਦਲੀਪ ਕੁਮਾਰ ਗਾਂਦਾ ਹੈ, ਸਾਲਾ ਮੈਂ ਤੋ ਸਾਹਿਬ ਬਨ ਗਿਆ।'

ਜਵਾਨੀ ਵਿਚ ਰੰਮ ਦੇ ਦੋ ਕੁ ਪੈੱਗ ਲਾ ਕੇ ਮੈਨੂੰ ਇਸ ਗਾਣੇ ਦੀ ਇਕ ਸਤਰ ਆਪਣੇ ਗੋਰੇ-ਚਿੱਟੇ ਦੋਸਤਾਂ ਨੂੰ ਸੁਨਾਉਣੀ ਬੜੀ ਚੰਗੀ ਲੱਗਦੀ ਸੀ, ਤੁਮ ਲੰਗੋਟੀ ਵਾਲਾ ਨਾ ਬਲਦਾ ਹੈ ਨਾ ਬਦਲੇਗਾ, ਤੁਮ ਸਬ ਕਾਲਾ ਲੋਗ ਕੀ ਕਿਸਮਤ ਹਮ ਸਾਲਾ ਬਦਲੇਗਾ, ਦੋਸਤ ਹੱਸ ਪੈਂਦੇ ਕਿਓਂ ਕਿ ਗਾਉਣ ਵਾਲੀ ਕਾਲੀ ਦਿਲਵਾਲੀ ਸੀ, ਇਹ ਤਾਂ ਖ਼ਾਲਸ ਹਿੰਦੋਸਤਾਨੀ ਬੀਜੀ ਦਾ ਅਸਰ ਬਚਾ ਗਿਆ ਨਹੀਂ ਤਾਂ ਕਾਲੀ ਸਾਹਿਬੀ ਦੇ ਕੁਝ ਅੰਸ਼ ਤਾਂ ਮੇਰੇ ਵਿਚ ਵੀ ਸਨ।

ਪਿਛਲੇ ਸਾਲ ਰਮਾ ਭੈਣ ਜੀ ਬਰਮਿੰਘਮ ਤੋਂ ਦਿੱਲੀ ਆਏ ਸਨ ਆਪਣੇ ਨਿੱਕੇ ਭਰਾ ਸਵੀਟੀ ਕੋਲ। ਇਕ ਰਾਤ ਮੈਂ ਉਹਨਾਂ ਕੋਲ ਰਹਿਣ ਗਈ। ਕੁੜੀਆਂ ਚਿੜੀਆਂ ਦੀ ਰਾਤ-ਪੰਜਾਹ ਦੀ ਮੈਂ ਤੇ ਪੈਂਹਠ ਦੇ ਰਮਾ ਭੈਣ ਜੀ, ਅਮ੍ਰਿਤਾ ਜੀ ਨੇ ਆਪਣੀ ਕਿਸੇ ਇਕ ਕਹਾਣੀ 'ਚ ਲਿਖਿਆ ਸੀ ਕੀ ਦਰਦ ਦੀ ਇਕੋ ਉਮਰ ਹੁੰਦੀ ਹੈ ਜਿਸ ਵਿਚ ਬੇਟੀ, ਮਾਂ ਤੇ ਨਾਨੀ ਦੀ ਉਮਰ ਇਕੋ ਹੀ ਹੋ ਜਾਂਦੀ ਹੈ।

ਅੰਮ੍ਰਿਤਾ ਜੀ ਦੀ ਪੀੜ੍ਹੀ ਦੇ ਦਰਦ ਦੀ ਇਕ ਕਿਸਮ ਸੀ। ਮਨਜੀਤ ਟਿਵਾਣਾ ਦੀ ਸ਼ਖ਼ਸੀਅਤ ਦੇ ਦਰਦ ਦੇ ਰੰਗ ਕੁਝ ਹੋਰ ਤਰ੍ਹਾਂ ਦੇ ਨੇ। ਮੈਂ ਆਪਣੀਆਂ ਸਮਕਾਲਨਾਂ, ਜਿਹਨਾਂ 'ਚ ਬੀਜੀ, ਰਮਾ ਭੈਣ ਜੀ ਤੇ ਕਈ ਹੋਰ ਨਿੱਕੀਆਂ ਵੱਡੀਆਂ ਸ਼ਾਮਲ ਹਨ, ਦੇ ਦਰਦ ਨੂੰ ਹੱਸਦੇ ਵੇਖਿਆ ਹੈ, ਦਰਦ ਵਿਚ ਟੁੱਟਣਾ ਤੇ ਫਿਰ ਜੁੜ ਕੇ ਆਪਣੇ ਤੋਂ ਜ਼ਰਾ ਦੂਰ ਖਲੋ ਕੇ ਦਰਦ ਨੂੰ ਪਰਖਣਾ ਤੇ ਉਸ ਤੇ ਹੱਸਣ ਦੀ ਜੁਅੱਰਤ ਰੱਖਣਾ।

ਪੰਜਾਂ ਕੁ ਸਾਲਾਂ ਦੀ ਸਾਂ ਮੈਂ ਤੇ ਵੀਹ ਕੁ ਦੇ ਰਮਾ ਭੈਣ ਜੀ,ਜਦ ਉਹਨਾਂ ਨੇ ਮੈਨੂੰ ਟੋਕਿਆ ਸੀ, ਇਹ ਡੈਡੀ ਸਾਹਿਬ ਕੀ ਹੋਇਆ? ਮੈਂ ਉਹਨਾਂ ਨੂੰ ਇਹ ਗੱਲ ਯਾਦ ਕਰਵਾਂਦੀ ਹਾਂ, ਰਮਾਂ ਭੈਣ ਜੀ ਕਹਿੰਦੇ ਨੇ, ਤਾਇਆ ਜੀ ਵਲਾਇਤ ਗਏ ਤੇ ਉਹਨਾਂ ਨੇ ਅੰਗਰੇਜ਼ਾਂ ਵਰਗਾ ਲਾਈਫ ਸਟਾਈਲ ਅਪਣਾ ਲਿਆ। ਉਹ ਪੂਰੀ ਤਰ੍ਹਾਂ ਸਾਹਿਬ ਬਣ ਗਏ, ਇਹ ਸਾਹਿਬੀ' ਹੀ ਤਾਂ ਸਾਡੇ ਪਰਿਵਾਰ ਨੂੰ ਬਹੁਤ ਮਹਿੰਗੀ ਪਈ।

ਵੈਸੇ ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੇ ਤਾਹਰ ਪਿੰਡ ਦੇ ਪਟਵਾਰੀ ਮਹਿਤਾ ਸੁਖ ਰਾਮ ਦੇ ਵੱਡੇ ਮੁੰਡੇ ਦਾ ਵਲਾਇਤ ਜਾ ਕੇ ਕੈਂਬਰਿਜ ਤੋਂ ਐਮ. ਏ. ਕਰਨਾ ਤੇ ਫਿਰ ਇਨਜ਼ ਕੋਰਟ ਆਇਰਲੈਂਡ ਤੋਂ 'ਬਾਰ-ਏਟ ਲਾ' ਕਰ ਕੇ ਸੱਤ ਵਰ੍ਹਿਆਂ ਬਾਅਦ ਵਾਪਸ ਆਨਾ ਆਪਣੇ ਆਪ ਵਿਚ ਇਕ ਅਜੂਬਾ ਸੀ। ਨਿੱਕੇ ਭਰਾ ਇਹ ਸਭ ਨਹੀਂ ਕਰ ਸਕੇ ਤੇ ਸੁਖ ਰਾਮ ਦੀ ਬੀਵੀ ਤੇ ਧਨਰਾਜ ਦੀ ਮਾਂ, ਨਿਹਾਲ ਦਈ, ਹੌਕਾ ਭਰਦੀ, ਹਾਏ ਸਾਰੀ ਮਲਾਈ ਤੇ ਵੱਡਾ ਲਾਲ ਲਾਹ ਕੇ ਲੈ ਗਿਆ ਤੇ ਨਿੱਕਿਆਂ ਵਾਸਤੇ ਰਹਿ ਗਈ ਸਿਰਫ਼ ਛਾਛ!

ਦੱਤ ਬਰਾਹਮਣਾਂ ਨੂੰ ਹੁਸੈਨੀ ਬਰਾਹਮਣ ਵੀ ਕਿਹਾ ਜਾਂਦਾ ਹੈ। ਸਤ ਜ਼ਾਤਾਂ ਦੀ ਮੋਹਯਾਲ ਬਿਰਾਦਰੀ ਵਿਚ ਉਹਨਾਂ ਦੀ ਥਾਂ ਸਭ ਤੋਂ ਉੱਚੀ ਮੰਨੀ ਜਾਂਦੀ ਸੀ। ਪਰਸੂ ਰਾਮ ਦਰੋਣਾਚਾਰਿਆ ਦੇ ਇਹ ਵੰਸ਼ਜ਼ ਲਾਹੌਰ 'ਤੇ ਰਾਜ ਵੀ ਕਰ ਚੁੱਕੇ ਹਨ। ਰਾਜਾ ਜੈਮਲ ਦੱਤ ਲਾਹੌਰ ਦਾ ਅਖੀਰਲਾ ਹਿੰਦੂ ਰਾਜਾ ਸੀ, ਨਿਹਾਲ ਦਈ

ਆਪਣੇ ਪੋਤਰਿਆਂ ਤੇ ਪੋਤਰੀਆਂ ਨੂੰ ਦੱਸਦੀ-

"ਦੱਤ ਰਾਜੇ,
ਸੋਨੇ ਦੀਆਂ ਪੌੜੀਆਂ
ਚਾਂਦੀ ਦੇ ਦਰਵਾਜ਼ੇ।"

ਦਿਲ ਦੇ ਬਹਿਲਾਉਣ ਨੂੰ ਇਹ ਖ਼ਿਆਲ ਚੰਗਾ ਪਰ ਸੱਚ ਇਹ ਸੀ ਕਿ ਮੋਹਯਾਲ ਬਰਾਹਮਣ ਬਹੁਤੇ ਅਮੀਰ ਨਹੀਂ ਸਨ। ਸੋਨੇ ਦੀਆਂ ਪੌੜੀਆਂ ਰਾਜੇ ਜੈਮਲ ਨਾਲ ਹੀ ਲੁਪਤ ਹੋ ਗਈਆਂ, ਅਲੱਗ ਅਲੱਗ ਫੌਜਾਂ ਵਿਚ ਯੋਧੇ ਬਣ ਇਹ ਗੁਜ਼ਰ ਕਰਦੇ, ਕੁਝ ਇਕ ਕੋਲ ਥੋੜ੍ਹੀ-ਬਹੁਤ ਜ਼ਮੀਨ ਹੁੰਦੀ ਜਿਸ ਨੂੰ ਇਹ ਵਾਂਹਦੇ, ਹਾਂ ਅੰਗਰੇਜ਼ਾਂ ਨੇ ਜਦ ਇਸ ਕੌਮ ਨੂੰ 'ਮਾਰਸ਼ਲ ਰੇਸ' ਦਾ ਖ਼ਿਤਾਬ ਬਖਸ਼ਿਆ ਤਾਂ ਕੁਝ ਪਰਿਵਾਰਾਂ ਨੂੰ ਜ਼ਮੀਨ ਦੇ ਮੁਰੱਬੇ ਵੀ ਬਖਸ਼ੇ ਗਏ। ਸੱਚ ਕਿਹਾ ਜਾਏ ਤਾਂ ਇਹ ਅੰਗਰੇਜ਼ਾਂ ਦੇ ਪਿੱਠੂ ਸਨ।

ਹਾਂ, ਗੌਰਵ ਦੇ ਕਿੱਸੇ ਬੜੇ ਸਨ, ਇਹਨਾਂ ਕੋਲ। ਬਹੁਤ ਸਾਰੇ ਦੱਤ ਅਰਬ ਵਿਚ ਜਾ ਵਸੇ ਸਨ। ਸਾਡਾ ਪੁਰਵਜ਼ ਸੀ ਭਾਪਾ ਰਾਹਬ ਨਾਂ ਦਾ ਇਕ ਯੋਧਾ, ਇਹ ਸਭ ਲਿਖਦਿਆਂ ਮੈਨੂੰ ਹਾਸਾ ਆ ਰਿਹਾ ਹੈ। ਕੁਝ ਲੋਕ ਬੜੇ ਚਟਕਾਰੇ ਲੈ ਕੇ ਪੜ੍ਹਨਗੇ ਤੇ ਕਹਿਣਗੇ ਕਿ ਵੇਖਿਆ ਨਾ ਅਸੀਂ ਆਪਣੀ ਜ਼ਾਤ ਤੋਂ ਕਦੇ ਨਹੀਂ ਉੱਪਰ ਉੱਠ ਸਕਦੇ। ਕਾਮਰੇਡ ਨਿਰੁਪਮਾ ਦੱਤ ਵੀ ਬਰਾਹਮਣਵਾਦ ਦੀ ਸ਼ਿਕਾਰ। ਜਿੰਨੇ ਗਿਲੇ-ਸ਼ਿਕਵੇ ਮੇਰੇ ਨਾਲ ਪੰਜਾਬੀ ਲੇਖਕਾਂ ਦੇ ਨੇ ਸਾਇਦ ਹੀ ਕਿਸੇ ਹੋਰ ਨਾਲ ਹੋਣ।

ਇਕ ਬੜਾ ਹੀ ਦਿਲਚਸਪ ਕਿੱਸਾ ਯਾਦ ਆ ਰਿਹਾ ਹੈ। ਮਨਜੀਤ ਟਿਵਾਣਾ ਜੋ ਕੁਝ ਸਾਲ ਪਹਿਲੇ ਮੇਰੇ ਤੱਕ ਥੋੜ੍ਹਾ ਬਹੁਤ ਫ਼ੀਡਬੈਕ ਪਹੁੰਚਾਉਂਦੀ ਰਹਿੰਦੀ ਸੀ, ਇਕ ਵਾਰ ਮੈਨੂੰ ਕਹਿਣ ਲੱਗੀ, "ਨੀਰੂ ਕਾਨਾ ਸਿੰਘ ਮੈਨੂੰ ਕਹਿਣ ਲੱਗੀ ਕਿ ਕੁਝ ਇਕ ਪੰਜਾਬੀ ਲੇਖਕ ਇਹ ਵੇਖ ਕੇ ਹੈਰਾਨ ਹੋ ਗਏ ਕਿ ਨਿਰੁਪਮਾ ਜਿਹਨੂੰ ਉਹ ਕਾਮਰੇਡ ਸਮਝਦੇ ਸਨ, ਤਰਨਤਾਰਨ ਦੇ ਬਜ਼ਾਰ ਵਿਚ ਬੈਠੀ ਇਕ ਜੋਤਸ਼ੀ ਨੂੰ ਆਪਣਾ ਹੱਥ ਵਿਖਾ ਰਹੀ ਸੀ।"

ਮੈਨੂੰ ਗੱਲ ਯਾਦ ਆ ਗਈ। ਗੱਲ ਸ਼ਾਇਦ 1993-94 ਦੀ ਹੈ। ਇੰਡੀਅਨ ਐਕਸਪ੍ਰੈਸ ਦੇ ਐਡੀਟਲ ਕੰਵਰ ਸੰਧੂ ਨੇ ਮੈਨੂੰ ਚੋਣਾਂ ਦੇ ਦੌਰਾਨ ਪੰਜਾਬ ਫੇਰੀ 'ਤੇ ਭੇਜਿਆ ਹੋਇਆ ਸੀ। ਤਰਨ ਤਾਰਨ ਮੇਰੇ ਕੋਈ ਵਾਕਫ਼ ਨਹੀਂ ਸਨ ਤੇ ਮੇਰੇ ਕੋਲ ਸਿਰਫ਼ ਸਾਡੀ ਅਖ਼ਬਾਰ ਦੇ ਇਕ ਏਜੰਟ ਦਾ ਪਤਾ ਸੀ ਜੋ ਇਤਫਾਕਨ ਜੋਤਸ਼ੀ ਵੀ ਸੀ। ਹੁਣ 'ਹੱਥਾਂ ਦੀਆਂ ਚਾਰ ਲਕੀਰਾਂ' ਦਾ ਮੁਕੱਦਰ ਕੌਣ ਨਹੀਂ ਜਾਨਣਾ ਚਾਹੇਗਾ, ਸੋ ਮੈਂ ਵੀ ਜਾਨਣ ਲਈ ਬੈਠ ਗਈ। ਉਧਰੋਂ 'ਸ਼ਿਲਾਲੇਖ' ਪਰਚੇ ਦਾ ਸੰਪਾਦਕ ਜੋਗਿੰਦਰ ਕੈਰੋਂ ਆਪਣੀ ਟੋਲੀ ਨਾਲ ਲੰਘਿਆ, ਮੈਂ ਬੜੇ ਅਦਬ ਨਾਲ ਉਹਨਾਂ ਨੂੰ ਸਲਾਮ ਕੀਤਾ, ਸੁੱਖਸਾਂਦ ਪੁੱਛੀ ਤੇ ਜਦ ਉਹ ਤੁਰ ਗਏ ਤਾਂ ਮੈਂ ਮੁਕੱਦਰ ਜਾਨਣ ਵਿਚ ਰੁਝ ਗਈ,

ਉਸ ਰਾਤ ਲੇਖਕਾਂ ਦੀ ਇਸ ਮੰਡਲੀ ਨੇ ਦਾਰੂ ਚੜ੍ਹਾ ਮੁਰਗੇ ਦੀ ਲੱਤ ਚਬਾਂਦਿਆਂ ਐਲਾਨ ਕੀਤਾ ਹੋਵੇਗਾ, "ਪੂਰੀ ਪਖੰਡਣ ਹੈ ਨਿਰੁਪਮਾ ਅਸੀਂ ਤਾਂ ਇਸ ਨੂੰ ਕਾਮਰੇਡ ਸਮਝਦੇ ਸਾਂ ਪਰ ਇਹ ਜੋਤਸ਼ੀ ਕੋਲ ਬੈਠੀ ਸੀ। ਅੱਗੋਂ ਤੋਂ ਇਸ ਦੀ ਕਿਸੇ ਲਿਖਤ ਦਾ ਵਿਸ਼ਵਾਸ ਨਾ ਕੀਤਾ ਜਾਏ।"

ਹੁਣ ਦੱਸੋ ਭੋਲੇ ਪੰਛੀਓ ਪਟਵਾਰੀ ਸੁਖ ਰਾਮ ਦੀ ਪੋਤਰੀ ਤੇ ਅੰਗਰੇਜ਼ੀ ਸਰਕਾਰ ਦੇ ਆਲਾ ਅਫ਼ਸਰ ਧਨ ਰਾਜ ਦੱਤ ਦੀ ਧੀ ਕਾਮਰੇਡ ਕਿਸ ਤਰ੍ਹਾਂ ਹੋ ਸਕਦੀ ਹੈ, ਕਾਮਰੇਡ ਹੋਣਗੀਆਂ ਉਹਨਾਂ ਦੀਆਂ ਮਾਵਾਂ-ਭੈਣਾਂ! ਨਾਲੇ ਮੇਰਾ ਸਬੰਧ ਕਿਸੇ ਵਾਮਪੰਥੀ ਪਾਰਟੀ ਨਾਲ ਨਹੀਂ ਰਿਹਾ, 'ਦਾਸ ਕੈਪੀਟਲ' ਦੇ ਮੈਂ ਕਦੀ ਨੇੜੇ ਨਹੀਂ ਗਈ, ਹਾਂ ਲਾਲ ਰੰਗ ਤਾਂ ਵੈਸੇ ਹੀ ਮੈਨੂੰ ਚੰਗਾ ਲੱਗਦਾ ਹੈ। ਕਾਮਰੇਡੀ ਨਾਲ ਮੇਰਾ ਸਿਰਫ਼ ਇੰਨਾ ਤੁਅੱਲਕ ਹੈ ਕਿ ਇਕ ਹਾਰੇ ਹੋਏ ਨਕਸਲਵਾਦੀ ਯੋਧੇ ਨਾਲ ਪਹਿਲਾ ਨਾਕਾਮਯਾਬ ਪਿਆਰ ਤੇ ਫਿਰ ਕਈ ਸਾਲ



ਬਾਅਦ ਬੁੱਢੀ ਸੀ ਪੀ ਆਈ ਦੇ ਇਕ ਕਿਸਾਨ ਨੇਤਾ ਨਾਲ ਵਿਆਹ ਕਰਨ ਦਾ ਅਸਫਲ ਯਤਨ, ਜੇ ਇਹਨਾਂ ਦੋ ਯਤਨਾਂ ਵਿਚ ਇਕ ਵੀ ਸਫ਼ਲ ਹੋ ਜਾਂਦਾ ਤਾਂ ਸ਼ਾਇਦ ਪੁਰਸ਼-ਪ੍ਧਾਨ ਸਮਾਜ ਦੀਆਂ ਨਜ਼ਰਾਂ ਵਿਚ ਮੈਂ ਕਾਮਰੇਡਨ ਬਣ ਜਾਂਦੀ। ਇਹ ਨਹੀਂ ਹੋਇਆ ਸੋ ਮੈਂ ਹਾਂ ਨਿਰੋਲ ਨਿਰੁਪਮਾ ਜੋ ਜੋਤਸ਼ੀ ਨੂੰ ਆਪਣਾ ਹੱਥ ਵੀ ਵਿਖਾਏਗੀ ਤੇ ਓਝੇ ਤੋਂ ਝਾੜ ਪੂੰਝ ਵੀ ਕਰਾਏਗੀ। ਹਾਂ ਗੱਲ ਤਾਂ ਸਾਡੇ ਪੁਰਖੇ ਭਾਪੇ ਰਾਹਬ ਦੀ ਚੱਲ ਰਹੀ ਸੀ।

ਸਾਡਾ ਪੁਰਖਾ ਭਾਪਾ ਰਾਹਬ ਆਪਣੀ ਫੌਜ਼ ਅਤੇ ਸਤ ਪੁੱਤਰਾਂ ਨਾਲ ਪੈਗੰਬਰ ਮੁਹੰਮਦ ਦੇ ਨਵਾਸੇ ਹਸਨ ਹੁਸੈਨ ਵਾਸਤੇ ਕਰਬਲਾ ਦੀ ਲੜਾਈ ਵਿਚ ਸ਼ਾਮਿਲ ਹੋਇਆ ਤੇ ਉਹ ਤੇ ਉਸ ਦੇ ਸੱਤ ਪੁੱਤਰ ਲੜਦੇ ਲੜਦੇ ਮਰ ਗਏ। ਉਸ ਦੇ ਬਾਅਦ ਦੱਤਾਂ ਨੂੰ ਮੁਸਲਮਾਨ ਹੁਸੈਨੀ ਬਰਾਹਮਣ ਬੁਲਾਉਣ ਲੱਗ ਪਏ ਤੇ ਉਹਨਾਂ ਬਾਰੇ ਕਿਹਾ ਜਾਂਦਾ ਸੀ,

ਵਾਹ ਦੱਤ ਈਮਾਨ
ਹਿੰਦੂ ਦਾ ਧਰਮ
ਮੁਸਲਮਾਨ ਦਾ ਈਮਾਨ
ਵਾਹ ਦੱਤ ਸੁਲਤਾਨ
ਅੱਧਾ ਹਿੰਦੂ, ਅੱਧਾ ਮੁਸਲਮਾਨ

ਪਿੱਛੇ ਜਿਹੇ ਜਦ ਮੈਂ ਪਾਕਿਸਤਾਨ ਵਿਚ ਵਜ਼ੀਰਾਬਾਦ ਗਈ ਤਾਂ ਚਿੱਤਰਕਾਰ ਅਕਰਮ ਵੜੈਚ ਮੈਨੂੰ ਸ਼ੀਆ ਇਮਾਮਬਾੜੇ ਲੈ ਗਿਆ ਤੇ ਭਾਪੇ ਰਾਹਬ ਦੀ ਔਲਾਦ ਕਹਿ ਕੇ ਮੇਰਾ ਤੁਆਰਫ਼ ਕਰਵਾਇਆ। ਸੀਆ ਮੌਲਵੀ ਨੇ ਮੇਰੀ ਖ਼ੂਬ ਖ਼ਾਤਿਰ ਕੀਤੀ ਤੇ ਕਿਹਾ, "ਸੱਤ ਪੁੱਤਰਾਂ ਦੀ ਕੁਰਬਾਨੀ ਦੇਣਾ ਕੋਈ ਸੌਖਾ ਕੰਮ ਨਹੀਂ, ਵਾਹ ਕਿਆ ਕਮਾਲ ਸੀ। ਤਾਂ ਹੀ ਮੁਸਲਮਾਨਾਂ ਨੇ ਇਹਨਾਂ ਨੂੰ ਕਦੇ ਵੀ ਆਪਣਾ ਧਰਮ ਬਦਲਣ ਲਈ ਮਜ਼ਬੂਰ ਨਹੀਂ ਕੀਤਾ, ਸਗੋਂ ਬੇਵਾ ਔਰਤਾਂ ਤੇ ਬੱਚਿਆਂ ਦੀ ਪਰਵਰਿਸ਼ ਕੀਤੀ।" ਅੱਗੋਂ ਜਦੋਂ ਉਹ ਕਹਿਣ ਲੱਗਾ ਕਿ ਦੱਤਾਂ ਦੇ ਬੱਚੇ ਗਰਦਨ ਤੇ ਗਾਨੀ ਲੈ ਕੇ ਜੰਮਦੇ ਨੇ ਜੋ ਤਲਵਾਰ ਨਾਲ ਕਟੀਆਂ ਗਰਦਨਾਂ ਦੀ ਨਿਸ਼ਾਨੀ, ਤਾਂ ਮੈਂ ਪਰੇਪੇਸ਼ ਵਿਚ ਪੈ ਗਈ ਕਿ ਕੀ ਪਤਾ ਮੇਰੀ ਗਰਦਨ ਤੇ ਕਾਲੀ ਹੈ ਕਿ ਨਹੀਂ, ਫੇਰ ਹਾਸਾ ਆਇਆ ਕਿ ਇਹ ਤਾਂ ਦੱਤਾਂ ਦੇ ਮੁੰਡਿਆਂ ਦੀ ਨਿਸ਼ਾਨੀ ਹੋਵੇਗੀ। ਕੁੜੀਆਂ ਤਾਂ ਇਸ ਪਿਤਰਾਂ ਦੇ ਵਿਰਸੇ ਵਿਚ ਸ਼ਾਮਲ ਨਹੀਂ ਸਨ ਹੋ ਸਕਦੀਆਂ। ਕਿਹਾ ਇਹ ਜਾਂਦਾ ਹੈ ਕਿ ਵੀਹਵੀ ਸਦੀ ਦੇ ਸ਼ੁਰੂ ਤੱਕ ਬਹੁਤ ਸਾਰੇ ਮੋਹਯਾਲ, ਹੋਰ ਕੌਮਾਂ ਦੇ ਯੋਧਿਆਂ ਵਾਂਗ, ਰਤਾ ਅਫੀਮ ਚਟਾ ਕੇ ਜੰਮਦੀਆਂ ਕੁੜੀਆਂ ਨੂੰ ਰਫ਼ਾ-ਦਫ਼ਾ ਕਰ ਦੇਂਦੇ ਸਨ।

ਸੋ ਇਸ ਵੰਸ਼ ਦੇ ਵਾਰਿਸ ਸਨ ਸਾਡੇ 'ਡੈਡੀ ਸਾਹਿਬ' ਉਹਨਾਂ ਦੀ ਮਾਂ ਨਿਹਾਲ ਦਈ ਆਪਣੇ ਪਤੀ ਸੁਖ ਰਾਮ ਤੋਂ ਪੰਝੀ ਕੁ ਵਰ੍ਹੇ ਛੋਟੀ ਸੀ, ਇਹ ਕਹਾਣੀ ਫੇਰ ਕਦੇ, ਧਨ ਰਾਜ ਨਿਹਾਲ ਦਈ ਦਾ ਪਲੇਠੀ ਦਾ ਪੁੱਤਰ ਸੀ।

ਸੁਖ ਰਾਮ ਪਟਵਾਰੀ ਸੀ ਪਰ ਬੀਜੀ ਕਹਿੰਦੇ ਸਨ ਉਹ ਬੜਾ ਈਮਾਨਦਾਰ ਸੀ ਸੋ ਪੈਸੇ ਵਲੋਂ ਹੱਥ ਤੰਗ ਹੀ ਰਹਿੰਦਾ ਸੀ। ਕੋਈ ਜ਼ਮੀਨ ਜੈਦਾਦ ਨਹੀਂ ਸੀ ਬਸ ਆਪਣੇ ਪਿਓ ਗੰਡਾ ਮੱਲ ਤੋਂ ਵਿਰਾਸਤ ਵਿਚ ਮਿਲਿਆ ਸੀ ਤਾਹਰ ਪਿੰਡ ਵਿਚ ਇਕ ਕੱਚਾ ਘਰ, ਪੰਜਾਬ ਵਿਚ ਬੜੇ ਥੋੜ੍ਹੇ ਬਰਾਹਮਣਾਂ ਕੋਲ ਜ਼ਮੀਨ ਸੀ ਸੋ ਬੱਚਿਆਂ ਦੀ ਪੜ੍ਹਾਈ 'ਤੇ ਹੀ ਜ਼ਿਆਦਾ ਜ਼ੋਰ ਪਾਇਆ ਜਾਂਦਾ।

ਡੈਡੀ ਸਾਹਿਬ ਦਾ ਜਨਮ 1900 ਦਾ ਸੀ। ਨਿਹਾਲ ਦਈ ਸਾਰਾ ਜ਼ੋਰ ਧਨ ਰਾਜ ਦੀ ਪੜ੍ਹਾਈ 'ਤੇ ਲਾਂਦੀ, ਅੱਠਵੀਂ ਤੋਂ ਬਾਅਦ ਧਨ ਰਾਜ ਨੂੰ ਦਸਵੀਂ ਕਰਨ ਵਾਸਤੇ ਜੰਮੂ ਨਾਨਕੇ ਭੇਜ ਦਿੱਤਾ ਗਿਆ।

ਦਸਵੀਂ ਵਿਚ ਪੂਰੇ ਪੰਜਾਬ ਵਿਚੋਂ ਅਵਲ ਆਏ ਤੇ ਅੰਗਰੇਜ਼ੀ ਵਿਚ ਕਮਾਲ ਦੇ ਨੰਬਰ ਮਿਲੇ। ਬਜ਼ੁਰਗ ਬਾਪ ਤੇ ਜਵਾਨ ਮਾਂ ਨੂੰ ਇਕ ਉਜਲਾ ਭਵਿੱਖ ਨਜ਼ਰ ਆਣ ਲੱਗਾ।

ਧਨ ਰਾਜ ਨੇ ਗਵਰਮੈਂਟ ਕਾਲਜ ਲਾਹੌਰ 'ਚ ਬੀ. ਏ. ਕਰਨ ਵਾਸਤੇ ਦਾਖਲਾ ਲਿਆ ਤਾਂ ਉਹਨਾਂ ਦੀ ਲਿਆਕਤ ਦੀਆਂ ਧੁਮਾਂ ਮਚ ਗਈਆਂ, ਹਾਲੀ ਕਾਲਜ ਵਿਚ ਹੀ ਸਨ ਤੇ ਮੀਰਪੁਰ ਦੇ ਇਕ ਉੱਚੇ ਮੋਹਯਾਲ ਪਰਿਵਾਰ ਤੋਂ ਉੱਚੀ ਲੰਮੀ ਤੇ ਸੋਹਣੀ ਕੁੜੀ ਰਾਮ ਰੱਖੀ ਦਾ ਰਿਸ਼ਤਾ ਆ ਗਿਆ। ਉੱਧਰ ਲਾਹੌਰ ਦੇ ਨੇੜੇ ਦੇ ਜ਼ਿੰਮੀਦਾਰਾਂ ਨੇ ਧਨ ਰਾਜ ਨੂੰ ਆਪਣੇ ਪੁੱਤਰਾਂ ਲਈ ਪ੍ਰਾਈਵੇਟ ਟਯੂਟਰ ਰੱਖ ਲਿਆ। ਅੱਗੇ ਜਾ ਕੇ ਇਸੇ ਪਰਿਵਾਰ ਚੋਂ ਸਰ ਸਿਕੰਦਰ ਹਯਾਤ ਖਾਨ ਸਾਂਝੇ ਪੰਜਾਬ ਦਾ ਪਹਿਲਾ ਮੁੱਖ ਮੰਤਰੀ ਬਣਿਆ।

ਇਹ ਗੱਲ ਹੋਵੇਗੀ 1918 ਜਾਂ 1919 ਦੀ ਡੈਡੀ ਸਾਹਿਬ ਤੇ ਵੱਡੇ ਬੀਜੀ ਨੂੰ ਰਹਿਣ ਵਾਸਤੇ ਇਕ ਕਵਾਟਰ ਦਿੱਤਾ। ਮੁਫਤ ਅਨਾਜ, ਇਕ ਮੱਝ ਬੰਨ੍ਹ ਦਿੱਤੀ ਗਈ ਤੇ ਨਾਲ ਤਿੰਨ ਸੌ ਰੁਪਏ ਮਹੀਨੇ ਦੀ ਤਨਖਾਹ ਜੋ ਵੱਧਦੀ ਚਾਰ ਸੌ ਹੋ ਗਈ। ਆਪਣੀ ਜ਼ਿੰਦਗੀ ਵਿਚੋਂ ਗੈਰਹਾਜ਼ਰ ਡੈਡੀ ਸਾਹਿਬ ਬਾਰੇ ਜਦ ਮੈਂ ਆਪਣੇ ਵੱਡੇ ਭੈਣਾਂ ਭਰਾਵਾਂ ਤੋਂ ਜਾਣਕਾਰੀ ਹਾਸਲ ਕਰਨ ਲਈ ਗੱਲ ਛੇੜ ਬਹਿੰਦੀ ਹਾਂ ਤਾਂ ਮੇਰਾ ਵੀਰ ਵਿਮਲ ਵਿਸਕੀ ਦਾ ਪੈੱਗ ਲਗਾ ਕੇ ਕਹਿੰਦਾ ਹੈ, "ਡੈਡੀ ਸਾਹਿਬ ਵਰਗੇ ਖਰਚੀਲੇ ਇਨਸਾਨ ਵਾਸਤੇ ਵੀ ਇਹ ਪ੍ਰਿੰਸਲੀ ਰਕਮ ਸੀ, ਉਸ ਵੇਲੇ ਅਨੁਸਾਰ।"

ਪਰ ਧਨ ਰਾਜ ਇਸ ਤੋਂ ਸੰਤੁਸ਼ਟ ਨਹੀਂ ਸੀ। ਹੁਕਮਰਾਨਾਂ ਦੀ ਅੰਗਰੇਜ਼ੀ ਭਾਸ਼ਾ ਤਾਂ ਉਹ ਖ਼ੂਬ ਸਿੱਖ ਗਿਆ ਸੀ ਤੇ ਹੁਣ ਉਹ ਆਪ ਹੁਕਮਰਾਨ ਬਣਨਾ ਚਾਹੁੰਦਾ ਸੀ। ਇਹ ਵਿਲਾਇਤ ਜਾਏ ਬਿਨਾ ਮੁਮਕਿਨ ਨਹੀਂ ਸੀ।

ਇਕ ਘਰ ਦਾ ਖ਼ਰਚਾ ਸੀ ਤੇ ਉੱਤੋਂ ਆਪਣੀ ਦਾਰੂ ਦਾ ਵੀ। ਫਿਰ ਵੀ ਉਹ ਚੁੱਪ ਚਾਪ ਹਰ ਮਹੀਨੇ ਕੁਝ ਪੈਸੇ ਬਚਾਂਦਾ ਰਿਹਾ। ਉੱਧਰ ਰਾਮ ਰੱਖੀ ਗਰਭਵਤੀ ਹੋ ਗਈ ਤੇ ਮੀਰਪੁਰ ਆਪਣੀ ਮਾਂ ਕੋਲ ਚਲੀ ਗਈ। ਇੱਧਰ ਧਨ ਰਾਜ ਨੇ ਜਮ੍ਹਾਂ ਪੂੰਜੀ ਇਕੱਠੀ ਕੀਤੀ ਤੇ ਥੋੜ੍ਹਾ ਕਰਜ਼ ਕਿਸੇ ਅਮੀਰ ਰਿਸ਼ਤੇਦਾਰ ਤੋਂ ਲਿਆ ਤੇ ਬਿਨਾ ਬੀਵੀ ਨੂੰ ਦੱਸੇ ਵਿਲਾਇਤ ਵਾਸਤੇ ਰਵਾਨਾ ਹੋ ਗਿਆ, ਬੰਬਈ ਤੋਂ ਸਮੁੰਦਰੀ ਜਹਾਜ਼ ਲਿਆ ਤੇ ਅਜਨ ਜਾ ਕੇ ਆਪਣੀ ਬੀਵੀ ਨੂੰ ਖ਼ਤ ਪਾਇਆ ਕੀ ਉਹ ਵਿਲਾਇਤ ਪੜ੍ਹਨ ਵਾਸਤੇ ਜਾ ਰਹੇ ਨੇ।

ਜਦ ਡੈਡੀ ਸਾਹਿਬ ਸੱਤ ਸਾਲਾਂ ਬਾਅਦ ਸੱਤ ਸਮੁੰਦਰ ਪਾਰੋਂ ਵਾਪਸ ਪਰਤੇ ਤਾਂ ਮੁਹਯਾਲ ਬਿਰਾਦਰੀ ਵਾਸਤੇ ਬੜੇ ਮਾਣ ਦੀ ਗੱਲ ਸੀ। ਸੱਤ ਸਾਲ ਬੀਵੀ ਨੇ ਤੇ ਛੇ ਸਾਲ ਉਹਨਾਂ ਦੇ ਮੁੰਡੇ ਰਾਮ ਸਰੂਪ ਨੇ ਕਿੰਝ ਕੱਢੇ ਇਸ ਗੱਲ ਨਾਲ ਕਿਸੇ ਨੂੰ ਸਰੋਕਾਰ ਨਹੀਂ ਸੀ। ਕਹਿੰਦੇ ਨੇ ਡੈਡੀ ਸਾਹਿਬ ਜਦ ਮੀਰਪੁਰ ਆਪਣੇ ਸਹੁਰੇ ਘਰ ਪਹੁੰਚੇ ਤਾਂ ਬਿਰਾਦਰੀ ਨੇ ਜਲਸਾ ਰੱਖਿਆ ਹੋਇਆ ਸੀ। ਕਹਿੰਦੇ ਨੇ ਡੈਡੀ ਜਦ ਪੌੜੀਆਂ ਚੜ੍ਹ ਰਹੇ ਸਨ ਤੇ ਇਕ ਨਿੱਕਾ ਜਿਹਾ ਮੁੰਡਾ ਉਹਨਾਂ ਦੇ ਪਿੱਛੇ ਪਿੱਛੇ ਚੱਲਦਾ ਉਹਨਾਂ ਨੂੰ ਛੂਹਣ ਦੀ ਕੋਸ਼ਿਸ਼ ਕਰ ਰਿਹਾ ਸੀ, ਡੈਡੀ ਨੇ ਉਸ ਨੂੰ ਝਿੜਕਦਿਆਂ ਪੂਰੀ ਅੰਗਰੇਜ਼ੀ ਠਾਠ ਬਾਠ ਨਾਲ, "ਹੇ ਬੇਵਾਏ! ਗੈਟ ਅਵੇ! ਹੂ ਆਰ ਯੂ?" ਵੇ ਮੁੰਡਿਆ! ਪਰੇ ਹਟ! ਕੌਣ ਹੈਂ ਤੂੰ? ਸ਼ਾਇਦ ਸਾਡੇ ਵੱਡੇ ਭਾਪਾ ਜੀ ਰਾਮ ਸਰੂਪ ਨੂੰ ਡੈਡੀ ਸਾਹਿਬ ਦੀ ਇਸ ਪਹਿਲੀ ਝਿੜਕ ਦੀ ਨਮੋਸ਼ੀ ਅਜੇ ਤੱਕ ਨਹੀਂ ਭੁੱਲੀ ਹਾਲਾਂ ਕਿ ਉਹ ਪਚਾਸੀ ਸਾਲਾਂ ਦੇ ਹੋ ਗਏ ਨੇ।

ਡੈਡੀ ਸਾਹਿਬ ਦੀ ਗਾਥਾ ਛੇੜਦੇ ਹੋਏ ਮੈਂ ਸ਼ੁਕਰ ਮਨਾਉਂਦੀ ਹਾਂ ਕੀ ਘੱਟੋ ਘੱਟ ਉਹਨਾਂ ਨੇ ਮੈਨੂੰ ਕਦੇ ਇਹ ਤਾਂ ਨਹੀਂ ਕਿਹਾ, "ਕੁੜੀਏ! ਪਰੇ ਹੱਟ! ਤੂੰ ਕੌਣ ਹੈ?"

ਵੈਸੇ ਮੇਰਾ ਧਨ ਰਾਜ ਤੇ ਕੁਸੁਮ ਪ੍ਰਭਾ ਦੇ ਘਰ ਧੀ ਬਣ ਕੇ ਜੰਮਣਾ ਮਹਿਜ਼ ਇਤਿਫ਼ਾਕ ਸੀ ਜਾਂ ਫਿਰ ਇਕ ਹਾਦਸਾ। ਵੰਡ ਦੇ ਵੇਲੇ ਪਰਿਵਾਰ ਲਾਹੌਰ ਤੋਂ ਸ਼ਿਮਲੇ ਪਹੁੰਚਿਆ, ਲਾਹੌਰ ਵਿਚ ਡੈਡੀ ਸਾਹਿਬ ਪੰਜਾਬ ਸਰਕਾਰ ਵਿਚ ਡਾਇਰੈਕਟਰ, ਇਨਫਰਮੇਸ਼ਨ ਸਨ ਤੇ ਸ਼ਿਮਲੇ ਆ ਕੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ



ਦੇ ਸਕੱਤਰ ਬਣ ਗਏ। 1954 ਵਿਚ ਉਹ ਰਿਟਾਇਰ ਹੋਏ ਤਾਂ ਲਾਹੌਰ ਦੀ ਗਾਰਡਨ ਟਾਊਨ ਵਾਲੀ ਕੋਠੀ ਦੇ ਕਲੇਮ ਵਜੋਂ ਮਿਲੇ ਪੈਸੇ ਨਾਲ ਚੰਡੀਗੜ੍ਹ ਦੇ 19 ਸੈਕਟਰ ਵਿਚ ਪੌਣੇ ਚਾਰ ਕਨਾਲ ਦਾ ਜ਼ਮੀਨ ਦਾ ਟੁੱਕੜਾ ਖਰੀਦ ਕੇ ਦੱਸ ਰਾਜੇ ਵਾਂਗ ਆਪਣਾ ਮਹੱਲ ਬਣਾਉਣ ਵਿਚ ਲੱਗ ਗਏ। ਰਾਮ ਸਰੂਪ ਭਾਪਾ ਜੀ ਪਰਿਵਾਰ ਤੋਂ ਹਮੇਸ਼ਾਂ ਅੱਡ ਰਹੇ ਸਨ। ਸੋ ਡੈਡੀ ਨੇ ਘਰ ਦਾ ਨਕਸ਼ਾ ਆਪਣੇ ਪੰਜ ਪੁੱਤਰਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਬਣਾਇਆ। ਇਹ ਘਰ ਤੇ ਉਸ ਨੂੰ ਬਣਾਨ ਵਾਸਤੇ ਚੁੱਕਿਆ ਕਰਜ਼ ਹੀ ਡੈਡੀ ਦੀ ਮੌਤ ਦਾ ਕਾਰਨ ਬਣਿਆ ਤੇ ਸਾਡੀ ਜਵਾਨੀ ਤੇ ਬੀਜੀ ਦੇ ਬੁਢਾਪੇ ਨੂੰ ਇਹ ਘਰ ਵੇਚ ਕੇ ਹੀ ਅਸੀਂ ਸੁਖੈਲਾ ਕੀਤਾ, ਬੀਜੀ ਅਕਸਰ ਆਪਣੇ ਪਿਓ ਤੇ ਸਾਡੇ ਪਿਓ ਦੀ ਤੁਲਨਾ ਕਰਦੇ ਰਹਿੰਦੇ। ਬੀਜੀ ਦੀ ਜ਼ਿੰਦਗੀ ਦੇ ਦੋ ਅਹਿਮ ਮਰਦਾਂ ਦੀਆਂ ਕੁਝ ਗੱਲਾਂ ਮਿਲਦੀਆਂ ਸਨ ਤੇ ਕੁਝ ਬਿਲਕੁਲ ਵੱਖਰੀਆਂ ਸਨ। ਬੀਬੀ ਕਹਿੰਦੇ, "ਤੁਹਾਡੇ ਡੈਡੀ ਲਾਇਕ ਸਨ ਪਰ ਮੇਰੇ ਬਾਊਜੀ ਪੜ੍ਹਾਈ ਵਿਚ ਢਿੱਲੇ ਸਨ। ਵੇਖੋ ਸਾਡੇ ਲਾਲਾ ਜੀ ਸੈਸ਼ਨ ਜੱਜ ਸਨ ਕੁਝ ਦੇਰ ਪੁੰਛ ਸਟੇਟ ਦੇ ਵਜ਼ੀਰ ਵੀ ਰਹੇ ਸਨ ਤੇ ਬਾਅਦ ਵਿਚ ਚੀਫ਼ ਕਾਨਜ਼ਰਵੇਟਰ ਆਫ਼ ਫਾਰੇਸਟ ਬਣੇ ਸਨ। ਬਾਊ ਜੀ ਸਿਰਫ਼ ਦੱਸਵੀਂ ਹੀ ਕਰ ਸਕੇ ਤੇ ਲਾਲਾ ਜੀ ਦੇ ਰਸੂਖ਼ ਨਾਲ ਤਹਿਸੀਲਦਾਰ ਬਣ ਗਏ। ਬੜਾ ਪੈਸਾ ਕਮਾਇਆ ਪਰ ਸਾਰੇ ਦਾ ਸਾਰਾ ਰਿਸ਼ਵਤਖੋਰੀ ਦਾ। ਅਜਿਹੇ ਪੈਸੇ ਦੀ ਕੋਈ ਬਰਕਤ ਨਹੀਂ ਹੁੰਦੀ। ਮੈਂ ਕਿੰਨਾ ਦਾਜ ਲਿਆਈ ਸਾਂ, ਪਰ ਅੱਜ ਮੇਰੇ ਕੋਲ ਉਸ ਵਿਚੋਂ ਇਕ ਸੂਈ ਵੀ ਨਹੀਂ। ਤੁਹਾਡੇ ਡੈਡੀ ਨਿਹਾਇਤ ਈਮਾਨਦਾਰ ਸਨ। ਜੇ ਕੋਈ ਮਿਠਾਈ ਦਾ ਡੱਬਾ ਵੀ ਦੇਣ ਦੀ ਜੁਅੱਰਤ ਕਰਦਾ ਤਾਂ ਉਸ ਨੂੰ ਕੁੱਟ ਦੇਂਦੇ। ਦੱਤ ਸਾਹਿਬ ਦੀ ਕਮਾਈ ਹੱਕ-ਹਲਾਲ ਦੀ ਸੀ ਸੋ ਅੱਜ ਤੱਕ ਮੈਂ ਉਹ ਖਾ ਹੰਢਾਅ ਰਹੀ ਹਾਂ।" ਹਰ ਔਰਤ ਦੀ ਜ਼ਿੰਦਗੀ 'ਚ ਤਿੰਨ ਅਹਿਮ ਮਰਦ ਹੁੰਦੇ ਨੇ ਪਿਓ, ਪਤੀ ਤੇ ਪੁੱਤਰ। ਬੀਜੀ ਦੀ ਜ਼ਿੰਦਗੀ ਵਿਚ ਵੀ ਇੰਝ ਹੀ ਸੀ। ਮੇਰੀ ਜ਼ਿੰਦਗੀ ਵਿਚ ਇਹ ਤਿੰਨੋਂ ਅਹਿਮ ਪੁਰਸ਼ ਗੈਰਹਾਜ਼ਰ ਹਨ। ਮੇਰਾ ਪਿਤਰੀਵਾਦ ਨਾਲ ਰਿਸ਼ਤਾ ਘੱਟ ਹੀ ਰਿਹਾ ਹੈ। ਮੇਰਾ ਵਿਸਤਾਰ ਮਾਤ੍ਰੀਵਾਦ ਵਿਚ ਹੋਇਆ ਹੈ ਤੇ ਮੇਰੇ ਅਹਿਮ ਰਿਸ਼ਤੇ ਰਹੇ ਹਨ ਮਾਂ ਬੇਟੀ ਤੇ ਸਹੇਲੀਆਂ। ਕਈ ਵਰ੍ਹੇ ਤਾਂ ਮੈਂ ਪਿਤਾ ਨੂੰ ਜ਼ਿੰਦਗੀ ਚੋਂ ਮਨਫ਼ੀ ਹੀ ਕਰ ਦਿੱਤਾ ਸੀ। ਕਦੇ ਜ਼ਿਕਰ ਵੀ ਨਹੀਂ ਸਾਂ ਕਰਦੀ। ਹਾਂ ਇਕ ਵਾਰ ਮੇਰਾ ਇਕ ਦੋਸਤ ਕਹਿਣ ਲੱਗਾ, "ਨੀਰੂ ਆਪਣੇ ਤੋਂ ਬਹੁਤ ਵੱਡੀ ਉਮਰ ਦੇ ਮਰਦਾਂ ਨਾਲ ਪ੍ਰੇਮ ਸਬੰਧ ਜੋੜਦੀ ਹੈ ਕਿਉਂਕਿ ਉਹ ਆਪਣੇ ਪਿਤਾ ਨਾਲ ਇਕ ਪੂਰਾ ਸਬੰਧ ਨਹੀਂ ਬਣਾ ਸਕੀ।" ਇਸ ਨੀਮ-ਮਨੋਵਿਗਿਆਨਕ ਵਿਸ਼ਲੇਸ਼ਣ ਨੂੰ ਮੈਂ ਹੱਸ ਕੇ ਟਾਲ ਗਈ। ਮੈਂ ਤਾਂ ਸੀ ਹੀ ਆਪਣੀ ਮਾਂ ਦੀ ਬੇਟੀ, ਡੈਡੀ ਸਾਹਿਬ ਵਾਸਤੇ ਮੈਂ ਪਿਆਰ ਪਰਿਵਾਰ ਦੇ ਇਕ ਮੈਂਬਰ ਵਿਚ ਹੀ ਵੇਖਿਆ ਹੈ। ਉਹ ਹੈ ਮੇਰੇ ਵੱਡੇ ਭੈਣ ਜੀ ਜੋ ਅਠੱਤਰ ਸਾਲਾਂ ਦੇ ਹੋ ਕੇ ਵੀ ਆਪਣੇ ਆਪ ਨੂੰ, "ਵੱਡੇ ਪਿਓ ਦੀ ਧੀ।" ਕਹਿ ਕੇ ਮਾਣ ਅਨੁਭਵ ਕਰਦੇ ਨੇ। ਸਵਿਤ੍ਰੀ ਭੈਣ ਜੀ ਦੀ ਜ਼ਿੰਦਗੀ ਬੜੀ ਔਖੀ ਕਟੀ। ਵਿਆਹ ਇਸ ਸਾਲ ਮਗਰੋਂ ਟੁੱਟ ਗਿਆ। ਪਰ ਪਿਓ, ਬੇਵਫ਼ਾ ਪਤੀ ਤੇ ਰੁੱਖੇ ਮਿੱਸੇ ਜਿਹੇ ਭਰਾ ਹਮੇਸ਼ਾ ਉਹਨਾਂ ਦੀ ਜ਼ਿੰਦਗੀ ਦੇ ਅਹਿਮ ਮਰਦ ਰਹੇ।

"ਜ਼ਿੰਦਗੀ ਮੇਰੀ ਵੀ ਸੌਖੀ ਤੇ ਨਹੀਂ ਰਹੀ ਪਰ ਭੈਣ ਜੀ ਵਰਗੀ ਬੇਬਸੀ ਨਹੀਂ ਰਹੀ। ਆਪਣੀ ਤਾਂ ਗੱਲ ਹੀ ਨਿਰਾਲੀ ਰਹੀ ਹੈ। ਆਪਣੀ ਤਰ੍ਹਾਂ ਜੀਣਾ ਤੇ ਪੂਰੀ ਅਣਖ ਕਾਇਮ ਰੱਖਣਾ ਕਈ ਵਾਰ ਤੁਹਾਨੂੰ ਬਹੁਤੇ ਇਕੱਲਾ ਕਰ ਦੇਂਦਾ ਹੈ ਤੇ ਉਦਾਸ ਵੀ। ਅਜਿਹੇ ਵੇਲੇ ਮੈਨੂੰ ਸੁਰਜੀਤ ਪਾਤਰ ਦਾ ਇਕ ਗੀਤ ਯਾਦ ਆਂਦਾ ਹੈ ਜੋ ਉਸ ਨੇ ਲੋਰਕਾ ਦੇ ਨਾਟਕ 'ਬਲੱਡ ਵੈਡਿੰਗ' (ਅੱਗ ਦੇ ਕਲੀਰੇ) ਵਾਸਤੇ ਲਿਖਿਆ ਸੀ, ਮੇਰਾ ਬੰਨਾ ਕਬੂਤਰ ਚੀਨਾ , ਉਹ ਦਾ ਭਾਂਬੜ ਵਰਗਾ ਸੀਨਾ, ਲੁਕ ਜਾ ਉਹਦੇ ਖੰਭਾਂ ਥੱਲੇ, ਉੱਠ ਕੇ ਬੰਨ੍ਹ ਸਾਲੂ ਦੇ ਪੱਲੇ, ਪਤਲੀ ਜਹੀਏ ਨੀ ਪਤੰਗ ਜਹੀਏ, ਆਪਣੇ ਬਾਬਲ ਕੋਲੋਂ ਕੁਝ ਹੋਰ ਮੰਗ ਲਈਏ...।"

ਮੈਨੂੰ ਨਾ ਹੀ ਭਾਂਬੜ ਵਰਗਾ ਸੀਨਾ ਮਿਲਿਆ, ਨਾ ਹੀ ਸਾਲੂ ਦਾ ਪੱਲਾ ਬੰਨ੍ਹਣ ਦਾ ਮੌਕਾ ਤੇ ਨਾਂ ਹੀ

ਬਾਬਲ ਤੋਂ ਕੁਝ ਹੋਰ ਮੰਗਣ ਦਾ ਸੁਵੇਲਾ।

ਬੀਜੀ ਛੱਤ 'ਤੇ ਚੱਕਰ ਲਗਾਈ ਜਾ ਰਹੇ ਸਨ ਤੇ ਕਹਿ ਰਹੇ ਸਨ, ਤੂੰ ਬੜੀ ਖੁਸ਼ਨਸੀਬ ਹੈਂ ਜੋ ਤੇਰਾ ਪਿਓ ਨਹੀਂ ਹੈ। ਜੇ ਦੱਤ ਸਾਹਿਬ ਹੁੰਦੇ ਤਾਂ ਤੂੰ ਨਾ ਇਸ਼ਕ ਕਰਨ ਦੀ ਸੋਚਦੀ ਨਾ ਹੀ ਆਪਣੀ ਮਰਜ਼ੀ ਦੇ ਕਿਸੇ ਜੱਟ ਬੂਟ ਨਾਲ ਵਿਆਹ। ਵਿਆਹ ਨਹੀਂ ਹੋਇਆ ਪਰ ਮੇਰੀ ਮਾਂ ਨੇ ਕਦੇ ਮੇਰੀ ਸੋਚ ਤੇ ਬੰਦਿਸ਼ ਨਹੀਂ ਲਾਈ। ਹਾਂ ਜੇ ਕਦੇ ਕੁਝ ਕਹਿੰਦੇ ਵੀ ਤਾਂ ਮੈਂ ਦਲੀਲ ਦੇਂਦੀ, "ਜੋ ਮੇਰੇ ਭਰਾ ਕਰ ਸਕਦੇ ਨੇ ਉਹ ਮੈਂ ਵੀ ਕਰ ਸਕਦੀ ਹਾਂ।"

ਮਾਂ ਨੇ ਪਿਤ੍ਰੀਵਾਦ ਝੱਲਿਆ ਹੋਇਆ ਸੀ ਤੇ ਸਮਾਜ 'ਚ ਔਰਤਾਂ ਨੂੰ ਬਰਾਬਰੀ ਦਾ ਦਰਜਾ ਦੇਣ ਵਿਚ ਉਹ ਵਿਸ਼ਵਾਸ ਰੱਖਦੇ ਸਨ ਸੋ ਮੇਰੀ ਦਲੀਲ ਅਸਾਨੀ ਨਾਲ ਮੰਨੀ ਜਾਂਦੀ, ਪਰ ਆਦਤ ਤੋਂ ਮਜਬੂਰ ਬੀਜੀ ਆਪਣੇ ਖਾਸ ਪੋਠੋਹਾਰੀ ਅੰਦਾਜ਼ ਵਿਚ ਜਤਾ ਵੀ ਦੇਂਦੇ, ਸ਼ੁਕਰ ਮਨਾ ਤੇਰਾ ਪਿਓ ਨਹੀਂ ਰਿਹਾ। ਉਸ ਦੇ ਸਾਹਮਣੇ ਸਿਗਰਟ ਨਹੀਂ ਸੀ ਪੀ ਸਕਣਾ ਤੂੰ।

ਬੀਜੀ ਜੀਓ! ਕਿੰਨੀਆਂ ਮਿੱਠੀਆਂ ਸਨ ਤੁਹਾਡੀਆਂ ਗੱਲਾਂ ਤੇ ਇਕ ਗੁਰੀਲੇ ਯੋਧਾ ਵਾਂਗ ਮੈਨੂੰ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਣ ਵਾਸਤੇ ਤਿਆਰ ਕਰਦੇ ਰਹੇ। ਇਕ ਤਰ੍ਹਾਂ ਨਾਲ ਤੁਸੀਂ ਮੇਰੇ ਰਾਹੀਂ ਇਕ ਵਾਰ ਹੋਰ ਜੀਵੇ ਇਕ ਆਜ਼ਾਦ ਪੰਛੀ ਦੀ ਜ਼ਿੰਦਗੀ।

ਬੀਜੀ ਦੱਸਦੇ ਕਿ ਜਦ ਮੈਂ ਪੈਦਾ ਹੋਣਾ ਸੀ ਤਾਂ ਡੈਡੀ ਸਾਹਿਬ ਬੜੇ ਆਤਮ ਵਿਸ਼ਵਾਸ ਨਾਲ ਕਹਿੰਦੇ, "ਲਓ ਜੀ ਮੇਰਾ ਸਤਵਾਂ ਪੁੱਤਰ ਆ ਰਿਹਾ ਹੈ। ਮੈਨੂੰ ਕਿਸੇ ਜੋਤਸ਼ੀ ਨੇ ਦੱਸਿਆ ਹੋਇਆ ਹੈ ਕੀ ਮੇਰੇ ਸੱਤ ਪੁੱਤਰ ਹੋਣਗੇ।" ਜਾਂ ਕਦੇ ਬੀਜੀ ਨੂੰ ਕਹਿੰਦੇ, "ਪ੍ਰਭੂ ਜੀ! ਹੁਣ ਬੁਢਾਪੇ ਵਿਚ ਧੀ ਜੰਮ ਕੇ ਮੈਨੂੰ ਅਵਾਜ਼ਾਰ ਨਾ ਕਰਨਾ!" ਕਦੇ ਕਹਿੰਦੇ, "ਮੈਨੂੰ ਇਕ ਜੋਤਸ਼ੀ ਨੇ ਦੱਸਿਆ ਸੀ ਕਿ ਮੇਰਾ ਇਕ ਬੱਚਾ ਮੇਰੇ ਤੋਂ ਵੀ ਚੰਗਾ ਲਿਖੇਗਾ ਤੇ ਬੜਾ ਜੱਸ ਕਮਾਏਗਾ।" ਸਭ ਸੋਚਦੇ ਕਿ ਸ਼ਾਇਦ ਇਹ ਜੱਸ ਵੱਡਾ ਰਾਜ ਕੁਮਾਰ ਕਮਾਵੇਗਾ ਜਾਂ ਫਿਰ ਲਾਇਕ ਮਨੋਰੰਜਨ ਦੋਵੇਂ ਧੀਆਂ ਵੱਲ ਤਾਂ ਧਿਆਨ ਹੀ ਨਾ ਜਾਂਦਾ। ਧੀਆਂ ਦਾ ਕੰਮ ਲਿਖਣਾ ਜਾਂ ਜਸ ਖੱਟਣਾ ਥੋੜ੍ਹੇ ਹੁੰਦਾ ਹੈ। ਉਹ ਤਾਂ ਵਿਆਹ ਕੇ ਦੂਜੇ ਘਰ ਜਾਂਦੀਆਂ ਨੇ ਕੁਲਦੀਪਕ ਜੰਮਣ।

ਪਰ ਡੈਡੀ ਸਾਹਿਬ ਦੇ ਬੁਢਾਪੇ ਵਿਚ ਸੱਤਵਾਂ ਪੁੱਤਰ ਨਹੀਂ ਇਕ ਧੀ ਜੰਮ ਪਈ ਜਿਸ ਦੇ ਟੇਵੇ ਦਾ ਨਾਂ ਸੀ ਯਸ਼ਬਾਲਾ ਤੇ ਨਕਸ਼ਤਰ ਕਹਿ ਰਹੇ ਸਨ ਕਿ ਲੋ ਆ ਗਈ ਇਹ ਕੁੜੀ ਆਪਣੇ ਭਰਾਵਾਂ ਤੋਂ ਉਹਨਾਂ ਦੇ ਹਿੱਸੇ ਦਾ ਜਸ ਖੋਹਲ ਵਾਸਤੇ, ਡੈਡੀ ਸਾਹਿਬ ਦਾ ਕਿਰਦਾਰ ਕੁਝ ਅਜੀਬ ਸੀ। ਇਕ ਪਾਸੇ ਜੋਤਿਸ਼ ਵਿਚ ਵਿਸ਼ਵਾਸ ਤੇ ਜੂਦੇ ਪਾਸੇ ਅੰਗਰੇਜ਼ੀਅਤ। ਬਚਪਨ ਵਿਚ ਮੈਨੂੰ ਯਾਦ ਹੈ ਡੈਡੀ ਸੁਬਾਹ ਸਵੇਰੇ ਜਾਗ ਕੇ ਚਾਹ ਦੀ ਕੇਤਲੀ ਚੜ੍ਹਾ ਦਿੰਦੇ ਤੇ ਸੰਸਕ੍ਰਿਤ ਦੇ ਸਲੋਕ ਉਚਾਰਨ ਲੱਗ ਪੈਂਦੇ। ਬੀਜੀ ਪਲੰਗ ਤੇ ਪਾਸਾ ਪਰਤਦੇ ਤੇ ਮੈਨੂੰ ਬੁੱਕਲ ਵਿਚ ਲੈ ਕੇ ਕਹਿੰਦੇ, "ਬਸ ਦੱਤ ਸਾਹਿਬ ਚੈਨ ਨਾਲ ਸੌਣ ਵੀ ਨਹੀਂ ਦੇਂਦੇ।" ਇਹ ਕਹਿੰਦੇ ਹੋਏ ਸੌਂ ਜਾਂਦੇ।

ਆਪਣੇ ਬਚਪਨ ਵਿਚ ਮੈਂ ਡੈਡੀ ਸਾਹਿਬ ਤੇ ਬੀਜੀ ਨੂੰ ਕਦੇ ਲਾਡ ਪਿਆਰ ਕਰਦੇ ਨਹੀਂ ਸੀ ਵੇਖਿਆ, ਘਰ ਵਿਚ ਲੜਾਈ ਝਗੜਾ ਰਹਿੰਦਾ ਕਿਉਂਕਿ ਆਰਥਿਕ ਤੰਗੀ ਆ ਗਈ ਸੀ। ਆਲੀਸ਼ਾਨ ਕੋਠੀ ਬਨਾਉਣ ਲਈ ਸਾਰੀ ਜਮ੍ਹਾਂ ਪੂੰਜੀ ਲੱਗ ਗਈ, ਪੈਨਸ਼ਨ ਕਮਿਊਟ ਕਰਾਉਣੀ ਪਈ। ਬੀਜੀ ਤੇ ਭੈਣ ਜੀ ਦੇ ਸਾਰੇ ਜੇਵਰ ਵਿਕ ਗਏ ਤੇ ਮੇਰਾ ਨਿੱਕਾ ਜਿਹਾ ਟਿੱਕਾ, ਕੰਗਣ ਤੇ ਹਾਰ ਵੀ, ਜਦ ਮੈਂ ਤਿੰਨ ਚਾਰ ਸਾਲਾਂ ਦੀ ਗਹਿਣੇ ਮੰਗਦੀ ਤਾਂ ਬੀਜੀ ਕਹਿੰਦੇ ਗਹਿਣੇ ਬੈਂਕ ਵਿਚ ਰੱਖੇ ਨੇ, ਡੈਡੀ ਬੈਂਕ ਜਾਣਗੇ ਤੇ ਲੈ ਆਣਗੇ। ਪਰ ਉਹ ਦਿਨ ਕਦੇ ਨਾ ਆਇਆ। ਬਾਕੀ ਪਰਿਵਾਰ ਤਾਂ ਔਖੇ ਸੌਖੇ ਗਰਦਿਸ਼ ਦੇ ਦਿਨਾਂ 'ਚੋਂ ਨਿਕਲ ਆਇਆ ਪਰ ਡੈਡੀ ਸਾਹਿਬ ਸਾਰੀ ਕਸ਼ਮਕਸ਼ ਦਾ ਸ਼ਿਕਾਰ ਬਣ ਗਏ ਤੇ ਬੀਜੀ ਅਨੁਸਾਰ ਮੱਖਣ ਵਿਚੋਂ ਵਾਲ਼ ਵਾਂਗ



ਤਿਲ੍ਹਕ ਗਏ। ਸ਼ਾਇਦ ਉਹਨਾਂ ਦੇ ਨਾਂ ਧਨ ਰਾਜ ਵਿਚ ਹੀ ਕੋਈ ਜਾਦੂ ਸੀ ਤੇ ਉਹ ਆਪਣੇ ਆਪ ਨੂੰ ਧਨ ਦਾ ਰਾਜਾ ਹੀ ਸਮਝਦੇ ਰਹੇ। ਅਣਖ ਇੰਨੀ ਕਿ ਕਿਆ ਕਹਿਣੇ। ਜੇ ਖਰਚਾ ਘਟ ਰਿਹਾ ਹੈ ਤੇ ਕਰਜ਼ ਲੈ ਲਵੋ। ਘਰ ਬਣਾਇਆ ਵੀ ਕੁਝ ਇਸ ਤਰ੍ਹਾਂ। ਡੈਡੀ ਕਹਿੰਦੇ, ਇੱਥੇ ਮੇਰੇ ਪੰਜ ਮੁੰਡਿਆਂ ਨੇ ਰਹਿਣਾ ਹੈ। ਵੱਡੇ ਰਾਜ ਕੁਮਾਰ ਵਾਸਤੇ ਉੱਪਰ ਦਾ ਹਿੱਸਾ ਤੇ ਥੱਲੇ ਇਕ ਇਕ ਕਮਰਾ ਮੁੰਡਿਆਂ ਵਾਸਤੇ। ਜਿੰਨਾ ਵੱਡਾ ਕਮਰਾ, ਉਨਾ ਹੀ ਵੱਡਾ ਨਾਲ ਗੁਸਲਖਾਨਾ। ਬੀਜੀ ਤੇ ਆਪਣਾ ਤਿੰਨ ਕਮਰਿਆਂ ਦਾ ਸੂਈਟ, ਬੈਠਕ, ਖਾਣ ਵਾਲਾ ਕਮਰਾ, ਕੋਠੀ ਦੇ ਐਨ ਵਿਚਕਾਰ ਇਕ ਲਾਇਬਰੇਰੀ ਤੇ ਲੇਡੀਜ਼ ਲਾਊਂਜ', ਖੁੱਲ੍ਹੇ ਬਰਾਮਦੇ ਤੇ ਹੋਰ ਮੁੱਖ ਤਾਮਝਾਮ।

ਕੁਝ ਇਸ ਤਰ੍ਹਾਂ ਦਾ ਨਕਸ਼ਾ ਸੀ ਜਿਵੇਂ ਤਾਹਰ ਗੁਜਰਾਤ ਦੀ ਰਿਆਸਤ ਹੋਵੇ ਤੇ ਡੈਡੀ ਰਾਜਾ ਸੁਖ ਰਾਮ ਦੇ ਵੰਸਜ਼। ਡੈਡੀ ਦੇ ਗੁਜ਼ਰ ਜਾਣ ਦੇ ਕੁਝ ਹੀ ਸਾਲਾਂ ਬਾਅਦ ਜਦ ਸਾਡੇ ਸਾਹਿਬਜ਼ਾਦਿਆਂ ਨੇ ਘਰ ਵੇਚਿਆ ਤਾਂ ਖਰੀਦਣ ਵਾਲੇ ਸਨ ਸੈਕਟਰ ਛੱਬੀ ਦੀ ਮੰਡੀ ਦੇ ਕੋਈ ਖੰਡ ਦੇ ਆੜ੍ਹਤੀਏ। ਕੋਠੀ ਅਜੇ ਵੀ ਉਂਝ ਦੀ ਉਂਝ ਕਾਇਮ ਹੈ ਪਰ ਹੁਣ ਉਸ ਨੂੰ ਕੋਈ ਦੱਤ ਸਾਹਿਬ ਦੀ ਕੋਠੀ ਨਹੀਂ ਕਹਿੰਦਾ। ਆਸ ਪਾਸ ਦੇ ਲੋਕਾਂ ਲਈ ਹੁਣ ਇਹ ਖੰਡ ਵਾਲਿਆਂ ਦੇ ਘਰ' ਹੈ।

ਡੈਡੀ ਸਾਹਿਬ ਦਾ ਖਿਆਲ ਸੀ, ਕਿ ਉਹ ਤਾਂ 'ਬਾਰ ਐਟ ਲਾਅ' ਨੇ। ਚੰਡੀਗੜ੍ਹ ਦੇ ਹਾਈਕੋਰਟ ਵਿਚ ਮੁਕੱਦਮੇ ਲੜਨਗੇ। ਵਕਾਲਤ ਸ਼ੁਰੂ ਵੀ ਕੀਤੀ। ਦਫਤਰ ਵੀ ਬਣਿਆ। ਮੁਨਸ਼ੀ ਵੀ ਰੱਖਿਆ ਗਿਆ। ਪਰ ਬੀਜੀ ਦੱਸਦੇ ਨੇ ਕਿ ਜੇ ਕੋਈ ਮੁਕੱਦਮਾ ਆਂਦਾ ਤੇ ਕਹਿੰਦੇ, "ਪ੍ਰਭ ਜੀ ਇਹ ਕੇਸ ਮੈਂ ਹਰਗਿਜ਼ ਨਹੀਂ ਲੈ ਸਕਦਾ। ਇਹ ਝੂਠਾ ਕੇਸ ਹੈ।" ਬੀਜੀ ਭਾਵੇਂ ਅਖੀਰਲੇ ਸਾਲਾਂ ਵਿਚ ਬਹੁਤ ਔਖੇ ਰਹੇ ਪਰ ਇਹ ਗੱਲ ਸੁਣਾਂਦੇ ਹੋਏ ਉਹਨਾਂ ਦੀਆਂ ਅੱਖਾਂ ਵਿਚ ਪਿਆਰ ਦੀ ਨਮੀ ਹੁੰਦੀ। ਵੇਖਦੇ ਵੇਖਦੇ ਗੁਪਤੇ, ਸਰੀਨ, ਗਰੋਵਰ ਤੇ ਸਿੱਬਲ ਕਿੱਥੇ ਦੇ ਕਿੱਥੇ ਪਹੁੰਚ ਗਏ ਤੇ ਦੱਤ ਸੂਰਮੇ ਸੁਣਾਂਦੇ ਰਹਿ ਗਏ ਕਰਬਲਾ ਦੀ ਲੜਾਈ ਵਿਚ ਆਪਣੀ ਬਹਾਦਰੀ ਦੇ ਕਿੱਸੇ।

ਸੋ ਘਰ ਪਰਿਵਾਰ ਚਲਾਣ ਵਾਸਤੇ ਡੈਡੀ ਸਾਹਿਬ ਟ੍ਰਿਬਿਊਨ ਤੇ ਇਲਸਟਰੇਟਿਡ ਵੀਕਲੀ ਵਿਚ ਲੇਖ ਲਿਖਦੇ। ਗਰਮੀਆਂ ਵਿੱਚ ਸਪਾਟੂ ਕੋਠੀ ਕਿਰਾਏ ਤੇ ਲੈ ਆਪਣੀ ਇਤਿਹਾਸ ਦੀ ਕਿਤਾਬ ਲਿਖਦੇ। ਉੱਥੇ ਇਕ ਆਇਆ ਰੱਖੀ ਜਾਂਦੀ ਕਿਉਂਕਿ ਬੀਜੀ ਡੈਡੀ ਦੇ ਰਿਸ਼ਤੇ ਵਿਚ ਆਰਥਿਕ ਤੰਗੀ ਦੀ ਦਰਾਰ ਪੈ ਗਈ ਸੀ, ਇਤਿਹਾਸ ਦੀ ਕਿਤਾਬ ਬਾਰੇ ਬੀਜੀ ਬੜੇ ਫ਼ਖ਼ਰ ਨਾਲ ਕਹਿੰਦੇ, "ਵੈਸੇ ਹਰ ਵੇਲੇ ਅੰਗਰੇਜ਼ਾਂ ਦੀਆਂ ਤਰੀਫਾਂ ਦੇ ਪੁਲ ਬੰਨ੍ਹੀ ਜਾਂਦੇ, ਪਰ ਇਹ ਕਿਤਾਬ ਬਿਲਕੁਲ ਅੰਗਰੇਜ਼ਾਂ ਦੇ ਖਿਲਾਫ਼ ਸੀ, "ਹਰ ਇਨਸਾਨ ਦੀ ਜ਼ਿੰਦਗੀ ਵਿਚ ਦਵੰਧ ਹੁੰਦੇ ਨੇ, ਪਰ ਸਾਡੇ ਡੈਡੀ ਸਾਹਿਬ ਦੀ ਜ਼ਿੰਦਗੀ ਵਿਚ ਦਵੰਧਾਂ ਦਾ ਭੰਡਾਰ ਹੈ। ਇਕ ਪਾਸੇ ਸੰਸਕ੍ਰਿਤ ਦੇ ਸ਼ਲੋਕ ਦੂਜੇ ਪਾਸੇ ਮਿਲਟਨ ਦੀ ਕਵਿਤਾ। ਤਬੀਅਤ ਦੇ ਲੇਖਕ ਬੁੱਧੀਜੀਵੀ ਪਰ ਅਫਸਰਸ਼ਾਹੀ ਦੇ ਚਾਅ ਵਿਚ ਸਰਕਾਰੀ ਸਪੀਚਾਂ ਲਿਖਣ, ਪਟਵਾਰੀ ਸੁਖ ਰਾਮ ਦਾ ਬੇਟਾ ਹੁੰਦੇ ਹੋਏ 'ਜਾਨੀ ਵਾਕਰ' ਪੀਣਾ ਤੇ ਪੂਰੇ ਮਹੀਨੇ ਦੀ ਤਨਖਾਹ ਘੋੜ ਦੌੜ ਵਿਚ ਹਾਰ ਕੇ ਧੁਤ ਘਰ ਪਹੁੰਚਣਾ, ਦੋ ਖ਼ੂਬਸੂਰਤ ਮੋਹਯਾਲ ਬੀਵੀਆਂ ਦੇ ਹੁੰਦੇ ਹੋਏ ਆਇਰਲੈਂਡ ਦੀ ਸਯੂਰੀਅਲ ਸਟਾਰਕੀ ਵਾਸਤੇ ਹੌਕੇ ਭਰਦੇ ਰਹਿਣਾ, ਵਿਲਾਇਤ ਉਹ ਇਕ ਆਇਰਿਸ਼ ਗੋਰੀ ਨੂੰ ਆਪਣਾ ਦਿਲ ਦੇ ਬੈਠੇ। ਇਹ ਸੋਚੇ ਬਗੈਰ ਕੀ ਹਿੰਦੋਸਤਾਨ ਵਿਚ ਇਕ ਬੀਵੀ ਤੇ ਬੱਚਾ ਹੈ, ਵਿਆਹ ਦਾ ਪ੍ਰਸਤਾਵ ਲੈ ਕੇ ਉਹਦੇ ਪਿਓ ਮਿਸਟਰ ਸਟਾਰਕੀ ਕੋਲ ਪਹੁੰਚ ਗਏ। ਬੀਜੀ ਬੜਾ ਸੁਆਦ ਲਾ ਕੇ ਸੁਣਾਂਦੇ, "ਪਤਾ ਹੈ ਸਟਾਰਕੀ ਨੇ ਕੀ ਜਵਾਬ ਦਿੱਤਾ। ਉਸ ਨੇ ਕਿਹਾ ਕਿ ਬਲੈਕ ਮੈਨ ਇਜ਼ ਆਲ ਰਾਈਟ ਐਜ਼ ਆ ਫਰੈਂਡ ਬਟ ਆਏ ਕੈਨ ਨਾਟ ਟਾਲਰੇਟ ਆ ਬਲੈਕ ਮੈਨ ਐਜ਼ ਆ ਸਨ ਇਨ ਲਾ!" ਬੀਜੀ ਡੈਡੀ ਨੂੰ ਇਹ ਜਤਾਣਾ ਚਾਹੁੰਦੇ ਸਨ ਕਿ ਲੱਖ ਅੰਗਰੇਜ਼ ਬਣ ਲਵੋ ਪਰ ਰਹੋਗੇ

ਕਾਲੇ ਦੇ ਕਾਲੇ। ਵੱਡੇ ਬੀਜੀ ਤੇ ਬੀਮਾਰ ਰਹਿ ਕੇ ਛੇਤੀ ਹੀ ਚਲ ਵਸੇ ਪਰ ਨਿੱਕੇ ਬੀਜੀ ਇਕੱਲੇ ਬਹੁਤ ਸਨ ਡੈਡੀ ਸਾਹਿਬ ਨੂੰ ਚਿੜਾਉਣ ਵਾਸਤੇ। ਸੋ ਸ਼ਿਮਲੇ ਦੇ ਦਿਨਾਂ ਵਿਚ ਉਹਨਾਂ ਨੇ ਆਪਣੇ ਇਕ ਕੁੱਤੇ ਦਾ ਨਾਂ ਸਟਾਰਕੀ ਰੱਖਿਆ ਤੇ ਡੈਡੀ ਜਦੋਂ ਆਸ ਪਾਸ ਹੁੰਦੇ ਤੇ 'ਤੁ ਤੁ ਤੁ... ਸਟਾਰਕੀ' ਕਹਿ ਕੇ ਬੁਲਾਂਦੇ।

ਬਚਪਨ ਵਿਚ ਡੈਡੀ ਤੇ ਬੀਜੀ ਦੇ ਖ਼ੂਬ ਝਗੜੇ ਵੇਖਦੇ ਮੇਰਾ ਵੀਰ ਸਲਿਲ ਤੇ ਮੈਂ ਕਿਓਂ ਕਿ ਅਸੀਂ ਦੋਹੇਂ ਡੈਡੀ ਬੀਜੀ ਦੇ ਕਮਰਿਆਂ ਵਿਚ ਉੱਚੇ ਉੱਚੇ ਪਲੰਗਾਂ ਤੇ ਸੌਂਦੇ ਸੀ। ਦੋਨੋਂ ਗੁੱਸੇ ਵਿਚ ਬੇਕਾਬੂ ਹੋ ਜਾਂਦੇ। ਡੈਡੀ ਇਕ ਮੋਟੇ ਜਿਹੇ ਪੈਨ ਨਾਲ ਲਿਖਦੇ ਸਨ। ਉਹ ਉਸ ਨੂੰ ਵਗਾਹ ਸੁੱਟਦੇ, ਫੇਰ ਐਨਕ ਵਗਾਹ ਕੇ ਦੂਜੇ ਪਾਸੇ ਮਾਰਦੇ, ਬੀਜੀ ਰੋਂਦੇ ਪਿੱਟਦੇ। ਮੈਨੂੰ ਯਾਦ ਹੈ ਇਕ ਵਾਰ ਉਹਨਾਂ ਨੇ ਮੂੰਹ ਵਿਚੋਂ ਦੰਦ ਕੱਢ ਕੇ ਵੀ ਵਗਾਹ ਮਾਰੇ। ਸਲਿਲ ਤੇ ਮੈਂ ਪਲੰਘਾਂ ਥੱਲੇ ਰੀਂਗ ਕੇ ਇਹ ਚੀਜ਼ਾਂ ਬਰਾਮਦ ਕਰਦੇ, ਸਲਿਲ ਤੇ ਖਾਸ ਕਰ ਮੈਂ ਆਪਣੇ ਮਾਂ ਪਿਓ ਦੀ ਢਲਦੀ ਉਮਰ ਦੀ ਸੰਤਾਨ ਸਾਂ।

ਫਿਰ ਤਹਿ ਹੋਇਆ ਕਿ ਸਲਿਲ ਰਾਜ ਭਾਪਾ ਜੀ ਕੋਲ ਰਹਿ ਕੇ ਪੜ੍ਹੇਗਾ, ਮੰਨੋ ਤਦ ਤੱਕ ਏਅਰ ਫੋਰਸ ਕਾਲਜ ਵਿਚ ਜਾ ਚੁੱਕਾ ਸੀ। ਧਨ ਰਾਜ ਦੇ ਪੁੱਤਰ ਸਭ ਤੋਂ ਚੰਗੇ ਤੇ ਮਹਿੰਗੇ ਸਕੂਲਾਂ ਵਿਚ ਪੜ੍ਹੇ ਸਨ ਤੇ ਹੁਣ ਕਾਹਲ ਸੀ ਅਫਸਰ ਬਣ ਕੇ ਘਰ ਦੇ ਹਾਲਾਤ ਸੁਧਾਰਨ ਦੀ, ਬਾਅਦ ਵਿਚ ਮੈਨੂੰ ਯਾਦ ਹੈ ਸਾਡੀ ਇਕ ਚਾਚੀ ਆਪਣੇ ਮੁੰਡਿਆਂ ਨੂੰ ਡਾਂਟਦੀ, "ਕੁੱਝ ਪੜ੍ਹ ਲੋ! ਵੇਖੋ ਉਸ ਕੋਠੀ ਵਾਲੀ ਦੇ ਚਾਰ ਚਾਰ ਅਫਸਰ ਮੁੰਡੇ ਨੇ।"

ਨਜ਼ਰ ਦਰਾਣੀ ਜਠਾਣੀ ਦੇ ਅਫਸਰ ਮੁੰਡਿਆਂ ਨੂੰ ਖ਼ੂਬ ਲੱਗੀ ਕਿਉਂਕਿ ਅਫਸਰੀ ਨਾਲ ਇਕ ਤਾਮਝਾਮ ਨਿਭਾਣਾ ਪੈਂਦਾ, ਕਲੱਬ, ਖੁੱਲ੍ਹਾ ਖਰਚ ਤੇ ਸ਼ਰਾਬ। ਜੇ ਭੈਣ ਜੀ ਕਦੇ ਟੋਕਦੇ ਤੇ ਨਿੱਕੇ ਭਰਾ ਮਾਣ ਨਾਲ ਜਵਾਬ ਦੇਂਦੇ, "ਇਟ ਇਜ਼ ਇਨ ਆਵਰ ਬਲੱਡ।" ਸਾਡੇ ਨਾਨਾ ਤੇ ਡੈਡੀ ਦੋਹੇਂ ਹੀ ਸ਼ਰਾਬ ਦੇ ਖ਼ੂਬ ਸ਼ੌਕੀਨ ਸਨ। ਸ਼ਰਾਬ, ਗੋਸ਼ਤ ਤੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਦੀਆਂ ਮਹਿਫਲਾਂ ਖਾਣਾ, ਪੀਣਾ ਤੇ ਉਡਾਉਣਾ ਹੀ ਖੁਸ਼ਹਾਲੀ ਦੇ ਚਿੰਨ੍ਹ ਸਨ। ਵੱਡੇ ਰਾਮ ਸਰੂਪ ਭਾਪਾ ਜੀ ਡੈਡੀ ਦੇ ਸੁਭਾਅ ਤੋਂ ਤੰਗ ਰਹੇ ਤੇ ਉਹਨਾਂ ਨੇ ਸ਼ਰਾਬ ਸਿਗਰਟ ਛੂਹੇ ਵੀ ਨਹੀਂ। ਮੈਨੂੰ ਯਾਦ ਹੈ ਮੈਂ ਨਿੱਕੀ ਜਿਹੀ ਬੀਜੀ ਕੋਲ ਲੇਟੀ ਹੋਈ ਸਾਂ, ਬੀਜੀ ਮੇਰੇ ਨਾਲ ਸ਼ੁਰੂ ਤੋਂ ਹੀ ਦਿਲ ਦੀਆਂ ਗੱਲਾਂ ਕਰਦੇ ਸਨ। ਕਹਿਣ ਲੱਗੇ, "ਮੈਂ ਸਿਗਰਟ ਸ਼ਰਾਬ ਤੋਂ ਬਹੁਤ ਤੰਗ ਹਾਂ, ਤੇਰਾ ਵਿਆਹ ਮੈਂ ਐਸੇ ਮੁੰਡੇ ਨਾਲ ਕਰਾਂਗੀ ਜੋ ਨਾ ਸਿਗਰਟ ਪੀਏ ਤੇ ਨਾ ਸ਼ਰਾਬ।" ਮੈਂ ਝਟ ਉੱਠ ਕੇ ਬੈਠ ਗਈ ਤੇ ਬੋਲੀ, "ਕਿਓ ਬੀਜੀ ਮੈਂ ਕਿਉਂ ਕਿਸੇ ਝੁੱਡੂ ਨਾਲ ਵਿਆਹ ਕਰਾਂਗੀ?" ਸਾਡੇ ਪਰਿਵਾਰ ਦੀਆਂ ਗੌਰਵ ਗਾਥਾਵਾਂ ਵਿਚ ਇਹ ਬ੍ਰਹਮ ਵਾਕ ਵੀ ਸ਼ਾਮਲ ਹੈ, ਕਰਬਲਾ ਦੇ ਮੈਦਾਨ ਤਾਂ ਬਹੁਤ ਦੂਰ ਜਾ ਚੁੱਕੇ ਸਨ। ਪਰ ਸਾਡੀ ਬਿਰਾਦਰੀ ਵਿਚ ਹੋਰ ਬੜੇ ਮਾਰ ਕੁੱਟ ਦੇ ਕਿੱਸੇ ਸਨ ਜੋ ਬੜੇ ਸ਼ੌਕ ਨਾਲ ਦੁਹਰਾਏ ਜਾਂਦੇ।

ਕਹਿੰਦੇ ਨੇ ਲਾਹੌਰ ਵਿਚ ਗੱਲ ਮਸ਼ਹੂਰ ਸੀ ਕਿ ਜਦ ਮੋਹਯਾਲ ਸਭਾ ਦੀ ਮੀਟਿੰਗ ਹੁੰਦੀ ਹੈ ਤੇ ਸ਼ਹਿਰ ਵਿਚ ਡਾਂਗਾਂ ਮੁੱਕ ਜਾਂਦੀਆਂ, ਕਿੱਸਾ ਕੁਝ ਇੰਝ ਸੁਣਾਇਆ ਜਾਂਦਾ ਕਿ ਇਕ ਵਾਰ ਲਾਹੌਰ ਮੀਟਿੰਗ ਦੇ ਪ੍ਰਗਤੀਸ਼ੀਲ ਸਕੱਤਰ ਨੇ ਭਾਸ਼ਣ ਦਿੱਤਾ ਕੀ ਵਿਧਵਾ ਵਿਆਹ ਹੋਣਾ ਚਾਹੀਦਾ, ਭਾਸ਼ਣ ਸੁਣ ਕੇ ਅੱਗ ਬਬੂਲਾ ਹੋਏ ਪ੍ਰਧਾਨ ਨੇ ਉੱਠ ਕੇ ਕਿਹਾ, "ਤੇਰੀ ਮਾਂ ਰੰਡੀ ਹੈ ਤੇ ਮੇਰਾ ਪਿਓ ਰੰਡਾ ਹੈ। ਚਲੋ ਦੋਹਾਂ ਤੇ ਚਾਦਰ ਪਾ ਦਈਏ।" ਇਸ ਤੋਂ ਬਾਅਦ ਉਹ ਡਾਂਗਾਂ ਚਲੀਆਂ ਕਿ ਪੁਲਸੀਆਂ ਨੇ ਆ ਕੇ ਮਾਮਲਾ ਸੁਲਝਾਇਆ।

'ਡੈਡੀ ਸਾਹਿਬ।" ਦਾ ਮਾਰ ਕੁੱਟ ਦਾ ਸਭ ਤੋਂ ਮਸ਼ਹੂਰ ਕਿੱਸਾ ਵੀ ਲਾਹੌਰ ਦਾ ਹੀ ਸੀ। ਡੈਡੀ ਹੋਰੀ ਤਿੰਨ ਭਰਾ ਸਨ। ਡੈਡੀ ਦੀ ਪੜ੍ਹਾਈ ਤੇ ਵਲਾਇਤ ਫੇਰੀ ਕਰ ਕੇ ਵਿਚਕਾਰਲੇ ਬਿਹਾਰੀ ਲਾਲ ਚਾਚਾ ਜੀ ਦਸਵੀਂ ਪਾਸ ਕਰ ਕੇ ਕਲਰਕ ਹੀ ਲੱਗ ਸਕੇ। ਸੋ ਰਹਿੰਦਾ ਜ਼ੋਰ ਛੋਟੇ ਗੁਲਜ਼ਾਰੀ ਲਾਲ ਚਾਚਾ ਜੀ ਦੀ ਪੜ੍ਹਾਈ ਤੇ ਹੀ ਲੱਗ ਸਕਿਆ। ਤਦ ਡੈਡੀ ਲਾਹੌਰ ਡਾਇਰੈਕਟਰ ਇਨਫਰਮੇਸ਼ਨ ਬਣ ਚੁੱਕੇ ਸਨ। ਚਾਚਾ ਜੀ ਆ ਐਮ ਏ ਦਾ



ਇਮਤਿਹਾਨ ਸੀ। ਜਦ ਉਹ ਬਸ ਵਿਚ ਚੜ੍ਹਨ ਲੱਗੇ ਤਾਂ ਕੰਡਕਟਰ ਨੇ ਮਨ੍ਹਾ ਕਰ ਦਿੱਤਾ ਕਿਉਂ ਕਿ ਉਹਨਾਂ ਦੇ ਬਸ ਦੇ ਕਾਰਡ ਦੀ ਤਰੀਖ ਮੁੱਕ ਗਈ ਸੀ, ਉਹਨਾਂ ਦਾ ਇਮਤਿਹਾਨ ਰਹਿ ਗਿਆ, ਵੱਡੇ ਭਰਾ ਇਹ ਸੁਣ ਕੇ ਗੁੱਸੇ ਨਾਲ ਭਰ ਗਏ ਤੇ ਅਗਲੇ ਦਿਨ 'ਕਮਾਂਡਰ' ਧਨ ਰਾਜ, 'ਲੈਫਟੀਨੈਂਟ' ਬਿਹਾਰੀ ਲਾਲ ਤੇ 'ਇਨਫਾਰਮਰ' ਗੁਲਜ਼ਾਰੀ ਲਾਲ ਸੁਭਾ ਸਵੇਰੇ ਬਸ ਸਟਾਪ 'ਤੇ ਪਹੁੰਚ ਗਏ, ਕੰਡਕਟਰ-ਡਰਾਈਵਰ ਦੀ ਖ਼ਬਰ ਲੈਣ, ਨਿੱਕੇ ਵੀਰ ਨੂੰ ਹਿਦਾਇਤ ਸੀ ਕਿ ਉਸ ਨੇ ਡਰਾਈਵਰ-ਕੰਡਕਟਰ ਨੂੰ ਪਛਾਣਨਾ ਹੈ, ਜਦ ਡਰਾਈਵਰ ਨੇ ਤਿੰਨੋ ਭਰਾ ਤੈਨਾਤ ਖੜ੍ਹੇ ਦੇਖੇ ਤਾਂ ਉਸ ਨੇ ਬਸ ਬਚਾ ਕੇ ਕੱਢਣੀ ਚਾਹੀ ਪਰ 'ਲੈਫਟੀਨੈਂਟ' ਬਿਹਾਰੀ ਲਾਲ ਨੇ ਛਲਾਂਗ ਮਾਰ ਕੇ ਪੁਰਾਣੀ ਬਸ, ਜਿਸ ਵਿਚ ਡਰਾਈਵਰ ਸੀ ਸੀਟ ਅੱਗੇ ਦਰਵਾਜ਼ਾ ਨਹੀਂ ਹੁੰਦਾ ਸੀ ਦਾ ਸਟੀਅਰਿੰਗ ਫੜ ਲਿਆ, 'ਕਮਾਂਡਰ' ਧਨ ਰਾਜ ਬਸ ਵਿਚ ਵੜੇ ਤੇ ਲੱਗੇ ਕੰਡਕਟਰ ਨੂੰ ਕੁੱਟਣ, ਬੱਸ ਵਿਚ ਸ਼ਾਇਰ ਹਫੀਜ਼ ਜਲੰਧਰੀ ਜਿਹਨੇ ਅੱਗੇ ਜਾ ਕੇ ਪਾਕਿਸਤਾਨ ਦਾ ਕੌਮੀ ਤਰਾਨਾ ਲਿਖਣਾ ਸੀ, ਵੀ ਸਫ਼ਰ ਕਰ ਰਿਹਾ ਸੀ, ਹਫੀਜ਼ ਨੇ ਕਿਹਾ, "ਦੱਤ ਸਾਹਿਬ ਇੰਝ ਕਾਨੂੰਨ ਹੱਥ ਵਿਚ ਨਹੀਂ ਲੈਣਾ ਚਾਹੀਦਾ। ਦੱਤ ਸਾਹਿਬ ਗਰਜ਼ੇ, "ਉਰ੍ਹੇ ਆ ਮਿਰਾਸੀਆ ਤੈਨੂੰ ਵੀ ਲਾਵਾਂ।"

"ਅਭੀ ਤੋ ਮੈਂ ਦਵਾਨ ਤੂੰ।" ਲਿਖਣ ਵਾਲਾ ਸ਼ਾਇਰ ਉਦੋਂ ਤਾਂ ਚੁੱਪ ਹੋ ਗਿਆ ਪਰ ਅਗਲੇ ਦਿਨ ਦੱਤ ਸਾਹਿਬ ਦੀ ਕਰਤੂਤ ਦਾ ਪੂਰਾ ਖੁਲਾਸਾ ਉਰਦੂ ਦੇ ਅਖ਼ਬਾਰ ਵਿਚ ਛਪ ਗਿਆ। ਪਰ ਅਫਸ਼ਰਸਾਹੀ ਦੀ ਬਦੌਲਤ ਅਗਲੇ ਦਿਨ ਅਖਬਾਰ ਨੂੰ ਕਬੂਲ ਕਰਨਾ ਪਿਆ ਕਿ 'ਖ਼ਬਰ ਝੂਠੀ ਸੀ'!

ਖ਼ੈਰ ਐਸੇ ਕਈ ਕਿੱਸੇ ਨੇ ਮੇਰੇ ਪਿਓ, ਚਾਚੇ ਤੇ ਭਰਾਵਾਂ ਦੇ। ਮੇਰੇ ਨਾਨਕੇ ਤੇ ਦਾਦਕੇ ਸਨਾਤਨ ਧਰਮੀ ਸਨ, ਪਰ ਡੈਡੀ ਸਾਹਿਬ ਆਰੀਆ ਸਮਾਜੀ ਹੋ ਗਏ ਸਨ। ਸ਼ਾਮੀਂ 'ਓਮ ਜੈ ਜਗਦੀਸ਼ ਹਰੇ' ਦੀ ਆਰਤੀ ਸਾਡੇ ਭੈਣ ਜੀ ਗਾਂਦੇ ਕਿਉਂਕਿ ਪੂਰੇ ਪਰਿਵਾਰ ਵਿਚ ਬਸ ਉਹਨਾਂ ਦੀ ਆਵਾਜ਼ ਹੀ ਸੁਰੀਲੀ ਸੀ, ਜਦ ਭੈਣ ਜੀ ਗਾਂਦੇ 'ਸਵਾਮੀ ਤੁਮ ਰਕਸ਼ਕ ਮੇਰੇ, ਪਿਤਾ ਤੁਮ ਰਕਸ਼ਕ ਮੇਰੇ।' ਡੈਡੀ ਸਾਹਿਬ ਨੂੰ ਗੁੱਸਾ ਆ ਜਾਂਦਾ ਤੇ ਉੱਚੀ ਉੱਚੀ ਬੋਲਣਾ ਸ਼ੁਰੂ ਕਰ ਦਿੰਦੇ, "ਕੀ ਬਕਵਾਸ ਕਰ ਰਹੀ ਹੈ? ਇਹ ਸਹੁਰਾ ਸਵਾਮੀ ਕਿਸ ਤਰ੍ਹਾਂ ਪਹਿਲੇ ਆ ਗਿਆ, ਪਹਿਲੇ ਤਾਂ ਪਿਤਾ ਆਂਦਾ ਹੈ।" ਆਰਤੀ ਖ਼ਰਾਬ ਹੋ ਜਾਂਦੀ ਤੇ ਤੈਸ਼ ਵਿਚ ਡੈਡੀ ਭੁੱਲ ਜਾਂਦੇ ਕਿ ਸਵਾਮੀ ਤੇ ਪਿਤਾ ਦਾ ਸੰਬੋਧਨ ਰੱਬ ਵਾਸਤੇ ਹੈ ਨਾ ਕਿ ਪਿਓ ਤੇ ਪਤੀ ਵਾਸਤੇ, ਬੀਜੀ ਖਪਣ ਲੱਗਦੇ, 'ਤੌਬਾ! ਇਸ ਘਰ ਵਿਚ ਤਾਂ ਰੱਬ ਦਾ ਨਾਂ ਲੈਣਾ ਵੀ ਮੁਸ਼ਕਿਲ ਹੈ।"

ਬੀਜੀ ਮਰਦਾਂ ਨੂੰ ਤੇ ਖਾਸਕਰ 'ਡੈਡੀ ਸਾਹਿਬ' ਨੂੰ ਖ਼ੂਬ ਭੰਡਦੇ। ਪਰ ਕਿਧਰੇ ਮੋਹ ਵੀ ਸੀ ਬੜਾ, ਬੀਜੀ ਦੇ ਆਪਣੇ ਸ਼ਬਦਾਂ ਵਿਚ, "ਲਖ ਨਰਾਜ਼ ਹੋਵਾਂ ਮੈਂ ਦੱਤ ਸਾਹਿਬ ਨਾਲ, ਗਲ ਵੀ ਨਾ ਕਰ ਰਹੀ ਹੋਵਾਂ, ਪਰ ਮੈਂ ਕਦੇ ਉਹਨਾਂ ਨੂੰ ਰੋਟੀ ਠੰਡੀ ਨਹੀਂ ਦਿੱਤੀ। ਹਮੇਸ਼ਾ ਗਰਮ ਗਰਮ ਫੁਲਕਾ ਦੇਂਦੀ ਸਾਂ।"

ਮੈਂ ਉਹ ਪਲ ਯਾਦ ਕਰਨ ਦੀ ਕੋਸ਼ਿਸ਼ ਕਰਦੀ ਹਾਂ ਜਦ ਡੈਡੀ ਮੇਰੇ ਬਚਪਨ ਵਿਚ ਹਾਜ਼ਰ ਸਨ, ਕੁਝ ਕੁ ਸੀਨ ਯਾਦ ਆਂਦੇ ਨੇ, ਧੁੰਦਲੇ ਜਿਹੇ ਜਿਵੇਂ ਮੈਂ ਕੋਈ ਬਹੁਤ ਪਹਿਲਾਂ ਵੇਖੀ ਹੋਈ ਫਿਲਮ ਚੇਤੇ ਕਰ ਰਹੀ ਹੋਵਾਂ। ਸਾਵਨ ਦੀ ਪਹਿਲੀ ਬਾਰਿਸ਼ ਹੈ ਤੇ ਡੈਡੀ, ਸਲਿਲ ਤੇ ਮੈਂ ਸਾਹਮਣੇ ਲਾਨ ਵਿਚ ਬਨੈਣ ਕੱਛੇ ਪਾਈ ਨਹਾ ਰਹੇ ਹਾਂ। ਸਲਿਲ ਕਹਿ ਰਿਹਾ ਹੈ, "ਹੁਣ ਸਾਡੇ ਜਿਸਮਾਂ 'ਤੇ ਪਿੱਤ ਦਾ ਇਕ ਦਾਣਾ ਵੀ ਨਹੀਂ ਰਹੇਗਾ।" ਰਾਤੀਂ ਛਤ 'ਤੇ ਮੰਜੇ ਲੱਗਦੇ ਨੇ ਤੇ ਸਲਿਲ ਕਹਿੰਦਾ ਹੈ, "ਚਲ ਡੈਡੀ ਦੇ ਪੇਟ 'ਤੇ ਟਪੂਸੀਆਂ ਮਾਰੀਏ।" ਡੈਡੀ ਦਾ ਪੇਟ ਗੋਲ ਤੇ ਵੱਡਾ ਹੈ ਤੇ ਧੁਨੀ ਅੱਧੇ ਗਲੋਬ ਵਾਂਗ ਬਾਹਰ ਨੂੰ ਨਿਕਲੀ ਹੋਈ। ਅਸੀਂ ਡੈਡੀ ਦੇ ਪੇਟ 'ਤੇ ਟਪੂਸੀਆਂ ਮਾਰਦੇ ਹਾਂ ਤੇ ਉਹ ਚੁੱਪ ਚਾਪ ਬਿਨਾ ਕਾਹਲੇ ਪਏ ਸਾਨੂੰ ਝਲਦੇ ਨੇ।

ਮੈਂ ਪੰਜ ਸਾਲਾਂ ਦੀ ਹੋ ਗਈ ਹਾਂ, ਮੈਨੂੰ ਸਕੂਲੇ ਪਾਣ ਦਾ ਵੇਲਾ ਆ ਗਿਆ ਹੈ। ਵੈਸੇ ਬੀਜੀ ਮੈਨੂੰ ਘਰ ਹੀ ਗਿਣਤੀ ਕਰਨਾ ਸਿਖਾ ਚੁੱਕੇ ਨੇ। ਡੈਡੀ ਦੇ ਲੱਖ ਤਰਲੇ ਕਰਦੇ ਨੇ ਕਿ ਮੈਨੂੰ ਸਕੂਲ ਦਾਖਲ ਕਰਵਾ ਦੇਣ,

ਪਰ ਡੈਡੀ ਕੋਲ ਵਿਹਲ ਹੀ ਨਹੀਂ। ਇਕ ਦਿਨ ਉਹ ਆਪ ਭੈਣ ਜੀ ਨਾਲ ਮੈਨੂੰ ਗੋਦੀ ਲੈ ਕੇ ਰਿਕਸ਼ੇ ਵਿਚ ਬੈਠਦੇ ਨੇ, ਪੀਲੇ ਅਮਲਤਾਸ ਦੇ ਪੇੜਾਂ ਵਾਲੀ ਸੜਕ 'ਤੇ ਸੈਕਟਰ 16 ਦੇ ਸੀਨੀਅਰ ਮਾਡਲ ਸਕੂਲ ਦੀ ਐਲ. ਕੇ. ਜੀ. ਵਿਚ ਦਾਖਲ ਕਰਵਾ ਆਂਦੇ ਨੇ। ਜਦ ਮੈਂ ਯੂ ਕੇ ਜੀ ਵਿਚ ਜਾਂਦੀ ਹਾਂ ਤਾਂ ਵਕਤ ਸਿਰ ਫੀਸ ਨਾ ਪਹੁੰਚਣ ਕਰਕੇ ਮੇਰਾ ਨਾਂ ਕੱਟ ਦਿੱਤਾ ਜਾਂਦਾ ਹੈ। ਕਈ ਮਹੀਨੇ ਮੈਂ ਸਕੂਲ ਨਹੀਂ ਜਾਂਦੀ। ਗੁਆਂਢਣਾਂ ਪੁੱਛਦੀਆਂ ਨੇ 'ਸਕੂਲ ਨਹੀਂ ਗਈ?" ਸੋ ਦਿਨੇ ਮੈਂ ਘਰ ਵਿਚ ਲੁਕੀ ਰਹਿਨੀ ਹਾਂ ਤੇ ਜਦ ਸਕੂਲ ਦੀ ਛੁੱਟੀ ਦਾ ਸਮਾਂ ਹੁੰਦਾ ਹੈ, ਬਾਹਰ ਨਿਕਲ ਕੇ ਖੇਡਣ ਲੱਗਦੀ ਹਾਂ।

ਇਕ ਦਿਨ ਬੀਜੀ ਮੈਨੂੰ ਕਹਿੰਦੇ ਨੇ, ਅੱਜ ਜਦ ਡੈਡੀ ਸਾਹਿਬ ਘਰ ਆਣ ਤਾਂ ਤੂੰ ਉਹਨਾਂ ਦੇ ਪੈਰ ਫੜ ਲਈ ਤੇ ਕਹੀਂ ਮੈਨੂੰ ਸਕੂਲ ਦਾਖਲ ਕਰਵਾ ਦਿਓ। ਮੈਂ ਲਾਊਂਜ ਦੇ ਜਾਲੀ ਵਾਲੇ ਦਰਵਾਜ਼ੇ ਨਾਲ ਖੜ੍ਹੀ ਉਡੀਕਦੀ ਰਹਿੰਦੀ ਹਾਂ ਤੇ ਜਿਉਂ ਹੀ ਡੈਡੀ ਵਰਾਂਡੇ 'ਚ ਪਹੁੰਚਦੇ ਨੇ ਮੈਂ ਦੌੜ ਕੇ ਉਹਨਾਂ ਦੇ ਪੈਰਾਂ 'ਤੇ ਗਿਰ ਜਾਂਦੀ ਹਾਂ, ਨਾਟਕ ਕਾਮਯਾਬ ਰਿਹਾ। ਇੰਜ ਜਨਵਰੀ, 1962 ਦੀ ਇਕ ਠੰਡੀ ਸਵੇਰ ਨੂੰ ਮੈਂ ਬੀਜੀ ਨਾਲ ਨਹੀਂ ਡੈਡੀ ਸਾਹਿਬ ਨਾਲ ਰਿਕਸ਼ੇ 'ਚ ਬੈਠ ਕੇ ਸੈਕਟਰ 9, ਕਾਰਮੇਲ ਕਾਨਵੈਂਟ ਸਕੂਲ ਗਈ। ਬੀਜੀ ਨੇ ਮੈਨੂੰ ਸਮਝਾਇਆ ਕਿ 'ਮਦਰ' ਨੂੰ ਕਹਿਣਾ ਹੈ ਕਿ ਮੈਂ ਘਰ ਹੀ ਪੜ੍ਹੀ ਹਾਂ ਨਹੀਂ ਤਾਂ ਉਹ ਸਕੂਲ ਲੀਵਿੰਗ ਸਰਟੀਫਿਕੇਟ ਮੰਗਣਗੇ, ਮੈਨੂੰ ਫਰ ਦੇ ਕਾਲਰਾਂ ਵਾਲਾ ਕੋਟ ਪੁਵਾਉਂਦਿਆਂ ਬੀਜੀ ਨੇ ਕਿਹਾ, ਵੇਖ ਡੈਡੀ ਸਾਹਿਬ ਨਾਲ ਜਾ ਰਹੀ ਹੈ ਸੋ ਚੰਗੀ ਅੰਗਰੇਜ਼ੀ ਬੋਲੀ ਨਹੀਂ ਤਾਂ ਉਹਨਾਂ ਨੂੰ ਗੁੱਸਾ ਚੜ੍ਹ ਜਾਏਗਾ। ਉੱਥੇ ਮਦਰ ਸੁਪੀਰੀਅਰ ਨੇ ਪੁੱਛਿਆ, "ਫਰਾਮ ਹੂਮ ਡਿਡ ਯੂ ਸਟੱਡੀ ਐਟ ਹੋਮ?" ਮੈਂ ਜਵਾਬ ਦਿੱਤਾ, "ਮਾਏ ਮਦਰ ਟੀਚਡ ਮੀ।" ਮਦਰ ਨੇ ਅਗਲੇ ਵਾਕ ਵਿਚ ਮੇਰੀ ਗਲਤੀ ਸੁਧਾਰ ਦਿੱਤੀ, "ਓਹ! ਯੂਅਰ ਮਦਰ ਟਾਟ ਯੂ।" ਮੈਂ ਡਰ ਗਈ ਕੀ ਮੈਂ 'ਟਾਟ' ਦੀ ਜਗ੍ਹਾ ਟੀਚਡ ਕਹਿ ਦਿੱਤਾ ਹੈ। ਮੇਰੀ ਐਡਮਿਸ਼ਨ ਨਹੀਂ ਹੋਵੇਗੀ। ਪਰ ਐਡਮਿਸ਼ਨ ਵੀ ਹੋ ਗਈ ਤੇ ਘਰ ਆ ਕੇ ਡੈਡੀ ਨੇ ਬੜੇ ਗਰਵ ਨਾਲ ਦੱਸਿਆ, "ਨੀਰਾ ਨੇ ਉੱਥੇ ਬੜੀ ਸੋਹਣੀ ਅੰਗਰੇਜ਼ੀ ਬੋਲੀ, "ਮੈਨੂੰ ਚੰਗਾ ਲੱਗਿਆ ਕੀ ਡੈਡੀ ਸਾਹਿਬ ਮੇਰੀ 'ਟੀਚਡ ਟਾਟ' ਦੀ ਗਲਤੀ ਲੁਕਾ ਗਏ ਸਨ, ਉਹ ਮੇਰੀ ਸਾਈਡ ਤੇ ਸਨ। ਉਸ ਵੇਲੇ ਉਹ ਮੇਰੀ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਨਾਲ ਹਾਜ਼ਰ ਸਨ। ਜੇ ਸਿਲਸਿਲਾ ਇੰਝ ਚੱਲਦਾ ਰਹਿੰਦਾ ਤਾਂ ਅੱਗੇ ਜਾ ਕੇ ਮੈਂ ਬਾਬਲ ਕੋਲੋਂ ਕੁਝ ਹੋਰ ਮੰਗ ਵੀ ਲੈਂਦੀ।

ਪਰ ਸਾਡੇ ਘਰੇ ਬਹੁਤ ਕੁਝ ਬਦਲ ਰਿਹਾ ਸੀ। ਸਲਿਲ ਰਾਜ, ਭਾਪਾ ਜੀ ਤੇ ਰਾਣੀ ਭਾਬੀ ਜੀ ਕੋਲ ਮਹੂ ਚਲਾ ਗਿਆ ਸੀ। ਮਨੋ ਏਅਰ ਫੋਰਸ ਕਾਲਜ ਵਿਚ ਜੋਧਪੁਰ ਸੀ, ਭੈਣ ਜੀ ਆਪਣੀ ਦੇ ਰੁਪਏ ਗਜ਼ ਵਾਲੀ ਖੱਦਰ ਦੀ ਸਲਵਾਰ-ਕਮੀਜ਼ ਪਾ ਕੇ ਬਾਰ੍ਹਾਂ ਵਰ੍ਹਿਆਂ ਬਾਅਦ ਫਿਰ ਆਪਣੇ ਪਤੀ ਦੇ ਘਰ ਚਲੇ ਗਏ ਸਨ। ਅਰਵਿੰਦਰ ਭਾਪਾ ਜੀ ਬੀ ਏ ਕਰ ਚੁੱਕੇ ਸਨ ਪਰ ਫੌਜੀ ਅਫਸਰੀ ਦਾ ਇਮਤਿਹਾਨ ਅਜੇ ਪਾਸ ਨਹੀਂ ਸਨ ਕਰ ਪਾਏ। ਇਸ ਗੱਲ ਦਾ ਘਰ ਵਿਚ ਸੋਗ ਸੀ।

ਇਸ ਤੋਂ ਵੱਡਾ ਸੋਗ ਇਹ ਸੀ ਕਿ ਡੈਡੀ ਦੀ ਇਤਿਹਾਸ ਦੀ ਕਿਤਾਬ ਜੋ ਉਹਨਾਂ ਆਪਣੇ ਇਕ ਪ੍ਰਕਾਸ਼ਕ ਦੋਸਤ ਨੂੰ ਦਿੱਤੀ ਹੋਈ ਸੀ, ਨਹੀਂ ਸੀ ਛਪੀ, ਪਰ ਵਿਚੋਂ ਕੁਝ ਚੈਪਟਰ ਚੋਰੀ ਕਰਕੇ ਇਕ ਦੋਸਤ ਨੇ ਆਪਣੇ ਨਾਂ ਤੇ ਇਕ ਕਿਤਾਬ ਛਪਵਾ ਲਈ ਸੀ। ਘਰ ਦੇ ਕਰਜ਼ੇ ਦਾ ਵਿਆਜ਼ ਵਧਦਾ ਜਾ ਰਿਹਾ ਸੀ। ਘਰ ਦਾ ਹੇਠਲਾ ਹਿੱਸਾ ਕਿਰਾਏ ਤੇ ਦੇਣ ਦਾ ਫੈਸਲਾ ਹੋ ਗਿਆ। ਵਿਮਲ ਦੀ ਬੀ ਏ ਦਾ ਅਖੀਰਲਾ ਸਾਲ ਸੀ। ਸੋ ਫੈਸਲਾ ਹੋਇਆ ਕਿ ਡੈਡੀ ਤੇ ਵਿਮਲ ਇੱਥੇ ਰਹਿਣ ਤੇ ਬਾਕੀ ਅਸੀਂ ਸਾਰੇ ਰਾਜ ਭਾਪਾ ਜੀ ਕੋਲ ਮਹੂ ਚਲੇ ਜਾਈਏ।

ਡੈਡੀ ਆਪਣੀ ਜ਼ਿੰਦਗੀ ਦੀ ਪਤਝੜ ਦੀ ਰੁੱਤ ਵਿਚ ਬਹੁਤ ਇਕੱਲੇ ਪੈ ਗਏ ਸਨ। ਉਹ ਕਹਿੰਦੇ, "ਬਸ ਮੈਂ ਪਾਸਪੋਟਰ ਬਣਵਾ ਰਿਹਾ ਹਾਂ। ਮੈਂ ਵਿਲਾਇਤ ਜਾ ਰਿਹਾ ਹਾਂ। ਆਈ ਵਾਂਟ ਟੂ ਡਾਈ ਆਨ ਇੰਗਲਿਸ਼



ਸਾਇਲ।" ਉਹਨਾਂ ਦੁਖੀ ਦਿਨਾਂ ਵਿਚ ਸ਼ਾਇਦ ਡੈਡੀ ਨੂੰ ਮਯੂਰੀਅਲ ਸਟਾਰਕੀ ਯਾਦ ਆ ਰਹੀ ਸੀ ਜਾਂ ਕੈਂਬਰਿਜ ਯੂਨੀਵਰਸਿਟੀ ਜਿੱਥੇ ਉਹਨਾਂ ਦੇ ਇਤਿਹਾਸ ਤੇ ਫਲਸਫੇ ਬਾਰੇ ਲਿਖੇ ਪੇਪਰਾਂ ਦੀ ਬਹੁਤ ਧੁੰਮ ਮਚੀ ਸੀ। ਪਰ ਆਪਣੀ ਜ਼ਿੰਦਗੀ ਦਾ ਫਲਸਫਾ ਹੱਥ ਵਿਚ ਨਹੀਂ ਸੀ ਆ ਰਿਹਾ ਤੇ ਉਹਨਾਂ ਉੱਤੇ ਉਹਨਾਂ ਦਾ ਆਪਣਾ ਇਤਿਹਾਸ ਹਾਵੀ ਹੋ ਰਿਹਾ ਸੀ। ਬੀਜੀ ਮੱਥੇ ਤੇ ਹੱਥ ਮਾਰਦੇ, "ਵੇਖੋ ਇਸ ਇਨਸਾਨ ਨੂੰ, ਲੋਕ ਮਰਨ ਵੇਲੇ ਆਪਣੇ ਵਤਨ ਦੀ ਮਿੱਟੀ ਲੱਭਦੇ ਨੇ ਤੇ ਇਹ ਵਲਾਇਤ ਜਾ ਕੇ ਮਰਨਾ ਚਾਹੁੰਦੇ ਨੇ।"

ਮਹੂ ਪਹੁੰਚਿਆਂ ਸਾਨੂੰ ਕੁਝ ਹੀ ਮਹੀਨੇ ਹੋਏ ਸਨ ਕਿ ਐਸੀ ਖੁਸ਼ਖ਼ਬਰੀ ਆਈ ਜਿਸ ਨੇ ਸਾਡੇ ਜੀਵਨ ਨੂੰ ਮੁੜ ਆਸ ਨਾਲ ਭਰ ਦਿੱਤਾ। ਉਹਨਾਂ ਨੂੰ ਆਪਣੀ ਮਰਜ਼ੀ ਦੀ ਨੌਕਰੀ ਮਿਲ ਗਈ ਸੀ। ਉਹ ਇੰਡੀਅਨ ਐਕਸਪ੍ਰੈਸ ਦਿੱਲੀ ਵਿਚ ਅਸਿਸਟੈਂਟ ਐਡੀਟਰ ਬਣ ਗਏ ਸਨ। ਤਨਖਾਹ ਸੀ ਤੇਰਾਂ ਸੌ ਰੁਪਏ ਮਹੀਨਾ। ਅਜੇ ਉਹ ਨਿਜਾਮੂਦੀਨ ਵਿਚ ਪੇਇੰਗ ਗੈਸਟ ਰਹਿ ਰਹੇ ਸਨ, ਪਰ ਛੇਤੀ ਹੀ ਉਹਨਾਂ ਨੇ ਘਰ ਕਿਰਾਏ ਤੇ ਲੈ ਲੈਣਾ ਸੀ ਤੇ ਅਸੀਂ ਉਹਨਾਂ ਕੋਲ ਚਲੇ ਜਾਣਾ ਸੀ। ਪਰ ਮੇਰੇ ਅੱਠਵੇਂ ਜਨਮ ਦਿਨ ਤੋਂ ਦੋ ਕੁ ਮਹੀਨੇ ਪਹਿਲਾਂ ਦਸੰਬਰ ਦੀ ਸਵੇਰ ਜਦ ਸਲਿਲ ਤੇ ਮੈਂ ਸਕੂਲ ਜਾਣ ਲਈ ਤਿਆਰ ਹੋ ਰਹੇ ਸਾਂ ਤਾਂ ਇਕ ਤਾਰ ਆਈ। ਅਰਵਿੰਦ ਭਾਪਾ ਜੀ ਨੇ ਤਾਰ ਪੜ੍ਹੀ, "ਡੈਡੀ ਸਾਹਿਬ' ਪਾਸਡ ਅਵੇ। ਬੀਜੀ, ਜਿਹਨਾਂ ਨੇ ਬੜੇ ਚਾਅ ਨਾਲ ਦੋ ਸਾਲਾਂ ਦੇ ਨਾਗੇ ਬਾਅਦ ਕਰਵਾ ਚੌਥ ਦਾ ਵਰਤ ਰੱਖਿਆ ਸੀ, ਨੇ ਤਾਰ ਫੜੀ ਤੇ ਕਲੇਜੇ ਨਾਲ ਲਗਾ ਕੇ ਰੋਣ ਲੱਗ ਪਏ। ਮੈਨੂੰ ਤਾਰ ਦੀ ਅੰਗਰੇਜ਼ੀ ਸਮਝ ਨਹੀਂ ਆਈ। ਮੈਂ 'ਪਾਸਡ' ਨੂੰ ਪਾਸਪੋਰਟ' ਨਾਲ ਜੋੜਿਆ। 'ਬੀਜੀ ਕੀ ਹੋਇਆ? ਕੀ ਡੈਡੀ ਇੰਗਲੈਂਡ ਚਲੇ ਗਏ ਨੇ?' ਬੀਜੀ ਨੇ ਕਿਹਾ, "ਉਹ ਸਵਰਗਵਾਸ ਹੋ ਗਏ ਨੇ।" ਮੈਂ ਵੇਖਿਆ ਅਰਵਿੰਦ ਭਾਈ ਸਾਹਿਬ ਅੱਖਾਂ ਪੂੰਝ ਰਹੇ ਸਨ। ਸਲਿਲ ਸੁਬਕ ਰਿਹਾ ਸੀ। ਮੈਂ ਵੀ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ।

---

## ਦਿਲ ਦੀ ਸੁਣੋ/ -ਸ਼ਰੀਨ ਆਨੰਦਿਤਾ

---

ਮੈਂ ਆਪਣੇ ਨਾਨਕੇ ਘਰ ਮੋਰਿੰਡੇ ਪੈਦਾ ਹੋਈ ਸੀ ਤੇ ਡੈਡੀ ਉਸ ਵਕਤ ਸਿਰਸਾ ਨੌਕਰੀ ਕਰਦੇ ਸਨ। ਉਹ 'ਰੰਮ' ਦੇ ਬੜੇ ਸ਼ੌਕੀਨ ਸਨ ਤੇ ਜਦ ਮੇਰੇ ਪੈਦਾ ਹੋਣ ਦੀ ਉਹਨਾਂ ਨੂੰ ਖ਼ਬਰ ਮਿਲੀ ਤਾਂ ਉਹ 'ਰੰਮ' ਪੀ ਰਹੇ ਸਨ। ਬੜੇ ਚਾਅ ਨਾਲ ਉਹਨਾਂ ਨੇ ਮੇਰਾ ਪਿਆਰ ਦਾ ਨਾਮ 'ਮਾਈ ਰੰਮ' ਰੱਖਿਆ ਤੇ 'ਰੰਮ+ਮਾਈ' ਮਿਲਾ ਕੇ ਮੇਰਾ ਨਾਮਕਰਣ ਕੀਤਾ' ਰੰਮੀ' ਮਹੀਨਾ ਭਰ ਸਿਰਸੇ ਡੈਡੀ ਦੇ ਕੁਆਟਰ ਦੇ ਸ਼ਰਾਬ ਦਾ ਘਰਾਟ ਚੱਲਦਾ ਰਿਹਾ ਸੀ ਹੋਣ ਦੀ ਖ਼ੁਸ਼ੀ ਵਿਚ।

ਮੇਰੇ ਪੈਦਾ ਹੋਣ ਤੋਂ ਪਹਿਲਾਂ ਵੀ ਉਹ ਇਕ ਧੀ ਲਈ ਰੱਬ ਤੋਂ ਅਰਦਾਸ ਕਰਦੇ ਸਨ। ਮੇਰੀ ਮਾਂ ਨੂੰ ਚਿੱਠੀ ਵਿਚ ਤਾਕੀਦ ਕਰਦੇ ਸਨ ਕਿ ਉਹ ਕਵੀ 'ਫਿਰਦੌਸ' ਬਾਰੇ ਸੋਚਿਆ ਕਰਨ ਤਾਂ ਜੋ ਆਉਣ ਵਾਲੇ ਬੱਚੇ ਦੀ ਸ਼ਖ਼ਸੀਅਤ ਨੂੰ ਉਸ ਤੋਂ ਸੇਧ ਮਿਲ ਸਕੇ, ਗਰਭ ਸੰਸਕਾਰਚ ਬੱਚਾ ਕਵਿਤਾ ਲਈ ਰੁਚੀ ਲੈ ਕੇ ਪੈਦਾ ਹੋਵੇ। ਉਹਨਾਂ ਨੇ ਸਾਨੂੰ ਪੜ੍ਹਨ ਦੀ ਆਦਤ ਪਾਈ। ਛੋਟੇ ਹੁੰਦਿਆਂ ਰਸਾਲੇ-ਚੰਪਕ, ਲੋਟਪੋਟ ਨੰਦਨ ਆਦਿ ਲਿਆ ਕੇ ਦੇਣੇ ਤਾਂ ਕਿ ਪੜ੍ਹਨ 'ਚ ਸਾਡੀ ਦਿਲਸਚਪੀ ਵਧੇ। ਆਪ ਵੀ ਕਹਾਣੀਆਂ ਸੁਣਾਉਂਨੀਆਂ ਤਾਂ ਕਿ ਸਾਹਿਤ ਨੂੰ ਅਸੀਂ ਸਲਾਹ ਸਕੀਏ। ਇਨ੍ਹਾਂ ਸੰਸਕਾਰਾਂ ਦੀ ਬਦੌਲਤ ਹੀ ਮੇਰੀ ਪੜ੍ਹਨ ਲਿਖਣ 'ਚ ਰੁਚੀ ਹੋਈ। ਉਹਨਾਂ ਨੇ ਸ਼ੁਰੂ ਤੋਂ ਹੀ ਮੇਰੀ ਪਰਵਰਿਸ਼ ਇਸ ਤਰੀਕੇ ਦੀ ਕੀਤੀ ਕਿ ਮੈਨੂੰ ਕਿਸੇ ਦੇ ਉੱਤੇ ਨਿਰਭਰ ਨਾ ਰਹਿਣਾ ਪਵੇ। ਬਾਰਾਂ ਤੇਰਾਂ ਕੁ ਸਾਲ ਦੀ ਉਮਰ ਵਿਚ ਹੀ ਉਹਨਾਂ ਨੇ ਮੈਨੂੰ ਆਪਣੀਆਂ ਸਭ ਰਿਸਤੇਦਾਰੀਆਂ ਵਿਚ ਘੁਮਾ ਦਿੱਤਾ ਸੀ ਤੇ ਉੱਥੇ ਆਉਣ ਜਾਣ ਦਾ ਤਰੀਕਾ ਸਮਝਾ ਦਿੱਤਾ ਅਤੇ ਫੇਰ ਕਿਹਾ, "ਰੰਮੀ! ਹੁਣ

ਤੂੰ ਆਪ ਹੀ ਆਉਣਾ ਜਾਣਾ ਹੈ ਤੇ ਤੇਰੇ ਨਾਲ ਕੋਈ ਨਹੀਂ ਆਇਆ ਕਰਨਾ! ਆਪੋਂ ਜਦ ਮਰਜ਼ੀ ਆਓ-ਜਾਓ ਕੋਈ ਬੰਦਿਸ਼ ਨਹੀਂ ਹੈ।"

ਵਿਪਰੀਤ ਲਿੰਗ ਨਾਲ ਮੇਰਾ ਕਿਹੋ ਜਿਹਾ ਸੰਪਰਕ ਹੋਵੇ ਤਾਂ ਜੋ ਮੈਂ ਮਰਦ ਸਮਾਜ 'ਚ ਸੁਭਾਵਿਕ ਰੂਪ ਵਿਚ ਵਿਚਰ ਸਕਾਂ, ਇਸ ਗੱਲ ਦਾ ਉਹਨਾਂ ਨੇ ਖਾਸ ਖਿਆਲ ਰੱਖਿਆ। ਮੁੰਡਿਆਂ ਨਾਲ ਸਬੰਧਤ ਕੋਈ ਸਮੱਸਿਆ ਮੈਨੂੰ ਪੇਸ਼ ਬਾਅਦ 'ਚ ਆਉਂਦੀ ਸੀ ਤੇ ਉਹਨਾਂ ਨੇ ਮੈਨੂੰ ਉਸ ਦੇ ਨਾਲ ਸਹਿਜ ਸੁਭਾਅ ਨਿੱਬੜ ਲੈਣ ਦਾ ਤਰੀਕਾ ਪਹਿਲਾਂ ਦੱਸਿਆ ਹੁੰਦਾ ਸੀ।

ਇਕ ਮੁੰਡਾ ਮੈਨੂੰ ਬਹੁਤ ਤੰਗ ਕਰਨ ਲੱਗ ਪਿਆ ਸੀ। ਇਹ ਬਿਨਾ ਕਿਸੇ ਨੂੰ ਦੱਸੇ ਆਪ ਹੀ ਜਾ ਕੇ ਉਸ ਦੀ ਚੰਡਾਈ ਕਰ ਆਏ ਤਾਂ ਕਿ ਮੈਨੂੰ ਕਿਸੇ ਮੂਹਰੇ ਸ਼ਰਮਿੰਦਾ ਨਾ ਹੋਣਾ ਪਵੇਂ! ਇਸ ਨਾਲ ਇਕ ਅਜੀਬ ਜਿਹਾ ਆਤਮ ਵਿਸ਼ਵਾਸ ਮੇਰੇ ਅੰਦਰ ਭਰ ਗਿਆ ਕਿ ਮੇਰੇ ਪਿਤਾ ਮੈਨੂੰ ਕਿਸੇ ਵੀ ਮੁਸੀਬਤ 'ਚੋਂ ਕੱਢ ਲਿਆਉਣਗੇ। ਇਕ ਵੇਰਾਂ ਅਸੀਂ ਕਿਤੇ ਜਾ ਰਹੇ ਸੀ ਤੇ ਇਕ ਮੁੰਡਾ ਮੈਨੂੰ ਛੇੜ ਕੇ ਚਲਾ ਗਿਆ। ਮੈਂ ਡਰ ਗਈ ਤੇ ਮੈਨੂੰ ਬਹੁਤ ਸ਼ਰਮ ਵੀ ਆਈ। ਪਰ ਉਹ ਹੱਸ ਪਏ ਤੇ ਸਮਝਾਇਆ, "ਇਹ ਤਾਂ ਹੁੰਦੈ ਰਹਿਣਾ! ਅਹੀਆਂ ਜਿਹੀਆਂ ਗੱਲਾਂ ਨੂੰ ਦਿਲ ਨਾਲ ਨਹੀਂ ਲਾਈਦਾ!"

ਇਕ ਗੱਲ ਜੋ ਪੰਜਾਬੀ ਜੱਟ ਸਮਾਜ ਦਾ ਕੋਈ ਵਿਰਲਾ ਪਿਤਾ ਹੀ ਆਪਣੀ ਕੁੜੀ ਨੂੰ ਕਹਿ ਸਕਦਾ ਹੈ, ਉਹ ਇਹ ਸੀ, "ਦੇਖ ਰੰਮੀ! ਹੁਣ ਤੂੰ ਵੱਡੀ ਹੋ ਗਈ ਏਂ। ਤੈਨੂੰ ਬਹੁਤ ਮੁੰਡੇ ਮਿਲਣਗੇ, ਤੂੰ ਪਿਆਰ ਵਿਚ ਵੀ ਪਵੇਂਗੀ! ਇਹ ਬਹੁਤ ਹੀ ਨਾਰਮਲ ਗੱਲ ਹੈ, ਪਰ ਦੇਖੀਂ! ਪਹਿਲੇ ਹੀ ਪਿਆਰ 'ਚ ਕਿਤੇ ਵਿਆਹ ਦੇ ਚੱਕਰ 'ਚ ਨਾ ਪੈ ਜਾਵੀਂ, ਕਿਸੇ ਵੀ ਰਿਸ਼ਤੇ ਦੀ ਪਰਖ ਵਕਤ ਨਾਲ ਹੀ ਹੁੰਦੀ ਹੈ। ਜ਼ਰੂਰੀ ਨਹੀਂ ਕਿ ਪਹਿਲਾ ਹੀ ਮੁੰਡਾ ਤੇਰੀਆਂ ਉਮੀਦਾਂ ਉੱਤੇ ਪੂਰਾ ਉੱਤਰੇ! ਕੱਚੇ ਰਿਸ਼ਤੇ ਨੂੰ ਛੱਡ ਦੇਣਾ ਬੇਹਤਰ। ਰੋਣ ਧੋਣ ਸੈਂਟੀਮੈਂਟਲ ਹੋਣ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਅੱਗੇ ਵਧੋ, ਕਦੇ ਨਾ ਕਦੇ ਤੁਹਾਨੂੰ ਪੂਰੀ ਤਰ੍ਹਾਂ ਜਾਨਣ ਸਮਝਣ ਵਾਲਾ ਮਿਲੇਗਾ ਹੀ।"

ਜੇ ਉਹਨਾਂ ਨੂੰ ਪੁੱਛਣਾ ਕਿ ਡੈਡੀ! ਮੈਂ ਇੰਝ ਕਰਾਂ ਕਿ ਉਂਝ ਕਹਾਂ? ਤਾਂ ਉਹਨਾਂ ਦਾ ਜੁਆਬ ਹੋਣਾ, "ਆਪਣੇ ਦਿਲ ਦੀ ਗੱਲ ਸੁਣੋ!" ਤੇ ਕਦੇ ਨਾ ਕਹਿਣਾ ਕਿ ਐਂ ਕਰ ਤੇ ਐਂ ਨਾ ਕਰ! ਕਹਿਣਾ, "ਰੱਬ ਨੇ ਤੈਨੂੰ ਤੇਰੀ ਜ਼ਿੰਦਗੀ ਦਿੱਤੀ ਹੈ ਤੇ ਮੈਨੂੰ ਮੇਰੀ, ਹਰ ਬੰਦਾ ਆਪਣੇ ਸਹੀ ਗਲਤ ਦਾ ਆਪ ਜ਼ਿੰਮੇਵਾਰ ਹੁੰਦੈ। ਮਰਨੇ ਤੋਂ ਬਾਅਦ ਜਦ ਧੁਰ ਦਰਗਾਹ ਜਾਵਾਂਗੇ ਤੇ ਰੱਬ ਪੁੱਛੂ ਆਪਾਂ ਨੂੰ ਕਿ ਹਾਂ ਵਈ ਤੂੰ ਕੀ ਕੀਤਾ ਆਪਣੀ ਜ਼ਿੰਦਗੀ 'ਚ? ਜੇ ਤੁਸੀਂ ਕਿਹਾ ਕਿ ਤੁਸੀਂ ਉਹੀ ਕੀਤਾ ਜੋ ਫਲਾਣੇ-ਧਮਕਾਣੇ ਨੇ ਕਿਹਾ ਤਾਂ ਰੱਬ ਤੁਹਾਨੂੰ ਜੁੱਤੀਆਂ ਲਾਊ, ਪੁੱਛੂ ਕਿ ਤੁਸੀਂ ਆਪਣੀ ਜ਼ਿੰਦਗੀ ਆਪ ਕਿਉਂ ਨਾ ਜੀਵੀ?"

ਵਿਆਹ ਬਾਰੇ ਵੀ ਉਹਨਾਂ ਦੇ ਵਿਚਾਰ ਬੜੇ ਹੀ ਵੱਖਰੇ ਸਨ। 'ਦੇਖ! ਤੂੰ ਆਪਣੇ ਲਈ ਮੂਹਰੇ ਜਾ ਕੇ ਹੱਥ ਨਹੀਂ ਬੰਨ੍ਹ ਸਕਦਾ ਕਿ ਜੀ! ਆਓ! ਮੇਰੀ ਕੁੜੀ ਨੂੰ ਵਸਤੂ ਵਾਂਗ ਪਸੰਦ ਕਰੋ! ਇਹ ਮੇਰੇ ਤੋਂ ਕਦੇ ਨਹੀਂ ਹੋ ਸਕਣਾ। ਵੈਸੇ ਵੀ ਮੇਰੇ ਹਿਸਾਬ ਨਾਲ ਵਿਆਹ ਇਕ ਗਲਤੀ ਹੁੰਦੀ ਹੈ ਜਿਹਨੂੰ ਕਰਕੇ ਹਰ ਕੋਈ ਕਦੇ ਨਾ ਕਦੇ ਜ਼ਰੂਰ ਪਛਤਾਉਂਦਾ ਹੈ। ਸੋ, ਮੈਂ ਚਾਹੁੰਦੈ ਤੂੰ ਆਪ ਹੀ ਇਹ ਗਲਤੀ ਕਰੇਂ ਬਜਾਏ ਇਹ ਦੇ ਕਿ ਮੈਂ ਗਲਤੀ ਕਰਾਂ ਤੇ ਤੂੰ ਪਛਤਾਉਣ ਜਾਂ ਨਾ ਪਛਤਾਉਣ ਦੀ ਦਾਸਤਾਂ ਫੇਰ ਕਦੀ ਸਹੀ! ਪਤੀ ਮੇਰੇ ਹਿੰਦੂ ਹਨ ਤੇ ਅਸੀਂ ਜੱਟ, ਸਾਡੇ ਰਿਸ਼ਤੇਦਾਰ ਬੜਾ ਕਲਪੇ ਕਿ ਮੁੰਡਾ ਹਿੰਦੂ ਆ! ਪਰ ਡੈਡੀ ਨੇ ਕਿਸੇ ਦੀ ਵੀ ਪਰਵਾਹ ਨਹੀਂ ਕੀਤੀ। "ਜਾਣਦੈਂ ਮੈਂ ਜੱਟਾਂ ਨੂੰ! ਮੇਰੀ ਕੁੜੀ ਦੀ ਤਰਬਿਅਤ ਨੂੰ ਵੇਖਦਿਆਂ ਮੈਂ ਕਹਿ ਸਕਦਾਂ ਕਿ ਬਈ! ਕਿਸੇ ਜੱਟ ਨਾਲ ਇਹਨੇ ਚਾਰ ਦਿਨ ਨਹੀਂ ਕੱਟਣੈ! ਫੇਰ ਤੁਸੀਂ ਰੋਟੀ ਖੁਆ ਦੂੰਗੇ ਇਸ ਨੂੰ ਉਮਰ ਭਰ?" ਸਾਰੇ ਰਿਸ਼ਤੇਦਾਰ ਨੂੰ ਜਿਵੇਂ ਸੱਪ ਸੁੰਘ ਗਿਆ। ਕੋਈ ਕੁਸਕਿਆ ਤਕ ਨਹੀਂ।



## ਜਨਬੋਧ

## ਭਾਰਤੀ ਦਰਸ਼ਨ ਦਾ ਬ੍ਰਾਹਮਣੀਕਰਨ/ - ਡਾ. ਸੇਵਾ ਸਿੰਘ

ਅੱਜ ਦਰਸ਼ਨ ਦੇ ਰੂਪ ਵਿਚ ਵੇਦਾਂਤ ਦੇ ਦਾਬੇ ਦੇ ਮੱਦੇਨਜ਼ਰ ਮੂਲ ਸਵਾਲ ਇਹ ਹੈ ਕਿ ਜਦੋਂ ਵੇਦਾਂਤ ਦਾ ਗਠਨ ਧਾਰਮਿਕ ਗ੍ਰੰਥਾਂ ਦੀ ਅਧਿਕਾਰਕ ਮਾਨਤਾਵਾਂ ਦੇ ਸਹਾਰੇ ਟਿਕਿਆ ਹੈ। ਇਸ ਵਿਚ ਯਥਾਰਥਕ ਜਗਤ ਦੇ ਮਿੱਥਕੀ ਦ੍ਰਿਸ਼ਟੀ ਤੋਂ ਪਦਾਰਥ ਦਾ ਖਾਤਮਾ ਕੀਤਾ ਗਿਆ ਹੈ, ਭਾਵ ਕਿ ਅੰਦਾਜੇ ਆਦਿ ਨਤੀਜਿਆਂ ਦੀ ਪ੍ਰਮਾਣਿਕਤਾ ਤੇ ਅਨਿਸਚਤਾ ਵਿਅਕਤ ਕਰਦੇ ਹੋਏ ਇਸ ਵਿਚ ਤਰਕ ਦੀ ਹੀ ਮਨਾਹੀ ਹੈ, ਤਾਂ ਕੀ ਅਸੀਂ ਸਹੀ ਅਰਥਾਂ 'ਚ ਦਰਸ਼ਨ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਬ੍ਰਾਹਮਣਿਕ ਪ੍ਰੰਪਰਾਵਾ ਦੇ ਹੀ ਲਗਭਗ 400 ਈਸਵੀ ਪੂਰਵ ਦੇ ਇਕ ਮਹਾਨ ਵਿਦਵਾਨ ਕੌਟਿਲਿਆ ਦੀ ਮੰਨੀਏ ਤਾਂ ਵੇਦਾਂਤ ਦੇ ਦਰਸ਼ਨ ਦੀ ਕੋਟੀ ਵਿਚ ਰੱਖਿਆ ਹੀ ਨਹੀਂ ਜਾ ਸਕਦਾ। 'ਵੇਦਾਂਤ' ਉਸਦੇ ਅਨੁਸਾਰ 'ਬ੍ਰਾਹਮਗਿਆਨ' ਦਾ ਵਿਸ਼ਾ ਹੈ। ਕੌਟਿਲਿਆ ਦੇ ਗਿਆਨ ਸਰੋਤਾਂ ਦੇ ਵਰਗੀਕਰਨ ਤੇ ਚਰਚਾ ਅੱਗੇ ਵਧਾਉਣ ਤੋਂ ਪਹਿਲਾਂ ਦੇਖਣ ਦੀ ਗੱਲ ਇਹ ਹੈ ਕਿ ਵੰਡੀਆਂ ਪਾਉਣ ਲਈ ਜਾਣੇ ਜਾਂਦੇ ਬ੍ਰਾਹਮਣਿਕ ਸਮਾਜ ਸ਼ਾਸਤਰੀ ਮਨੂੰ ਨੇ ਵੇਦਾਂਤ ਦੇ ਦਰਸ਼ਨ ਸਿੱਧ ਕਰਨ ਦੀਆਂ ਪੱਕ ਚੁੱਕੀਆਂ ਮਾਨਤਾਵਾਂ ਦੇ ਅਨੁਸਾਰ ਦਾਰਸ਼ਨਿਕ ਪ੍ਰੰਪਰਾਵਾਂ ਦੇ ਵਰਗੀਕਰਨ ਦਾ ਅਧਾਰ ਹੀ ਉਲਟਾ ਦਿੱਤਾ ਸੀ। ਮਨੂੰ ਦੇ ਵਰਗੀਕਰਨ ਤਹਿਤ ਇਕ ਪਾਸੇ ਉਹ ਦਰਸ਼ਨ ਸਨ ਜੋ ਵੇਦਾਂਤ ਧਾਰਮਿਕ ਗ੍ਰੰਥਾਂ 'ਚ ਆਸਥਾ ਨਹੀਂ ਸੀ। ਇਸ ਦ੍ਰਿਸ਼ਟੀ ਦੇ ਅਨੁਸਾਰ ਦਰਸ਼ਨ ਦੀ ਇਕ ਕੋਟੀ ਨੂੰ ਆਸਤਿਕ ਕਿਹਾ ਗਿਆ ਅਤੇ ਦੂਜੀ ਕੋਟੀ ਨਾਸਤਿਕ ਸੀ। ਬ੍ਰਾਹਮਣਿਕ ਵਰਗ ਵੰਡ ਦੇ ਅਨੁਸਾਰ ਸਾਂਖ, ਨਿਆ, ਯੋਗ, ਵੇਦਾਂਤ, ਮੀਮਾਂਸਾ ਅਤੇ ਵੈਸ਼ਣਵ ਦਰਸ਼ਨ ਪ੍ਰਣਾਲੀਆਂ ਆਸਤਿਕ ਵਰਗ ਦੀਆਂ ਸਨ, ਲੋਕਾਇਤ, ਬੋਧ ਅਤੇ ਜੈਨ ਨਾਸਤਿਕ ਸਨ। ਇਸ ਵਰਗੀਕਰਨ 'ਚ ਦਰਸ਼ਨ ਅੰਤਰਵਸਤੂ ਨਾਲ ਕੋਈ ਸਰੋਕਾਰ ਨਹੀਂ ਸੀ, ਮੂਲ ਫੈਸਲਾਕੁਨ ਮੁੱਦਾ ਸੀ 'ਵੇਦ' ਦੇ ਪ੍ਰਤੀ ਆਸਥਾ ਅਤੇ ਇਹ ਆਸਥਾ ਕਿਸ ਹੱਦ ਤੱਕ ਕਿੰਨੀ ਵੀ ਮੌਖਿਕ ਕਿਓਂ ਨਾ ਰਹੀ ਹੋਵੇ, ਇਕ ਰਾਜਨੀਤਕ ਸੱਤਾਮੂਲਕ ਮਿੱਥ ਦੇ ਤੌਰ ਉੱਤੇ 'ਵੇਦ' ਦੀ ਮਨਾਹੀ ਬ੍ਰਾਹਮਣਿਕ ਪ੍ਰੰਪਰਾਵਾਂ ਦੇ ਲਈ ਅਸਹਿਣਸੀਲ ਸੀ। ਜਿਵੇਂ ਕਿ ਅਸੀਂ ਚਰਚਾ ਕਰਦੇ ਆ ਰਹੇ ਹਾਂ ਕਿ ਵੇਦ ਨਿੰਦਕ ਦੇ ਲਈ ਭਿਆਨਿਕ ਕਠੋਰ ਦੰਡ ਅਤੇ ਨਰਕਾਂ ਦੇ ਆਤੰਕ ਦੀ ਭਰਪੂਰ ਵਰਤੋਂ ਕੀਤੀ ਜਾਣ ਲੱਗੀ ਸੀ। ਇਹ ਅਤੰਕ ਕਿੰਨਾ ਵਾਸਤਵਿਕ ਰਿਹਾ ਹੋਵੇਗਾ, ਅਸੀਂ ਇਸ ਗੱਲ ਤੋਂ ਅਨੁਮਾਨ ਲਗਾ ਸਕਦੇ ਹਾਂ ਕਿ ਅਨੇਕ ਦਰਸ਼ਨ, ਬ੍ਰਾਹਮਣਿਕ ਪ੍ਰੰਪਰਾਵਾਂ ਦੀ ਤਰਕਸੰਗਤ ਸਿਧਾਂਤਕੀ ਦੇ ਇਕਦਮ ਵਿਰੋਧ 'ਚ ਹੋਣ ਤੇ ਵੀ 'ਵੇਦ' ਦੇ ਪ੍ਰਤੀ ਆਸਥਾ ਦੇ ਆਧਾਰ ਉੱਤੇ ਪੂਜਨੀਕ ਹੋ ਗਏ ਸਨ, ਪ੍ਰੰਤੂ ਵੇਦ ਦੀ ਆਸਥਾ ਦੀ ਮਨਾਹੀ ਬਣਾਈ ਰੱਖਣ ਦੇ ਕਾਰਨ ਬੌਧ, ਜੈਨ, ਲੋਕਾਇਤ ਆਦਿ ਨਕਾਰ ਕੇ ਇਸ ਧਰਤੀ ਤੋਂ ਲਗਭਗ ਬੇਦਖਲ ਕਰ ਦਿੱਤਾ ਗਿਆ ਸੀ।

ਕੌਟਲਿਆ ਦੇ ਵਰਗੀਕਰਨ ਨੂੰ ਧਿਆਨ 'ਚ ਰੱਖਦੇ ਹੋਏ, ਇਥੇ ਭਾਰਤ ਦੀ ਸਟੀਕ ਦਾਰਸ਼ਨਿਕ ਪ੍ਰਣਾਲੀਆਂ ਦਾ ਇਸ ਦ੍ਰਿਸ਼ਟੀ ਤੋਂ ਪਛਾਣ ਦਿੱਤੀ ਗਈ ਹੈ ਕਿ ਅਸੀਂ ਜਾਣ ਸਕੀਏ ਕਿ ਕਿਸ ਤਰ੍ਹਾਂ ਬ੍ਰਾਹਮਣਿਕ ਸੱਤਾ ਦੇ ਪ੍ਰਤੀ ਗੋਡੇ ਟੇਕਣ ਦੀ ਵਿਵਸਥਾ ਦੇ ਕਾਰਨ ਦਰਸ਼ਨ ਦੀ ਮੂਲ ਵਸਤੂ 'ਚ ਵੇਦ ਦੀ ਮਿੱਥ ਦੇ ਮਿਲਾਪ ਨਾਲ ਦਾਰਸ਼ਨਿਕ ਮੂਲ ਵਸਤੂ ਨੂੰ ਕਿੰਨਾ ਨੁਕਸਾਨ ਉਠਾਉਣਾ ਪਿਆ ਸੀ। ਇਸ ਨਾਲ ਸਾਡੀ ਦਾਰਸ਼ਨਿਕ ਊਰਜਾ ਲਗਾਤਾਰ ਮਿੱਟੀ ਹੁੰਦੀ ਗਈ ਹੈ ਅਤੇ ਅਖੀਰ ਸਮੰਤੀ ਦੌਰ 'ਚ ਇਨ੍ਹਾਂ ਦਰਸ਼ਨਾਂ ਨੂੰ ਬ੍ਰਾਹਮਣਿਕ ਵਿਚਾਰਧਾਰਾ 'ਚ ਆਤਮਸਾਤ ਕਰਦੇ ਹੋਏ, ਵਰਗੀ ਹਿੱਤਾਂ ਦੀ ਪੂਰਤੀ ਕਰਦੇ ਆ ਰਹੇ ਵੇਦਾਂਤ ਦਾ ਇਕ ਦਰਸ਼ਨ ਦੇ ਰੂਪ 'ਚ ਦਾਬਾ ਸਥਾਪਿਤ ਕੀਤਾ ਗਿਆ ਹੈ। ਅੱਗੇ ਜਾ ਕੇ ਉਪਨਿਵੇਸਕ ਹਿੱਤਾਂ 'ਚ 'ਵੇਦਾਂਤ' ਦੀ ਕਾਰਗਰ ਭੂਮਿਕਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਜੈਕੋਬੀ ਦੇ ਅਧਿਐਨ ਦੇ ਆਧਾਰ ਤੇ ਵਿਦਵਾਨਾਂ ਨੇ ਕੌਟਿਆਲਿਆ ਰਚਿਤ 'ਅਰਥ ਸ਼ਾਸਤਰ' ਗਿਆਨ ਅਨੁਸਾਸ਼ਨਾ ਦੇ ਵਰਗੀਕਰਨ ਨੂੰ ਸਪੱਸਟ ਕਰਨ ਦਾ ਉਪਰਾਲਾ ਕੀਤਾ ਹੈ। ਅਰਥ ਸ਼ਾਸਤਰ ਦੀ ਰਚਨਾ ਤਕਰੀਬਨ ਚੌਥੀ ਸਤਾਬਦੀ ਇਸਾ ਪੂਰਬ ਵਿਚ ਹੋਈ ਸੀ। ਭਾਵ ਕਿ ਇਹ ਗ੍ਰੰਥ ਦਰਸ਼ਨ ਦੀ ਵਿਆਖਿਆ ਅਤੇ ਦਰਸ਼ਨ ਦੇ ਇਤਿਹਾਸ ਦਾ ਗ੍ਰੰਥ ਨਹੀਂ ਹੈ, ਪਰ ਇਸ ਵਿਚ ਤਤਕਾਲੀ 'ਗਿਆਨ ਦੀ ਸਖਾਵਾਂ' ਦਾ ਬਹੁਤ ਹੀ ਸਾਫ਼ ਸਾਫ਼ ਅਤੇ ਸਿਲਸਿਲੇਵਾਰ ਵਰਗੀਕਰਨ ਕੀਤਾ ਗਿਆ ਹੈ।

ਅਰਥਸ਼ਾਸਤਰ ਨੇ ਗਿਆਨ ਦੀਆਂ ਚਾਰ ਸ਼ਾਖਾਵਾਂ 'ਚ ਵਰਗੀਕਰਨ ਕੀਤਾ ਹੈ, ਅਨਵੀਖਿਕੀ-ਤਰਕ, (ਸ਼ਾਸਤਰ ਦੀ ਸਿੱਖਿਆ), ਤ੍ਰੈਈ (ਤਿੰਨ ਵੇਦਾਂ ਦਾ ਗਿਆਨ), ਵਰਤਾ (ਅਰਥ ਵਿਵਸਥਾ), ਅਤੇ ਦੰਡਨੀਤੀ (ਰਾਜਨੀਤੀ) । ਜੈਕੋਬੀ ਨੇ ਇਸ ਵਰਗੀਕਰਨ ਨੂੰ ਤਰਤੀਬਵਾਰ ਦਰਸ਼ਨ, ਬ੍ਰਹਮਗਿਆਨ, ਖੇਤੀ ਵਿਗਿਆਨ ਅਤੇ ਸ਼ਾਸਨ ਕਲਾ ਦੇ ਤੌਰ ਤੇ ਸਮਝਣ-ਸਮਝਾਉਣ ਦਾ ਜਤਨ ਕੀਤਾ ਹੈ। ਅਨਵੀਖਿਕੀ ਤੋਂ ਪ੍ਰਚੱਲਤ ਤਰਕਸ਼ਾਸਤਰ ਹੈ। ਦੇਵੀਪ੍ਰਸ਼ਾਦ ਚਟੋਪਾਧਿਆਏ ਨੇ ਪ੍ਰਾਨਿਨੀ ਦੇ ਵਿਚਾਰਾ ਨੂੰ ਅੱਗੇ ਤੋਰਦੇ ਹੋਇਆ ਅਨਵੀਖਿਕੀ ਦੇ ਅਰਥਾਂ ਨੂੰ ਸ਼ਪੱਸ਼ਟ ਕੀਤਾ ਹੈ। ਅਨਵੀਖਿਕੀ (ਅਨੁ+ਇਖ) ਭਾਵ ਕਿ ਅਨੁਬੋਧ। ਇਸ ਲਈ ਅਨਵੀਖਿਕੀ ਸ਼ਬਦ ਅਨੁਮਾਨ ਦੇ ਸਮਰੂਪ ਹੈ। ਉਨ੍ਹਾਂ ਨੇ ਅਨਵੀਖਿਕੀ ਸ਼ਬਦ ਤੋਂ ਪ੍ਰਚੱਲਤ 'ਅਨੁਮਾਨ' ਵਿਦਿਆ ਨੂੰ ਗ੍ਰਹਿਣ ਕੀਤਾ ਸੀ। ਅਨੁਮਾਨ ਤੌਰ ਤੇ ਪ੍ਰਤੱਖ ਗਿਆਨ ਵਾਲਾ ਨਤੀਜੇ ਉੱਤੇ ਅਤੇ ਹੋਰ ਵੀ ਸਹਿਜ ਰੂਪ 'ਚ ਕਿਹਾ ਜਾਵੇ ਤਾਂ ਪ੍ਰਤੱਖ ਯਕੀਨ ਉੱਤੇ ਨਿਰਭਰ ਹੁੰਦਾ ਹੈ। ਜੈਕੋਬੀ ਨੇ ਦਰਸ਼ਨ ਦੇ ਰੂਪ 'ਚ ਅਨਵੀਖਿਕੀ ਦੀ ਜਿਹੜੀ ਵਿਆਖਿਆ ਪੇਸ਼ ਕੀਤੀ ਹੈ, ਉਸ ਨੂੰ ਇਸ ਸ਼ਰਤ ਦੇ ਨਾਲ ਸਵੀਕਾਰ ਕਰਨਾ ਹੋਵੇਗਾ ਕਿ ਖੁਦ ਕੌਟਿਲਿਆ ਦੀ ਦਰਸ਼ਨ ਸਬੰਧੀ ਧਾਰਨਾ 'ਚ ਯਥਾਰਥ ਦੇ ਪ੍ਰਤੀ ਕਥਿਤ ਰਹੱਸਵਾਦੀ, ਅੰਦਰੂਨੀ ਗਿਆਨ ਅਤੇ ਵੇਦਾ ਅਨੁਸਾਰ ਸੰਦਰਭ ਨੂੰ ਕੋਈ ਸਥਾਨ ਨਹੀਂ ਹੈ। ਕੌਟਿਲਿਆ ਦੇ ਅਨੁਸਾਰ ਦਰਸ਼ਨ ਤਰਕਬੁੱਧੀ ਨਾਲ ਸਬੰਧਤ ਹੈ ਅਤੇ ਦਰਸ਼ਨ ਬੁੱਧੀ ਸੰਗਤ ਵਿਸ਼ਲੇਸ਼ਣ ਦੇ ਲਈ ਪ੍ਰਤੱਖ ਅਨੁਭਵ ਦੁਆਰਾ ਪੇਸ਼ ਆਧਾਰ ਸਮੱਗਰੀ ਨੂੰ ਹੀ ਸਵੀਕਾਰ ਕਰਦਾ ਹੈ।

ਤ੍ਰੈਅ ਤੋਂ ਕੌਟਿਲਿਆ ਦਾ ਭਾਵ ਬ੍ਰਹਮ ਗਿਆਨ ਤੋਂ ਹੈ। ਜੈਕੋਬੀ ਦਾ ਇਹੀ ਮੰਨਣਾ ਹੈ। ਤੈਅ ਤੋਂ ਤਿੰਨ ਵੇਦਾਂ ਦਾ ਬੋਧ ਹੁੰਦਾ ਹੈ। ਇਸਦਾ ਅਰਥ ਇਹ ਹੋਇਆ ਕਿ ਕੌਟਿਲਿਆ ਦੇ ਲਈ ਦਰਸ਼ਨ ਅਤੇ ਬ੍ਰਹਮਗਿਆਨ ਦੋ ਭਿੰਨ ਭਿੰਨ ਗਿਆਨ ਦੀ ਧਾਰਾਵਾਂ ਹਨ। ਦਰਸ਼ਨ ਬ੍ਰਾਹਮ ਗਿਆਨ ਨਹੀਂ ਹੈ ਧਰਮ ਸ਼ਾਸਤਰ ਅਤੇ ਵੇਦ ਗਿਆਨ ਵੀ ਨਹੀਂ ਹੈ। ਦਰਸ਼ਨ ਪੂਰਨ ਰੂਪ ਨਾਲ ਗਿਆਨ ਦੀ ਇਕ ਵੱਖਰੀ ਸ਼ਾਖਾ ਹੈ। ਜੇਕਰ ਅਜਿਹਾ ਹੈ ਤਾਂ ਦਰਸ਼ਨ ਨੂੰ ਧਰਮਨਿਰਪੱਖ ਮੰਨਿਆ ਜਾ ਸਕਦਾ ਹੈ।

ਇਥੇ ਧਿਆਨ ਦੇਣ ਦੀ ਗੱਲ ਹੈ ਕਿ ਇਸ ਤਰ੍ਹਾਂ ਵੇਖਿਆ ਜਾਵੇਂ ਤਾਂ ਕੌਟੱਲਿਆ ਦੇ ਇਸ ਵਰਗੀਕਰਨ ਦੇ ਅਨੁਸਾਰ, ਵੇਦਾਂਤ ਨੂੰ, ਜਿਨ੍ਹਾਂ ਨੂੰ ਵੇਦਾਂ ਦੀ 'ਗਿਆਨ ਸ਼ਾਖਾ' ਦਾ ਵਿਕਸਿਤ ਰੂਪ ਕਿਹਾ ਜਾਂਦਾ ਹੈ, ਸੱਚੇ ਅਰਥਾਂ ਵਿਚ ਦਰਸ਼ਨ ਨਹੀਂ ਮੰਨਿਆ ਜਾ ਸਕਦਾ। ਇਸ ਪ੍ਰਕਾਰ ਮੀਮਾਂਸਾ ਦਰਸ਼ਨ ਦਰਸ਼ਨ ਵੀ ਦਰਸ਼ਨ ਨਹੀਂ ਹੈ। ਸੀਮਾਂਸਾ ਦਰਸ਼ਨ ਵੇਦ ਦੀ ਕਰਮਕਾਂਡ-ਸ਼ਾਖਾ ਵੀ ਵਿਆਖਿਆ ਹੈ। ਕੌਟੱਲਿਆ ਨੇ ਦੋਹਾਂ ਨੂੰ ਬ੍ਰਾਹਮਗਿਆਨ ਭਾਵ ਤ੍ਰੈਅ ਨਾਲ ਸਬੰਧਤ ਮੰਨਿਆ ਸੀ। ਇਹ ਸਟੀਕ ਦਰਸ਼ਨ ਨਾਲ ਸਬੰਧਤ ਨਹੀਂ ਸੀ।

ਇਸ ਗੱਲ ਦਾ ਵਰਣਨ ਕੀਤਾ ਜਾ ਸਕਦਾ ਹੈ ਕਿ ਦਾਰਸ਼ਨਿਕ ਮੱਤਾਂ ਦੀ ਸੂਚੀ ਪੇਸ਼ ਕਰਦੇ ਹੋਏ ਕੌਟੱਲਿਆ ਵੇਦਾਂਤ ਅਤੇ ਮੀਮਾਂਸਾ ਦੋਵਾਂ ਦੇ ਹੀ ਸਬੰਧ 'ਚ ਚੁੱਪ ਹੈ। ਇਸ ਸੰਦਰਭ 'ਚ ਜੈਕੋਬੀ ਦੀ ਟਿੱਪਣੀ ਹੈ, ਉਸ ਸਮੇਂ ਵੇਦਾਂਤ ਜੇਕਰ ਇਕ ਵਿਚਾਰਧਾਰਾ ਦੇ ਰੂਪ 'ਚ ਪਰਚੱਲਤ ਹੁੰਦਾ, ਤਾਂ ਕੌਟੱਲਿਆ ਨੇ ਸਹਿਜ ਭਾਵ ਨਾਲ ਬ੍ਰਹਮਵਿਗਿਆਨ ਨਾਲ ਸਬੰਧਤ ਦੋਵੇਂ ਮੀਮਾਂਸਾ (ਭਾਵ ਕਿ ਪੂਰਵ ਮੀਮਾਂਸਾ ਅਤੇ ਵੇਦਾਂਤ,



ਉਤਰ ਮੀਮਾਂਸਾ ਵੀ ਕਹਿੰਦੇ ਹਨ) ਬ੍ਰਹਮ ਵਿਗਿਆਨ ਦਾ ਅੰਗ ਮੰਨਿਆ ਹੁੰਦਾ। ਜੈਕੋਬੀ ਨੇ ਵਾਰਤਾ ਅਤੇ ਦੰਡ ਨੀਤੀ ਦੇ ਸਬੰਧ 'ਚ ਠੀਕ ਹੀ ਕਿਹਾ ਹੈ ਕਿ ਇਹ ਕ੍ਰਾਮਵਾਰ ਖੇਤੀ ਵਿਗਿਆਨ ਅਤੇ ਸਾਸਨ ਕਲਾ ਹੈ।

ਸਾਨੂੰ ਇਹ ਗੱਲ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਦਰਸ਼ਨ ਦੇ ਇਸ ਧਰਮ ਨਿਰਪੱਖ ਵਰਗੀਕਰਨ ਦਾ ਮਤਲਬ ਇਹ ਨਹੀਂ ਸੀ ਕਿ ਕੌਟੱਲਿਆ ਧਰਮਸ਼ਾਸਨ ਮਾਨਤਾਵਾਂ ਦੇ ਵਿਰੁੱਧ ਤਰਕਸੰਗਤ ਦਰਸ਼ਨ ਦੇ ਲਈ ਪ੍ਰਤੀਬੱਧ ਸੀ। ਬਲਕਿ ਉਹ ਖੁਦ ਸੱਤਾ ਦੁਆਰਾ ਲੋਕਾਂ ਨੂੰ ਕਾਬੂ 'ਚ ਰੱਖਣ ਦੇ ਲਈ ਅੰਧਵਿਸ਼ਵਾਸ ਉੱਤੇ ਜ਼ੋਰ ਦਿੰਦਾ ਆ ਰਿਹਾ ਸੀ। ਐਨਾ ਹੀ ਨਹੀਂ ਕੌਟੱਲਿਆ ਦੇ ਦੌਰ 'ਚ ਇਹ ਪਰੰਪਰਾ ਘੱਟ ਪ੍ਰਭਾਵਸ਼ਾਲੀ ਨਹੀਂ ਸੀ, ਜਿਸ 'ਚ ਇਸ ਗੱਲ ਤੇ ਜੋਰ ਦਿੱਤਾ ਜਾਂਦਾ ਸੀ ਕਿ ਤਰਕਸੰਗਤ ਵਿਸ਼ਲੇਸ਼ਣ ਧਰਮ ਗ੍ਰੰਥਾਂ ਦੇ ਉਲਟ ਨਹੀਂ ਕੀਤਾ ਜਾਣਾ ਚਾਹੀਦਾ।

ਕੌਟੱਲਿਆ ਦੇ ਲਈ ਧਰਮਨਿਰਪੱਖ ਦਰਸ਼ਨ ਦੇ ਮਹੱਤਵ ਦਾ ਕੋਈ ਹੋਰ ਕਾਰਨ ਸੀ। ਕੌਟੱਲਿਆ, ਆਪਣੇ ਹੀ ਢੰਗ ਨਾਲ, ਸਮਝਦੇ ਹਨ ਕਿ ਅਰਥ ਸ਼ਾਸਤਰ ਅਤੇ ਬ੍ਰਾਹਮਵਿਗਿਆਨ ਦੇ ਵਾਂਗ ਤਰਕਸੰਗਤ ਦਰਸ਼ਨ ਦਾ ਇਕੋ ਇਕ ਉਦੇਸ਼ ਇਹ ਹੈ ਕਿ ਇਸ ਵਿਚ ਦੰਡ ਅਰਥਾਤ ਰਾਜ ਦੀ ਸੁਰੱਖਿਆ ਅਤੇ ਏਕੇ ਦੇ ਲਈ ਜਿਸ ਦੀ ਇੱਛਾ ਨਾਲ ਕਾਬੂ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ।

ਕੌਟੱਲਿਆ ਰਾਜਸੱਤਾ ਦੀ ਸੁਰੱਖਿਆ ਦੇ ਲਈ ਪ੍ਰਭਾਵਸ਼ਾਲੀ ਢੰਗ ਨਾਲ ਅੰਧਵਿਸ਼ਵਾਸ ਦੀ ਵਰਤੋਂ ਦੀ ਸਿਫਾਰਸ਼ ਕਰਦੇ ਰਹੇ ਹਨ। ਪ੍ਰੰਤੂ ਉਹ ਇਹ ਵੀ ਚਾਹੁੰਦੇ ਹਨ ਕਿ ਰਾਜਸੱਤਾ ਨੂੰ ਚਲਾਉਣ ਵਾਲੇ ਖੁਦ ਨੂੰ ਅੰਧਵਿਸ਼ਵਾਸ ਤੋਂ ਮੁਕਤ ਰੱਖੇ ਕਿਉਂਕਿ ਇਹ ਸੁਭਾਵਿਕ ਹੈ ਕਿ ਜੇ ਖੁਦ ਅੰਧਵਿਸ਼ਵਾਸਾ ਵਿਚ ਯਕੀਨ ਕਰਦੇ ਹੋਣ, ਉਹ ਰਾਜਨੀਤਿਕ ਉਦੇਸ਼ਾਂ ਦੇ ਲਈ ਉਨ੍ਹਾਂ ਦਾ ਪੂਰੀ ਤਰ੍ਹਾਂ ਨਾਲ ਵਰਤੋਂ ਨਹੀਂ ਕਰ ਸਕਦੇ। ਕੌਟੱਲਿਆ ਦਾ ਮੰਨਣਾ ਹੈ ਕਿ ਸਫ਼ਲ ਸ਼ਾਸਕਾਂ ਨੂੰ ਆਪਣੇ ਉਦੇਸ਼ ਦੀ ਪੂਰਤੀ ਦੇ ਲਈ ਪੂਰੇ ਤਹੱਮਲ ਅਤੇ ਨਿਸਚੇ ਦੇ ਨਾਲ ਤਰਕ ਵਿਦਿਆ ਦੀ ਵਰਤੋਂ ਕਰਨੀ ਚਾਹੀਦੀ ਹੈ। ਭਾਵ ਕਿ ਉਨ੍ਹਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਤਰਕ ਸ਼ਾਸਤਰ ਅਤੇ ਚੇਤਨਸ਼ੀਲ ਦਰਸ਼ਨ ਜਿਸ ਨੂੰ ਕੌਟੱਲਿਆ ਅਨਵਿਸ਼ਕੀ ਕਹਿੰਦੇ ਹਨ 'ਚ ਪੂਰੀ ਤਰ੍ਹਾਂ ਰਚੇ ਮਿਚੇ ਹੋਣਾ ਚਾਹੀਦਾ। ਇਸ ਲਈ ਕੌਟੱਲਿਆ ਸੱਚਮੁੱਚ ਇਹੀ ਸਮਝਾਉਣਾ ਚਾਹੁੰਦੇ ਹਨ ਕਿ ਦਰਸ਼ਨ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਹ ਧਰਮਨਿਰਪੱਖ ਹੋਵੇ, ਤਰਕਸੰਗਤ ਹੋਵੇ ਅਤੇ ਪ੍ਰਤੱਖ ਭਾਵ ਕਿ ਸ੍ਰਿਸ਼ਟੀ ਦੇ ਭੌਤਿਕ ਅਸਤਿਤਵ ਨਾਲ ਸਰੋਕਾਰ ਰੱਖਦਾ ਹੋਵੇ। ਰਹੱਸਵਾਦੀ, ਆਤਮਵਾਦ, ਧਾਰਮਿਕ ਰੁਚੀਆਂ ਨੂੰ ਉਨ੍ਹਾਂ ਨੇ ਤ੍ਰਯੇ ਦੇ ਅੰਤਰਗਤ ਵਰਗੀਕਰਨ ਕੀਤਾ ਸੀ। ਇਥੇ ਧਰਮ ਅਤੇ ਦਰਸ਼ਨ ਨੂੰ ਸਪੱਸ਼ਟ ਰੂਪ ਨਾਲ ਭਿੰਨਤਾ ਆਰੰਭ ਹੋ ਗਈ ਸੀ।

ਕੌਟੱਲਿਆ ਦੇ ਅਨੁਸਾਰ ਤਰਕ ਦੀ ਸਿੱਖਿਆ ਦੇਣ ਦੇ ਸਬੰਧ ਤਿੰਨ ਧਾਰਾਵਾਂ ਨਾਲ ਹੈ। ਇਨ੍ਹਾਂ ਨੂੰ ਉਨ੍ਹਾਂ ਨੇ ਸਾਂਖ, ਯੋਗ ਅਤੇ ਲੋਕਾਇਤ ਦੱਸਿਆ ਹੈ। ਦੇਵੀਪ੍ਰਸ਼ਾਦ ਚਟੋਪਾਧਿਆਇ ਨੇ ਵਿਦਵਤਾਪੂਰਨ ਢੰਗ ਨਾਲ ਵਿਆਖਿਆ ਕੀਤੀ ਹੈ ਕਿ ਨਿਆ ਵੈਸ਼ਵਿਕ ਵਿਚਾਰਧਾਰਾ ਨੂੰ ਹੀ 'ਯੋਗ' ਦਰਸ਼ਨ ਨਾਲ ਪੇਸ਼ ਕੀਤਾ ਜਾਂਦਾ ਰਿਹਾ ਹੈ। ਨਿਚੋੜ ਇਹੀ ਹੈ ਕਿ, ਕੌਟੱਲਿਆ ਨੇ ਦਰਸ਼ਨ ਦੇ ਲਈ ਸ਼ਾਸਤਰ ਦੀ ਸਿੱਖਿਆ ਅਤੇ ਤ੍ਰੈਯੀ ਦੇ ਵਿਚ ਉਨ੍ਹਾਂ ਨੇ ਜੋ ਸਪੱਸਟ ਭੇਦ ਦਿਖਾਏ ਹਨ ਉਸ ਨਾਲ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਤਰਕ-ਬੁੱਧੀਵਾਦ ਅਤੇ ਧਰਮਨਿਰਪੱਖਤਾ ਦਰਸ਼ਨ ਦੀ ਅਟੱਲ ਸੱਚਾਈ ਸੀ। ਇਸ ਅਰਥ 'ਚ, ਉਨ੍ਹਾਂ ਨੇ ਤਿੰਨ ਅਤੇ ਕੇਵਲ ਤਿੰਨ ਦਰਸ਼ਨਾਂ ਨੂੰ ਮਾਨਤਾ ਪ੍ਰਦਾਨ ਕੀਤੀ ਹੈ। ਇਹ ਦਰਸ਼ਨ ਹਨ-ਨਿਯਾਵੈਸ਼ੇਨਿਕ-ਤੱਤਾਂ ਦਾ ਠੀਕ ਸਹੀ ਦੇ ਤਰਕ ਨਾਲ ਵਿਸ਼ਲੇਸ਼ਣ, ਸਾਂਖ ਅਤੇ ਲੋਕਾਇਤ।

ਨਿਯਾਵੈਸ਼ਨਿਕ- ਇਹ ਇਕ ਭੌਤਿਕਵਾਦੀ ਦਰਸ਼ਨ ਹੈ। ਇਸ ਦਰਸ਼ਨ ਵਿਚ ਉਪਨਿਸ਼ਦਾ ਦੀ ਸ਼ੁੱਧ ਆਤਮਾ ਦੇ ਲਈ ਕੋਈ ਸਥਾਨ ਨਹੀਂ ਹੈ। ਆਤਮਾ ਏਥੇ ਜੜ੍ਹ ਤੱਤ ਹੈ। ਚੇਤਨਾ ਆਪਣੇ ਆਪ ਕਦੇ ਵੀ

ਪਦਾਰਥਾਂ ਨੂੰ ਇਕੱਠੇ ਕਰਨ ਦਾ ਨਤੀਜਾ ਹੈ। ਪਰ ਇਹ ਦਰਸ਼ਨ ਇਸ ਗੱਲ ਦਾ ਉਤਰ ਨਾ ਦੇ ਸਕਣ ਦਾ ਕਾਰਨ ਕਿ ਇਹ ਪ੍ਰਬੰਧ ਕਿਸੇ ਪ੍ਰਕ੍ਰਿਆ ਵੱਲੋਂ ਆਰੰਭ ਹੁੰਦੀ ਹੈ ਅਤੇ ਨਾਲ ਹੀ ਪਰਿਵਰਤਾਂ ਦੀ ਗਤੀ ਨੂੰ ਨਾ ਸਮਝ ਪਾਉਣ ਦੇ ਕਾਰਨ ਅਦ੍ਰਿਸ਼ ਦੇ ਰੂਪ ਵਿਚ ਇਸ਼ਵਰਵਾਦ ਦੇ ਬੋਝ ਥੱਲੇ ਅੰਧਵਿਸ਼ਵਾਸ਼ਾ ਦਾ ਜ਼ਾਲ ਬੁਣਨ ਲਗਦੇ ਹਨ। ਅਤੇ ਅੱਗੇ ਜਾ ਕੇ ਇਹੀ ਦਰਸ਼ਨ ਦੀ ਸਥਾਪਤੀ ਦਾ ਸਮਰੱਥਨ ਕਰਨ ਲੱਗਦਾ ਹੈ। ਇਸ ਵਿਚ ਲੋਕਾਇਤਾਂ ਦੇ ਸਪੱਸ਼ਟ ਭੌਤਿਕਵਾਦੀ ਰੁਝਾਨਾਂ ਦੇ ਪ੍ਰਤੀ ਇਕ ਤਿੱਖੇ ਖੰਡਨ ਦੀ ਪ੍ਰਵਿਰਤੀ ਦਾ ਵਿਕਾਸ ਵੀ ਹੋਣ ਲਗਦਾ ਹੈ। ਉਹ ਵਾਰ ਵਾਰ ਇਹ ਸਿੱਧ ਕਰਨ ਦੇ ਲਈ ਤਿਆਰ ਹੋ ਜਾਂਦੇ ਹਨ ਕਿ ਉਨ੍ਹਾਂ ਦਾ ਲੋਕਾਇਤਾਂ ਦੇ ਨਾਲ ਕੋਈ ਸੰਬੰਧ ਨਹੀਂ ਹੈ ਹਾਲਾ ਕਿ ਉਹ ਆਪਣੀ ਦਾਰਸ਼ਨਿਕ ਸਥਿਤੀ ਤੇ ਦ੍ਰਿੜ ਰਹਿੰਦੇ ਹੋਏ ਪਰਮਾਣੂਵਾਦ ਦਾ ਤਿਆਗ ਨਹੀਂ ਕਰਦੇ, ਪਰ ਇਸ ਦੇ ਬਾਵਜੂਦ ਉਹ ਆਤਮਾ ਦੇ ਨਾਲ ਦੇਹ ਦੀ ਪਹਿਚਾਣ ਸਥਾਪਿਤ ਕਰਨ ਵਾਲੇ ਮੱਤ (ਦੇਹਾਤਮਵਾਦ) ਭਾਵ ਪਦਾਰਥ ਨਾਲ ਚੇਤਨਾ ਦੇ ਸਬੰਧੀ ਮੱਤ (ਭੂਤਚੈਤਨਯਵਾਦ) ਦੇ ਖੰਡਨ ਦੇ ਲਈ ਆਪਣੀ ਪੂਰੀ ਸ਼ਕਤੀ ਲਗਾ ਦਿੰਦੇ ਹਨ।

ਭਾਵ ਕਿ ਉਹ ਲੋਕਾਇਤ ਮੱਤ ਦਾ ਖੰਡਨ ਕਰਨਾ ਚਾਹੁੰਦੇ ਹਨ। ਆਪਣੇ ਆਪ 'ਚ ਅਦੁਭੁਤ ਹੈ ਕਿ ਆਤਮਾ ਦੇ ਸਿਧਾਂਤ ਦੀ ਸੁਰੱਖਿਆ ਉਸਦਾ ਮੂਲ ਮੁੱਦਾ ਬਣ ਜਾਂਦਾ ਹੈ। ਅਸੀਂ ਵੇਖ ਚੁੱਕੇ ਹਾਂ ਕਿ ਬ੍ਰਾਹਮਣਵਾਦ ਦਾ ਵਰਣਆਸ਼ਰਮ ਧਰਮ, ਆਤਮਾ ਦੇ ਸਿਧਾਂਤ ਉੱਤੇ ਅਧਾਰਤ ਹੈ। ਕਿਉਂਕਿ ਆਤਮਾ ਦੇ ਪੁਨਰ ਜਨਮ ਦੇ ਅਨੁਸਾਰ ਹੀ ਪਿਛਲੇ ਜਨਮਾਂ ਦੇ ਪਾਪ-ਪੁੰਨ ਕਰਮਾਂ ਦੇ ਫਲਸਰੂਪ ਅਮੁਕ-ਅਮੁਕ ਵਰਣ 'ਚ ਵਿਅਕਤੀ ਦਾ ਜਨਮ ਹੁੰਦਾ ਹੈ। ਇਸ ਲਈ ਇਕ ਅਜਿਹੀ ਸਥਾਈ ਵਸਤੂ ਦੀ ਕਲਪਨਾ ਜ਼ਰੂਰੀ ਹੋ ਜਾਂਦੀ ਹੈ, ਜਿਸ ਪਿਛਲੇ ਜਨਮਾਂ ਦੇ ਕਰਮਾਂ ਦਾ ਸਾਰਥੀ ਹੋਣਾ ਹੁੰਦਾ ਹੈ। ਉਹ ਵਸਤੂ ਆਤਮਾ ਦੇ ਰੂਪ 'ਚ ਕਲਪਿਤ ਕੀਤੀ ਗਈ ਹੈ। ਵਰਣ ਧਰਮ ਵਿਵਸਥਾ ਦੀ ਤਰਕ ਸੰਗਤੀ ਇਸੇ ਆਤਮਾ 'ਤੇ ਟਿਕੀ ਹੋਈ ਹੈ। ਇਸ ਵਿਵਸਥਾ ਨੇ ਕਿਸੇ ਅਜਿਹੇ ਦਰਸ਼ਨ ਨੂੰ ਸਵੀਕਾਰ ਨਾ ਕਰਨ ਵਾਲੇ ਲੋਕਾਇਤਾਂ ਨੂੰ ਲਗਾਤਾਰ ਪੀੜਤ ਕੀਤਾ ਗਿਆ। ਏਥੇ ਤੱਕ ਕਿ ਉਸਦਾ ਦਰਸ਼ਨ ਦੇ ਰੂਪ ਵਿਚ ਸਵੀਕਾਰ ਕੀਤਾ ਜਾਣਾ ਹੌਲੀ ਹੌਲੀ ਮੱਧਮ ਹੁੰਦਾ ਗਿਆ।

ਵਿਦਵਾਨਾ ਦਾ ਮੰਨਣਾ ਹੈ ਕਿ ਆਪਣੀ ਭੌਤਿਕ ਸਥਿਤੀ ਤੇ ਦ੍ਰਿੜ ਰਹਿਣ ਦੇ ਬਾਵਜੂਦ ਸਾਇਦ ਬ੍ਰਾਹਮਣਿਕ ਸੱਤਾ ਦੀ ਮਾਰ ਤੋਂ ਬਚਣ ਦੇ ਇਰਾਦੇ ਨਾਲ ਨਿਆ ਵੈਸ਼ੇਛਿਕਾਂ ਨੇ ਲੋਕਾਇਤਾਂ ਉੱਤੇ ਜੋਰਦਾਰ ਹਮਲੇ ਕੀਤੇ ਹਨ। ਉਹ ਖੁਦ ਜਿਸ ਆਤਮਾ ਨੂੰ ਜੜ੍ਹ ਹੋ ਚੁੱਕੇ ਮੰਨ ਕੇ ਅੱਗੇ ਵਧੇ ਸਨ, ਉਸ ਆਤਮਾ ਦੇ ਪੱਖ ਵਿਚ ਦਲੀਲਾ ਦਾ ਜ਼ਾਲ ਬੁਣਦੇ ਹੋਏ ਤੁਰਦੇ ਗਏ ਹਨ। ਉਹ ਆਤਮਾ ਦੇ ਪੱਖ ਵਿਚ ਇਕ ਅਜਿਹਾ ਤਰਕ ਪੇਸ਼ ਕਰਦੇ ਹਨ ਜਿਵੇਂ ਕਿ ਉਹ ਖੁਦ ਆਤਮਵਾਦ ਦੇ ਪੱਖ ਵਿਚ ਭੁਗਤਣ ਵਾਲੇ ਹੋਣ। ਜਦਕਿ ਅਸਲ 'ਚ ਅਜਿਹਾ ਨਹੀਂ ਹੈ। ਇਹ ਇਕ ਸਮਝੌਤਾ ਹੈ ਜਿਹੜਾ ਉਸਦੀ ਦਾਰਸ਼ਨਿਕ ਸਥਿਤੀ ਦੇ ਲਈ ਮਾਫ਼ਕ ਸਿੱਧ ਹੋਇਆ।

ਨਿਯਾਵੈਸ਼ਨਿਕ ਦੇ ਪਰਮਾਣੂਵਾਦ ਤੇ ਇਸ਼ਵਰਵਾਦ, ਵੇਦ ਸਮਰੱਥਨ ਅਤੇ ਅੰਧਵਿਸ਼ਵਾਸਾ ਦੀ ਧਾਰਨਾ ਸਾਡੇ ਇਸ ਦਰਸ਼ਨ ਦਾ ਰੁਕਿਆ ਹੋਇਆ ਵਿਕਾਸ ਕਰ ਦਿੰਦੀ ਹੈ। ਕੀ ਹੋਇਆ ਕਿ ਇਸ ਦਰਸ਼ਨ ਨੂੰ ਵੈਦਿਕ ਪਰੰਪਰਾ ਦਾ ਪੱਖ ਲੈਣ ਵਾਲੇ ਆਸਤਿਕ ਦਰਸ਼ਨਾ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਕੌਟੱਲਿਆ ਦੇ ਵਰਗੀਕਰਨ ਦਾ ਧਰਮਨਿਰਪੱਖ ਦਰਸ਼ਨ ਬ੍ਰਾਹਮਣਵਾਦ ਦੇ ਨਾਲ ਸਮਝੌਤੇ ਦੇ ਨਤੀਜੇ ਨਾਲ ਕੌਟੱਲਿਆ ਦਾ ਤ੍ਰਯਾ (ਧਰਮ ਵਿਗਿਆਨ) 'ਚ ਸ਼ਾਮਿਲ ਹੋਣ ਦੀ ਸਥਿਤੀ 'ਚ ਪਹੁੰਚਾ ਦਿੱਤਾ ਗਿਆ ਸੀ। ਲੋਕਾਇਤਾਂ ਦੇ ਦੇਹਆਤਮਵਾਦ ਦੇ ਉਲਟ ਸ਼ਰੀਰ ਨਾਲ ਅਨਾੜੀ ਆਤਮਾ ਦੀ ਸੱਤਾ ਸਿੱਧ ਕਰਨ ਦੇ ਲਈ, ਨਿਯਾਵੈਸ਼ੇਕ ਜਯੰਤ ਭੱਟ ਅਤੇ ਸਮਰਿਤੀ ਸਬੰਧੀ ਤੱਥ ਅਤੇ ਇਹ ਤੱਥ ਕਿ ਸਰੀਰ ਸਦਾ




ਬਦਲਦਾ ਰਹਿੰਦਾ ਹੈ, ਦੇ ਅਧਾਰ ਉੱਤੇ ਸਰੀਰ ਤੋਂ ਬਾਹਰ ਤੇ ਸਰੀਰ ਦੇ ਅੰਦਰੂਨੀ ਕਿਸੇ ਆਤਮਾ ਭਾਵ ਕਿ ਚੇਤਨਾ ਦੀ ਸੱਤਾ ਸਿੱਧ ਕਰਨਾ ਚਾਹੁੰਦੇ ਹਨ। ਸਿਮਰਿਤੀ ਨਾਲ ਸਬੰਧਤ ਤੱਥ ਇਹ ਸਿੱਧ ਕਰਦੇ ਹਨ ਕਿ ਜਿਸ ਪ੍ਰਾਣੀ ਨੇ ਅਤੀਤ 'ਚ ਕੋਈ ਅਨੁਭਵ ਕੀਤਾ ਸੀ, ਉਹ ਹੀ ਪ੍ਰਾਣੀ ਉਸ ਨੂੰ ਵਰਤਮਾਨ 'ਚ ਚਿੰਤਾ ਕਰ ਰਿਹਾ ਹੈ। ਕਿਉਂਕਿ ਉਹ ਸੋਚਦਾ ਸੱਚਮੁੱਚ ਹੀ ਮਖੌਲ ਹੋਵੇਗਾ ਕਿ ਕੋਈ ਵਿਅਕਤੀ ਕਿਸੇ ਹੋਰ ਵਿਅਕਤੀ ਦੇ ਅਨੁਭਵ ਦੀ ਚਿੰਤਾ ਕਰ ਸਕਦਾ ਹੈ। ਕਿਉਂਕਿ ਸਰੀਰ ਬਦਲਦਾ ਰਹਿੰਦਾ ਹੈ। ਬਚਪਨ, ਜਵਾਨੀ, ਬੁਢਾਪਾ। ਬਚਪਨ ਵਾਲੇ ਸਰੀਰ ਦਾ ਅਨੁਭਵ, ਅੱਗੇ ਜਾ ਕੇ ਬੁਢਾਪਾ ਵਾਲੀ ਦੇਹ 'ਚ ਕਿਸ ਤਰ੍ਹਾਂ ਅਨੁਭਵ ਕੀਤਾ ਜਾ ਸਕਦਾ ਹੈ। ਅਤੀਤ ਦਾ ਅਨੁਭਵ, ਵਰਤਮਾਨ ਦੇ ਬਦਲੇ ਹੋਏ ਸਰੀਰ 'ਚ ਕਿਵੇਂ ਬਚਪਨ ਦੇ ਅਨੁਭਵਾਂ ਨੂੰ ਚਿੰਤਨ ਕਰ ਰਿਹਾ ਹੈ। ਇਸ ਤਰਕ ਦੇ ਅਧਾਰ ਤੇ ਦੱਸਿਆ ਗਿਆ ਹੈ ਕਿ ਸਿਮਰਤੀ ਨਾਲ ਸਬੰਧਤ ਤੱਥਾਂ ਦੇ ਲਈ ਇਕ ਸਥਿਰ ਤਰਕ ਦੀ ਲੋੜ ਹੈ ਕਿਉਂਕਿ ਲਗਾਤਾਰ ਬਦਲਦੇ ਰਹਿਣ ਵਾਲੇ ਸਰੀਰ ਦੇ ਮਧਿਆਮ ਨਾਲ ਇਸ ਨੂੰ ਸਮਝਿਆ ਨਹੀਂ ਜਾ ਸਕਦਾ, ਇਸ ਲਈ ਤਾਂ ਇਹ ਮੰਨਣਾ ਜ਼ਰੂਰ ਹੋ ਜਾਂਦਾ ਹੈ ਕਿ ਸਰੀਰ ਤੋਂ ਵੱਧ ਵੀ ਕੋਈ ਸਥਾਈ ਸੱਤਾ ਅਤੇ ਆਤਮਾ ਹੈ।

ਇਸ ਤਰ੍ਹਾਂ ਪਰਵਰਤੀ ਨਿਯਾਵੈਸ਼ਨਿਕ ਆਪਣੇ ਸਮਰਿਤੀ ਆਦਿ ਸਾਖੀਆਂ ਦੇ ਅਧਾਰ ਤੇ ਆਤਮਵਾਦ ਦੇ ਮੋਹਰੇ ਗੋਡੇ ਟੇਕਦੇ ਵਿਖਾਈ ਦਿੰਦੇ ਹਨ। ਪਰ ਧਿਆਨ ਦੇਣ ਦੀ ਗੱਲ ਹੈ ਕਿ ਉਹ ਇਸ ਸਥਿਤੀ ਵਿਚ ਵੀ ਪਦਾਰਥ ਦੇ ਆਪਣੇ ਸਿਧਾਂਤ ਪਰਮਾਣੂਵਾਦ ਤੋਂ ਜ਼ਰਾ ਵੀ ਵਿਚਲਿਤ ਨਹੀਂ ਹੁੰਦੇ। ਅਸੀਂ ਜਾਣਦੇ ਹਾਂ ਕਿ ਉਪਨਿਸ਼ਦਾ ਦੇ ਆਤਮਵਾਦ ਦੀ ਸਿੱਧੀ ਦਾ ਅਧਾਰ ਸਹਿਜ ਗਿਆਨ ਅਤੇ ਉਸਦੇ ਸਰੋਤਾਂ ਦਾ ਪ੍ਰਗਟਾਵਾ ਹੈ। ਆਤਮਵਾਦ ਨੂੰ ਸਭ ਤੋਂ ਉਤਮ ਸੱਤਾ ਮੰਨ ਲੈਣ ਦੀ ਤਾਰਕਿਕ ਸੰਸਾਰ ਦੀ ਮਿੱਥਿਆ ਹੈ। ਨਿਯਾਵੈਸ਼ਨਿਕ ਸਮਰਿਤੀ ਆਦਿ ਦੇ ਸੰਦਰਭ 'ਚ ਭਾਵੇਂ ਕਿ ਆਤਮਾ ਨੂੰ ਸਵੀਕਾਰ ਕਰ ਲਵੇ ਪਰ ਉਹ ਪ੍ਰਮਾਣਾ ਦੇ ਸਮਰੱਥਨ ਦਾ ਤਿਆਗ ਨਹੀਂ ਕਰ ਸਕਦੇ ਸਨ। ਜਿਵੇਂ ਕਿ ਦੱਸਿਆ ਗਿਆ ਹੈ ਕਿ ਗੌਤਮ ਵਾਤਸਿਆਨ ਦੇ ਲਈ ਨਤੀਜੇ-ਮੁੱਖ ਰੂਪ ਵਿਚ ਅਨੁਭਵ ਅਤੇ ਤਰਕ ਬੁੱਧੀ ਦੇ ਸਮਰੱਥਨ ਦਾ ਉਪਕਰਮ ਇਸ ਅਤਿ ਜ਼ਰੂਰੀ ਵਿਸ਼ਾ ਹੈ। ਵਾਤਸਿਆਨ, ਨਿਆ ਸੂਤਰ ਉੱਤੇ ਆਪਣੀ ਵਿਆਖਿਆ ਤੱਥਾਂ ਦੇ ਅਧਾਰ ਤੇ ਸ਼ੁਰੂ ਕਰਦੇ ਹਨ। ਗੌਤਮ ਵੀ ਨਿਰਸੰਦੇਹ ਆਪਣੀ ਸਵੀਕ੍ਰਿਤੀ ਗਿਆਨ ਦੇ ਹੋਰ ਸਰੋਤ ਦੇ ਪੱਖ 'ਚ ਵਿਸ਼ੇਸ਼ ਧਾਰਨਾਵਾਂ ਪੇਸ਼ ਕਰਦੇ ਹੋਏ ਇਕ ਸੰਪੂਰਨ ਭਾਗ ਵਿਚ ਇਨ੍ਹਾਂ ਤੇ ਰੌਸ਼ਨੀ ਪਾਉਂਦੇ ਹਨ।2

ਦੇਖਣਾ ਇਹ ਹੈ ਕਿ ਇਹ ਕਿਸ ਤਰ੍ਹਾਂ ਕੀਤਾ ਗਿਆ। ਹੁਣ ਦੇਖੋ, ਇਸ ਦਰਸ਼ਨ ਵਿਚ ਆਤਮਾ ਦੇ ਹੱਕ 'ਚ ਕਿਸ ਤਰ੍ਹਾਂ ਦਾ ਆਪਾ ਵਿਰੋਧੀ ਤਰਕ ਖੜੇ ਕੀਤੇ ਗਏ ਹਨ। ਕਣਾਦ ਦੇ ਵੈਸ਼ੇਨਿਕ ਸੂਤਰ ਦਾ ਸ਼੍ਰੀ ਗਣੇਸ਼ ਇਸ ਐਲਾਨ ਨਾਲ ਹੁੰਦਾ ਹੈ ਕਿ ਧਰਮ ਦੀ ਵਿਆਖਿਆ ਕਰਨਾ ਇਸ ਗ੍ਰੰਥ ਦਾ ਇਕ ਮਾਤਰ ਉਦੇਸ਼ ਹੈ। ਇਹ ਧਰਮ ਨਾਲ ਵੈਦਿਕ ਪ੍ਰੰਪਰਾ ਦੇ ਪ੍ਰਤੀ ਸ਼ਰਧਾ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਵੇਦਾਂ ਦੇ ਪ੍ਰਤੀ ਸੰਪੂਰਣ ਆਦਰ ਭਾਵ ਵਿਖਾਉਣ ਦੇ ਬਾਵਜੂਦ, ਇਹ ਗ੍ਰੰਥ 'ਆਗਮ' ਨੂੰ ਗਿਆਨ ਦੇ ਸੁਤੰਤਰ ਸਰੋਤ ਦੇ ਰੂਪ ਵਿਚ ਸਵੀਕਾਰ ਨਹੀਂ ਕਰਦਾ। ਇਹ ਗਿਆਨ ਦੇ ਕੇਵਲ ਦੋ ਸਰੋਤਾਂ-ਪ੍ਰਤੱਖ ਗਿਆਨ ਅਤੇ ਸਵੀਕਾਰਨ ਯੋਗ ਨੂੰ ਸਵੀਕਾਰ ਕਰਦਾ ਹੈ ਅਤੇ ਆਗਮ ਨੂੰ ਮੌਖਿਕ ਸੂਤਰ ਦਾ ਇਕ ਸਰੂਪ ਮੰਨਦੇ ਹਨ। ਵੇਖਣ ਦੀ ਗੱਲ ਇਹ ਹੈ ਕਿ ਵੈਸ਼ਨਿਕ ਸੂਤਰ 'ਚ ਜੇਕਰ ਧਰਮ ਦੇ ਪ੍ਰਤੀ ਪ੍ਰਤੀਬੱਧਤਾ ਵਿਅਕਤ ਕੀਤੀ ਗਈ ਹੈ ਪ੍ਰੰਤੂ ਗ੍ਰੰਥ ਦੀ ਸਾਰ ਵਸਤੂ ਇਸਦੇ ਉਲਟ ਹੈ। ਇਸ ਗ੍ਰੰਥ ਵਿਚ ਮੁੱਖ ਰੂਪ ਚ ਦੈਵੀ, ਗੁਣ ਆਦਿ ਛੇ ਪਦਾਰਥਾਂ ਅਤੇ ਤੱਤਾਂ ਉੱਤੇ ਵਿਚਾਰ ਚਰਚਾ ਹੈ। ਵਿਚ ਵਿਚ ਪੁਰੋਹਿਤਾਂ ਦੀ ਮਹਿਮਾ ਅਤੇ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਵੀ ਤਰੀਫ਼ ਕੀਤੀ ਗਈ। (ਚਲਦਾ)

**ਅਨੁ. ਭਗਵੰਤ ਰਸੂਲਪੁਰੀ**

## 'ਖਾਂਡਵ ਦਾਹ' ਦੇ ਨਾਵਲੀ-ਪਾਠ ਦੇ ਅੰਗ-ਸੰਗ/ - ਜਗਵਿੰਦਰ ਜੋਧਾ




ਬਲਬੀਰ ਪਰਵਾਨਾ ਪੰਜਾਬੀ ਦਾ ਬਹੁ-ਵਿਧਾਵੀ ਲੇਖਕ ਹੈ। ਉਸਨੇ ਆਪਣਾ ਸਾਹਿਤਕ ਸਫ਼ਰ ਕਵਿਤਾ ਨਾਲ ਆਰੰਭ ਕੀਤਾ, ਕਹਾਣੀ ਲਿਖੀ, ਸਿੱਖ ਸੰਘਰਸ਼ ਦੇ ਦੌਰ ਬਾਰੇ ਨਾਵਲ ਲਿਖੇ, ਅਨੁਵਾਦ ਕੀਤਾ ਫਿਰ ਅਚਾਨਕ ਉਹ ਕਵਿਤਾ ਲਿਖਣੀ ਛੱਡ ਗਿਆ। ਸ਼ਾਇਦ ਉਸਨੂੰ ਕਵਿਤਾ ਦੇ ਯੁੱਗ ਬੀਤਣ ਦੀ ਦੱਸ ਪਾਈ ਗਈ ਹੋਵੇ ਜਾਂ ਕਵਿਤਾ ਨੂੰ ਭਾਵੁਕ ਰੂਪ ਕਹਿ ਕੇ ਨਾਵਲ ਨੂੰ ਅਜੋਕੇ ਯੁੱਗ ਦਾ 'ਚਿੰਤਨੀ ਪ੍ਰਗਟਾਵਾ' ਕਰਨ ਦੀ ਸਮਰੱਥਾ ਵਾਲੀ ਸਿਨਫ਼ ਮੰਨਣ ਦੀਆਂ ਧਾਰਨਾਵਾਂ ਤੇ ਪਰਵਾਨੇ ਦਾ ਯਕੀਨ ਬੱਝ ਗਿਆ ਹੋਵੇ। ਵਜ੍ਹਾ ਕੋਈ ਵੀ ਹੋਵੇ ਪਿਛਲੇ ਇਕ ਦਹਾਕੇ ਦੇ ਕਰੀਬ ਅਰਸੇ ਤੋਂ ਉਹ ਨਾਵਲਕਾਰੀ ਦੇ ਆਵੇਗ ਦੀ ਗ੍ਰਿਫਤ ਵਿਚ ਹੈ। ਇਸ ਦੌਰਾਨ ਉਸਨੇ 10 ਨਾਵਲ ਲਿਖ ਦਿੱਤੇ ਹਨ। ਏਨਾ ਹੀ ਨਹੀਂ ਕਿ ਉਸਨੇ ਨਾਵਲ ਲਿਖੇ ਹੀ ਹਨ। ਉਸਦੇ ਨਾਵਲਾਂ ਨੂੰ ਪੜ੍ਹਿਆ ਗਿਆ ਹੈ, ਤਦੇ ਪ੍ਰਕਾਸ਼ਕਾਂ ਨੇ ਉਸਨੂੰ ਨਿਰੰਤਰ ਛਾਪਿਆ ਹੈ। ਪਾਠਕਾਂ ਨੇ ਉਸਦੇ ਨਾਵਲਾਂ ਬਾਰੇ ਸੋਚਿਆ ਹੈ। ਆਲੋਚਕਾਂ ਨੇ ਰਤਾ ਕੁ ਵੱਧ ਜ਼ੋਰ ਦੇ ਕੇ ਉਸਨੂੰ ਪੰਜਾਬੀ ਨਾਵਲ ਦੇ ਇਤਿਹਾਸ ਵਿਚ 'ਫਿੱਟ' ਕਰਨ ਦੀ ਕਵਾਇਦ ਕੀਤੀ ਹੈ। ਉਸਦੇ ਨਾਵਲ ਗਰੈਜੁਏਸ਼ਨ ਪੱਧਰ ਦੀ ਪੰਜਾਬੀ ਦੀ ਪੜ੍ਹਾਈ ਵਿਚ ਪਾਠਕ੍ਰਮ ਦਾ ਹਿੱਸਾ ਬਣੇ। ਉਸ ਬਾਰੇ ਕਿਤਾਬਾਂ ਸੰਪਾਦਿਤ ਹੋਈਆਂ। ਗੱਲ ਕੀ ਲੇਖਕੀ ਸਫ਼ਲਤਾ ਦੇ ਸਾਰੇ ਮਾਪਦੰਡਾਂ ਤੇ ਪਰਵਾਨੇ ਦੀ ਨਾਵਲਕਾਰੀ ਐਨ ਪੂਰੀ ਉੱਤਰਦੀ ਹੈ। ਇਨ੍ਹਾਂ ਸਾਰੇ ਤੱਥਾਂ ਨੇ ਉਸਦੀ ਰਚਨਾਤਮਕ ਊਰਜਾ ਵਿਚ ਦਿਨ ਦੁੱਗਣਾ ਰਾਤ ਚੌਗਣਾ ਇਜ਼ਾਫਾ ਕੀਤਾ। ਇਸ ਊਰਜਾ ਦੇ ਇਕ ਹੋਰ ਪੜਾਅ ਵਜੋਂ 2018 ਵਿਚ ਛਪਿਆ ਨਾਵਲ **'ਖਾਂਡਵ ਦਾਹ'** (**ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਮੁਹਾਲੀ, ਪੰਨੇ :127, ਮੁੱਲ :195, ਸਾਲ** : 2018) ਵਿਚਾਰ ਅਧੀਨ ਹੈ। ਇਸ ਨਾਵਲ ਦੇ ਹਵਾਲੇ ਨਾਲ ਪਰਵਾਨੇ ਦੀ ਨਾਵਲਕਾਰੀ ਦੇ ਨਕਸ਼ ਪਛਾਣੇ ਜਾ ਸਕਦੇ ਹਨ

ਬਲਬੀਰ ਪਰਵਾਨਾ ਦੀ ਪਿਛਲੇ ਦਹਾਕੇ ਦੀ ਨਾਵਲਕਾਰੀ ਦੀ ਮੁਖ ਸੁਰ ਸਮਕਾਲੀ ਸਮਾਜ ਵਿਚ ਵਿਖੰਡਿਤ ਮਨੁੱਖੀ ਹੋਂਦ ਦੇ ਕਾਰਕੀ ਸੂਤਰਾਂ ਦੀ ਤਲਾਸ਼ ਰਹੀ ਹੈ। ਉਹ ਆਪਣੇ ਨਾਵਲਾਂ ਦੇ ਮਜ਼ਮੂਨ ਵਰਤਮਾਨ ਸਮਾਜ ਵਿਚ ਪਿੰਡ ਤੇ ਸ਼ਹਿਰ ਦਰਮਿਆਨ ਲਟਕ ਰਹੇ ਜੀਣ ਢੰਗ ਵਿਚੋਂ ਲੈਂਦਾ ਹੈ। ਇਸੇ ਲਈ ਇਹ ਨਾਵਲ ਜੀਣ ਦੇ ਮੁੱਲਾਂ ਦੇ ਟਕਰਾਅ ਦਾ ਇਕ ਮੰਚ ਬਣਦੇ ਹਨ। ਮਿਕਦਾਰ ਪੱਖੋਂ ਏਨੀ ਗਿਣਤੀ ਵਿਚ ਲਿਖਣ ਵਾਲਾ ਪਰਵਾਨਾ ਪਹਿਲਾ ਨਾਵਲਕਾਰ ਨਹੀਂ। ਜਦੋਂ ਲੇਖਕ ਕੋਲ ਕਹਿਣ ਲਈ ਬਹੁਤ ਕੁਝ ਹੋਵੇ ਤਾਂ ਛੋਟੇ ਕੈਨਵਸ ਵਾਲੀ ਵਿਧਾ ਤੋਂ ਵੱਡੀ ਸਮਰੱਥਾ ਵਾਲੀ ਵਿਧਾ ਵਲ ਜਾਂਦਾ ਹੈ। ਪਰਵਾਨਾ ਵੀ ਕਵਿਤਾ ਦੇ ਬਿੰਬਾਤਮਕ ਰੂਪ ਤੋਂ ਯਥਾਰਥ ਧਰਮੀ ਵਿਧਾ ਵਲ ਪਰਤਿਆ, ਨਾਵਲੀ ਵਿਧਾਨ ਵਿਚ ਲੇਖਕ ਕੋਲ ਏਨਾ ਕੁਝ ਕਹਿਣ ਨੂੰ ਹੋਵੇ ਕਿ ਉਹ ਇਤਿਹਾਸ, ਮਿਥਿਆਸ,ਦਰਸ਼ਨ, ਰਾਜਨੀਤੀ, ਮਨੋਵਿਗਿਆਨ ਤੇ ਮਨੁੱਖੀ ਸੰਬੰਧਾਂ ਬਾਰੇ ਚੇਤਨਾ ਨਾਲ ਲਬਾ-ਲਬ ਭਰਿਆ ਹੋਵੇ ਤਾਂ ਇਹ ਸਭ ਇੱਕੋ ਨਾਵਲ ਵਿਚ ਨਹੀਂ ਕਿਹਾ ਜਾ ਸਕਦਾ। ਇਸ ਸੰਵੇਦਨਾ ਦੀ ਅਕਾਸੀ ਲਈ ਰਚਨਾਕਾਰ ਕੋਲ ਮਜ਼ਮੂਨ ਦੀ ਤਬਦੀਲੀ ਲਾਜ਼ਮੀ ਹੋ ਜਾਂਦੀ ਹੈ। ਪਰਵਾਨਾ ਦੇ ਨਾਵਲਾਂ ਵਿਚ ਵੀ ਸਮਕਾਲ ਦੇ ਬਹੁਤੇ



ਭਾਰੂ ਸਰੋਕਾਰ ਵਸਤੂ ਬਣੇ ਹਨ। ਉਸਨੇ ਪਿਛਲੇ ਨਾਵਲਾਂ ਵਿਚ ਪੱਤਰਕਾਰਤਾ ਦਾ ਖੇਤਰ, ਬਦਲਦੇ ਪਿੰਡਾਂ ਤੇ ਵਿਚਾਰਧਾਰਕ ਆਦਰਸ਼ਾਂ ਦੀ ਅਣਹੋਂਦ ਵਿਚ ਪ੍ਰਤੀਰੋਧ ਦੇ ਨਵੇਂ ਪ੍ਰਸੰਗ ਆਦਿ ਵਿਸ਼ਿਆਂ ਦੁਆਲੇ ਨਾਵਲ ਲਿਖੇ। ਇਹ ਨਾਵਲ ਨਵੇਂ ਮਨੁੱਖੀ ਯੁੱਗ ਵਿਚ ਚੇਤਨਾ ਬਨਾਮ ਵਸਤੂ ਨੂੰ ਪਹਿਲ ਦੇਣ ਦੇ ਸੰਵਾਦ ਤੇ ਉੱਸਰਿਆ ਨਾਵਲੀ ਪਾਠ ਹੈ। ਇਸ ਸੰਵਾਦ ਦਾ ਕੇਂਦਰ ਉਸਨੇ ਘਰ ਦੀ ਸੰਸਥਾ ਨੂੰ ਬਣਾਇਆ ਤੇ ਦੋ ਪਾਤਰਾਂ ਹਰਿੰਦਰ ਤੇ ਪ੍ਰਿਯਾ ਦੇ ਹਵਾਲੇ ਨਾਲ ਸਮਕਾਲ ਵਿਚ ਮਨੁੱਖੀ ਵਿਚਾਰਾਂ ਦੀ ਘਾੜਤ ਨੂੰ ਚਿਤਰਿਆ ਹੈ। ਹਰਿੰਦਰ ਪੇਂਡੂ ਕਿਸਾਨੀ ਪਿੱਠਭੂਮੀ ਵਿੱਚੋਂ ਆਇਆ ਚਿੰਤਨੀ ਰੁਚੀਆਂ ਵਾਲਾ ਨੌਜਵਾਨ ਹੈ ਜੋ ਅਸਥਾਈ ਨੌਕਰੀ ਦੇ ਦੁਖਾਂਤ ਨੂੰ ਭੋਗ ਰਿਹਾ ਹੈ। ਇਸ ਦੁਖਾਂਤ ਦੇ ਅਸਲ ਨੂੰ ਸਮਝਣ ਲਈ ਉਹ ਅਧਿਐਨ ਦੇ ਰਾਹ ਪੈਂਦਾ ਹੈ ਤੇ ਭਾਰਤੀ ਸੱਭਿਅਤਾ ਦੇ ਮੂਲ ਦੀ ਤਲਾਸ਼ ਲਈ ਮਿਥਿਆਸਕ ਇਤਿਹਾਸ ਦਾ ਵਿਸ਼ਲੇਸ਼ਣ ਕਰਨ ਲਗਦਾ ਹੈ। ਪ੍ਰਿਯਾ ਸ਼ਹਿਰੀ ਵਪਾਰਕ ਜਮਾਤ ਵਿੱਚੋਂ ਆਈ ਕੁੜੀ ਹੈ ਜੋ ਇਕ ਦੌਰ 'ਚ ਪਰਿਵਾਰ ਦੀ ਮਰਜ਼ੀ ਦੇ ਉਲਟ ਹਰਿੰਦਰ ਤੋਂ ਪ੍ਰਭਾਵਿਤ ਹੋ ਕੇ ਉਸ ਨਾਲ ਵਿਆਹ ਕਰਾ ਲੈਂਦੀ ਹੈ। ਪਰ ਸਮਾਜਕ ਗਤੀ ਵਿਚ ਪਛੜੇਵੇਂ ਦੀ ਭਾਵਨਾ ਦੀ ਸ਼ਿਕਾਰ ਹੋ ਕੇ ਉਸ ਤੋਂ ਮੁਕਤੀ ਲਈ ਉਹ ਕਾਰਪੋਰੇਟੀ ਵਸੀਲਿਆਂ ਨੂੰ ਅਖਤਿਆਰ ਕਰਦੀ ਹੈ। ਇਹੀ ਉਲਟ ਦਿਸ਼ਾਵੀ ਵਿਚਾਰ ਉਨ੍ਹਾਂ ਦੇ ਰਿਸ਼ਤੇ ਤੇ ਘਰ ਦੇ ਟੁੱਟਣ ਦਾ ਕਾਰਨ ਬਣਦੇ ਹਨ। ਨਾਵਲਕਾਰ ਮਨੁੱਖੀ ਸਾਂਝ ਦੇ ਟੁੱਟਣ ਦਾ ਕਾਰਨ ਸਮਕਾਲੀ ਬਜ਼ਾਰਵਾਦੀ ਉਪਭੋਗੀ ਵਿਹਾਰ ਨੂੰ ਮੰਨਦਾ ਹੈ ਜੋ ਵਿਸ਼ਵੀ ਪੂੰਜੀਵਾਦ ਦੀ ਦੇਣ ਹੈ। ਇਸਦੇ ਇਕ ਪਸਾਰ ਵਜੋਂ ਉਹ ਰਿਗਵੇਦ ਕਾਲ ਤੋਂ ਲੈ ਕੇ ਮਹਾਂਕਾਵਿ ਯੁੱਗ ਦੇ ਅਨੇਕ ਹਵਾਲਿਆਂ ਨਾਲ ਵਸਤੂ ਬਨਾਮ ਚੇਤਨਾ ਦੀ ਜੱਦੋ-ਜਹਿਦ ਦੇ ਇਤਿਹਾਸ ਨੂੰ ਉਲੀਕਦਾ ਹੈ। ਤੋੜਾ ਇਸ ਗੱਲ ਤੇ ਝੜਦਾ ਹੈ ਕਿ ਜਿਵੇਂ ਖਾਂਡਵ ਵਣ ਸਾੜ ਕੇ ਸਭਿਅਤਾ ਦਾ ਪਸਾਰ ਮਹਾਂਕਾਵਿ ਯੁੱਗ 'ਚ ਹੋਇਆ ਸੀ ਉਸੇ ਤਰ੍ਹਾਂ ਮਨੁੱਖੀ ਚੇਤਨਾ ਦੇ ਵਣ ਸਾੜ ਕੇ ਬਜ਼ਾਰਵਾਦ ਫੈਲਾਇਆ ਜਾ ਰਿਹਾ ਹੈ। ਪੰਜਾਬੀ ਨਾਵਲ ਦੀ ਪਾਠਕਤਾ ਉੱਪਰ ਅਜੇ ਵੀ ਕਿਸਾਨੀ ਸਮਾਜ ਦੇ ਵਰਣਨ ਦੀ ਪਰਤ ਚੜ੍ਹੀ ਹੈ। ਭਾਵੇਂ ਇਹ ਪਿਛਲੇ ਦੋ ਦਹਾਕਿਆਂ ਵਿਚ ਫਿੱਕੀ ਪਈ ਹੈ। ਪਰਵਾਨਾ ਦੀ ਨਾਵਲਕਾਰੀ ਕਿਸਾਨੀ ਸਮਾਜ ਦੇ ਬਦਲਦੇ ਪਰਿਦ੍ਰਿਸ਼ ਅਤੇ ਉਸਦੇ ਸਮਾਜ ਦੇ ਦੂਸਰੇ ਤਬਕਿਆਂ ਨਾਲ ਵਾਹ ਨੂੰ ਅਧਾਰ ਬਣਾ ਕੇ ਨਾਵਲ ਲਿਖ ਰਿਹਾ ਹੈ ਤਾਂ ਇਹ ਪੰਜਾਬੀ ਨਾਵਲ ਵਿਚ ਬਿਨਾਂ ਸ਼ੱਕ ਨਵੇਂ ਪਸਾਰ ਜੋੜਨ ਵਾਲਾ ਕਾਰਜ ਹੈ। ਇਸ ਨਾਲ ਪੰਜਾਬੀ ਨਾਵਲ ਅਸਲ ਵਿਚ ਸਮਕਾਲ ਨੂੰ ਸਮਝਣ ਲਈ ਅਹੁਲਦਾ ਦਿਖਾਈ ਦਿੰਦਾ ਹੈ।

ਪਰਵਾਨੇ ਦਾ ਇਹ ਨਾਵਲ ਊਰਜਾ ਦੇ ਪੱਖ ਤੋਂ ਹੀ ਨਹੀਂ ਕਈ ਹੋਰ ਕਾਰਨਾਂ ਕਰਕੇ ਵੀ ਉਸਦੇ ਬਾਕੀ ਨਾਵਲਾਂ ਦਾ ਇਕ ਪਸਾਰ ਲਗਦਾ ਹੈ। ਕਿਸੇ ਇਕ ਮਜ਼ਮੂਨ ਤੇ ਨਾਵਲ ਦਾ ਚੌਖਟਾ ਕਲਪਦਿਆਂ ਰਚਨਾਕਾਰ ਉਸਨੂੰ ਸਮਾਜ ਦੇ ਵਾਪਰੇ, ਵਾਪਰ ਰਹੇ ਜਾਂ ਵਾਪਰਨ ਦੀ ਸੰਭਾਵਿਤਾ ਵਾਲੇ ਘਟਨਾਕ੍ਰਮ ਨਾਲ ਜੋੜਦਾ ਹੈ। ਗਲਪ ਬਾਰੇ ਕਿਹਾ ਜਾਂਦਾ ਹੈ ਕਿ ਇਹ ਲੋਕਾਈ ਦਾ ਪ੍ਰਤੀਨਿਧ ਸੱਚ ਹੁੰਦਾ ਹੈ। ਵਿਕਲਪਿਤ ਨਹੀਂ। ਆਮ ਜ਼ਿੰਦਗੀ ਦੇ ਵਿਅਕਤੀ ਨਾਵਲ ਵਿਚ ਪਾਤਰ ਬਣ ਜਾਂਦੇ ਹਨ, ਆਮ ਜ਼ਿੰਦਗੀ ਦੀਆਂ ਘਟਨਾਵਾਂ ਨਾਵਲੀ ਬਿਰਤਾਂਤ ਦੇ ਵੇਰਵੇ ਅਤੇ ਆਮ ਜ਼ਿੰਦਗੀ ਦੇ ਵਿਚਾਰ ਨਾਵਲੀ ਚੇਤਨਾ। ਇਨ੍ਹਾਂ ਸਾਰੇ ਤੱਤਾਂ ਵਿਚ ਨਾਵਲਕਾਰ ਸਾਂਝੇ ਮਾਧਿਅਮ ਵਾਂਗ ਮੌਜੂਦ ਰਹਿੰਦਾ ਹੈ ਜੋ ਆਪਣੀ ਸੰਵੇਦਨਾ ਨੂੰ ਨਾਵਲੀ ਭਾਸ਼ਾ ਦੇ ਹਵਾਲੇ ਪੇਸ਼ ਕਰਕੇ ਇਕ ਗਲਪੀ ਬਿੰਬ ਉਸਾਰਦਾ ਹੈ, ਜੋ ਅਸਲ ਜ਼ਿੰਦਗੀ ਵਰਗਾ ਹੁੰਦਾ ਹੋਇਆ ਵੀ ਉਸ ਨਾਲੋਂ ਵਧੇਰੇ ਗਹਿਰਾ ਹੁੰਦਾ ਹੈ। ਜਿੰਨਾ ਨਾਵਲਕਾਰ ਆਪਣੇ ਤੱਤਾਂ ਨੂੰ ਤਰਕਸੰਗਤ ਬਣਾਉਣ ਵਿਚ ਸਫ਼ਲ ਰਹੇਗਾ ਗਲਪੀ ਰਚਨਾ ਓਨੀ ਪ੍ਰਮਾਣਿਕ ਹੋਣ ਦੇ ਨੇੜੇ ਹੋ ਜਾਵੇਗੀ। ਇਸ ਪੱਖ ਤੋਂ ਵੇਖਿਆਂ ਇਹ ਗੱਲ ਭਲੀ ਭਾਂਤ ਸਮਝ ਆ ਜਾਂਦੀ ਹੈ ਕਿ ਮਜ਼ਮੂਨ ਵੱਖ ਹੋਣ ਦੇ ਬਾਵਜੂਦ ਬਲਬੀਰ ਪਰਵਾਨੇ ਦੇ ਬਹੁਤੇ ਨਾਵਲਾਂ ਵਿਚ ਕੁਝ ਬਹੁਤ ਸਮਾਨਤਾ ਵਾਲਾ ਹੈ, ਜੋ ਪਾਠਕ ਨੂੰ ਰੜਕਦਾ ਹੈ। ਇਥੋਂ

ਤਕ ਕਿ ਉਸਦੇ ਪਾਤਰ ਤੇ ਘਟਨਾਵੀ ਵੇਰਵੇ ਵੀ ਅੱਡ ਕਰਕੇ ਦੇਖਣ ਲਈ ਪਾਠਕ ਨੂੰ ਬਹੁਤ ਮੁਸ਼ੱਕਤ ਕਰਨੀ ਪੈਂਦੀ ਹੈ। ਮੇਰੀ ਜਾਚੇ ਇਸਦਾ ਕਾਰਨ ਇਹ ਹੈ ਕਿ ਉਸਦੀ ਰਚਨਾਕਾਰੀ ਵਿਚ ਕੁਝ ਐਸਾ ਹੈ ਜਿਸਦੇ ਬਾਰੇ ਉਸਦੇ ਲੇਖਕੀ ਅਵਚੇਤਨ ਨੂੰ ਸ਼ੰਕਾ ਹੈ ਕਿ ਉਸ ਕੋਲੋਂ ਅਜੇ ਉਹ ਗੱਲ ਕਹੀ ਨਹੀਂ ਗਈ। ਇਸ ਲਈ ਉਹ ਇੱਕੋ ਨਾਵਲ ਨੂੰ ਵਾਰ-ਵਾਰ ਲਿਖਣ ਵਰਗੀ ਕਵਾਇਦ ਵਿਚ ਨਜ਼ਰ ਆਉਂਦਾ ਹੈ। ਉਸਦੇ ਨਾਵਲਾਂ ਦਾ ਘਟਨਾ ਸੰਗਠਨ, ਪਾਤਰਾਂ ਦਾ ਇਕ ਦੂਜੇ ਨਾਲ ਵਿਹਾਰ, ਪਾਤਰਾਂ ਬਾਰੇ ਬਿਰਤਾਂਤਕੀ ਵਰਨਣ ਇਹ ਸਭ ਇਕ ਖਾਸ ਸਮਾਨਤਾ ਵਿਚ ਦਿਸਦੇ ਹਨ। ਪਰਵਾਨੇ ਦੀ ਨਾਵਲੀ ਸਮਰੱਥਾ ਹਰ ਨਾਵਲ ਨਾਲ ਅਗੇਰੇ ਤੁਰਨ ਦੀ ਥਾਂ ਇਕ ਵਿਸ਼ੇਸ਼ ਮਰਹਲੇ ਤੇ ਖੜੀ ਹੈ। ਉਸ ਜਗ੍ਹਾ ਤੋਂ ਜ਼ਿੰਦਗੀ ਦਾ ਦ੍ਰਿਸ਼ ਵੀ ਉਹੀ ਨਜ਼ਰ ਆਉਂਦਾ ਹੈ, ਪਾਤਰਾਂ ਬਾਰੇ ਉਹੀ ਦ੍ਰਿਸ਼ਟੀਕੋਣ ਬਣਿਆ ਰਹਿੰਦਾ ਹੈ। ਇੱਥੋਂ ਤਕ ਕਿ ਬਿਰਤਾਂਤਕਾਰ ਦੀ ਪਹੁੰਚ ਵੀ ਲੱਗਭਗ ਉਹੀ ਰਹਿੰਦੀ ਹੈ। ਇਸੇ ਕਰਕੇ ਇਹ ਨਾਵਲ ਆਪਣੇ ਸਮਕਾਲ ਬਾਰੇ ਚਿੰਤਨ ਨਹੀਂ ਗਿਆਨ ਵੀ ਨਹੀਂ ਸੂਚਨਾ ਤਕ ਮਹਿਦੂਦ ਹੁੰਦੇ ਜਾਪਦੇ ਹਨ। ਇਸ ਸੂਚਨਾ ਦਾ ਅਧਾਰ ਸਰਲੀਕ੍ਰਿਤ ਦ੍ਰਿਸ਼ਟੀ ਹੋਣ ਕਰਕੇ ਇਹ ਦੁਹਰਾਉ ਤੇ ਟੇਕ ਰੱਖਦੀ ਹੈ।

ਗਲਪ ਦੂਜੀਆਂ ਸਾਹਿਤਕ ਵਿਧਾਵਾਂ ਨਾਲੋਂ ਇਸ ਕਰਕੇ ਵੀ ਵੱਖ ਤੇ ਵਿਲੱਖਣ ਹੈ ਕਿ ਇਸ ਵਿਚ ਲੇਖਕ ਦੀ ਆਪਣੇ ਵਸਤੂ ਬਾਰੇ ਸੁਚੇਤਨਾ, ਸਮਾਜ ਪ੍ਰਤੀ ਨੀਝ ਤੇ ਭਾਸ਼ਾ ਦੀ ਭਰਪੂਰਤਾ ਮਿਲ ਕੇ ਇਕ ਸਾਹਿਤਕ ਬਿੰਬ ਉਸਰਦੇ ਹਨ। ਵਧੀਆ ਗਲਪਕਾਰੀ ਸਥਿਤੀਆਂ ਦੇ ਭੇੜ ਵਿੱਚੋਂ ਉਭਰਦੀ ਹੈ ਤੇ ਔਸਤ ਰਚਨਾਕਾਰੀ ਸਥਿਤੀਆਂ ਸੰਬੰਧੀ ਪੈਂਤੜੇ ਚੋਂ। ਪ੍ਰਮਾਣਿਕ ਗਲਪ ਸਮਾਜ ਦੇ ਬਣੇ ਬਣਾਏ ਵਿਰੋਧ ਜੁੱਟਾਂ ਨੂੰ ਵੀ ਕਾਟੇ ਹੇਠ ਲਿਆਉਂਦਾ ਹੈ। ਇਸ ਪੱਖ ਤੋਂ 'ਖਾਂਡਵ ਦਾਹ' ਨੂੰ ਵਾਚਣਾ ਬੜਾ ਦਿਲਚਸਪ ਹੈ। ਲੇਖਕ ਕੋਲ ਸਮਾਜ ਵਿਚ ਆਮ ਸੂਝ ਦੁਆਰਾ ਬਣਾਏ ਤੇ ਲੋਕ-ਬੋਧ ਵਲੋਂ ਸਵੀਕਾਰ ਵਿਰੋਧ ਜੁੱਟਾਂ ਦੀ ਪ੍ਰਕਿਰਿਆ ਹੈ। ਜਾਤੀ, ਭਾਸ਼ਕ, ਲੈਂਗਿਕ ਤੇ ਚੇਤਨਾ ਦੇ ਇਹ ਵਿਰੋਧ ਜੁੱਟ ਅਸਲ ਵਿਚ ਕਾਬਜ਼ ਵਿਚਾਰਾਂ ਦੀ ਦ੍ਰਿੜਤਾ ਚੋਂ ਆਉਂਦੇ ਹਨ। ਪਰਵਾਨੇ ਦਾ ਲੇਖਕ ਆਪਾ ਇਨ੍ਹਾਂ ਜੁੱਟਾਂ ਦੀ ਵਰਤੋਂ ਵਿਰੋਧ-ਵਿਕਾਸ ਦੇ ਅਮਲ ਵਿੱਚੋਂ ਨਹੀਂ ਬਲਕਿ ਪ੍ਰਵਾਨਗੀ ਦੇ ਪੈਂਤੜੇ ਤੋਂ ਕਰਦਾ ਹੈ। ਸਿੱਟੇ ਵਜੋਂ ਇਹ ਐਸੇ ਵੇਰਵਿਆਂ ਵਜੋਂ ਪੇਸ਼ ਹੁੰਦੇ ਹੈ ਜੋ ਸੰਸਥਾਈ ਸਮਾਜਕ ਰੂਪਾਂ ਦਾ ਆਸਰਾ ਰਹੇ ਹਨ। ਪਾਤਰਾਂ ਦੀ ਸਮਾਜਕ ਪਿੱਠਭੂਮੀ ਉਸਦੇ ਖੇਤੀ ਬਨਾਮ ਵਪਾਰਕ ਜਮਾਤਾਂ ਬਾਰੇ ਬਣੇ ਵਿਚਾਰਾਂ ਦਾ ਪਰਤੌਅ ਜਾਪਣ ਲਗਦੇ ਹਨ। ਇਹੀ ਨਹੀਂ ਹਰਿੰਦਰ ਦਾ ਪਾਤਰ ਚਿਤਰਦਿਆਂ ਲੇਖਕ ਦੀ ਹਮਦਰਦੀ ਦਾ ਕੋਈ ਪਾਰਾਵਾਰ ਨਹੀਂ ਰਹਿੰਦਾ। ਉਸਦੇ ਕਾਮ ਸੰਬੰਧਾਂ ਦੀ ਤਾਰਕਿਕਤਾ ਦੇ ਪੈਮਾਨੇ ਪ੍ਰਿਯਾ ਦੇ ਵਿਆਹ-ਬਾਹਰੇ ਸੰਬੰਧਾਂ ਵੇਲੇ ਬਦਲ ਜਾਂਦੇ ਹਨ। ਔਰਤ ਨੂੰ ਵਸਤੂਆਂ ਪ੍ਰਤੀ ਆਕਰਸ਼ਿਤ ਤੇ ਮਰਦ ਨੂੰ ਚੇਤਨਾ ਲਈ ਸੰਘਰਸ਼ਸ਼ੀਲ ਸਮਝਣ ਦੇ ਵਿਚਾਰ ਵੀ ਸਮਾਜ ਦੀ ਕਾਬਜ਼ ਵਿਚਾਰਧਾਰਾ ਦੀ ਦੇਣ ਹਨ। ਇਹ ਪਿਤਰਕੀ ਵਿਚਾਰਾਂ ਦਾ ਰਤਾ ਕੁ ਲੁਕਵਾਂ ਰੂਪ ਹੈ। ਕੋਈ ਇਨ੍ਹਾਂ ਨੂੰ ਪਾਤਰਾਂ ਦਾ ਵਿਹਾਰ ਕਹਿ ਕੇ ਇਸ ਪ੍ਰਤੀ ਅਕਾਦਮਿਕ ਬਚਾਅ ਦੇ ਨੁਕਤੇ ਤੋਂ ਇਨ੍ਹਾਂ ਗੱਲਾਂ ਨੂੰ ਰੱਦ ਕਰ ਸਕਦਾ ਹੈ। ਪਰ ਲੇਖਕ ਦੇ ਪਾਤਰ ਤੇ ਉਸਦੀ ਰਚਨਾ ਦਾ ਸੰਗਠਨ ਉਸਦੇ ਅਧਿਕਾਰ ਦਾ ਖੇਤਰ ਹੁੰਦਾ ਹੈ। ਇਕ ਹੋਰ ਪੱਖ ਵੀ ਧਿਆਨ ਯੋਗ ਹੈ ਜੋ ਲੇਖਕ ਦੇ ਪਾਤਰਾਂ ਪ੍ਰਤੀ ਸਥਿਰ ਧਾਰਨਾਵੀ ਹੋਣ ਦਾ ਸੰਕੇਤ ਹੈ। ਔਰਤਾਂ ਦਾ ਵਰਣਨ ਕਰਨ ਸਮੇਂ ਦੀ ਭਾਸ਼ਾ ਵਿਸ਼ੇਸ਼ ਤੌਰ ਤੇ ਸਰਵ-ਗਿਆਤਾ ਬਿਰਤਾਂਤਕਾਰ ਦਾ ਨਜ਼ਰੀਆ ਬਣਦੀ ਹੈ। ਸਲੀਵਲੈੱਸ, ਨੰਗੀਆਂ ਗੋਲ ਬਾਹਾਂ, ਮੇਕਅੱਪ, ਲਿਪਸਟਿਕ, ਛਾਤੀਆਂ ਦੇ ਉਭਾਰ, ਕੱਟੇ ਹੋਏ ਸੁਨਹਿਰੀ ਕਰਾਏ ਵਾਲ਼ ਆਦਿ ਕਈ ਵਾਰ ਨਾਵਲੀ ਵੇਰਵਿਆਂ ਦੀ ਸਤਹਿ ਤੇ ਪਏ ਹਨ ਜੋ ਅਰਥ ਪ੍ਰਬੰਧ ਨੂੰ ਗੂੜਾ ਨਹੀਂ ਕਰਦੇ। ਵਿਸ਼ੇਸ਼ ਤੌਰ ਤੇ ਬਿਊਟੀ ਪਾਰਲਰ ਤਾਂ ਲੇਖਕ ਲਈ ਕੋਈ ਅਜਿਹੀ ਜਗ੍ਹਾ ਹੈ। ਜਿੱਥੇ ਕਾਮੁਕਤਾ ਦਾ ਫੈਲਾਅ ਹੁੰਦਾ ਹੈ। ਮੇਕਅੱਪ ਕਰਾ ਕੇ ਔਰਤ ਦੇ ਆਤਮਵਿਸ਼ਵਾਸੀ ਹੋ ਸਕਣ ਵਾਲਾ ਤੱਥ ਲੇਖਕ ਦੀ ਸੰਵੇਦਨਾ ਤੋਂ ਪਰੇ ਰਹਿ ਗਿਆ ਹੈ। ਕੁੱਤਾ ਘੁੰਮਾਉਂਦੀ



ਔਰਤ ਵੀ ਲੇਖਕੀ ਵੇਰਵੇ ਅਨੁਸਾਰ ਜਿਸਮ ਦੀ ਨੁਮਾਇਸ਼ ਕਰਦੀ ਹੈ। ਇਹ ਸਾਰਾ ਯਥਾਰਥ ਵਰਣਨ ਔਰਤ ਪ੍ਰਤੀ ਘਿਰਣਾ ਦੀ ਹਦ ਤਕ ਜਾਣ ਲਗਦਾ ਹੈ। ਮਰਦ ਲੇਖਕ ਦੀ ਦ੍ਰਿਸ਼ਟੀ ਵਿਚ ਤਰਸੇਵੇਂ ਦਾ ਪਾਤਰ ਹੈ। ਔਰਤ ਉਸਦੇ ਬਣਾਏ ਪ੍ਰਗਤੀ ਮਾਡਲ 'ਚੋਂ ਬਾਹਰ ਰਹਿ ਜਾਣ ਕਰਕੇ ਘ੍ਰਿਣਾ ਦਾ ਸਬਬ ਹੈ। ਪ੍ਰਿਯਾ ਦੇ ਹਰਿੰਦਰ ਨੂੰ 'ਤੁਸੀਂ' ਤੋਂ 'ਤੂੰ' ਕਹਿਣ ਦੇ ਵੇਰਵੇ ਵਿਚ ਬਿਰਤਾਂਤ ਦਾ ਪ੍ਰਤਿਕਰਮੀ ਉਚਾਰ ਇਸ ਦੀ ਪ੍ਰਤੱਖ ਉਦਾਹਰਣ ਬਣਦਾ ਹੈ। ਇੰਦੂ ਦੇ ਕਿਰਦਾਰ ਨੂੰ ਚਿਤਰਦਿਆਂ ਵੀ ਲੇਖਕ ਦੇ ਇਹ ਵਿਚਾਰ ਲੁਕੇ ਨਹੀਂ ਰਹਿੰਦੇ। ਉਸੇ ਤਰ੍ਹਾਂ ਦੇ ਆਰਥਿਕ ਵਿਹਾਰ ਵਾਲੇ ਇੰਦੂ ਦੇ ਪਤੀ ਲਈ ਨਰਮ ਭਾਸ਼ਾ ਸਾਡੇ ਸਮਾਜਕ ਵਿਹਾਰ ਚੋਂ ਪੈਦਾ ਹੋਏ ਮਾਨਸਿਕ ਅਵਚੇਤਨ ਦੀ ਦੱਸ ਪਾਉਂਦੀ ਹੈ। ਜਿਸ ਤੋਂ ਮੁਕਤ ਹੋਣ ਦੀ ਕੋਸ਼ਿਸ਼ ਘੱਟੋ-ਘੱਟ ਲੇਖਕਾਂ ਨੂੰ ਤਾਂ ਕਰਨੀ ਹੀ ਚਾਹੀਦੀ ਹੈ।

'ਖਾਂਡਵ ਦਾਹ' ਦੇ ਉਚਾਰ ਵਿਚਲੇ ਵਿਰੋਧ-ਜੁੱਟਾਂ ਦਾ ਵਰਣਨ ਤਾਂ ਹੋਇਆ ਪਰ ਇਸ ਨਾਵਲੀ ਰਚਨਾ ਦੇ ਪਿੱਛੇ ਕਾਰਜਸ਼ੀਲ ਵਿਰੋਧਾਂ ਦੀ ਰਾਜਨੀਤੀ ਨੂੰ ਵੀ ਜਾਨਣਾ ਪਵੇਗਾ । ਇਸ ਤਰ੍ਹਾਂ ਅਸੀਂ ਲੇਖਕ ਦੇ ਰਚਨਾਵੀ ਪ੍ਰਤਖਣ ਦੇ ਹੋਰ ਕਰੀਬ ਜਾ ਸਕਾਂਗੇ । ਲੇਖਕ ਸਮਕਾਲੀ ਉਤਪਾਦਨੀ ਸਮੀਕਰਨਾਂ ਵਿਚ ਲੁੱਟ ਦਾ ਸ਼ਿਕਾਰ ਹੋ ਰਹੇ ਨਵੇਂ ਕਿਰਤੀ ਵਰਗ ਦੀ ਦਸ਼ਾ ਤੇ ਉਸ ਵਿੱਚੋਂ ਉਪਜੇ ਵਿਹਾਰ ਨੂੰ ਇਸ ਨਾਵਲ ਦੀ ਵਸਤੂ ਬਣਾਉਂਦਾ ਹੈ। ਕਾਲਜਾਂ ਵਿਚ ਅਸਥਾਈ ਨੌਕਰੀਆਂ ਤੇ ਆਪਣੀ ਕੀਮਤੀ ਉਮਰ ਗਵਾ ਰਹੇ ਲੋਕਾਂ ਦੇ ਸੁਪਨਿਆਂ ਦਾ ਭੰਜਨ ਬਿਰਤਾਂਤ ਵਿਚ ਪੇਸ਼ ਹੋਇਆ ਹੈ। ਇਨ੍ਹਾਂ ਅਸਥਾਈ ਪ੍ਰੋਫੈਸਰਾਂ ਨੂੰ ਆਪਣੇ ਸੀਨੀਅਰਾਂ ਦੇ ਕੰਮ ਵੀ ਕਰਨੇ ਪੈਂਦੇ ਹਨ ਤੇ ਉਨ੍ਹਾਂ ਦੇ ਰਹਿਮ ਤੇ ਵੀ ਰਹਿਣਾ ਪੈਂਦਾ ਹੈ। ਸਮਾਜ ਵਿਚ ਸਿਖਿਆ ਦਾ ਸੰਚਾਰ ਕਰਨ ਵਾਲੇ ਵਰਗ ਦੀ ਐਸੀ ਦਸ਼ਾ ਲਈ ਅਖੌਤੀ ਅਕਾਦਮਿਕ ਲਾਣਾ ਤੇ ਇਨ੍ਹਾਂ ਕਾਲਜਾਂ ਵਿਚ ਭਲੇ ਵੇਲਿਆਂ ਵਿਚ ਨੌਕਰੀਆਂ 'ਤੇ ਲੱਗੇ ਪ੍ਰੋਫੈਸਰਾਂ ਦਾ ਵਿਹਾਰ ਵੀ ਜ਼ਿੰਮੇਵਾਰ ਰਿਹਾ ਹੈ। ਇਸ ਤੋਂ ਬਿਨਾਂ ਸਰਕਾਰੀ ਨੀਤੀਆਂ 'ਤੇ ਆਲਮੀ ਆਰਥਿਕ ਸਥਿਤੀ ਮਿਲ ਕੇ ਵਿਰੋਧੀ ਹਲਾਤ ਪੈਦਾ ਕਰਦੇ ਰਹੇ ਹਨ। ਪਰਵਾਨੇ ਨੇ ਇਸ ਨਾਵਲ ਵਿਚ ਇਸ ਵਰਗ ਨੂੰ ਪਹਿਲੀ ਵਾਰ ਤਮਾਮ ਵਿਸੰਗਤੀਆਂ ਸਹਿਤ ਨਾਵਲ ਵਿਚ ਚਿਤਰਿਆ ਹੈ। ਇਸ ਪਸਾਰ ਪੰਜਾਬੀ ਨਾਵਲ ਵਿਚ ਵਸਤੂ ਪੱਖ ਤੋਂ ਇਕ ਵਾਧਾ ਤਾਂ ਹੈ ਪਰ ਨਾਵਲ ਦੀ ਵਿਧਾ ਦੀ ਵਿਸ਼ਾਲਤਾ ਕੋਲੋਂ ਜਿਸ ਕਿਸਮ ਦੇ ਗਿਆਨ ਵਰਧਕ ਪ੍ਰਵਚਨ ਦੀ ਆਸ ਹੋ ਸਕਦੀ ਹੈ। ਉਹ ਵੇਰਵੇ ਇਸ ਨਾਵਲ ਵਿਚੋਂ ਗੈਰਹਾਜ਼ਰ ਹਨ। ਇਸ ਸਾਰੇ ਪ੍ਰਬੰਧ ਵਿਚ ਇਹ ਵੇਰਵੇ ਓਨੇ ਕੁ ਵਿਸਥਾਰ ਸਮੇਤ ਆਉਂਦੇ ਹਨ ਜਿੰਨੇ ਕੁ ਮੁੱਖ ਪਾਤਰ ਪ੍ਰਤੀ ਲੇਖਕੀ ਭਾਵਨਾ ਨੂੰ ਆਸਰਾ ਦੇ ਸਕਣ। ਸਮਕਾਲ ਦੇ ਸਿਖਿਆ ਵਰਤਾਰੇ ਬਾਰੇ ਅਨੁਭਵ ਦੀ ਪ੍ਰਮਾਣਿਕਤਾ ਇਸ ਬਿਆਨ ਵਿਚੋਂ ਨਦਾਰਦ ਹੈ। ਏਨਾ ਹੀ ਨਹੀਂ ਲੇਖਕ ਨੇ ਮੁੱਖ ਪਾਤਰ ਨੂੰ ਪੂਰਵ ਮੱਧਕਾਲੀ ਸਾਹਿਤ / ਦਰਸ਼ਨ ਦੇ ਖੇਤਰ ਦੇ ਅਧਿਏਤਾ ਵਜੋਂ ਚਿਤਰਨ ਲਈ ਰਿਗਵੇਦ, ਰਮਾਇਣ ਤੇ ਹੋਰ ਪੌਰਾਣਿਕ ਗ੍ਰੰਥਾਂ ਦੇ ਜੋ ਵੇਰਵੇ ਪੇਸ਼ ਕੀਤੇ ਹਨ ਤੇ ਜਿਨ੍ਹਾਂ ਸਹਾਰੇ ਉਹ ਮੁੱਖ ਪਾਤਰ ਦੀ ਵਿਦਵਤਾ ਨੂੰ ਸਾਮ੍ਹਣੇ ਲਿਆ ਕੇ ਉਸਦੇ ਦੁਖਾਂਤ ਨੂੰ ਗੂੜ੍ਹਾ ਕਰਨਾ ਚਾਹੁੰਦਾ ਸੀ ਉਹ ਬਹੁਤ ਸਤਹੀ ਲਗਦੇ ਹਨ। ਸੂਚਨਾ ਦੀ ਪੱਧਰ ਤੇ ਪੇਸ਼ ਹੋਏ ਇਨ੍ਹਾਂ ਪੌਰਾਣਿਕ ਵੇਰਵਿਆਂ ਨੇ ਸਗੋਂ ਦੁਖਾਂਤ ਭੋਗਦੀ ਅਸਥਾਈ ਪੀੜੀ ਨੂੰ ਇਸ ਦੁਖਾਂਤ ਦੀ ਅਸਲ ਭੋਗਣਹਾਰ ਵਜੋਂ ਸਥਾਪਿਤ ਕਰ ਦਿੱਤਾ ਹੈ। ਅਧਿਐਨ ਦੀ ਇਹ ਸੀਮਾ ਪਾਤਰ ਤੋਂ ਪਾਰ ਜਾ ਕੇ ਲੇਖਕ ਦੀ ਜਾਣਕਾਰੀ ਤਕ ਫੈਲਦੀ ਹੈ। ਸੰਵਾਦ ਦੇ ਪਾਤਰਾਂ ਵਿੱਚੋਂ ਵੀ ਕੋਈ ਐਸਾ ਪਾਤਰ ਖੜਾ ਕਰਨ ਵਿਚ ਲੇਖਕ ਸਫ਼ਲ ਹੁੰਦਾ ਨਹੀਂ ਦਿਸਦਾ ਜੋ ਮੁਖ ਪਾਤਰ ਦੀਆਂ ਧਾਰਨਾਵਾਂ ਨੂੰ ਕਿਸੇ ਤਣ ਪੱਤਣ ਲਾ ਸਕੇ। ਇਹ ਖੰਡਿਤ ਜਿਹੇ ਵੇਰਵੇ ਇਕ ਅਸਪਸ਼ਟ ਬਿਆਨਕਾਰੀ ਦਾ ਮਾਧਿਅਮ ਬਣੇ ਹਨ। ਜਿਨ੍ਹਾਂ ਆਸਰੇ ਨਾਵਲ ਦਾ ਸਿਰਲੇਖ ਸਭਿਅਤਾ ਦੇ ਦੋ ਪੜਾਵਾਂ ਤਕ ਫੈਲਣ ਵਿਚ ਖਾਸੀ ਔਖਿਆਈ ਮਹਿਸੂਸਦਾ ਹੈ। ਸਮਕਾਲ ਤੇ ਅਤੀਤ ਦੀਆਂ ਦੋ ਪਰਤਾਂ ਰਾਹੀਂ ਇਕ ਸਾਂਝੀ ਟੈਕਸਟ ਦੀ ਉਸਾਰੀ ਦਾ ਉਦੇਸ਼ ਅਧੂਰੇ ਸੁਪਨੇ ਵਾਂਗ

ਵਿਚਾਲੇ ਟੁੱਟਦਾ ਪ੍ਰਤੀਤ ਹੁੰਦਾ ਹੈ।


ਔਰਤ-ਮਰਦ ਸੰਬੰਧਾਂ ਦੀ ਸਮਕਾਲੀ ਸਥਿਤੀ ਬਲਬੀਰ ਪਰਵਾਨਾ ਦੇ ਨਾਵਲੀ ਜਗਤ ਦਾ ਅਹਿਮ ਪਸਾਰ ਹੈ। ਘਰ ਦੀ ਸੰਸਥਾ ਦੇ ਅੰਤਰ ਵਿਰੋਧਾਂ ਦੀ ਪਛਾਣ ਰਾਹੀਂ ਲੇਖਕ ਔਰਤ ਮਰਦ ਸੰਬੰਧਾਂ ਵਿਚ ਆਰਥਿਕ ਦਬਾਵਾਂ ਦੀ ਦਖ਼ਲ-ਅੰਦਾਜ਼ੀ ਨੂੰ ਸਮਝਣ ਵੱਲ ਤੁਰਦਾ ਹੈ। ਇਸੇ ਸਥਿਤੀ 'ਚ ਘਰ ਦੀ ਸੰਸਥਾ 'ਚ ਦੁਖਾਂਤ ਭੋਗਦੇ ਉਸਦੇ ਮਰਦ ਤੇ ਔਰਤ ਕਿਰਦਾਰ ਆਪਣੀ ਪ੍ਰਮਾਣਿਕਤਾ ਦੀ ਤਲਾਸ਼ ਦੇ ਰਸਤੇ ਪੈਂਦੇ ਹਨ। ਇਸ ਸਥਿਤੀ ਵਿਚ ਉਹ ਵਿਆਹ ਬਾਹਰੇ ਕਾਮੁਕ ਸੰਬੰਧਾਂ ਵਿਚ ਪੈਂਦੇ ਹਨ। ਪਰਵਾਨੇ ਦੀ ਇਸ ਸੰਦਰਭ ਵਿਚ ਪੂਰਵ ਧਾਰਨਾ ਬਾਰੇ ਪਹਿਲਾਂ ਗੱਲ ਹੋਈ ਹੈ, ਕਿ ਉਸਦੇ ਮਰਦ ਪਾਤਰ ਜਦੋਂ ਬਾਹਰੀ ਕਾਮੁਕ ਸੰਬੰਧ ਹੰਢਾਉਂਦੇ ਹਨ ਤਾਂ ਉਹ ਅਗਾਂਹਵਧੂ ਵਿਹਾਰ ਵਜੋਂ ਪੇਸ਼ ਹੁੰਦੇ ਹਨ ਜਦਕਿ ਔਰਤਾਂ ਉੱਤੇ ਨੈਤਿਕ ਪ੍ਰਤਿਮਾਨ ਲੱਦੇ ਹੋਏ ਹਨ। ਇਸਦਾ ਕਾਰਨ ਮੇਰੀ ਜਾਚੇ ਉਸਦੀ ਸਮਾਜ/ਘਰ/ਵਰਗਾਂ ਦੀ ਵੰਡ ਬਾਰੇ ਸਿੱਧੜ ਪਹੁੰਚ ਹੈ, ਜੋ ਪੰਜਾਬੀ ਰਚਨਾਕਾਰੀ ਵਿਚ ਬੇਹਦ ਆਮ ਹੈ। ਚਾਹੇ ਜਮਾਤੀ ਵਰਗ ਹੋਣ ਜਾਂ ਸਮਾਜਕ ਜਾਂ ਲੈਂਗਿਕ ਵਰਗ ਵੰਡ ਦਾ ਇਹ ਤਰੀਕਾ ਬੇਹਦ ਸੌਖਾ ਹੈ। ਚਿੱਟੇ ਕਾਲੇ ਵਿਚ ਵੰਡ ਕੇ ਪਾਤਰਾਂ ਦੀ ਨਾਵਲ ਵਿਚ ਸਿਰਜਣਾ ਕਰਨ ਨਾਲ ਪਾਠਕ ਦੇ ਹਮਦਰਦੀ-ਘ੍ਰਿਣਾ ਦੇ ਭਾਵ ਪਾਠ ਨਾਲ ਫੌਰਨ ਜੁੜ ਜਾਂਦੇ ਹਨ। ਇਹ ਵੰਡ ਪ੍ਰਗਤੀਵਾਦੀ ਸਾਹਿਤ ਦਾ ਮਕਬੂਲ ਰੁਝਾਨ ਰਿਹਾ ਹੈ। ਪੀੜਤ ਤੇ ਪੀੜਾ ਦੇਣ ਵਾਲੇ ਵਿਚਕਾਰ ਸਿੱਧੀ ਵੰਡ ਨਾਲ ਆਰ-ਪਾਰ ਦੇ ਉਚਾਰ ਰਾਹੀਂ ਲੇਖਕ ਦੋਵਾਂ ਧਿਰਾਂ ਨੂੰ ਪੀੜਤ ਕਰਨ ਵਾਲੇ ਵਰਤਾਰੇ ਤੋਂ ਟੇਢ ਵੱਟ ਲੈਂਦਾ ਹੈ। ਇਸ ਨਾਵਲ ਵਿਚ ਵੀ ਹਰਿੰਦਰ ਦੇ ਦੁੱਖਾਂ ਦਾ ਕਾਰਨ ਪ੍ਰਿਯਾ ਨੂੰ ਠਹਿਰਾਉਣ ਦੀ ਰੁਚੀ ਉਸ ਸਮਾਜਿਕ ਵਿਹਾਰ ਨੂੰ ਓਹਲੇ ਕਰ ਦਿੰਦੀ ਹੈ, ਜਿਸਨੇ ਬੌਧਿਕ ਮਸ਼ਕ ਨੂੰ ਕਿਸੇ ਉਤਪਾਦਨੀ ਕਾਰਜ ਵਜੋਂ ਮਾਨਤਾ ਹੀ ਨਹੀਂ ਦਿੱਤੀ। ਇੱਥੋਂ ਤਕ ਕਿ ਦੋਵਾਂ ਦੇ ਸ਼ੌਂਕ, ਜ਼ਿੰਦਗੀ ਪ੍ਰਤੀ ਨਜ਼ਰੀਏ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚੋਂ ਲੇਖਕੀ ਸਮਤੋਲ ਪਹਿਲਾਂ ਨਿਰਧਾਰਤ ਪਾਸੇ ਵਲ ਝੁਕਦਾ ਹੈ। ਅਜਿਹਾ ਕਰਨ ਲਈ ਬਿਰਤਾਂਤ ਵਿਚ ਲੰਮੇ ਵੇਰਵੇ ਹਨ ਜੋ ਸ਼ਹਿਰੀਕਰਨ ਦੀ ਨਵੀਂ ਪ੍ਰਕਿਰਿਆ ਤੋਂ ਬਿਨਾਂ ਪਾਤਰਾਂ ਦੀ ਮਾਨਸਿਕ ਦਸ਼ਾ ਬਾਰੇ ਵੀ ਬਿਆਨੀਆ ਤਰਜ਼ ਵਿਚ ਲਿਖੇ ਹੋਏ ਹਨ।

ਬਲਬੀਰ ਪਰਵਾਨਾ ਦਾ ਇਹ ਨਾਵਲ ਪੜ੍ਹਦਿਆਂ ਪਾਠਕ ਕੋਲ ਆਪਣੀ ਟੈਕਸਟ ਸਿਰਜਣ ਦੀ ਗੁੰਜਾਇਸ਼ ਨਹੀਂ ਬਚਦੀ। ਲੇਖਕ ਦੇ ਕਹੇ ਤੇ ਯਕੀਨ ਕਰਕੇ ਪਾਠ ਦੇ ਆਭਾ-ਮੰਡਲ ਵਿਚ ਗਵਾਚ ਕੇ ਹੀ ਇਸ ਨਾਵਲ ਨੂੰ ਮਾਣਿਆ ਜਾ ਸਕਦਾ ਹੈ। ਜਿੱਥੇ ਵੀ ਪਾਠਕ ਮਿਥਿਆਸਕ ਇਤਿਹਾਸ, ਸਮਕਾਲ ਅਤੇ ਪਾਤਰਾਂ ਦੇ ਵਿਚਾਰਾਂ ਬਾਰੇ ਆਪਣੇ ਤਰਕਾਂ ਨਾਲ ਹਾਜ਼ਿਰ ਹੋਇਆ ਓਥੇ ਨਾਵਲੀ ਪਾਠ ਦੀ ਲੜੀ ਟੁੱਟੇਗੀ। ਇੰਜ ਇਸ ਨਾਵਲ ਨੂੰ ਸਮਕਾਲ ਦੇ ਗਲਪੀਕਰਨ ਦੇ ਪ੍ਰਵੇਗ ਦੇ ਇਕ ਪੜਾਅ ਵਜੋਂ ਸਮਝਿਆ ਜਾ ਸਕੇਗਾ। ਇਹ ਪ੍ਰਵੇਗ ਵਰਤਾਰਿਆਂ ਦੀ ਥਾਂ ਘਟਨਾਵਾਂ ਨੂੰ ਤੇ ਚਿੰਤਨੀ ਗਿਆਨ ਦੀ ਥਾਂ ਸੂਚਨਾ ਨੂੰ ਪ੍ਰਸਾਰਿਤ ਕਰਦਾ ਜਾਂਦਾ ਹੈ। ਨਾਵਲੀ ਬਿੰਬ ਵਿਚ ਸਮਕਾਲ ਦੀ ਪ੍ਰਮਾਣਿਕਤਾ ਦੀ ਤਲਾਸ਼ ਦੀ ਥਾਂ ਵਰਣਨ ਤੇ ਦੁਹਰਾਓ ਭਾਰੂ ਹੁੰਦਾ ਜਾਂਦਾ ਹੈ। ਸ਼ਾਇਦ ਹੁਣ ਲੰਮੇ ਸਮੇਂ ਤਕ ਸੋਚ ਕੇ ਨਾਵਲੀ ਪਾਠ ਦੀ ਸਿਰਜਣਾ ਦਾ ਦੌਰ ਨਹੀਂ ਰਿਹਾ 'ਜੰਗ ਤੇ ਅਮਨ' ਨੂੰ ਇਕ ਦਰਜਨ ਬਾਰ ਲਿਖੇ ਜਾਣ ਜਾਂ 'ਸੌ ਸਾਲ ਦੀ ਇਕੱਲਤਾ' ਨੂੰ ਸੋਚਣ ਤੇ ਲਾਏ ਗਾਰਸ਼ੀਆ ਦੇ ਅਠਾਰਾਂ ਸਾਲਾਂ ਦੀ ਗੱਲਾਂ ਹੁਣ ਕਿਤਾਬੀ ਤੇ ਗ਼ੈਰਵਿਹਾਰਕ ਲਗਦੀਆਂ ਹਨ। ਇਸ ਨਾਵਲ ਬਾਰੇ ਵੀ ਅਕਾਦਮਿਕ ਸਨਕ ਕੋਈ ਢੁਕਵਾਂ ਤਰਕ ਘੜ ਕੇ ਇਸਨੂੰ ਪੰਜਾਬੀ ਨਾਵਲ ਦੇ ਇਤਿਹਾਸ 'ਚ ਮਹਾਨਤਮ ਲਿਖਤ ਦੇ ਖਾਤੇ ਪਾ ਸਕਦੀ ਹੈ ਜਾਂ ਇਹ ਵੀ ਕਿਸੇ ਪਾਠਕ੍ਰਮ ਦਾ ਹਿੱਸਾ ਬਣ ਸਕਦਾ ਹੈ। ਪਰ ਇਸਦੇ ਬਾਵਜੂਦ ਲੇਖਕ ਨੂੰ ਖ਼ੁਦ ਨਿਰਪੱਖ ਹੋ ਕੇ ਆਪਣੀ ਰਚਨਾਕਾਰੀ ਦੇ ਪ੍ਰਵੇਗ ਵਲ ਪਿੱਛੇ ਦੇਖ ਕੇ ਅੱਗਾ ਵਿਉਂਤਣ ਦੀ ਲੋੜ ਮਹਿਸੂਸ ਹੁੰਦੀ ਹੈ।

**ਸੰਪਰਕ-94654-64502**



## ਪੰਜਾਬੀ ਸਮਾਜ 'ਚ ਜਟਿਲ ਮਸਲਿਆਂ ਨੂੰ 'ਸ਼ਰ੍ਹੇਆਮ' ਪੇਸ਼ ਕਰਦਾ ਕਜ਼ਾਕ ਦਾ ਕਥਾ ਸੰਗ੍ਰਹਿ /-ਡਾ. ਪਰਗਟ ਸਿੰਘ ਟਿਵਾਣਾ




ਕਿਰਪਾਲ ਕਜ਼ਾਕ ਪੰਜਾਬੀ ਦਾ ਬਹੁ-ਵਿਧਾਵੀਂ ਸਾਹਿਤਕਾਰ ਹੈ। ਉਸ ਦੀ ਕਲਮ ਇੱਕੋ ਸਮੇਂ ਕਈ ਵਿਧਾਵਾਂ 'ਚ ਨਿਰੰਤਰ ਕਾਰਜਸ਼ੀਲ ਹੈ ਜਿੱਥੇ ਉਹ ਉੱਘਾ ਖੋਜਕਾਰ ਹੈ, ਉੱਥੇ ਗਲਪ ਦੇ ਖੇਤਰ 'ਚ ਲੰਮੇ ਅਰਸੇ ਤੋਂ ਕਾਰਜਸ਼ੀਲ ਹੈ। 'ਕਾਲਾ ਇਲਮ', 'ਸੂਰਜਮੁਖੀ ਪੁੱਛਦੇ ਨੇ', 'ਅੱਧਾ ਪੁਲ', 'ਹੁੰਮਸ਼', 'ਅੰਤਹੀਣ' ਕਹਾਣੀ ਸੰਗ੍ਰਹਿਆਂ ਰਾਹੀਂ ਉਹ ਪੰਜਾਬੀ ਕਥਾ-ਸਾਹਿਤ 'ਚ ਭਰਵੀਂ ਹਾਜ਼ਰੀ ਹੀ ਨਹੀਂ ਲਗਵਾ ਚੁੱਕਾ ਸਗੋਂ ਬਦਲਦੇ ਸਮੇਂ ਅਨੁਸਾਰ ਜਟਿਲ ਹੁੰਦੇ ਸਮਾਜ ਨੂੰ ਆਪਣੀ ਕਹਾਣੀ 'ਚ ਲਗਾਤਾਰ ਚਿਤਰ ਰਿਹਾ ਹੈ। ਕਜ਼ਾਕ ਨੂੰ ਕਿਸੇ ਖਾਸ ਪੀੜ੍ਹੀ, ਧਾਰਾ ਅਤੇ ਖਾਸ ਵਰਗ ਦੇ ਕਹਾਣੀਕਾਰ ਦੇ ਤੌਰ ਤੇ ਕਿਸੇ ਖਾਸ ਵਲਗਣ 'ਚ ਨਹੀਂ ਬੰਨਿਆ ਜਾ ਸਕਦਾ। ਉਹ ਪੰਜਾਬੀ ਕਥਾ-ਸਾਹਿਤ 'ਚ ਦੂਜੀ, ਤੀਜੀ ਪੀੜ੍ਹੀ ਤੋਂ ਲਗਾਤਾਰ ਕਹਾਣੀ ਸਿਰਜਣਾ ਹੀ ਨਹੀਂ ਕਰ ਰਿਹਾ ਸਗੋਂ ਚੌਥੇ ਪੋਚ ਦੇ ਕਹਾਣੀਕਾਰਾਂ ਨਾਲ ਵਰ ਮੇਚ ਕੇ ਕਹਾਣੀ ਲਿਖ ਰਿਹਾ ਹੈ। ਕਿਰਪਾਲ ਕਜ਼ਾਕ ਪੰਜਾਬੀ ਕਹਾਣੀ ਦਾ ਉਹ ਸ਼ਾਹ ਸਵਾਰ ਹੈ ਜਿਸਨੇ ਪੰਜਾਬੀ ਰਹਿਤਲ, ਸਮਾਜਿਕ ਸਮੱਸਿਆਵਾਂ, ਰਿਸ਼ਤਿਆਂ ਦੇ ਤਾਣੇ-ਬਾਣੇ, ਜਗੀਰਦਾਰੀ ਸਮਾਜ ਦੀਆਂ ਵਲਗਣਾਂ, ਨਵੀਂ ਪੀੜ੍ਹੀ ਦੇ ਸੁਪਨਿਆਂ ਦੀ ਉਡਾਰੀ ਨੂੰ ਨਵੇਂ ਜ਼ਾਵੀਏ ਤੋਂ ਪੇਸ਼ ਕੀਤਾ ਹੈ। ਖਾਸ ਤੌਰ ਤੇ ਨਵ-ਪੂੰਜੀਵਾਦੀ ਸਿਸਟਮ ਕਾਰਨ ਪੰਜਾਬੀ ਸਮਾਜ ਸੱਭਿਆਚਾਰ ਵਿੱਚ ਉਤਪੰਨ ਹੋਏ ਨਵੇਂ ਜਟਿਲ ਮਸਲਿਆਂ ਨੂੰ ਬਾਖ਼ੂਬੀ ਆਪਣੀ ਕਥਾ ਸਾਹਿਤ ਦਾ ਮਰਕਜ਼ ਬਣਾਉਂਦਾ ਹੈ। ਪੂੰਜੀਵਾਦ ਨੇ ਪੰਜਾਬੀ ਸਮਾਜ ਸਭਿਆਚਾਰ ਨੂੰ ਇੱਕ ਨਵੀਂ ਦਿਸ਼ਾ ਤੇ ਦ੍ਰਿਸ਼ਟੀਕੋਣ ਦਿੱਤਾ ਹੈ। ਇਸ ਨੇ ਪੰਜਾਬੀ ਸਮਾਜ ਦੇ ਸਰਲ ਸਧਾਰਣ ਜੀਵਨ ਢੰਗ ਨੂੰ ਬਦਲ ਇੱਕ ਨਵਾਂ ਉਪਭੋਗਤਾਵਾਦੀ ਕਲਚਰ, ਅੰਨ੍ਹੀ ਕਾਮ ਚੇਸ਼ਟਾ, ਔਰਤ ਜਿਨਸੀ ਸ਼ੋਸ਼ਣ ਤੇ ਨਿੱਜਮੁੱਖੀ ਸੋਚ ਦਿੱਤੀ ਹੈ। ਜਿਸ ਕਾਰਣ ਪੰਜਾਬੀ ਬੰਦੇ 'ਚੋਂ ਕਿਤੇ ਨਾ ਕਿਤੇ ਮਨੁੱਖਤਾ ਖੁਰਦੀ ਦਿਖਾਈ ਦਿੰਦੀ ਹੈ। ਇਸ ਦੇ ਭਾਵੇਂ ਆਰਥਿਕ ਜਾਂ ਅਨੇਕਾਂ ਹੋਰ ਕਾਰਣ ਹੋ ਸਕਦੇ ਹਨ ਪਰ ਮਨੁੱਖ ਦੀ ਇਹ ਰੁਚੀ ਉਸ ਨੂੰ ਖਬਤ ਰੋਗ ਵੱਲ ਲੈ ਕੇ ਜਾ ਰਹੀ ਹੈ। ਜਿਸ ਦੇ ਅਨੇਕਾਂ ਵੇਰਵੇ ਕਿਰਪਾਲ ਕਜ਼ਾਕ ਦੇ ਇਸ ਨਵੇਂ ਕਹਾਣੀ ਸੰਗ੍ਰਹਿ **'ਸ਼ਰ੍ਹੇਆਮ'** (**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ**: 200, **ਪੰਨੇ**: 128, **ਸਾਲ**: 2018) ਚ ਦਰਜ ਹਨ। ਸੰਗ੍ਰਹਿ 'ਚ ਕੁੱਲ 8 ਕਹਾਣੀਆਂ ਦਰਜ ਹਨ। ਇਹ ਕਹਾਣੀਆਂ ਵਿਭਿੰਨ ਵਿਸ਼ਿਆਂ ਨੂੰ ਆਪਣੇ ਕਲੇਵਰ ਵਿੱਚ ਸਮੇਟਦੀਆਂ ਹਨ। ਮਨੁੱਖ ਦੀ ਹੋਂਦ ਅਤੇ ਹੋਣੀ, ਔਰਤ ਦਾ ਸਵੈ-ਮਾਣ, ਲੋੜਾਂ, ਔਰਤ ਦੇ ਵਿਭਿੰਨ ਰੂਪਾਂ ਦੇ ਮਾਰਮਿਕ ਵੇਰਵੇ ਇਹਨਾਂ ਕਹਾਣੀਆਂ ਦਾ ਕੇਂਦਰ ਬਿੰਦੂ ਬਣਦੇ ਹਨ।

ਪੂੰਜੀਵਾਦ ਨੇ ਮਨੁੱਖ ਨੂੰ ਜਿਸ ਮੈਂ ਮੁਖੀ ਸੋਚ ਦਾ ਧਾਰਣੀ ਬਣਾਇਆ ਹੈ ਉਸ ਦਾ ਸਭ ਤੋਂ ਮਾੜਾ ਪ੍ਰਭਾਵ ਰਿਸ਼ਤਿਆਂ ਖਾਸ ਤੌਰ ਤੇ ਮਾਂ-ਬਾਪ ਪ੍ਰਤੀ ਔਲਾਦ ਦੀ ਪਰੰਪਰਾਗਤ ਸਤਿਕਾਰਤ ਸੋਚ ਤੋਂ ਥਿੜਕਣਾ

ਹੈ। ਜਿਸ ਸਦਕਾ ਰਿਸ਼ਤਿਆਂ ਦਾ ਤਾਣਾ-ਬਾਣਾ ਉਲਝ ਹੀ ਨਹੀਂ ਰਿਹਾ ਸਗੋਂ ਰਿਸ਼ਤੇ ਖੁਰ ਰਹੇ ਹਨ। 'ਚਿੱਬ' ਕਹਾਣੀ ਦਾ 'ਦੀਨਾ ਨਾਥ' ਸਾਰੀ ਉਮਰ ਚੰਗੇ ਅਧਿਆਪਕ ਵਜੋਂ ਕਾਰਜ ਕਰਦਾ ਆਪਣੀ ਔਲਾਦ ਦੀ ਚੰਗੀ ਪਰਵਰਿਸ਼ ਕਰਦਾ ਹੈ। ਪਰ ਉਮਰ ਦੇ ਆਖਰੀ ਪੜਾਅ ਤੇ ਆ ਉਸਨੂੰ ਤੇ ਉਸਦੀ ਪਤਨੀ ਭਾਗਵੰਤੀ ਨੂੰ ਪੁੱਤਰ ਆਪਸ 'ਚ ਵੰਡ ਆਪਣੀਆਂ ਲੋੜਾਂ/ਜ਼ਰੂਰਤਾਂ ਅਨੁਸਾਰ ਵਰਤਦੇ ਹੀ ਨਹੀ ਸਗੋਂ ਬੱਦ ਤੋਂ ਬੱਦਤਰ ਜ਼ਿੰਦਗੀ ਜਿਉਣ ਲਈ ਮਜ਼ਬੂਰ ਕਰਦੇ ਹਨ। 'ਦੀਨਾ ਨਾਥ' ਨੂੰ ਜਦੋਂ ਉਸ ਦਾ ਪੁੱਤਰ ਮੱਦੀ ਬਿਰਧ ਆਸ਼ਰਮ 'ਚ ਛੱਡਣ ਦੀ ਗੱਲ ਤੋਰਦਾ ਹੈ ਤਾਂ ਉਹ ਆਪ ਹੀ ਘਰ ਛੱਡ ਭਾਗਵੰਤੀ ਨੂੰ ਪਾਰਕ 'ਚ ਮਿਲਣ ਲਈ ਬੁਲਾਉਂਦਾ ਤੇ ਜ਼ਿੰਦਗੀ ਦੇ ਅਗਲੇਰੇ ਸਫ਼ਰ ਦੀ ਸ਼ੁਰੂਆਤ ਕਰਣ ਬਾਰੇ ਵਿਚਾਰ ਕਰਦਾ ਹੈ। ਦੀਨਾ ਨਾਥ ਤੇ ਭਾਗਵੰਤੀ ਦੇ ਪਾਰਕ ਵਿਚਲੇ ਨਿਮਨਲਿਖਤ ਬੋਲ ਸਾਡੇ ਸਮਾਜ ਵਿਚਲੇ ਬਜ਼ੁਰਗਾਂ ਦੀ ਹੋਣੀ ਦੀ ਬਾਤ ਪਾਉਂਦੇ ਹਨ। "ਆਈਥੇ ਈ ਮਾਰ ਖਾ ਗਏ ਭਾਗੀਏ ਆਪਾਂ। ਪਹਿਲਾਂ ਤਾਂ ਬੋਲਨੇ ਹੀ ਨਹੀਂ" ਬੋਲਦੇ ਆਂ ਤਾਂ ਕੋਈ ਸੁਣਦਾ ਨਹੀਂ"[1] ਬਹੁਤੀ ਪੰਜਾਬੀ ਕਹਾਣੀ ਹੁਣ ਦੇ ਸਮਾਜ 'ਚ ਬਜ਼ੁਰਗਾਂ ਦੀ ਤਰਸਯੋਗ ਹਾਲਤ ਦਾ ਰੁਦਨ ਹੀ ਪੇਸ਼ ਕਰਦੀ ਹੈ। ਉੱਥੇ ਕਜ਼ਾਕ ਆਪਣੀ ਕਹਾਣੀ 'ਚ ਬਿਰਧ/ਬਜ਼ੁਰਗਾਂ ਨੂੰ ਅਜਿਹੀਆਂ ਕਰੂਰ ਪ੍ਰਸਥਿਤੀਆਂ 'ਚੋਂ ਨਿਕਲ ਆਪਣੇ ਨਿਵੇਕਲੇ ਰਸਤੇ ਅਖਤਿਆਰ ਕਰਨ ਤੇ ਸਾਹਸੀ ਕਦਮ ਪੁੱਟਣ ਵੱਲ ਤੋਰਦਾ ਹੈ।

ਪੀੜ੍ਹੀ ਪਾੜਾ ਹਰ ਯੁੱਗ/ਦੌਰ ਵਿੱਚ ਰਿਹਾ ਹੈ ਪਰ ਹੁਣ ਦੇ ਦੌਰ ਵਿੱਚ ਇਹ ਪਾੜ੍ਹਾ ਤੇਜ਼ੀ ਨਾਲ ਵੱਧ ਰਿਹਾ ਹੈ ਵੱਡਿਆਂ ਪ੍ਰਤੀ ਸਤਿਕਾਰ, ਸਾਂਝ, ਪਿਆਰ ਨਵੀਂ ਪੀੜ੍ਹੀ ਦੇ ਸੰਸਕਾਰਾਂ ਚ ਘੱਟ ਰਿਹਾ ਹੈ। 'ਉਡੀਕ' ਕਹਾਣੀ ਦੀ ਗੁਰਾਂਦੇਈ ਜਿਸ ਨੇ ਲੰਮੇ ਜੀਵਨ ਸੰਘਰਸ਼ 'ਚ ਪਰਿਵਾਰ ਨੂੰ ਪੈਰਾਂ ਸਿਰ ਕਰਨ ਲਈ ਸਖਤ ਮਿਹਨਤ ਕੀਤੀ। ਉਹ ਉਮਰ ਦੇ ਆਖਰੀ ਪੜਾਅ ਉੱਤੇ ਪਹੁੰਚ ਕੇ ਜਦੋਂ ਮੰਜੇ ਉੱਪਰ ਪੈ ਮੌਤ ਨੂੰ ਉਡੀਕਣ ਲੱਗਦੀ ਹੈ ਤਾਂ ਪੋਤੇ ਪੋਤੀਆਂ ਉਸਦੀ ਮੌਤ ਨੂੰ ਉਡੀਕਦੇ ਹਨ ਤੇ ਮਰਨ ਉਪਰੰਤ ਅਗਲੀਆਂ ਰਸਮਾਂ ਦੀਆਂ ਤਿਆਰੀਆਂ ਵਿੱਢ ਦਿੰਦੇ ਹਨ ਪਰ ਪੁੱਤਰ ਸੁੱਚਾ ਸਿੰਹੁ ਜਦੋਂ ਦੇਖਦਾ ਹੈ ਕਿ ਬੇਬੇ ਨੇ ਪਾਸਾ ਪਰਤਿਆ ਹੈ ਤਾਂ ਉਹ ਹੈਰਾਨ ਹੀ ਨਹੀਂ ਹੁੰਦਾ ਸਗੋਂ ਉਸਦੀ ਭੁੱਬ ਨਿਕੱਲ ਜਾਂਦੀ ਹੈ। ਇੱਥੇ ਕਹਾਣੀਕਾਰ ਮਨੁੱਖ ਅੰਦਰਲੀ ਮੁਹੱਬਤ, ਸਾਂਝ ਦੀ ਉਸ ਕੜੀ ਨੂੰ ਪੇਸ਼ ਕਰਦਾ ਹੈ ਜੋ ਬਦਲੇ ਸਮੇਂ ਕਾਰਣ ਅਗਲੀ ਪੀੜ੍ਹੀ ਲਈ ਕਮਜ਼ੋਰ ਤਾਂ ਹੋਈ ਹੈ ਪਰ ਸਾਂਝ ਦੀ ਇਹ ਕੜੀ ਪੂਰੀ ਤਰ੍ਹਾਂ ਟੁੱਟੀ ਨਹੀਂ।

'ਮਿੱਟੀ ਦਾ ਮਾਧੋ' ਕਹਾਣੀ ਰਾਹੀਂ ਕਹਾਣੀਕਾਰ ਪੇਂਡੂ ਬੰਦੇ ਦੀ ਜੀਵਨ ਜਾਂਚ ਦੇ ਸਮਵਿੱਥ ਸ਼ਹਿਰੀ ਸੱਭਿਅਤਾ ਦੀਆਂ ਕਦਰਾਂ ਕੀਮਤਾਂ ਨੂੰ ਟਕਰਾਊ ਰਾਹੀਂ ਮੂਰਤੀਮਾਨ ਕਰਦਾ ਹੈ। ਲੇਖਕ ਸ਼ਹਿਰ ਦੀ ਜੀਵਨ ਜਾਂਚ ਨੂੰ ਬਿਆਨ ਕਰਦਾ ਹੈ ਜੋ ਨੈਤਿਕ ਅਤੇ ਮਾਨਵਵਾਦੀ ਪੁਰਾਤਨ ਮੁੱਲ ਵਿਧਾਨ ਨੂੰ ਨਕਾਰਦੀ ਹੈ। ਲੇਖਕ ਸਿਰੜੀ, ਦਲੇਰ, ਬੇ-ਬਾਕ ਮਿਹਨਤੀ ਪੇਂਡੂ ਵਿਅਕਤੀ ਦੀ ਸ਼ਹਿਰੀ ਸੱਭਿਅਤਾ ਖਾਸ ਤੌਰ ਤੇ ਇੱਥੋਂ ਦੇ ਨੌਕਰੀ ਪੇਸ਼ੇ 'ਚ ਘੱਟ ਰਸਾਈ ਨੂੰ ਬਿਆਨ ਕਰਦਾ ਹੈ। ਇਹ ਲੋਕ ਨਿੱਜ ਤੋਂ ਪਾਰ ਲੋਕਾਈ ਸਰਬੱਤ ਦੇ ਭਲੇ ਲਈ ਕੰਮ ਕਰਨ ਦੇ ਆਦੀ ਤੇ ਸਖਤ ਚਟਾਨ ਵਾਂਗ ਸਮੱਸਿਆਵਾਂ ਦਾ ਸਾਹਮਣਾ ਕਰਨ ਵਾਲੇ ਹੁੰਦੇ ਹਨ। ਮਿੱਟੀ ਦਾ ਮਾਧੋ ਕਹਾਣੀ ਦਾ ਛੱਜੂ ਜਦੋਂ ਸੱਪ ਲੜਨ ਨਾਲ ਮਰ ਜਾਂਦਾ ਹੈ ਤਾਂ ਉਸ ਦੇ ਪੁੱਤਰ ਮਾਧੋ ਨੂੰ ਤਰਸ ਅਧਾਰਿਤ ਨੌਕਰੀ ਤਾਂ ਮਿਲ ਜਾਂਦੀ ਹੈ ਪਰ ਦਫ਼ਤਰਾਂ ਦੀਆਂ ਵੱਖ-ਵੱਖ ਯੂਨੀਅਨਾਂ ਦੇ ਲੀਡਰ, ਵਿਭਾਗਾਂ ਦੇ ਅਧਿਕਾਰੀਆਂ ਅਤੇ ਆਮ ਮੁਲਾਜ਼ਮਾਂ ਦਾ ਰਵੱਈਆ ਉਸ ਪ੍ਰਤੀ ਈਰਖਾ, ਸਾੜੇ ਤੇ ਨਫ਼ਰਤ ਵਾਲਾ ਹੀ ਰਹਿੰਦਾ ਹੈ। ਇਸ ਦਾ ਕਾਰਨ ਉਸ ਦਾ ਹੱਕ ਸੱਚ ਤੇ ਪਹਿਰਾ ਦੇਣਾ ਤੇ ਬੇਬਾਕ ਹੋਣਾ ਹੈ। ਇਨਸਾਨੀਅਤ ਦੇ ਗੁਣਾਂ ਦਾ ਧਾਰਨੀ ਹੋਣਾ ਅਤੇ ਬਿਨਾ ਕਿਸੇ ਨਿੱਜੀ ਮੁਫ਼ਾਦਾਂ ਤੋਂ ਮੁਕਤ ਤੇ ਬਿਨਾਂ ਭੇਦ-ਭਾਵ ਤੋਂ ਹਰੇਕ ਦੇ ਦੁੱਖ-ਸੁੱਖ 'ਚ ਸ਼ਰੀਕ ਹੋਣਾ ਤੇ ਲੋੜ ਪੈਣ ਵੇਲੇ ਉਸ ਨਾਲ ਖੜਨਾ ਮਾਧੋ ਦੇ ਸੁਭਾਅ ਦਾ ਅਹਿਮ ਅੰਗ ਹੈ ਜੋ



ਉਸ ਨੂੰ ਸਤਿਕਾਰ ਤਾਂ ਬਖਸ਼ਦਾ ਹੈ ਪਰ ਹਾਊਮੈ ਗ੍ਰਸਤ ਅਧਿਕਾਰੀਆਂ ਲਈ ਉਸ ਦਾ ਰਵੱਈਆ ਸੱਪ ਦੇ ਮੂੰਹ ਕੋਹੜ ਕਿਰਲੀ ਵਾਲਾ ਬਣ ਜਾਂਦਾ ਹੈ। ਪਹਿਲਾਂ ਤਾਂ ਅਧਿਕਾਰੀਆਂ ਦੁਆਰਾ ਅਵਾਰਾ ਕੁੱਤਿਆਂ ਨੂੰ ਮਾਰਨ ਦੇ ਹੁਕਮ ਨੂੰ ਰੋਕਣ ਲਈ ਉਹ ਸੰਘਰਸ਼ ਕਰਦਾ ਜਿੱਤ ਪ੍ਰਾਪਤ ਕਰਦਾ ਹੈ। ਜਿਸ ਨੂੰ ਅਫ਼ਸਰਸ਼ਾਹੀ ਹੱਤਕ ਮੰਨਦੀ ਹੈ ਤੇ ਉਸ ਤੋਂ ਬਾਅਦ ਤ੍ਰਿਵੈਣੀ (ਝਿੜੀ) ਨੂੰ ਕੱਟਣ ਦੇ ਮੁੱਦੇ ਨੂੰ ਲੈ ਕੇ ਉਹ ਸੰਘਰਸ਼ ਕਰਦਾ ਹੈ ਤੇ ਜਿੱਤ ਪ੍ਰਾਪਤ ਕਰਦਾ ਹੈ। ਕਹਾਣੀਕਾਰ ਇੱਕ ਸਧਾਰਣ ਪਰ ਬੇਹਤਰੀਨ ਇਨਸਾਨ ਨੂੰ ਕਹਾਣੀ ਦਾ ਨਾਇਕ ਬਣਾਉਂਦਾ ਹੈ ਜੋ ਅਜੋਕੇ ਯੁੱਗ 'ਚ ਗਿਣਤੀ 'ਚ ਤਾਂ ਭਾਵੇਂ ਘੱਟ ਹਨ ਪਰ ਹਨ ਬਾਕਮਾਲ। ਇਹ ਮਿੱਟੀ ਦੇ ਜਾਏ ਮਿੱਟੀ ਨਾਲ ਜੁੜੇ ਇਨਸਾਨ ਹਨ ਜਿਨ੍ਹਾਂ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਜਿਨ੍ਹਾਂ ਨੂੰ ਪੁੱਟਣਾ ਤਾਂ ਦੂਰ ਅਸਾਨੀ ਨਾਲ ਹਿਲਾਇਆ ਵੀ ਨਹੀਂ ਜਾ ਸਕਦਾ।

ਪਰੰਪਰਾਗਤ ਰੂੜੀਗਤ ਤੇ ਜਾਗੀਰਦਾਰੀ ਖ਼ਾਸੇ ਵਾਲੇ ਸਮਾਜ 'ਚ ਮਰਦਾਵੀਂ ਹਾਉਮੈਂ ਗ੍ਰਸਤ ਸੋਚ ਕਾਰਣ ਧੀਆਂ ਧਰੇਕਾਂ ਦੀਆਂ ਨਿੱਜੀ ਖਵਾਇਸ਼ਾਂ, ਸੁਪਨੇ ਹੀ ਤਰੋੜ ਮਰੋੜ ਨਹੀਂ ਹੁੰਦੇ ਸਗੋਂ ਕਈ ਵਾਰ ਅੜਬਪੁਣੇ ਦੀਆਂ ਹੱਦਾਂ ਟੱਪਦੇ ਇਨਸਾਨ ਖਾਨਦਾਨ ਦੇ ਉਜਾੜੇ ਤੱਕ ਵੀ ਉੱਤਰ ਆਉਂਦੇ ਹਨ 'ਆਪਣੇ-ਆਪਣੇ ਸੂਰਜ" ਕਹਾਣੀ 'ਚ ਭੂਰਾ ਸਿੰਘ ਮਾਨ ਦੀ ਵੱਡੀ ਕੁੜੀ ਗੁਰਮੀਤ ਦਾ ਜਵੰਧੇ ਦੇ ਪੁੱਤਰ ਦਿਲਬਾਗ ਨਾਲ ਵਿਆਹ ਹੋ ਜਾਂਦਾ ਹੈ। ਦਿਲਬਾਗ ਜ਼ਮੀਨ ਦਾ ਕਬਜ਼ਾ ਲੈਣ ਗਿਆ ਮਾਰਿਆ ਜਾਂਦਾ ਹੈ ਤਾਂ ਗੁਰਮੀਤ ਛੋਟੇ ਸ਼ੀਸ਼ੂ ਦੇ ਲੜ ਲਾ ਦਿੱਤੀ ਜਾਂਦੀ ਹੈ। ਸ਼ੀਸ਼ੂ ਆਪਣੀਆਂ ਬੇ-ਹੁਦਰੀਆਂ ਤੇ ਵੈਲੀ ਸੁਭਾਅ ਦਾ ਮਾਲਕ ਹੈ ਜੋ ਗੁਰਮੀਤ ਦੀ ਛੋਟੀ ਭੈਣ ਰਾਣੋ ਨਾਲ ਵਿਆਹ ਕਰਵਾ ਭੂਰਾ ਸਿੰਘ ਦੀ ਜਾਇਦਾਦ ਹੜੱਪਣਾ ਚਾਹੁੰਦਾ ਹੈ ਪਰ ਰਾਣੋ ਜਦੋਂ ਇਸ ਰਿਸ਼ਤੇ ਤੋਂ ਇਨਕਾਰ ਕਰ ਦਿੰਦੀ ਹੈ ਤਾਂ ਉਹ ਉਸ ਨੂੰ ਗੋਲੀ ਮਾਰ ਕੇ ਮਾਰ ਦਿੰਦਾ ਹੈ। ਭੂਰਾ ਸਿੰਘ ਮਾਨ ਸ਼ੀਸ਼ੂ ਦਾ ਕਤਲ ਕਰਕੇ ਬਦਲਾ ਲੈ ਲੈਂਦਾ ਹੈ। ਲੇਖਕ ਦੁਸ਼ਮਣੀ, ਬਦਲਾ, ਅਣਖ ਦੇ ਨਾਂ ਤੇ ਹੁੰਦੀ ਕਤਲੋਗਾਰਤ ਦੇ ਕਈ ਦ੍ਰਿਸ਼ ਉਸਾਰਦਾ ਹੈ। ਭੂਰਾ ਸਿੰਘ ਦਾ ਨੌਕਰ ਛੱਜੂ ਰਾਣੋ ਨਾਲ ਧੀ ਵਾਲੀ ਸਾਂਝ ਰੱਖਦਾ ਹੈ। ਰਾਣੋ ਦੀ ਮੌਤ ਉਪਰੰਤ ਉਸ ਦਾ ਦਹੇਜ ਵਾਲਾ ਸਾਰਾ ਤਿਆਰ ਸਮਾਨ ਭੂਰਾ ਸਿੰਘ ਛੱਜੂ ਨੂੰ ਚੁੱਕਾ ਦਿੰਦਾ ਹੈ ਤਾਂ ਉਸ ਦਾ ਰੁਖ ਹੋਰ ਹੋ ਜਾਂਦਾ ਹੈ। ਉਹ ਸਮਾਨ ਚੁੱਕਣ ਉਪਰੰਤ ਭੂਰਾ ਸਿੰਘ ਦੇ ਘਰ ਪਈ ਪੇਟੀ ਨੂੰ ਆਪਣੇ ਘਰ ਲਿਜਾਉਣ ਬਾਰੇ ਵੀ ਸੋਚਣਾ ਸ਼ੁਰੂ ਕਰ ਦਿੰਦਾ ਹੈ। ਲੇਖਕ ਅਣਖ ਇੱਜ਼ਤ ਦੇ ਮਸਲੇ ਉਭਾਰਦਾ ਹੈ ਉੱਥੇ ਰੋਟੀ ਤੇ ਆਰਥਿਕ ਲੋੜਾਂ ਕਿਵੇਂ ਬੰਦੇ ਨੂੰ ਖੁਦਗਰਜ਼ ਬਣ ਦਿੰਦੀਆਂ ਹਨ ਤੇ ਬੰਦਾ ਆਪਣੀ ਸਾਂਝ ਵਾਲੇ ਮੂਲ ਖ਼ਾਸੇ ਤੋਂ ਟੁੱਟਦਾ ਦਿਖਾਈ ਦਿੰਦਾ ਹੈ।

ਸਾਡੇ ਸਮਾਜਕ ਸਿਸਟਮ ਵਿਚਲਾ ਵਿਆਹ ਪ੍ਰਬੰਧ ਰਿਸ਼ਤਿਆਂ ਨੂੰ ਇੱਕ ਬੰਧੇਜ 'ਚ ਬੰਨਣ ਦਾ ਕਾਰਜ ਕਰਦਾ ਹੈ ਪਰ ਮਨੁੱਖ (ਆਦਮੀ) ਕਈ ਵਾਰ ਆਪਣੀ ਪਸੰਦ ਦੀ ਔਰਤ ਨਾਲ ਵਿਆਹ ਕਰਵਾਉਣ ਉਪਰੰਤ ਵੀ ਹੋਰ ਔਰਤ ਦੇ ਜਿਸਮ ਪ੍ਰਤੀ ਖਿੱਚ ਰੱਖਦਾ ਹੈ। ਮਨੋਵਿਗਿਆਨ ਅਨੁਸਾਰ ਵਿਰੋਧੀ ਜੈਂਡਰ ਪ੍ਰਤੀ ਰੁਚੀ ਤਾਂ ਸੁਭਾਵਕ ਹੈ ਪਰ ਜਦੋਂ ਮਨੁੱਖ ਆਪਣੀ ਪਸੰਦ ਦੀ ਪਤਨੀ ਦੀ ਮੌਤ ਨੂੰ ਉਡੀਕਦਾ ਆਪਣੀ ਸਾਲੀ ਤੇ ਅੱਖ ਰੱਖਦਾ ਹੈ ਤਾਂ ਰਿਸ਼ਤੇ ਤਿੜਕਦੇ ਹਨ। 'ਚਿੱਤਰ ਗੁਪਤ' ਕਹਾਣੀ ਵਿਚਲਾ ਗੁਰੀਆ ਆਪਣੀ ਪਸੰਦ ਦੀ ਨੀਲੂ ਨਾਲ ਵਿਆਹ ਕਰਵਾਉਂਦਾ ਹੈ। ਨੀਲੂ ਦੇ ਕੈਂਸਰ ਦਾ ਆਖਰੀ ਸਟੇਜ ਤੇ ਹੋਣਾ ਅਤੇ ਧੀ ਪਿੰਕੀ ਦੇ ਪਾਲਣ ਪੋਸ਼ਣ ਦੇ ਬਹਾਨੇ ਗੁਰੀਆ ਆਪਣੀ ਸਾਲੀ ਸੱਤੀ ਨੂੰ ਆਪਣੇ ਘਰ ਲੈ ਆਉਣ ਦੇ ਮਨਸੂਬੇ ਘੜਦਾ ਹੈ। ਪਰ ਮਾਂ ਦੀ ਧੀ ਨਾਲ ਜੋ ਆਂਦਰ ਦੀ ਸਾਂਝ ਹੈ ਉਹ ਉਸ ਸਮੇਂ ਸਾਹਮਣੇ ਆਉਂਦੀ ਹੈ ਜਦੋਂ ਸੱਤੀ ਦੀ ਮਾਂ ਗੁਰੀਏ ਦੀ ਇਸ ਚਾਲ ਨੂੰ ਸਮਝਦੀ ਸੱਤੀ ਨੂੰ ਗੁਰੀਏ ਨਾਲ ਤੋਰਨ ਤੋਂ ਇਨਕਾਰ ਕਰਦੀ ਨਿਮਨ ਲਿਖਤ ਬੋਲ ਉਚਾਰਦੀ ਹੈ:-

"ਕੁੱਤਿਆ ! ਹਰ ਬੰਦੇ ਦੇ ਐਥੇ ਬੈਠੇ ਹੁੰਦੇ ਐ ਜਮ। ਚਿਤਰ ਤੇ ਗੁਪਤ। ਜਿਹੜੇ ਪਾਪ ਲਿਖਦੇ ਐ ਬੰਦੇ

ਦੇ।ਪਰ ਮਾਂ ਦੇ ਮੋਢਿਆਂ ਤੇ ਨਹੀਂ ਬੈਠਦੇ।ਨਾਲ-ਨਾਲ ਰਹਿੰਦੇ ਐ ਹਵਾ 'ਚ।ਪਲ-ਪਲ ਦੀ ਖ਼ਬਰ ਦਿੰਦੇ ਐ ਮਾਂ ਦੀ ਆਂਦਰ ਨੂੰ ।"[2]

'ਪਿਆਦੇ' ਕਹਾਣੀ 'ਚ ਕਹਾਣੀਕਾਰ ਨੇ ਪੰਜਾਬ ਦੇ ਸਮਾਜ ਸੱਭਿਆਚਾਰ 'ਚ ਗੈਰ ਜ਼ਮੀਨੇ ਜੱਟਾਂ ਦੇ ਸਮਾਜ-ਸੱਭਿਆਚਾਰਕ, ਮਾਨਸਿਕ ਸੰਕਟਾਂ ਨੂੰ ਮੂਰਤੀਮਾਨ ਕੀਤਾ ਹੈ।ਕਹਾਣੀ ਦਾ ਮੁੱਖ ਪਾਤਰ ਪਿਉਂ ਦੀਆਂ ਅਵੈੜੀਆਂ ਆਦਤਾਂ ਕਾਰਨ ਜ਼ਮੀਨ-ਜਾਇਦਾਦ ਤੋਂ ਹੱਥ ਧੋ ਬੈਠਦਾ ਹੈ।ਉਹ ਬੇ-ਜ਼ਮੀਨੇ ਜੱਟ ਦੇ ਦਾਗ ਨੂੰ ਧੋਣ ਲਈ ਨਚਾਰ ਬਣ ਚਾਰ ਸਿਆੜ ਤਾਂ ਖਰੀਦ ਲੈਂਦਾ ਹੈ ਪਰ ਪੁੱਤਰ ਦੇ ਵਿਆਹ 'ਚ ਉਸ ਦਾ ਨਚਾਰ ਹੋਣਾ ਵਾਰ-ਵਾਰ ਰੋੜਾ ਬਣਦਾ ਹੈ।ਅੰਤ ਉਪਰ ਪੁੱਤਰ ਦਰਸ਼ੂ ਦਾ ਵਿਆਹ ਬਿੰਦਰੋਂ ਮਾਸੀ ਰਾਹੀਂ ਰੱਤੋ ਨਾਲ ਹੋ ਜਾਂਦਾ ਹੈ ਪਰ ਉਹ ਵੀ ਉਸਦੇ ਪਿਉ ਦੇ ਨਚਾਰ ਹੋਣ ਨੂੰ ਹਥਿਆਰ ਬਣਾ ਦਰਸ਼ੂ ਨੂੰ ਵਰਤਣਾ ਚਾਹੁੰਦੀ ਹੈ।'ਲਾਜ਼ਮਾ' ਕਹਾਣੀ 'ਚ ਲੇਖਕ ਅਜੋਕੇ ਸਮਾਜ-ਸਭਿਆਚਾਰ 'ਚ ਔਰਤ ਦੀ ਦੁਜੈਲੀ ਸਥਿਤੀ ਅਤੇ ਖ਼ਪਤ ਸਭਿਆਚਾਰ ਦੀ ਅੰਨੀ ਦੌੜ 'ਚ ਪਰਿਵਾਰਕ ਜ਼ਿੰਦਗੀ ਤੋਂ ਬੇ-ਮੁਖਤਾ ਕਾਰਨ ਉਪਜੇ ਅਨੇਕਾਂ ਮਾਨਸਿਕ ਸੰਕਟ, ਭਟਕਣਾ, ਦੁਬਿਧਾ ਨੂੰ ਪੇਸ਼ ਕਰਦਾ ਹੈ।ਕਹਾਣੀ 'ਚ ਪ੍ਰੀਤਮ ਨਾਮ ਦਾ ਪਾਤਰ ਵਿਆਹ ਲਈ ਕੁੜੀ ਦੇਖਣ ਗਿਆ ਸਿਮਰ ਨੂੰ ਪਸੰਦ ਕਰਦਾ ਹੈ ਪਰ ਉਸ ਦੀ ਵੱਡੀ ਭੈਣ ਰੂਪੀ ਦੀ ਨੌਕਰੀ ਕਾਰਨ ਘਰ ਦੇ ਉਸਦਾ ਵਿਆਹ ਰੂਪੀ ਨਾਲ ਕਰ ਦਿੰਦੇ ਹਨ ਪਰ ਉਹ ਆਪਣੀ ਪਸੰਦ ਸਿਮਰ ਨੂੰ ਦਿਮਾਗ ਵਿੱਚੋਂ ਕੱਢ ਨਹੀਂ ਪਾਉਂਦਾ।ਉਹ ਸਿਮਰ ਨੂੰ ਪ੍ਰਾਪਤ ਕਰਨ ਲਈ ਕਈ ਹੱਥਕੰਡੇ ਅਪਣਾਉਂਦਾ ਹੈ।ਇਸ ਦਾ ਸਿਖਰ ਉਦੋਂ ਹੁੰਦਾ ਹੈ ਜਦੋਂ ਉਹ ਉਸ ਦੇ ਪਤੀ ਮਹੇਸ਼ ਨੂੰ ਜਾਣ-ਬੁੱਝ ਕੇ ਵਪਾਰਕ ਘਾਟੇ (ਦਿਵਾਲੀਆ) 'ਚ ਧੱਕ ਉਸ ਦੀਆਂ ਆਰਥਿਕ ਮਜਬੂਰੀਆਂ ਦਾ ਨਜ਼ਾਇਜ ਫਾਇਦਾ ਸਿਮਰ ਤੋਂ ਉਠਾਉਣਾ ਲੋਚਦਾ ਹੈ।ਉਹ ਪੈਸੇ ਨਾਲ ਜਿਸਮ ਖਰੀਦਦਾ ਤੇ ਅਪਣਾ ਪਣ ਵੀ ਜਤਾਉਂਦਾ ਹੈ ਪਰ ਸਿਮਰ ਦੇ ਨਿਮਨ ਲਿਖਤ ਬੋਲ ਸਥਿਤੀ ਦੀ ਵਿਕਰਾਲਤਾ ਨੂੰ ਉਭਾਰਦੇ ਹਨ:-

"ਆਪਣਾ ਤੇ ਤੂੰ ? ਜਿਹੜਾ ਇਕ ਬੇਵਸ ਔਰਤ ਨੂੰ ਉੱਥੇ ਲਿਆ ਖੜ੍ਹਾ ਕਰੇ ਜਿੱਥੇ ਕੱਪੜੇ ਲਾਹੁਣ ਤੋਂ ਬਿਨਾਂ ਕੋਈ ਚਾਰਾ ਹੀ ਨਾ ਰਹੇ।ਉਹ ਆਪਣੈ ? ਤੂੰ ਕੋਈ ਇੱਕ ਦਿਨ ਇੱਕ ਪਲ ਅਜਿਹਾ ਦੱਸ, ਜਿੱਥੇ ਮੈਂ ਤੇਰੇ ਨਾਲ ਭਿੱਜੀ ਹੋਵਾਂ।ਤੂੰ ਸਿਰਫ਼ ਮਿੱਟੀ ਫਰੋਲਦਾ ਰਿਹੈਂ, ਮਿਸਟਰ ਜੀਜਾ ਸਿੰਘ, ਸਿਰਫ਼ ਮਿੱਟੀ।"[3]

ਸਿਮਰ ਦੇ ਉਪਰੋਕਤ ਬੋਲਾਂ ਨੂੰ ਸੁਣ ਉਹ ਸਿਮਰ ਤੋਂ ਧਨ, ਤੋਹਫ਼ੇ ਵਾਪਸ ਲੈਣ ਬਾਰੇ ਅਜੇ ਸੋਚਦਾ ਹੀ ਹੈ ਕਿ ਉਹ ਸਾਰੇ ਗਹਿਣੇ, ਤੋਹਫ਼ੇ ਆਪਣੇ ਘਰ ਰੂਪੀ ਦੀ ਅਲਮਾਰੀ ਵਿੱਚ ਪਏ ਦੇਖਦਾ ਹੈ ਤਾਂ ਉਹ ਸੋਚਦਾ ਹੈ ਕਿ ਉਹ ਜ਼ਿੰਦਗੀ ਦੀ ਖੇਡ ਹਾਰ ਗਿਆ ਤੇ ਸਿਮਰ ਜਿੱਤ ਗਈ।

ਕਿਰਪਾਲ ਕਜ਼ਾਕ ਦੀਆਂ ਉਪਰੋਕਤ ਕਹਾਣੀਆਂ ਘਟਨਾਵਾਂ ਦੀ ਵਿਉਂਤ ਤੋਂ ਬਹੁਤੀਆਂ ਗੁੰਝਲਦਾਰ ਨਾ ਹੋ ਕੇ ਇਕਹਿਰੀ ਸੰਰਚਨਾ ਦੀਆਂ ਧਾਰਨੀ ਹਨ।ਲੇਖਕ ਘਟਨਾਵਾਂ ਤੇ ਵਧੇਰੇ ਫੋਕਸ ਕਰਨ ਦੀ ਥਾਂ ਪਾਤਰ ਦੀ ਮਨੋਸਥਿਤੀ ਨੂੰ ਪਹਿਲ ਦਿੰਦਾ ਉਸ ਦੇ ਮਾਨਸਿਕ ਭਾਵਾਂ ਨੂੰ ਵਧੇਰੇ ਵਿਸਥਾਰ ਦਿੰਦਾ ਹੈ।ਇਸੇ ਕਰਕੇ ਉਸ ਦੀ ਕਹਾਣੀ ਪੂਰਵ ਨਿਸ਼ਚਿਤ ਧਾਰਣਾ ਦੀ ਧਾਰਣੀ ਨਾ ਹੋਕੇ ਸਹਿਜ ਚਾਲ ਅੰਤ ਵੱਲ ਵੱਧਦੀ ਹੈ ਅਤੇ ਕਈ ਵਾਰ ਕਹਾਣੀ ਖੁੱਲੇ ਅੰਤ ਤੇ ਸਵਾਲ ਛੱਡਦੀ ਪ੍ਰਤੀਤ ਹੁੰਦੀ ਹੈ।

**ਹਵਾਲੇ ਅਤੇ ਟਿੱਪਣੀਆਂ**


1. ਕਿਰਪਾਲ ਕਜ਼ਾਕ, ਸ਼ਰ੍ਹੇਆਮ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018 ਪੰਨਾ-102
2. ਉਹੀ ਪੰਨਾ-57
3. ਉਹੀ ਪੰਨਾ-126


**(ਸੰਪਰਕ: 94638-74394)**



## ਸਹਿਜਤਾ ਵਿੱਚ ਛੁਪੀ ਗੰਭੀਰਤਾ ਦਾ ਬਿਰਤਾਂਤ : ਜਿਉਣਾ ਸੱਚ ਬਾਕੀ ਝੂਠ/ -ਲਖਵੀਰ ਚੰਦ

***(ਇਸ ਪੁਸਤਕ ਨੂੰ ਢਾਹਾਂ ਐਵਾਰਡ ਸਾਲ 2018 ਪ੍ਰਾਪਤ ਹੋਇਆ ਹੈ)***




ਜਤਿੰਦਰ ਸਿੰਘ ਹਾਂਸ ਪੰਜਾਬੀ ਕਹਾਣੀ ਜਗਤ ਦਾ ਅਜਿਹਾ ਨਾਂਅ ਹੈ ਜਿਸ ਨੇ ਦੋ ਕਹਾਣੀ-ਸੰਗ੍ਰਹਿ ਅਤੇ ਇੱਕ ਨਾਵਲ ਲਿਖ ਕੇ ਹੀ ਆਪਣੀ ਸਾਹਿਤਕ ਤੇ ਬੌਧਿਕ ਸਮਰੱਥਾ ਦਾ ਅਹਿਸਾਸ ਕਰਾ ਦਿੱਤਾ ਹੈ।'ਜਿਉਣਾ ਸੱਚ ਬਾਕੀ ਝੂਠ' (**ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਮੁੱਲ:** 250, **ਪੰਨੇ:**128, **ਸਾਲ:** 2018) ਉਸਦਾ ਤੀਸਰਾ ਕਹਾਣੀ-ਸੰਗ੍ਰਹਿ ਹੈ।ਜਤਿੰਦਰ ਸਿੰਘ ਹਾਂਸ ਦੀ ਖ਼ੂਬਸੂਰਤੀ ਬਿਰਤਾਂਤ ਦੀ ਵਾਸਤਵਿਕ ਸਹਿਜਤਾ ਵਿੱਚ ਛੁਪੀ ਗੰਭੀਰ ਯਥਾਰਥਕ ਰੂਪਾਂਤਰਨ ਦੀ ਪੇਸ਼ਕਾਰੀ ਵਿੱਚ ਨਿਹਿਤ ਹੈ। ਅਜੋਕੇ ਜਟਿਲਤਾ ਭਰੇ ਮਨੁੱਖੀ ਜੀਵਨ ਦੇ ਅਨੁਰੂਪ ਹੀ ਸਮਕਾਲੀ ਪੰਜਾਬੀ ਕਹਾਣੀ ਬਹੁ-ਪੱਖੀ ਅਤੇ ਬਹੁ-ਪਸਾਰੀ ਵਰਤਾਰੇ ਦੀ ਪੇਸ਼ਕਾਰੀ ਕਰਦੀ ਹੈ। ਹਾਂਸ ਨੇ ਆਪਣੀਆਂ ਕਹਾਣੀਆਂ ਕਿਸੇ ਇੱਕ ਮਸਲੇ ਨੂੰ ਮੁੱਖ ਰੱਖ ਕੇ ਹੀ ਨਹੀਂ ਰਚੀਆਂ ਬਲਕਿ ਉਹਨਾਂ ਵਿੱਚ ਕਈ ਮਸਲੇ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਵੇਂ ਕਿ ਅਜੋਕੇ ਮਨੁੱਖ ਦੀ ਮਖੌਟਾਧਾਰੀ ਬਿਰਤੀ, ਸਭਿਆਚਾਰਕ ਪਰਿਵਰਤਨ ਕਾਰਨ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਤਣਾਓ, ਪਰਵਾਸ ਦੀਆਂ ਸਮੱਸਿਆਵਾਂ, ਥੁੜ ਮਾਰੀ ਕਿਰਸਾਨੀ, ਪਰਿਵਾਰਕ ਝਮੇਲੇ, ਵਿਆਹ-ਬਾਹਰੇ ਸਬੰਧ, ਮਨੁੱਖ ਦੀਆਂ ਮਨੋ-ਵਿਕ੍ਰਿਤੀਆਂ, ਮਾਨਵੀ ਅਕਾਂਖਿਆਵਾਂ ਅਤੇ ਸਰਕਾਰੀ ਤੰਤਰ ਦਾ ਭ੍ਰਿਸ਼ਟਾਚਾਰ ਆਦਿ।

ਸਰਕਾਰੀ ਤੰਤਰ ਦੇ ਵਿਖਾਵੇ ਭਰਪੂਰ ਅਡੰਬਰ ਦੇ ਪਰਖਚੇ ਉਡਾਂਦੀ ਕਹਾਣੀ ਹੈ, " 'ਙ' ਖਾਲੀ ਨਹੀਂ ਹੁੰਦਾ "।ਕਹਾਣੀ ਦਾ ਸਮੁੱਚਾ ਬਿਰਤਾਂਤ ਐਸ.ਡੀ.ਐਮ. ਅਹਿਮਦਪਰੇ ਦੁਆਰਾ ਤਹਿਸੀਲ ਪੱਧਰੀ ਮਨਾਏ ਜਾਣ ਵਾਲੇ 'ਸਮਾਨਤਾ ਦਿਵਸ' ਦੁਆਲੇ ਘੁੰਮਦਾ ਹੈ।ਕਹਾਣੀਕਾਰ ਨੇ 'ਸਮਾਨਤਾ ਦਿਵਸ' ਦੇ ਸਾਹਮਣੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੂੰ ਦੋ ਵਿਰੋਧੀ ਧਿਰਾਂ ਵੱਜੋਂ ਬੜ੍ਹੀ ਸਹਿਜਤਾ ਨਾਲ ਪੇਸ ਕੀਤਾ ਹੈ।ਕਹਾਣੀ ਦੇ ਮੈਂ ਪਾਤਰ ਦੇ ਮੂੰਹੋਂ ਨਿਕਲੇ ਬੋਲ, "ਮੈਂ ਸੋਚਦਾ, ਆਪਣੇ ਆਪ ਨੂੰ ਧਰਵਾਸਾ ਦਿੰਦਾ ਹਾਂ 'ਙ' ਖਾਲੀ ਨਹੀਂ ਹੁੰਦਾ।ਅਸੀਂ ਹੀ ਕਦੇ ਉਹਦੀ ਧੁਨੀ ਵੱਲ ਧਿਆਨ ਨਹੀਂ ਦਿੱਤਾ।" (ਪੰਨਾ:26) ਪਾਤਰ ਜਿੰਦੂ ਦੀ ਸਰਕਾਰੀ ਤੰਤਰ ਅਤੇ ਮੱਧਵਰਗੀ ਮਾਨਸਿਕਤਾ ਦੇ ਮੂੰਹ ਤੇ ਕਰਾਰੀ ਚਪੇੜ ਹੈ ਜੋ ਸਮਾਨਤਾ ਦੀ ਸ਼ੁਰੂਆਤ ਸਮਾਜਿਕ ਪੱਧਰ ਤੋਂ ਭਾਲ਼ਦੇ ਹਨ।

ਇਸੇ ਤਰ੍ਹਾਂ 'ਲਵ-ਜਿਹਾਦ' ਕਹਾਣੀ ਮੈਂ ਪਾਤਰ ਦੀ ਔਲਾਦ ਪ੍ਰਾਪਤੀ ਲਈ ਮਾਨਸਿਕ ਸੰਘਰਸ਼ ਤੇ ਪੀੜਾ ਨੂੰ ਬਿਆਨ ਕਰਦੀ ਹੈ।ਹਾਂਸ ਨੇ ਮੈਂ ਪਾਤਰ ਰਾਹੀਂ ਔਰਤ-ਮਰਦ ਦੇ ਰਿਸ਼ਤੇ ਦੀ ਖਿੱਚ ਤੇ ਬੇਮੁੱਖਤਾ ਨੂੰ ਅੰਤਰ-ਵਿਰੋਧੀ ਪਰਿਸਥਿਤੀਆਂ ਵਿੱਚ ਪੇਸ਼ ਕੀਤਾ ਹੈ।ਔਲਾਦ ਲਈ ਆਪਣੇ ਫੇਸਬੁੱਕ

ਦੋਸਤ ਨਾਲ ਸੰਬੰਧਾਂ ਦੀ ਸੰਭਾਵਨਾ ਜਿੱਥੇ ਔਰਤ ਦੇ ਸਮਾਜ ਵਿੱਚ ਪ੍ਰਤਿਸ਼ਠਾ ਪ੍ਰਾਪਤ ਕਰਨ ਦੀ ਸਮੱਸਿਆ ਨਾਲ ਜੁੜੀ ਹੋਈ ਹੈ, ਉੱਥੇ ਮੈਂ ਪਾਤਰ ਵਾਂਗੂ ਹੀ ਹੋਰਨਾਂ ਪਾਤਰਾਂ ਭਾਵੇਂ ਉਹ ਨੌਵੀ ਹੋਵੇ, ਕਮਲ ਹੋਵੇ ਤੇ ਭਾਵੇਂ ਜਗਤਾਰ ਰੰਧਾਵਾ, ਦਾ ਫੇਸਬੁੱਕ ’ਤੇ ਚੈਟਿੰਗ ਦੀ ਸ਼ਬਦਾਵਲੀ ਮੁੱਖ ਰੂਪ ਵਿੱਚ ਉਨ੍ਹਾਂ ਅੰਦਰ ਛੁੱਪੀ ਕਾਮੁਕ ਹਿੰਸਾ ਦੀ ਪ੍ਰਵਿਰਤੀ ਦੀ ਹੀ ਨਿਸ਼ਾਨਦੇਹੀ ਕਰਦੀਆਂ ਹਨ। ਪਹਿਲਾ ਤਾਂ ਮੈਂ ਪਾਤਰ ਆਪਣੇ ਫੇਸਬੁੱਕ ਦੋਸਤ ਨੂੰ ਘਰ ਬੁਲਾਉਂਦੀ ਹੈ ਤੇ ਉਸਤੋਂ ਆਪਣਾ ਬੱਚਾ ਚਾਹੁੰਦੀ ਹੈ ਪਰ ਕਹਾਣੀ ਦੇ ਅੰਤ ਵਿੱਚ ਉਸਨੂੰ ਘਰੋਂ ਬਾਹਰ ਜਾਣ ਲਈ ਕਹਿਣਾ, ਮੈਂ ਪਾਤਰ ਦੀ ਪਰੰਪਰਾ ਦੀ ਮਰਿਆਦਾ ਨੂੰ ਉਲੰਘਣ ਦਾ ਜੇਰਾ ਨਾ ਹੋਣ ਦੀ ਗਵਾਹੀ ਭਰਦਾ ਹੈ।

ਹਾਂਸ ਦੀਆਂ ਕਹਾਣੀਆਂ ਦਾ ਇੱਕ ਪਸਾਰ ਬੇਰੁਜਗਾਰੀ ਦੇ ਫਲਸਰੂਪ ਆਰਥਿਕ ਸੰਕਟ ਹੰਢਾ ਰਹੇ ਮੱਧ-ਵਰਗ ਤੇ ਉਸ ਨਾਲ ਜੁੜੀ ਨੌਜਵਾਨ ਪੀੜ੍ਹੀ ਹੈ। ‘. . . ਬਾਕੀ ਸਭ ਝੂਠ ਆ’ ਕਹਾਣੀ ਦੇ ਮੈਂ ਪਾਤਰ ਜਗਜੀਤ ਦੀ ਜ਼ਿੰਦਗੀ ਦਾ ਸੰਕਟ ਇਸੇ ਪ੍ਰਬੰਧ ਵਿੱਚੋਂ ਉਪਜਿਆ ਹੋਇਆ ਹੈ। ਜਗਜੀਤ ਦਾ ਪਿਤਾ ਉਸ ਕੋਲੋਂ ਬਹੁਤ ਆਸਾ ਲਗਾਈ ਬੈਠਾ ਹੈ, ਜਿਸਦਾ ਪ੍ਰਗਟਾਵਾ ਉਸਦੇ ਇਨ੍ਹਾਂ ਸ਼ਬਦਾਂ ਤੋਂ ਵੀ ਹੋ ਜਾਂਦਾ ਹੈ, “ਮੇਰਾ ਜਗਜੀਤ ਵਧੀਆ ਤੇ ਵੱਡਾ ਬੰਦਾ ਬਣੂ, ਮੈਂ ਇਹਦੇ ਸਿਰ ਤੇ ਰਾਜ ਭੋਗਣਾ।” ਦੂਜੇ ਪਾਸੇ ਉਸਦਾ ਪੁੱਤਰ ਜਗਜੀਤ ਟਰੈਕਟਰ ਦੇ ਟੋਚਨ ਮੁਕਾਬਲਿਆਂ ਬਾਰੇ ਸੋਚ-ਸੋਚ ਨਵੀਂਆਂ ਜੁਗਤਾਂ ਘੜ੍ਹਦਾ ਰਹਿੰਦਾ ਹੈ। ਐਨਾ ਪੜ੍ਹ-ਲਿਖ ਕੇ ਨੌਕਰੀ ਨਾ ਮਿਲਣ ਕਾਰਨ ਉਹ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ। ਇਸ ਨਸ਼ੇ ਵਿੱਚ ਗਲਤਾਨ ਹੋਇਆ ਪੁਰਾਣਾ ਟਰੈਕਟਰ ਸਸਤੇ ਰੇਟ ’ਤੇ ਦਲਾਲ ਨੂੰ ਵੇਚ ਦਿੰਦਾ ਹੈ ਜਿਸ ਕਾਰਨ ਉਸਦਾ ਬਾਪ ਗੁੱਸੇ ਵਿੱਚ ਆ ਜਾਂਦਾ ਹੈ। ਨਤੀਜਾ ਪੁੱਤਰ ਆਪਣੇ ਹੋਸ਼ ਵਿੱਚ ਨਾ ਹੋਣ ਕਾਰਨ ਬਾਪ ਉੱਤੇ ਜਾਨਲੇਵਾ ਹਮਲਾ ਕਰ ਦਿੰਦਾ ਹੈ। ਮਸ਼ੀਨਰੀ ਦੇ ਦਖਲ ਨੇ ਜਿੱਥੇ ਜੀਵਨ ਨੂੰ ਵਿਕਾਸ ਵੱਲ ਤੋਰਿਆ ਹੈ, ਉੱਥੇ ਮਨੁੱਖੀ ਸਬੰਧਾਂ ਨੂੰ ਵੀ ਗੁੰਝਲਦਾਰ ਤੇ ਮਸ਼ੀਨੀ ਬਣਾ ਦਿੱਤਾ ਹੈ, ਜਿਸ ਕਾਰਨ ਉਸ ਅੰਦਰਲਾ ਨੈਤਿਕ ਤਾਣਾ-ਬਾਣਾ ਦਿਨ ਪ੍ਰਤੀ ਦਿਨ ਕਮਜੋਰ ਹੁੰਦਾ ਜਾ ਰਿਹਾ ਹੈ। ਇਹ ਨੌਜਵਾਨ ਪੀੜ੍ਹੀ ਦ੍ਰਿਸ਼ਟੀ ਦੀ ਘਾਟ ਕਾਰਨ ਸਮੱਸਿਆਵਾਂ ਦਾ ਹੱਲ ਨਿਜਾਮ ਦੀਆਂ ਮਾਰੂ ਨੀਤੀਆਂ ਨੂੰ ਬਦਲਣ ਦੀ ਥਾਵੇਂ ਸ਼ਰਾਬ ਪੀ ਕੇ ਲੀਡਰਾਂ ਤੇ ਖੱਸੀ ਰਾਜਨੀਤੀ ਨੂੰ ਗਾਲ੍ਹਾਂ ਕੱਢਣ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ।

ਜਤਿੰਦਰ ਸਿੰਘ ਹਾਂਸ ਦੀਆਂ ਕਹਾਣੀਆਂ ਦੇ ਜਿਆਦਾਤਰ ਪਾਤਰ ਆਪਣੀ ਵਰਤਮਾਨ ਸਥਿਤੀ ਦੀ ਅਸੰਤੁਸ਼ਟਤਾ ਨੂੰ ਭੋਗਦੇ ਹੋਏ, ਮਾਨਵਵਾਦੀ ਚਰਿੱਤਰ ਦੇ ਧਰਾਣੀ ਨਜਰ ਆਉਂਦੇ ਹਨ। ਇਹ ਪਾਤਰ ਦ੍ਰਿਸ਼ਟ ਨਾਸ਼ਮਾਨਤਾ ਉੱਤੇ ਦੁਖੀ ਹੋ ਕੇ ਰੁਦਨ ਨਹੀਂ ਕਰਦੇ ਬਲਕਿ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਣਾ ਕੇ ਆਪਣੀ ਜਿੰਦਗੀ ਦੀ ਨਿਰਾਸ਼ਾ ਨੂੰ ਆਸ਼ਾ ਵਿੱਚ ਤਬਦੀਲ ਕਰ ਦਿੰਦੇ ਹਨ। ‘ਲੁਤਰੋ’ ਕਹਾਣੀ ਦੀ ਮੁੱਕੋ (ਨੌਕਰਾਣੀ) ਵੀ ਇੱਕ ਅਜਿਹੀ ਪਤਾਰ ਹੈ ਜਿਸਦਾ ਘਰਵਾਲਾ ਨਸ਼ੇੜੀ ਹੈ, ਉਸ ਦੀ ਕੁੱਟ-ਮਾਰ ਤੋਂ ਤੰਗ ਆ ਕੇ ਉਹ ਆਪਣੇ ਬੱਚਿਆਂ ਨਾਲ ਪੇਕੇ ਆ ਜਾਂਦੀ ਹੈ। ਪੇਕੇ ਘਰ ਆ ਕੇ ਜਿੱਥੇ ਉਹ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਦੀ ਹੈ, ਉੱਥੇ ਕੈਂਸਰ ਦੀ ਬੀਮਾਰੀ ਤੋਂ ਪੀੜਤ ਆਪਣੇ ਬਾਪ ਦਾ ਵੀ ਸਹਾਰਾ ਬਣਦੀ ਹੈ। ਲੋਕਾਂ ਦੇ ਘਰ ਨੌਕਰਾਂ ਵਾਲਾ ਕੰਮ ਕਰ ਉਹ ਅੱਕਦੀ ਨਹੀਂ ਬਲਕਿ ਹਮੇਸ਼ਾ ਚੜ੍ਹਦੀ ਕਲਾਂ ਵਿੱਚ ਰਹਿੰਦੀ ਹੈ। ਇਸੇ ਤਰ੍ਹਾਂ ‘ਅੰਨ ਬ੍ਰਹਮ ਹੈ’ ਕਹਾਣੀ ਦਾ ਕਾਮਰੇਡ ਮੋਹਣ ਸਿੰਘ ਵੀ ਅਜਿਹਾ ਪਾਤਰ ਹੈ ਜੋ ਮਨੁੱਖ ਨੂੰ ਕਿਸੇ ਵੀ ਹਾਲਤ ਵਿੱਚ ਨਿਰਾਸ਼ਾਵਾਦੀ ਨਹੀਂ ਹੋਣ ਦਿੰਦਾ, ਭਾਵੇਂ ਲੋਕ ਉਸਦਾ ਕਿੰਨਾ ਹੀ ਮਜ਼ਾਕ ਕਿਉਂ ਨਾ ਉਡਾਉਣ। ਇਸ ਪਾਤਰ ਦਾ ਆਸ਼ਾਵਾਦੀ ਗੁਣ ਹੀ ਜਤਿੰਦਰ ਹਾਂਸ ਨੂੰ ਮਾਨਵਵਾਦੀ ਕਹਾਣੀਕਾਰ ਦੇ ਰੂਪ ਵਿੱਚ ਲਿਆ ਖੜ੍ਹਾ ਕਰ ਦਿੰਦਾ ਹੈ।

ਹਾਂਸ ਦੀਆਂ ਕਹਾਣੀਆਂ ਦਾ ਇੱਕ ਹੋਰ ਸੂਤਰ, ਰਿਸ਼ਤਿਆਂ ਦੇ ਅਮਾਨਵੀਕਰਨ ਨਾਲ ਜੁੜਿਆ



ਹੋਇਆ ਹੈ। ਨਵੇਂ ਆਰਥਿਕ ਪ੍ਰਬੰਧ ਵਿੱਚ ਮੰਡੀ ਨਾਲ ਜੁੜੇ ਰਿਸ਼ਤਿਆਂ ਵਿੱਚੋਂ ਮਾਨਵੀਂ ਅੰਸ਼ ਹੌਲੇ-ਹੌਲੇ ਗੁੰਮ ਹੋ ਰਿਹਾ ਹੈ। ਮਨੁੱਖ ਅੰਦਰ ਧਨ ਪ੍ਰਾਪਤ ਕਰਨ ਦੀ ਲਾਲਸਾ ਨੇ ਉਸ ਅੰਦਰੋਂ ਮਾਨਵੀਂ ਰਿਸ਼ਤਿਆਂ ਦੇ ਨਿੱਘ ਨੂੰ ਖਤਮ ਕਰ ਦਿੱਤਾ ਹੈ। ‘ਲੁਤਰੋ’ ਕਹਾਣੀ ਦੀ ਮੈਂ ਪਾਤਰ ਇਸੇ ਸੰਕਟਗ੍ਰਸਤ ਮਾਨਸਿਕਤਾ ਦਾ ਚਿਤਰਨ ਹੈ, ਜਿਹੜੀ ਇੱਕ ਅਜੀਬੋ-ਗਰੀਬ ਸੰਤਾਪ ਦੋਹਰੇ ਪੱਧਰ ’ਤੇ ਹੰਢਾਉਂਦੀ ਹੈ। ਮੈਂ ਪਾਤਰ ਦੇ ਆਪਣੇ ਪੁੱਤਰ ਪ੍ਰਤੀ ਇਹ ਬੋਲ, “ਕੀ ਫਾਇਦਾ ਹੋਇਆ, ਉਹਨੂੰ ਪਰਦੇਸ ਜਾ ਕੇ। ਉਹੀ ਰੋਣੇ-ਧੋਣੇ ਨੇ ਉਹਦੇ ਜਿਹੜੇ ਇੱਧਰ ਸੀ। ਪੈਸੇ ਭੇਜੇ ਨੇ ਮੈਂ ਕੀ ਸਿਰ ’ਚ ਮਾਰਨੇ ਨੇ। ਐਹੋ ਜਿਹੀ ਔਲਾਦ ਕੀ ਰਗੜ ਕੇ ਗੋਡੇ ’ਤੇ ਲਾਉਣੀ ਆ।” (ਪੰਨਾ: 60)

ਇਨਸਾਨ ਅੰਦਰ ਮਰ ਰਹੀ ਇਨਸਾਨੀਅਤ ਦੀ ਬਾਤ ਪਾਉਂਦੀ ਕਹਾਣੀ ਹੈ, ‘ਅੰਨ ਬ੍ਰਹਮ ਹੈ’। ਕਹਾਣੀ ਵਿੱਚ ਸਲੋਨੀ ਨਾਂ ਦੀ ਛੋਟੀ ਬੱਚੀ ਘਰ ਵਿਚਲੀ ਗਰੀਬੀ ਅਤੇ ਕੁਝ ਖਾਣ ਲਈ ਨਾਂ ਹੋਣ ਕਾਰਨ ਆਪਣੀ ਮਾਂ ਤੇ ਛੋਟੇ ਭੈਣ-ਭਰਾਵਾਂ ਦੇ ਭੁੱਖੇ ਪੇਟ ਲਈ ਨੇੜੇ ਪਿੰਡ ਵਿੱਚੋਂ ਕੁਝ ਮੰਗਣ ਲਈ ਜਾਂਦੀ ਹੈ ਅਤੇ ਰਸਤੇ ਵਿੱਚ ਹੀ ਕਿਸੇ ਆਦਮੀ ਦੀ ਹਵਸ ਦਾ ਸ਼ਿਕਾਰ ਬਣ ਜਾਂਦੀ ਹੈ, ਜਿਹੜਾ ਉਸ ਨੂੰ ਵਰਤ ਕੇ ਸੜਕ ਉੱਤੇ ਮਰਨ ਲਈ ਛੱਡ ਜਾਂਦਾ ਹੈ। ਕਹਾਣੀ ਅਜਿਹੇ ਹਵਸ਼ੀ ਆਦਮੀ, ਸਰਪੰਚ ਤੇ ਆਪਣੇ ਆਪ ਨੂੰ ‘ਸਮਾਜ ਸੇਵੀ’ ਅਖਵਾਉਂਦੇ ਉਨ੍ਹਾਂ ਬੰਦਿਆਂ ਦੇ ਮੂੰਹ ’ਤੇ ਕਰਾਰੀ ਚਪੇੜ ਹੈ ਜਿਹਨਾਂ ਅੰਦਰਲੀ ਇਨਸਾਨੀਅਤ ਪੂਰੀ ਤਰ੍ਹਾਂ ਮਰ ਚੁੱਕੀ ਹੈ।

ਜਿਸਮਾਨੀ ਖੇਡ ਜੀਵਨ ਦਾ ਹਿੱਸਾ ਬਣ ਜਾਣ ਦੇ ਬਾਵਜੂਦ ਰਿਸ਼ਤਿਆਂ ਪ੍ਰਤੀ ਕਬਜੇ ਦੀ ਭਾਵਨਾ ਮਨੁੱਖ ਅੰਦਰ ਮੁੱਢ ਤੋਂ ਹੀ ਮੌਜੂਦ ਰਹੀ ਹੈ। ਪਰ ਹਾਂਸ ਨੇ ‘ਰਸ-ਰੰਗ’ ਕਹਾਣੀ ਦੇ ਮੈਂ ਪਾਤਰ ਰਾਹੀਂ ਔਰਤ-ਮਰਦ ਦੇ ਰਿਸ਼ਤਿਆਂ ਦੇ ਨਵੇਂ ਆਯਾਮ ਸਿਰਜੇ ਹਨ। ਇਹ ਪ੍ਰਤਿਮਾਨ ਇੱਕੋਂ ਕਿਸਮ ਦੇ ਰਿਸ਼ਤਿਆਂ ਦੁਆਲੇ ਨਹੀਂ ਸਿਰਜਿਆ ਗਿਆ, ਸਗੋਂ ਬਦਲਦੀਆਂ ਪ੍ਰਸਥਿਤੀਆਂ ਵਿੱਚ ਬਦਲਦੇ ਰਿਸ਼ਤਿਆਂ ਦੇ ਪ੍ਰਸੰਗ ਵਿੱਚ ਸਿਰਜਿਆ ਗਿਆ ਹੈ। ਮਰਦ ਦੀ ਔਰਤ ਪ੍ਰਤੀ ਆਦਰਸ਼ਕ ਪਹੁੰਚ, ਔਰਤ ਦੇ ਅੰਦਰ ਛੁਪੀ ਕਾਮੁਕਤਾ ਸਾਹਮਣੇ ਕਿਵੇਂ ਨਕਾਰਾ ਹੋ ਜਾਂਦੀ ਹੈ, ਇਸ ਦਵੰਦ ਨੂੰ ਹਾਂਸ ਆਪਣੀ ਇਸ ਕਹਾਣੀ ਵਿੱਚ ਬੜ੍ਹੀ ਬਰੀਕੀ ਨਾਲ ਚਿਤਰਦਾ ਹੈ। ਕਹਾਣੀ ਵਿੱਚਲੇ ਹੇਠ ਲਿਖੇ ਬੋਲ ਔਰਤ ਤੇ ਮਰਦ ਦੀ ਇਸ ਸੋਚ ਨੂੰ ਪ੍ਰਤੱਖ ਰੂਪ ਵਿੱਚ ਪ੍ਰਮਾਣਿਤ ਕਰਦੇ ਹਨ, “ਅਮਨ ਪੇਕੀਂ ਮਿਲਣ ਗਈ, ਮੁੜ ਕੇ ਨੀਂ ਆਈ। ਵਿਚੋਲੇ ਰਾਹੀਂ ਪਤਾ ਲੱਗਿਆ, ਕੁੜੀ ਕਹਿੰਦੀ ਆ, “ਮੈਂ ਨੀਂ ਉਥੇ ਜਾਣਾ। ਉਹਨੇ ਤਾਂ ਮੈਨੂੰ ‘ਬੁਲਾਇਆ’ ਹੀ ਨੀਂ।” ਉਹ ਮੇਰੇ ਵਿਰੁੱਧ ਉਹ ਗੱਲਾਂ ਕਰ ਰਹੀ ਸੀ ਜਿਹੜੀਆਂ ਸੁਣਨੀਆਂ ਔਖੀਆਂ ਹੁੰਦੀਆਂ ਨੇ। ਮੈਂ ਸੋਚਿਆ, ਕਰ ਲਓ ਘਿਓ ਨੂੰ ਭਾਂਡਾ। ਖਾ ਲਓ ਇਨਾਂ ਤੇ ਤਰਸ। ਅਸਲ ’ਚ ਤੀਮੀਂ . . . ਬੰਦੇ ਅੰਦਰਲੇ ਸ਼ੈਤਾਨ ਨੂੰ ਪਿਆਰ ਕਰਦੀ ਆ।” (ਪੰਨਾ:98)। ਬੰਦੇ ਦੀ ਇੱਜਤ ਸਮਾਜ ਵਿੱਚ ਉਸਦੇ ਮਰਦਾਵੇਂ ਲੱਛਣਾਂ ਕਰਕੇ ਹੁੰਦੀ ਹੈ। ਨਹੀਂ ਤਾਂ ਸਮਾਜ ਉਸਨੂੰ ਤਾਹਨੇ-ਮਿਹਣੇ ਦੇ-ਦੇ ਹੀ ਇਸ ਕਦਰ ਜਲੀਲ ਕਰ ਦਿੰਦਾ ਹੈ ਕਿ ਆਦਮੀ ਦੁਨੀਆਂ ਵਿੱਚ ਕਿਤੇ ਮੂੰਹ ਦਿਖਾਉਣ ਜੋਗਾ ਵੀ ਨਹੀਂ ਰਹਿੰਦਾ। ਇਹੀ ਕਾਰਨ ਹੈ ਕਿ ਜਦ ਮੈਂ ਪਾਤਰ ਦਾ ਬਾਪ, ਜੈਲੋ ਰਾਹੀਂ ਆਪਣੇ ਪੁੱਤਰ ਤੇ ਮਿੰਦਰੋ ਦੇ ਸਰੀਰਕ ਸੰਬੰਧਾਂ ਬਾਰੇ ਸਥਿਤੀ ਸਬੰਧੀ ਸਪੱਸ਼ਟ ਹੁੰਦਾ ਹੈ ਅਤੇ ਪੁੱਤਰ ਵਿਚ ਜਿਉਂਦੇ ਮਰਦਾਵੇਂ ਗੁਣਾਂ ਤੋਂ ਜਾਣੂ ਹੁੰਦਾ ਹੈ ਤਾਂ ਉਹ ਆਪਣੇ ਯਾਰਾਂ-ਦੋਸਤਾਂ ਨੂੰ ਦਾਰੂ-ਮੀਟ ਦੀ ਪਾਰਟੀ ਤੱਕ ਕਰਦਾ ਹੈ। ਇਹ ਸਭ ਉਸਦੀ ਸਮਾਜ ਵਿੱਚ ਖੁਸ ਚੁੱਕੀ ਇੱਜਤ ਦੇ ਪਰਤਣ ਦਾ ਪ੍ਰਤੀਕ ਹੈ।’

ਜਤਿੰਦਰ ਸਿੰਘ ਹਾਂਸ ਦੀ ਕਹਾਣੀ ‘ਗਹਿਣਾ’ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਨਾਰੀ ਸੰਵੇਦਨਾ ਦੇ ਕੋਣ ਤੋਂ ਸਿਰਜਦੀ ਹੈ। ਵਿਆਹ ਤੋਂ ਪਹਿਲਾ ਲੜਕੀ ਲਈ ਅਸਲੀ ਗਹਿਣਾ ਉਸਦੀ ਇੱਜਤ ਹੁੰਦੀ ਹੈ, ਇਹੀ ਗਹਿਣਾ ਵਿਆਹ ਤੋਂ ਬਾਅਦ ਉਸਦੇ ਪਤੀ ਦੇ ਰੂਪ ਵਿੱਚ ਤਬਦੀਲ ਹੋ ਜਾਂਦਾ ਹੈ ਤੇ ਫਿਰ ਉਸਦੇ ਪੁੱਤਰ


ਵਿੱਚ। ਔਰਤ ਪ੍ਰਤੀ ਮਰਦ ਦੀ ਬਣੀ ਇਸ ਸਾਮੰਤੀ ਸੋਚ ਵਿੱਚ ਕੋਈ ਖਾਸ ਪਰਿਵਰਤਨ ਨਹੀਂ ਆਇਆ। ਇਸਦੇ ਉਲਟ ਕਹਾਣੀ 'ਵਿਸ਼ਵ-ਸੁੰਦਰੀ' ਅਜੋਕੀ ਨਾਰੀ ਦੀ ਆਪਣੀ ਇੱਛਾ ਅਨੁਸਾਰ ਜੀਵਨ ਬਤੀਤ ਕਰਨ ਦੀ ਲਾਲਸਾ ਅਤੇ ਮਰਦ ਪ੍ਰਧਾਨ ਸਮਾਜ ਦੀ ਪਰੰਪਰਾਗਤ ਸੋਚ ਤੋਂ ਮੁਨਕਰ ਔਰਤ ਦੀ ਕਹਾਣੀ ਹੈ, ਜਿਹੜੀ ਆਪਣੇ ਵਿਦੇਸ਼ ਗਏ ਪਤੀ ਦੇ ਵਾਪਸ ਆਉਣ ਵਿੱਚ ਆਪਣਾ ਸਮਾਂ ਨਹੀਂ ਗਵਾਉਂਦੀ ਬਲਕਿ ਆਪਣੀਆਂ ਮੂੰਹ-ਜੋਰ ਇਛਾਵਾਂ ਅੱਗੇ ਕਿਸੇ ਦੀ ਕੋਈ ਪਰਵਾਹ ਨਹੀਂ ਕਰਦੀ। ਸਮਾਜਿਕ ਜ਼ਿੰਦਗੀ ਵਿੱਚ ਅਜਿਹੇ ਸਬੰਧਾਂ ਦੇ ਕਈ ਕਾਰਨ ਤਲਾਸ਼ੇ ਜਾਂਦੇ ਹਨ, ਨਿੱਜਮੁਖਤਾ, ਇਕੱਲਾਪਣ, ਨੀਰਸ ਵਿਆਹੁਤਾ ਸਬੰਧ, ਮਨ ਦੀਆਂ ਬੇਸ਼ੁਮਾਰ ਉਮੰਗਾਂ, ਜਿੰਦਗੀ ਸਾਹਵੇ ਕੋਈ ਸਕਰਾਤਮਕ ਚੁਣੌਤੀ ਦਾ ਨਾ ਹੋਣਾ ਤੇ ਹੋਰ ਬਹੁਤ ਕੁਝ। ਇਸ ਕਹਾਣੀ ਵਿੱਚ ਵੀ ਕੁਝ ਅਜਿਹੇ ਕਾਰਨ ਆਏ ਹਨ। ਦੂਜੇ ਪਾਸੇ ਕਹਾਣੀ ਦੇ ਮੈਂ ਪਾਤਰ ਦਾ ਸੁਖੀ ਘਰੇਲੂ ਜ਼ਿੰਦਗੀ ਜਿਉਣ ਦੇ ਬਾਵਜੂਦ ਅਜਿਹੇ ਸਬੰਧਾਂ ਵੱਲ ਅਗਰਸਰ ਹੋਣਾ ਉਸਦੀ ਰੁਟੀਨ ਦੀ ਨੀਰਸ ਜ਼ਿੰਦਗੀ ਵਿੱਚ ਨਵੇਂ ਰੰਗ ਭਰਨ ਦੀ ਅਲਾਮਤ ਮਾਤਰ ਹੀ ਹੈ। ਇਸ ਸਬੰਧੀ ਉਸਦੇ ਇਹ ਬੋਲ ਵੇਖੇ ਜਾ ਸਕਦੇ ਹਨ, "ਮੈੱਸੇਜ ਨੂੰ ਵਾਰ-ਵਾਰ ਪੜ੍ਹਦਾ ਹਾਂ। ਮੇਰਾ ਪੈਰ ਧਰਤੀ ਤੇ ਨਹੀਂ ਲੱਗ ਰਿਹਾ ਸੀ। ਜਿਵੇਂ ਦੁਨੀਆਂ ਦੀ ਸਾਰੀ ਦੌਲਤ ਮਿਲ ਗਈ ਹੋਵੇ। . . . ਦੁਨੀਆਂ 'ਚ ਕਦੇ-ਕਦੇ ਚਮਤਕਾਰ ਵੀ ਹੋ ਜਾਂਦੇ ਨੇ। ਏਨੀ ਖੁਸ਼ੀ ਤਾਂ ਦੇਵਤਿਆਂ ਨੂੰ ਸਮੁੰਦਰ ਰਿੜਕ ਕੇ ਅੰਮ੍ਰਿਤ ਕੱਢ ਲੈਣ ਤੇ ਵੀ ਨਹੀਂ ਹੋਈ ਹੋਣੀ। ਜੀਹਨੂੰ ਪੀ ਕੇ ਉਹਨਾਂ ਅਮਰ ਹੋ ਜਾਣਾ ਸੀ।"। ਹਾਂਸ ਦੀਆਂ ਕਹਾਣੀਆਂ ਵਿੱਚ ਮਾਨਵੀਂ ਰਿਸ਼ਤਿਆਂ ਦਾ ਇੱਕ ਪ੍ਰਤਿਮਾਨ ਔਰਤ-ਮਰਦ ਦੇ ਸਬੰਧਾਂ ਦਾ ਹੈ। ਇਹ ਪ੍ਰਤਿਮਾਨ ਇੱਕੋਂ ਕਿਸਮ ਦੇ ਰਿਸ਼ਤਿਆਂ ਦੁਆਲੇ ਨਹੀਂ ਸਿਰਜਿਆ ਗਿਆ, ਸਗੋਂ ਬਦਲਦੀਆਂ ਪ੍ਰਸਥਿਤੀਆਂ ਵਿੱਚ ਬਦਲਦੇ ਰਿਸ਼ਤਿਆਂ ਦੇ ਪ੍ਰਸੰਗ ਵਿੱਚ ਸਿਰਜਿਆਂ ਗਿਆ ਹੈ, ਜਿਸ ਵਿੱਚ ਔਰਤ-ਮਰਦ ਸੰਬੰਧਾਂ ਦੀ ਦਸ਼ਾ ਅਤੇ ਦਿਸ਼ਾ ਨਿਰਧਾਰਿਤ ਕੀਤੀ ਹੈ। ਕਿਸੇ ਥਾਂ 'ਤੇ ਔਰਤ ਨੂੰ ਮਰਦ ਦੇ ਵਿਰੋਧ ਵਿੱਚ ਪੇਸ਼ ਕੀਤਾ ਹੈ, ਕਿਤੇ ਮਰਦ ਦੀ ਔਰਤ ਪ੍ਰਤੀ ਆਦਰਸ਼ਕ ਪਹੁੰਚ ਨੂੰ ਪੇਸ਼ ਕੀਤਾ ਹੈ ਅਤੇ ਕਿਸੇ ਥਾਂ 'ਤੇ ਦੋਵਾਂ ਦੇ ਸੰਤੁਲਨ ਦਾ ਸੁਨੇਹਾ ਦਿੱਤਾ ਗਿਆ ਹੈ।

ਸੰਜਮ ਤੇ ਸਹਿਜ-ਸੁਭਾਵਿਕਤਾ ਜਤਿੰਦਰ ਸਿੰਘ ਹਾਂਸ ਦੀ ਕਹਾਣੀ ਦਾ ਗਹਿਣਾ ਹੈ। ਕਹਾਣੀ ਦੇ ਵਿਸ਼ੇ ਦੀ ਚੋਣ ਤੋਂ ਲੈ ਕੇ ਉਸਦੇ ਅੰਤਿਮ ਪੜਾਅ ਤਕ ਹਾਂਸ ਪੂਰੀ ਸਾਵਧਾਨੀ ਵਰਤਣ ਵਾਲਾ ਕਹਾਣੀਕਾਰ ਹੈ। ਉਸਦੇ ਪਾਤਰ ਪ੍ਰਸਥਿਤੀਆਂ ਦੇ ਅਨੁਕੂਲ ਸੰਵਾਦ ਰਚਾਉਂਦੇ ਹਨ। ਪ੍ਰਤੀਕਾਤਮਕ ਸ਼ੈਲੀ ਦੁਆਰਾ ਹਾਂਸ ਚਿੰਨ੍ਹਾਂ ਤੇ ਪ੍ਰਤੀਕਾਂ ਦੀ ਮਦਦ ਨਾਲ ਭਾਵਾਂ ਦੀ ਅਭਿਵਿਅਕਤੀ ਕਰਦਾ ਹੈ। ਜਤਿੰਦਰ ਸਿੰਘ ਹਾਂਸ ਜਿੱਥੇ ਅਤੀਤ ਨਾਲ ਜੁੜਿਆ ਹੋਇਆ ਹੈ ਉੱਥੇ ਉਹ ਵਰਤਮਾਨ ਨੂੰ ਵੀ ਜੀਅ ਰਿਹਾ ਹੈ ਜਿਸ ਕਾਰਨ ਉਹ ਪੇਂਡੂ ਤੇ ਸ਼ਹਿਰੀ ਜੀਵਨ ਦੇ ਆਰ-ਪਾਰ ਦੇਖਣ, ਸਮਕਾਲੀਨ ਮਨੁੱਖ ਦੀ ਮਨੋ-ਸੰਰਚਨਾ ਨੂੰ ਫਰੋਲਣ, ਭ੍ਰਿਸ਼ਟਾਚਾਰ, ਨਸ਼ੇ, ਅਤ੍ਰਿਪਤ-ਕਾਮੁਕ ਇੱਛਾਵਾਂ ਦੀ ਪੂਰਤੀ ਲਈ ਮਨੁੱਖ ਦੁਆਰਾ ਵਰਜਿਤ ਰਿਸ਼ਤਿਆਂ ਵਿੱਚ ਸੰਨ੍ਹ ਲਾਉਣਾ, ਪਦਾਰਥਕ ਸਭਿਆਚਾਰ ਦੀ ਗ੍ਰਿਫਤ ਵਿੱਚ ਆ ਕੇ ਗੰਧਲੀ ਤੇ ਮੌਕਾਪ੍ਰਸਤ ਰੁਚੀ ਦਾ ਧਾਰਣੀ ਬਣਨ ਤੋਂ ਅਗਾਂਹ ਹਰ ਇੱਕ ਸਮਾਜਿਕ ਪ੍ਰਕਿਰਿਆ ਨੂੰ ਨਿੱਜੀ ਹਿੱਤਾਂ ਲਈ ਵਰਤਣ ਦੀ ਪ੍ਰਬਲ ਹੋਈ ਇੱਛਾ ਸ਼ਕਤੀ ਦੀ ਗੰਭੀਰਤਾ ਨੂੰ ਬੜ੍ਹੀ ਸਹਿਜਤਾ ਨਾਲ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਉਸਦੀ ਕਹਾਣੀ ਵਿਸ਼ਵੀਕਰਨ ਦੇ ਪ੍ਰਚੰਡ ਵਤੀਰੇ ਅਤੇ ਉੱਤਰ-ਆਧੁਨਿਕ ਯੁੱਗ ਦੀ ਵਿਚਾਰਧਾਰਾ ਤੋਂ ਪਭਾਵਿਤ ਕਹਾਣੀ ਹੈ। ਉਸਦੀਆਂ ਕਹਾਣੀਆਂ ਵਿੱਚ ਮੌਜੂਦ ਵਿਸਤ੍ਰਿਤ ਦ੍ਰਿਸ਼ਟੀ ਕਿਸੇ ਵੀ ਵਿਸ਼ੇ ਦੀ ਸਿਰਫ ਉਪਰਲੀ ਪਰਤ ਤਕ ਹੀ ਸੀਮਤ ਨਹੀਂ ਸਗੋਂ ਹਰ ਕਹਾਣੀ ਵਿਸ਼ੇ ਦੀ ਗਹਿਰਾਈ ਅਤੇ ਵਿਸਥਾਰਤਾ ਵਿੱਚੋਂ ਨਵੇਂ ਮਾਪਦੰਡਾਂ ਅਤੇ ਸੰਕਟਾਂ ਦੀ ਨਿਸ਼ਾਨਦੇਹੀ ਕਰਦੀ ਹੈ।

ਸੰਪਰਕ- 99886-09611



## ਵੇਸਵਾਪੁਣੇ ਦੇ ਵਿਰੋਧੀ ਪੈਰਾਡਾਇਮ ਰਾਹੀਂ ਸੰਸਥਾਗਤ ਢਾਂਚੇ 'ਤੇ ਵਿਅੰਗ : ਜੀਰੋ ਕੰਜਰੀ / - ਡਾ. ਦੀਦਾਰ ਸਿੰਘ




ਸਾਹਿਤ ਦੇ ਸਮਾਜਿਕ ਪ੍ਰਕਾਰਜ ਨੂੰ ਧਿਆਨ 'ਚ ਰੱਖਦਿਆ ਸਾਹਿਤ ਰਚਨਾ ਕਰਨ ਦੀ ਪ੍ਰਵਿਰਤੀ ਲੰਮਾ ਸਮਾਂ ਪੰਜਾਬੀ ਸਾਹਿਤ ਖਾਸਕਰ ਪੰਜਾਬੀ ਗਲਪੀ ਸਾਹਿਤ ਦੀ ਰਚਨਾਕਾਰੀ ਵਿਚ ਵੱਡੇ ਪੱਧਰ 'ਤੇ ਪ੍ਰਚਲਿਤ ਰਹੀ ਹੈ। ਇਸ ਪ੍ਰਵਿਰਤੀ ਦੇ ਤਹਿਤ ਸਾਹਿਤ ਸਿਰਜਣਾ ਰਾਹੀ ਸਮਾਜਿਕ ਚੇਤਨਾ ਵਿਚ ਤਬਦੀਲੀ ਦੇ ਵਿਚਾਰਧਾਰਕ ਪ੍ਰਕਾਰਜ ਨੂੰ ਮੁੱਖ ਰੱਖਦਿਆਂ ਰਚਨਾਕਾਰ ਬਹੁਤ ਉਚੇਚ ਨਾਲ ਸਾਹਿਤ ਸਿਰਜਣਾ ਕਰਦੇ ਰਹੇ ਹਨ। ਬਹੁਤੀ ਵਾਰ ਇਹ ਉਚੇਚ ਰਚਨਾਕਾਰੀ 'ਤੇ ਇਨਾ ਹਾਵੀ ਹੋ ਜਾਂਦਾ ਹੈ ਕਿ ਰਚਨਾ ਇਕ ਨਾਅਰੇ ਤੋਂ ਅੱਗੇ ਜਾਣ ਦਾ ਸਫ਼ਰ ਤੈਅ ਕਰਨ ਤੋਂ ਪਹਿਲਾ ਹੀ ਸੁੰਗੜ ਜਾਂਦੀ ਹੈ।

ਇਸ ਦੇ ਸਮਾਨਅੰਤਰ ਲਗਾਤਾਰ ਅਜਿਹੀਆਂ ਰਚਨਾਵਾਂ ਵੀ ਲੰਮੇ ਸਮੇਂ ਤੋਂ ਪੰਜਾਬੀ ਗਲਪ ਸਿਰਜਣਕਾਰੀ ਵਿਚ ਸਾਹਮਣੇ ਆਉਦੀਆਂ ਰਹੀਆਂ ਹਨ ਜੋ ਕਿਸੇ ਸਮਾਜਿਕ, ਵਿਚਾਰਧਾਰਕ ਪ੍ਰਤਿਬੱਧਤਾ ਤੋਂ ਨਿਰਲੇਪ ਮਨੁੱਖੀ ਮਨ ਨੂੰ ਹੁਲਾਰਾ ਦੇਣ ਵਾਲੇ ਭਾਵਾਂ ਦਾ ਰੁਮਾਂਟਿਕ, ਸਹਿਜ ਪ੍ਰਗਟਾਅ ਕਰਨ ਦੇ ਆਸ਼ੇ ਨਾਲ ਲਿਖੀਆਂ ਜਾਦੀਆਂ ਹਨ। ਪੰਜਾਬੀ ਗਲਪ ਸਿਰਜਣਾ ਦੀ ਪਰੰਪਰਾ ਵਿੱਚ ਲਗਭਗ ਪਿਛਲੇ 100 ਸਾਲ ਤੋਂ ਅਜਿਹੀਆਂ ਰਚਨਾਵਾਂ ਲਗਾਤਾਰ ਗਲਪ ਸਿਰਜਣਾਕਾਰੀ ਦਾ ਹਿੱਸਾ ਰਹੀਆਂ ਹਨ। ਪ੍ਰੰਤੂ ਇਹਨਾਂ ਰਚਨਾਵਾਂ ਨੂੰ ਪੰਜਾਬੀ ਵਿਧਾਗਤ ਆਲੋਚਨਾਂ ਵਲੋਂ ਕਦੇ ਵੀ ਬਹੁਤੀ ਗੌਰ ਨਾਲ ਜਾਂ ਗੰਭੀਰਤਾ ਨਾਲ ਨਹੀਂ ਵਿਚਾਰਿਆ ਗਿਆ। ਸਗੋ ਅਜਿਹੀਆਂ ਰਚਨਾਵਾਂ ਨੂੰ ਵਿਚਾਰਧਾਰਕ ਕਚਿਆਈ, ਕਰਾਫਟਮੈਨਸ਼ਿਪ ਦੀ ਘਾਟ ਅਤੇ ਸਮਾਜਿਕ ਪ੍ਰਤਿਬੱਧਤਾ ਤੋਂ ਊਣੀਆਂ ਕਹਿ ਕੇ ਨਜ਼ਰ ਅੰਦਾਜ ਜ਼ਰੂਰ ਕੀਤਾ ਜਾਂਦਾ ਹੈ। ਅਜਿਹੀਆਂ ਰਚਨਾਵਾਂ ਦਾ ਵਿਧਾਗਤ ਚੌਖਟਾ ਪੰਜਾਬੀ ਗਲਪ ਦੀ ਅਣਗੌਲੀ ਵਿਧਾ ਨਾਵਲਿਟਾ ਦੀ ਵਿਧਾਗਤ ਬਣਤਰ ਦੇ ਘੇਰੇ ਵਿਚ ਆਉਂਦਾ ਹੈ। ਬਹੁਤੀ ਵਾਰ ਸਾਹਿਤਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਨ ਸਮੇਂ, ਸਿਖਾਂਦਰੂ ਪੱਧਰ ਦੇ ਲੇਖਕਾਂ ਦੁਆਰਾ ਮਨੋਭਾਵਾਂ ਜਾ ਜੀਵਨ ਅਨੁਭਵਾਂ ਨੂੰ ਸਿਰਫ ਭਾਵੁਕਤਾ ਦੀ ਪੱਧਰ ਤੇ ਬਿਆਨ ਕਰਨ ਲਈ ਜਦੋਂ ਗਲਪੀ ਖੇਤਰ ਵਿਚ ਖਾਸਕਰ ਨਾਵਲ ਸਿਰਜਣਾ ਦੇ ਖੇਤਰ ਵਿਚ ਰਚਨਾਕਾਰੀ ਕੀਤੀ ਜਾਂਦੀ ਹੈ, ਉਸ ਸਮੇਂ ਅਜਿਹੀਆਂ ਰਚਨਾਵਾਂ ਦੀ ਸਿਰਜਣਾ ਸਾਹਮਣੇ ਆਉਂਦੀ ਹੈ। ਅਜਿਹੀ ਰਚਨਾਕਾਰੀ ਭਾਵੇਂ ਭਾਵੁਕ, ਰੁਮਾਂਟਿਕ, ਅਤੇ ਇਕਹਿਰੀ ਬਿਰਤਾਂਤਕ ਬਣਤਰ ਦੀ ਧਾਰਨੀ ਹੁੰਦੀ ਹੈ ਪ੍ਰੰਤੂ ਇਹ ਲੇਖਕ ਦੀ ਸਹਿਜ ਸਿਰਜਣਾ ਹੁੰਦੀ ਹੈ। ਅਤੇ ਇਕ ਸਾਹਿਤਕ ਕਿਰਤ ਵਜੋਂ ਮਾਨਣਯੋਗ ਰਚਨਾ ਜ਼ਰੂਰ ਹੁੰਦੀ ਹੈ।

ਨਾਵਲਿਟ ਸਿਰਜਣਕਾਰੀ ਦੀ ਪ੍ਰੰਪਰਾ ਵਿਚ ਵਾਧਾ ਕਰਦੀ ਅਜਿਹੀ ਇਕ ਰਚਨਾ **'ਜੀਰੋ ਕੰਜਰੀ'** **(ਪ੍ਰਕਾਸ਼ਕ: ਨਵਰੰਗ ਪ੍ਰਕਾਸਨ, ਸਮਾਣਾ, ਮੁੱਲ: 150, ਪੰਨੇ : 80, ਸਾਲ:2018)** ਸਾਡੇ ਧਿਆਨ ਦਾ

ਕੇਂਦਰ ਬਿੰਦੂ ਬਣਦੀ ਹੈ? ਭੁਪਿੰਦਰ ਸਿੰਘ ਉਪਰਾਮ ਦੁਆਰਾ ਲਿਖਿਆ ਇਹ ਨਾਵਲਿਟ ਜੀਰੋ ਨਾਮ ਦੀ ਵੇਸਵਾ ਔਰਤ ਦੀ ਜ਼ਿੰਦਗੀ ਦੀ ਰੁਮਾਂਟਿਕ ਕਥਾ ਹੈ। ਜੀਰੋ ਨਾਮ ਦੀ ਵੇਸਵਾ ਔਰਤ ਲੇਖਕ ਦੇ ਬਚਪਨ ਵਿਚ ਉਸਦੇ ਗੁਆਂਢ ਵਿਚ ਰਹਿੰਦੀ ਹੈ ਜਿਸਨੂੰ ਉਹ ਜੀਰੋ ਮਾਸੀ ਕਹਿ ਕੇ ਬੁਲਾਉਂਦਾ ਹੈ। ਨਾਵਲਿਟ ਦੀ ਕਥਾ ਅਨੁਸਾਰ ਲੇਖਕ ਰਿਆਸਤੀ ਸ਼ਹਿਰ ਪਟਿਆਲਾ ਦੇ ਖਾਲਸਾ ਮਹੁੱਲਾ ਦਾ ਵਸਨੀਕ ਹੈ ਜਿਥੇ 1947 ਵਿਚ ਪਾਕਿਸਤਾਨ ਬਣਨ ਤੋਂ ਬਾਅਦ ਉਧਰੋਂ ਆਏ ਰਿਫਿਊਜੀ ਲੋਕਾਂ ਦੀ ਆਬਾਦੀ ਵੱਸਦੀ ਹੈ। ਇਹ ਖਾਲਸਾ ਮਹੁੱਲਾ ਕਿਸੇ ਸਮੇਂ ਖਸਰੀਆ ਮਹੁੱਲਾ ਵਜੋਂ ਮਸ਼ਹੂਰ ਰਿਹਾ ਸੀ। ਖਸਰੀਆਂ ਤੋਂ ਭਾਵ 'ਅਨਾਜ ਪੀਸਣ ਵਾਲਿਆਂ ਦਾ ਮਹੁੱਲਾ' ਪ੍ਰੰਤੂ ਆਜ਼ਾਦੀ ਤੋਂ ਬਾਅਦ ਇੱਥੇ ਵੱਸਣ ਵਾਲੇ ਰਿਫ਼ਿਊਜੀ ਲੋਕਾਂ ਵਿਚੋਂ ਬਹੁਤੇ ਛੋਟੇ-ਮੋਟੇ ਦੁਕਾਨਦਾਰ ਜਾ ਛੋਟੀ-ਮੋਟੀ ਨੌਕਰੀ ਕਰਨ ਵਾਲੇ ਹੇਠਲੇ ਮੱਧ ਵਰਗ ਨਾਲ ਸੰਬੰਧਿਤ ਲੋਕ ਸਨ? ਇਸੇ ਮਹੁੱਲੇ ਵਿਚ ਜੀਰੋ ਨਾਮ ਦੀ ਵੇਸਵਾ ਹਵੇਲੀਨੁਮਾ ਮਕਾਨ ਵਿਚ ਰਹਿੰਦੀ ਸੀ। ਇਸ ਹਵੇਲੀ ਵਿਚ ਜਗੀਰਦਾਰੀ ਨਾਲ ਸੰਬੰਧਿਤ ਅਮੀਰ, ਰਹੀਸ ਲੋਕ ਆਪਣੀ ਸਰੀਰਕ, ਮਾਨਸਿਕ ਤਮਾ ਪੂਰੀ ਕਰਨ ਲਈ ਆਉਂਦੇ ਜਾਂਦੇ ਸਨ। ਵੇਸਵਾਪੁਣੇ ਦੇ ਪੇਸ਼ੇ ਨਾਲ ਸੰਬੰਧਿਤ ਹੋਰ ਬਹੁਤ ਸਾਰੀਆਂ ਬਾਈਆਂ ਨੂੰ ਇਸ ਮਹੁੱਲੇ ਵਿਚ ਇਕ ਪਾਸੇ ਪਟਿਆਲਾ ਰਿਆਸਤ ਵਲੋਂ ਕੋਠੀਆਂ ਅਲਾਟ ਕੀਤੀਅਂ ਗਈਆਂ ਸਨ। ਇਹ ਕੋਠੀਆਂ ਅਮੀਰਾਂ, ਰਹੀਸਾਂ ਦੇ ਮਨਪ੍ਰਚਾਵੇ ਦਾ ਸਾਧਨ ਸਨ। ਇਸੇ ਕਾਰਨ ਇਹਨਾਂ ਉਪਰ ਰਿਆਸਤੀ ਕ੍ਰਿਪਾ ਵੀ ਬਣੀ ਰਹਿੰਦੀ ਸੀ।

ਪ੍ਰੰਤੂ ਜੀਰੋ ਇਹਨਾਂ ਕੋਠੀਆਂ ਤੋਂ ਅਲੱਗ ਮਹੁੱਲੇ ਵਿਚਕਾਰ ਇਕੱਲੀ ਰਹਿੰਦੀ ਸੀ। ਜੀਰੋ ਦੇ ਹਵੇਲੀ ਨੁਮਾ ਮਕਾਨ ਵਿਚ ਅਮੀਰਾਂ, ਜਗੀਰਦਾਰਾਂ, ਵੱਡੇ ਵਪਾਰੀਆਂ ਦਾ ਆਉਣਾ-ਜਾਣ ਸੀ। ਉਸਦੇ ਨਾਲ ਦੇ ਪਹਿਰੇਦਾਰ/ਸੇਵਾਦਾਰ ਨਰਾਤਾ ਰਾਮ ਅਤੇ ਦੂਜਾ ਰੱਖਾ ਰਾਮ ਪੱਕੇ ਤੌਰ'ਤੇ ਰਹਿੰਦੇ ਸਨ। ਨਾਵਲਿਟ ਦੀ ਕਥਾ ਅਨੁਸਾਰ ਇਕ ਤੋਂ ਵੱਧ ਮਰਦਾਂ ਨਾਲ ਸੰਬੰਧ ਰੱਖਣ ਵਾਲੀ ਜੀਰੋ ਨੂੰ ਮਹੁੱਲੇ ਦੀਆਂ ਹੋਰ ਔਰਤਾਂ ਵਧੇਰੇ ਖੁਸ਼ਕਿਸਮਤ ਜਾਪਦੀਆਂ ਹਨ ਜਿਹੜੀਆਂ ਆਪਣੇ-ਆਪਣੇ ਪਰਿਵਾਰਾਂ ਵਿਚ ਆਪਣੇ ਮਰਦਾਂ ਉੱਪਰ ਆਸ਼ਰਿਤ ਹੋ ਕੇ ਰਹਿੰਦੀਆਂ ਹਨ ? ਜੀਰੋ ਮਹੁੱਲੇ ਦੇ ਜਵਾਕਾਂ ਜਿਵੇਂ ਲੇਖਕ ਨੂੰ ਬਹੁਤ ਪਿਆਰ ਕਰਦੀ ਹੈ। ਉਸਨੂੰ ਘਰੇ ਬੁਲਾਉਂਦੀ ਹੈ ਤੇ ਖਾਣ ਲਈ ਮੀਟ ਜਾਂ ਖੀਰ ਦਿੰਦੀ ਹੈ। ਉਹ ਆਪਣੇ ਸੇਵਾਦਾਰਾਂ ਤੋਂ ਲੈ ਕੇ ਮਹੁੱਲੇ ਦੇ ਬੱਚਿਆਂ ਤੱਕ ਨਾਲ ਮੋਹ ਕਰਦੀ ਹੈ। ਜੀਰੋ ਇਸਾਨੀਅਤ ਦੇ ਰਿਸ਼ਤੇ ਵਿਚੋਂ ਦੀ ਆਪਣੇ ਸਾਰੇ ਆਲੇ-ਦੁਆਲੇ ਨੂੰ ਦੇਖਦੀ ਹੈ। ਉਹ ਮੁਹੱਬਤ, ਇਨਸਾਨੀਅਤ ਅਤੇ ਤਿਆਗ ਦੀ ਮੂਰਤ ਵਜੋਂ ਨਾਵਲਿਟ ਦਾ ਕੇਂਦਰ ਬਣਦੀ ਹੈ। ਚਮਨ ਨਾਮ ਦਾ ਇਕ ਤੰਬਾਕੂ ਦਾ ਵਪਾਰੀ ਜਦੋ ਵਪਾਰ ਦੇ ਸਿਲਸਿਲੇ ਵਿਚ ਪਟਿਆਲੇ ਆਉਂਦਾ ਹੈ ਤਾਂ ਉਹ ਜੀਰੋ ਕੋਲ ਆਉਂਦਾ ਹੈ। ਉਹ ਕਈ-ਕਈ ਦਿਨ ਉਥੇ ਹੀ ਰੁਕਦਾ ਹੈ। ਸਾਰਾ ਮੁਹੱਲਾ ਚਮਨ ਨੂੰ ਜਾਣਨ ਅਤੇ ਪਹਿਚਾਨਣ ਲੱਗਦਾ ਹੈ। ਭਾਵੇਂ ਕਿ ਚਮਨ ਜੀਰੋ ਦਾ ਇਕ ਗਾਹਕ ਹੈ ਪ੍ਰੰਤੂ ਜੀਰੋ ਦੇ ਅੰਦਰ ਕਿਸੇ ਇਕ ਮਰਦ ਨਾਲ ਰਹਿਕੇ ਜ਼ਿੰਦਗੀ ਜਿਉਣ ਦੀ ਇੱਛਾ ਕਾਰਨ ਅਤੇ ਮੁਹੱਲੇਦਾਰ ਔਰਤਾਂ ਦੀ ਸਲਾਹ ਨਾਲ ਜੀਰੋ ਅਤੇ ਚਮਨ ਵਿਆਹ ਕਰਵਾ ਲੈਂਦੇ ਹਨ।

ਉਧਰ ਹਰਿਦੁਆਰ ਵਿਚ ਚਮਨ ਦੇ ਭਰਾ ਉਸ ਨਾਲ ਵਪਾਰ ਵਿੱਚ ਧੌਖਾ ਕਰ ਦਿੰਦੇ ਹਨ। ਚਮਨ ਅਰਸ਼ ਤੋਂ ਫਰਸ਼ ਤੇ ਆ ਜਾਂਦਾ ਹੈ। ਚਮਨ ਦੀ ਪਹਿਲੀ ਪਤਨੀ ਵੀ ਉਸ ਦਾ ਸਾਥ ਛੱਡ ਦਿੰਦੀ ਹੈ। ਉਸ ਦੀ ਪਤਨੀ ਕਮਲੇਸ਼ ਨੂੰ ਜੀਰੋ ਤੇ ਚਮਨ ਦੇ ਰਿਸ਼ਤੇ ਬਾਰੇ ਪਤਾ ਚੱਲ ਜਾਂਦਾ ਹੈ ਜਿਸ ਕਾਰਨ ਉਹ ਚਮਨ ਨੂੰ ਬਿਲਕੁਲ ਇਕੱਲਾ ਛੱਡ ਕੇ ਚਲੀ ਜਾਂਦੀ ਹੈ? ਚਮਨ ਠੋਕਰਾਂ ਖਾਂਦਾ ਬਹੁਤ ਸਮੇਂ ਬਾਅਦ ਬਹੁਤ ਬੁਰੀ ਹਾਲਤ ਵਿਚ ਪਟਿਆਲੇ ਪਹੁੰਚ ਜਾਂਦਾ ਹੈ ।ਜੀਰੋ ਚਮਨ ਦੀ ਵਿਥਿਆ ਸੁਣ ਕੇ ਬਹੁਤ ਹੈਰਾਨ ਅਤੇ ਦੁਖੀ ਹੁੰਦੀ ਹੈ। ਉਹ ਇਹਨਾਂ ਮਾੜੇ ਹਾਲਾਤਾਂ ਵਿਚ ਬਾਕੀਆਂ ਵਾਂਗੂ ਚਮਨ ਦਾ ਸਾਥ ਛੱਡਣ ਦੀ ਬਜਾਇ ਆਪਣਾ ਜਮਾਂ



ਕੀਤਾ ਸਾਰਾ ਧਨ, ਗਹਿਣੇ ਚਮਨ ਦੇ ਹਵਾਲੇ ਕਰ ਦਿੰਦੀ ਹੈ। ਇਥੋਂ ਤੱਕ ਆਪਣਾ ਹਵੇਲੀ ਵਰਗਾ ਘਰ ਵੀ ਵੇਚ ਦਿੰਦੀ ਹੈ ਤਾਂ ਜੋ ਚਮਨ ਆਪਣਾ ਵਪਾਰ ਦੁਬਾਰਾ ਖੜ੍ਹਾ ਕਰ ਸਕੇ। ਚਮਨ ਜੀਰੋ ਦੀ ਅਜਿਹੀ ਮੁਹੱਬਤ ਦੇਖ ਕੇ ਉਸ ਨੂੰ ਆਪਣੇ ਨਾਲ ਹਰਿਦੁਆਰ ਲੈ ਜਾਂਦਾ ਹੈ। ਕਿਰਾਏ ਦੇ ਘਰ ਵਿਚ ਅਲੱਗ ਆਪਣੀ ਦੂਸਰੀ ਪਤਨੀ ਵਜੋਂ ਰੱਖਦਾ ਹੈ ਹੌਲ਼ੀ-ਹੌਲ਼ੀ ਚਮਨ ਦਾ ਵਪਾਰ ਸਿਖਰ 'ਤੇ ਪੁੱਜ ਜਾਂਦਾ ਹੈ। ਇਸੇ ਦੌਰਾਨ ਚਮਨ ਅਤੇ ਜੀਰੋ ਦੇ ਘਰ ਇਕ ਮੁੰਡਾ ਜਨਮ ਲੈਂਦਾ ਹੈ। ਉਹ ਉਸਨੂੰ ਪਾਲ਼ਦੇ ਹਨ ਅਤੇ ਪੜ੍ਹਣ ਲਈ ਵਿਦੇਸ਼ ਭੇਜਦੇ ਹਨ। ਜੀਰੋ ਚਮਨ ਦੀ ਪਹਿਲੀ ਪਤਨੀ ਕਮਲੇਸ਼ ਨੂੰ ਕੋਸਣ ਜਾਂ ਨ਼ਫਰਤ ਕਰਨ ਦੀ ਬਜਾਇ ਆਪਣੀ ਭੈਣ ਬਣਾਉਂਦੀ ਹੈ। ਹੌਲ਼ੀ-ਹੌਲ਼ੀ ਜੀਰੋ ਅਤੇ ਕਮਲੇਸ਼ ਦਾ ਰਿਸ਼ਤਾ ਵੀ ਸੁਖਾਵਾਂ ਹੋ ਜਾਂਦਾ ਹੈ। ਉਹ ਦੋਨੋਂ ਇਕੱਠੀਆਂ ਗੁਰਦੁਆਰੇ ਜਾਂਦੀਆਂ, ਇਕੱਠੀਆਂ ਹੀ ਤਿਉਹਾਰ ਮਨਾਉਂਦੀਆਂ ਹਨ। ਚਮਨ, ਜੀਰੋ ਅਤੇ ਕਮਲੇਸ਼ ਦੀ ਜ਼ਿੰਦਗੀ ਚੰਗੀ ਗੁਜ਼ਰ ਹੋਣ ਲੱਗਦੀ ਹੈ।

ਨਾਵਲਿਟ ਦੀ ਕਹਾਣੀ ਵਿਚ ਅਚਾਨਕ ਇਕ ਮੋੜ ਵਾਪਰਦਾ ਹੈ। ਜੀਰੋ ਇਕ ਦਮ ਬਹੁਤ ਬਿਮਾਰ ਹੋ ਜਾਂਦੀ ਹੈ ਅਤੇ ਡਾਕਟਰਾਂ ਤੋਂ ਪਤਾ ਲਗਦਾ ਹੈ ਕਿ ਉਸਨੂੰ ਕਿਸੇ ਨੇ ਖਾਣੇ ਵਿਚ ਪਾਰਾ ਪਾ ਕੇ ਖੁਆ ਦਿੱਤਾ ਹੈ। ਚਮਨ ਦਾ ਸ਼ੱਕ ਇਕ ਦਮ ਕਮਲੇਸ਼ ਉੱਪਰ ਜਾਂਦਾ ਹੈ ਜੋ ਸਹੀ ਸਾਬਤ ਹੁੰਦਾ ਹੈ। ਚਮਨ ਇੱਕ ਵਾਰ ਫਿਰ ਬਿਲਕੁਲ ਟੁੱਟ ਜਾਂਦਾ ਹੈ। ਕਮਲੇਸ਼ ਟੱਸ ਤੋਂ ਮੱਸ ਨਹੀ ਹੁੰਦੀ, ਉਹ ਬਹੁਤ ਵੱਡਾ ਅਣਮਨੁੱਖੀ ਗੁਨਾਹ ਕਰਕੇ ਵੀ ਚਮਨ ਨੂੰ ਕਹਿੰਦੀ ਹੈ, ''ਚੱਲ ਤੇਰਾ ਵੀ ਛੁਟਕਾਰਾ ਹੋ ਗਿਆ ਉਸ ਕੰਜਰੀ ਤੋਂ।........ਤੇਰੇ ਤੇ ਕੀ ਕਹਿਰ ਢਹਿ ਪਿਆ? ਤੇਰੀ ਪਤਨੀ ਹੈ, ਤੇਰੇ ਬੱਚੇ ਹਨ, ਤੇਰਾ ਪਰਿਵਾਰ ਸਲਾਮਤ ਹੈ''[1] ਕਮਲੇਸ਼ ਜੀਰੋ ਨੂੰ ਚਮਨ ਦੇ ਪਰਿਵਾਰ ਦਾ ਹਿੱਸਾ ਨਹੀਂ ਮੰਨਦੀ। ਉਹ ਆਪਣੇ ਅੰਦਰ ਪਈ ਨਫਰਤ ਦੀ ਗੰਢ ਨੂੰ ਖਤਮ ਨਹੀਂ ਕਰ ਸਕੀ ਜਿਸਦਾ ਹੱਲ ਉਸਨੇ ਜੀਰੋ ਨੂੰ ਮਾਰ ਕੇ ਲੱਭਿਆ। ਇਸ ਦੇ ਉਲਟ ਜੀਰੋ ਆਪਣੇ ਅੰਤਿਮ ਸਮੇਂ ਵਿੱਚ ਚਮਨ ਨੂੰ ਕਹਿੰਦੀ ਹੈ, "ਜੋ ਕੁਝ ਵੀ ਹੋਇਆ ਹੈ, ਉਸ ਨੂੰ ਭੁੱਲ ਜਾ, ਨਹੀਂ ਤਾਂ ਤੇਰਾ ਸਾਰਾ ਪਰਿਵਾਰ ਖਰਾਬ ਹੋ ਜਾਵੇਗਾ...... ਮੇਰਾ ਕੀ ਹੈ, ਮਰਨਾ ਤਾਂ ਸਭ ਨੇ ਹੈ ਇਕ ਦਿਨ।"[2] ਜੀਰੋ ਏਨਾ ਜ਼ੁਲਮ ਸਹਿ ਕੇ ਵੀ ਮਨੁੱਖੀ ਕਦਰਾਂ, ਮੁਹੱਬਤ, ਇਨਸਾਨੀਅਤ ਦਾ ਪੱਲਾ ਨਹੀਂ ਛੱਡਦੀ। ਉਹ ਮੁਹੱਬਤ ਲਈ ਕੁਰਬਾਨ ਹੁੰਦੀ ਹੈ।

ਇਸ ਤਰਾਂ ਸਮੁੱਚੇ ਨਾਵਲਿਟ ਦੀ ਸਬਟੈਕਸਟ 'ਚੋਂ ਜੀਰੋ ਦਾ ਕਿਰਦਾਰ, ਬੱਚਿਆਂ, ਨੌਕਰਾਂ, ਮਹੁੱਲੇਦਾਰ ਔਰਤਾਂ ਨੂੰ ਇਥੋਂ ਤੱਕ ਕਿ ਕਮਲੇਸ਼ ਦੇ ਰੂਪ ਵਿਚ ਆਪਣੀ ਦੁਸ਼ਮਣ ਔਰਤ ਨੂੰ ਵੀ ਮੁਹੱਬਤ ਅਤੇ ਇਨਸਾਨੀਅਤ ਦੇ ਨਜ਼ਰੀਏ ਤੋਂ ਦੇਖਣ ਵਾਲੀ ਨਾਇਕਾ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਜੀਰੋ ਤਿਆਗ, ਕੁਰਬਾਨੀ ਅਤੇ ਨੈਤਿਕਤਾ ਦੇ ਸਿਖਰ ਦੇ ਮੈਟਾਫਰ ਵਜੋਂ ਨਾਵਲਿਟ ਦਾ ਮੁੱਖ ਫੋਕਸ ਬਣਦੀ ਹੈ। ਨਾਵਲਿਟਕਾਰ ਨੇ ਜੀਰੋ ਦੇ ਕਿਰਦਾਰ ਦਾ ਰੁਮਾਂਟਿਕ ਢੰਗ ਨਾਲ ਗਲਪੀਕਨ ਕਰਦਿਆਂ ਵੇਸਵਾ ਵਜੋਂ ਹਾਸ਼ੀਏ ਉੱਪਰ ਧੱਕੇ ਗਏ ਵਰਗ ਨੂੰ ਸਾਧਾਰਨ ਲੁਕਾਈ ਨਾਲੋਂ ਵਧੇਰੇ ਸੰਵੇਦਨਸ਼ੀਲ ਅਤੇ ਮਨੁੱਖੀ ਕੀਮਤਾਂ ਦਾ ਮੁੱਦਈ ਦਰਸਾਇਆ ਹੈ।

ਸਾਡੇ ਸਮਾਜ ਦੇ ਅਖੌਤੀ ਆਧੁਨਿਕ ਪੈਮਾਨਿਆਂ ਅਨੁਸਾਰ ਵੇਸਵਪੁਣੇ ਵਰਗੇ ਕਿੱਤਿਆਂ ਨੂੰ ਨਾਕਾਰਤਮਕ ਨਜ਼ਰੀਏ ਨਾਲ ਦੇਖਦਿਆਂ ਹਮੇਸ਼ਾ ਹਾਸ਼ੀਏ 'ਤੇ ਧੱਕਿਆ ਜਾਂਦਾ ਹੈ। ਇਥੋਂ ਤੱਕ ਕਿ ਸਾਡੇ ਸੰਸਥਾਗਤ ਰਿਸ਼ਤਾ-ਨਾਤਾ ਪ੍ਰਬੰਧ ਦੇ ਨਜ਼ਰੀਏ ਵਿਚ ਤਾਂ ਅਜਿਹਾ ਰਿਸ਼ਤਾ(ਚਮਨ ਅਤੇ ਜੀਰੋ ਦਾ) ਅਸਵੀਕਾਰਨਯੋਗ ਅਤੇ ਗੈਰਇਨਸਾਨੀ ਮੰਨਿਆ ਜਾਂਦਾ ਰਿਹਾ ਹੈ। ਨਾਵਲਿਟਕਾਰ ਨੇ ਇਕ ਵੇਸਵਾ ਔਰਤ ਦੀ ਕਿਰਦਾਰਕਸ਼ੀ ਕਰਦਿਆਂ ਉਸਨੂੰ ਰਿਸ਼ਤਿਆਂ ਵਿਚ ਵਧੇਰੇ ਪ੍ਰਤਿਬੱਧਤਾ, ਤਿਆਗ, ਇਮਾਨਦਾਰੀ ਅਤੇ ਇਨਸਾਨੀ ਮੁੱਲਾਂ ਦੇ ਨਾਲ ਵਿਚਰਦਿਆਂ ਅਤੇ ਮਰਦਿਆਂ ਪੇਸ਼ ਕਰਕੇ ਇਕ ਨਾਇਕ ਵਜੋਂ ਉਭਾਰਿਆ

ਹੈ। ਨਾਵਲਿਟਕਾਰ ਦੀ ਅਜਿਹੀ ਪੇਸ਼ਕਾਰੀ ਭਾਵੇਂ ਰੁਮਾਂਟਿਕ ਸੁਭਾਅ ਦੀ ਹੈ ਪ੍ਰੰਤੂ ਅਜਿਹਾ ਕਰਦਿਆਂ ਉਹ ਅਚੇਤ/ਸੁਚੇਤ ਜੀਰੋ ਅਤੇ ਕਮਲੇਸ਼ ਦੇ ਪਾਤਰਾਂ ਵਿਚ ਵਿਰੋਧਾਭਾਸ ਦੀ ਸਿਰਜਣਾ ਕਰਦਾ ਹੋਇਆ ਸਾਡੇ ਸੰਸਥਾਗਤ ਰਿਸ਼ਤਾਨਾਤਾ ਪ੍ਰਬੰਧ ਉੱਪਰ ਟਕੋਰ ਕਰਦਾ ਹੋਇਆ ਨਜ਼ਰ ਆਉਂਦਾ ਹੈ। ਨਾਵਲਿਟਕਾਰ ਵੇਸਵਾਪੁਣੇ ਦੇ ਵਿਰੋਧੀ ਪੈਰਾਡਾਇਮ ਰਾਹੀ ਸੰਸਥਾਗਤ ਢਾਂਚੇ ਉਪਰ ਤਿੱਖਾ ਵਿਅੰਗ ਕਰਦਾ ਹੈ।

ਨਾਵਲਿਟ ਇਕ ਹੋਰ ਨੁਕਤੇ ਤੋਂ ਬਹੁਤ ਮਹੱਤਵਪੂਰਨ ਹੈ। ਲੇਖਕ 50-60 ਸਾਲ ਪੁਰਾਣੇ ਰਿਆਸਤੀ ਸ਼ਹਿਰ ਪਟਿਆਲੇ ਦੇ ਬਾਜਾਰਾਂ, ਮੁਹੱਲਿਆਂ ਦੀ ਤਸਵੀਰਕਸ਼ੀ ਬਹੁਤ ਖੂਬਸੂਰਤ ਗਲਪੀ ਅੰਦਾਜ ਵਿਚ ਕਰਦਾ ਹੈ। ਅਜਿਹਾ ਕਰਦਿਆ ਸੁਚੇਤ ਤੌਰ 'ਤੇ ਲੇਖਕ ਨੇ ਉਸ ਸਮੇਂ ਵਿਕਸਿਤ ਹੋ ਰਹੇ ਰਿਆਸਤੀ ਪਟਿਆਲਾ ਸ਼ਹਿਰ ਦੇ ਮੁਹੱਲਿਆਂ ਵਿਚ ਵੱਸੇ ਵੱਖੋ-ਵੱਖਰੇ, ਧਰਮ, ਜਾਤ, ਵਰਗ ਨਾਲ ਸਬੰਧਿਤ ਸਾਧਾਰਨ ਲੋਕਾਂ ਦਾ ਇਕ ਵਸੇਵਾ ਪ੍ਰਤੀ ਸੁਹਿਰਦਤਾ ਅਤੇ ਸਾਂਝ ਵਾਲਾ ਨਜ਼ਰੀਆਂ ਪੇਸ਼ ਕੀਤਾ ਹੈ। ਲੇਖਕ ਦੇ ਮੁਹੱਲੇ ਦੇ ਲੋਕ ਜੀਰੋ ਨੂੰ ਆਪਣੇ ਮੁਹੱਲੇ ਦਾ ਇਕ ਅਟੁੱਟ ਅੰਗ ਮੰਨਦੇ ਹਨ। ਮੁੱਹਲੇ ਦੇ ਮਰਦ ਭਾਵੇਂ ਜੀਰੋ ਨੂੰ ਇਕ ਵੇਸਵਾ ਦੇ ਰੂਪ ਵਿਚ ਹੀ ਦੇਖਦੇ ਹਨ। ਪ੍ਰੰਤੂ ਉਸ ਨਾਲ ਮੁਹੱਲੇਦਾਰੀ ਵਾਲੀ ਭਾਈਚਾਰਕ ਸਾਂਝ ਵੀ ਮਹਿਸੂਸ ਕਰਦੇ ਹਨ। ਜਦੋਂ ਜੀਰੋ ਆਪਣਾ ਮਕਾਨ ਵੇਚਦੀ ਹੈ ਤਾਂ ਆਲੇ-ਦੁਆਲੇ ਦਾ ਗੁਆਂਢ ਬਹੁਤ ਦੁਖੀ ਮਹਿਸੂਸ ਕਰਦਾ ਹੈ। ਇਸ ਤਰਾਂ ਨਾਵਲਿਟ ਵਿਚ ਭਾਈਚਾਰਕ ਸਾਂਝ ਵਾਲੇ ਸਕਾਰਾਤਮਕ ਦ੍ਰਿਸ਼ਾਂ ਦੀ ਸਿਰਜਣਾ ਰਾਹੀ ਲੇਖਕ ਅਚੇਤ ਹੀ ਅਜੋਕੇ ਨਿੱਜ ਕੇਂਦਰਿਤ, ਵਸਤੂਮੁੱਖੀ, ਆਪ ਹੁਦਰੇਖਣ ਵਾਲੇ ਸਮਾਜਿਕ ਮਾਹੌਲ ਉੱਪਰ ਵਿਅੰਗ ਵੀ ਕਰ ਜਾਂਦਾ ਹੈ। ਖੂਬਸੂਰਤ ਗੱਲ ਇਹ ਹੈ ਕਿ ਇਹ ਸਭ ਕੁਝ ਰਚਨਾ ਪਾਠ ਵਿਚੋਂ ਕਿਸੇ ਉਚੇਚ ਜਾਂ ਨਾਅਰੇ ਦੇ ਰੂਪ ਵਿਚ ਨਹੀਂ ਸਗੋਂ ਸਹਿਜ ਤੌਰ 'ਤੇ ਉਭਰ ਕੇ ਸਾਹਮਣੇ ਆਉਂਦਾ ਹੈ।

ਨਾਵਲਿਟ ਦੀ ਬੁਣਤਰ ਨੂੰ ਜੇਕਰ ਧਿਆਨ ਨਾਲ ਵਾਚਿਆ ਜਾਵੇ ਤਾਂ 'ਕੰਜਰੀ' ਭਾਵ ਵੇਸਵਾਪੁਣਾ ਇਕ ਸੈਂਟਰਲ ਮੈਟਾਫਰ ਵਜੋਂ ਉਭਰਦਾ ਹੈ ਤੇ ਨਾਵਲਿਟ ਦੀ ਬਾਕੀ ਸਾਰੀ ਕਥਾ ਇਸਦੇ ਦੁਆਲੇ ਬੁਣੀ ਹੋਈ ਹੈ। ਨਾਵਲਿਟ ਵਿਚ ਵਿਦਮਾਨ ਨਜ਼ਰੀਆ ਇਕ ਭਾਵੁਕ ਇਨਸਾਨ ਦਾ ਹੈ ਜੋ ਜੀਰੋ ਦੇ ਕਿਰਦਾਰ ਰਾਹੀ ਨਾਵਲਿਟ ਦੇ ਪਾਠ ਵਿਚ ਸਮਾਇਆ ਹੋਇਆ ਹੈ ਜ਼ੀਰੋ ਨਾਵਲਿਟ ਦੀ ਨਾਇਕਾ ਵਜੋਂ ਉਭਰਦੀ ਹੈ। ਨਾਵਲਿਟ ਦੀ ਵਿਧਾ ਵਿਚ ਨਾਇਕ ਸ਼ੁਰੂ ਤੋਂ ਅੰਤ ਤੱਕ ਨਾਇਕ ਹੀ ਰਹਿੰਦਾ ਹੈ। ਡਾ. ਸੁਖਦੇਵ ਸਿੰਘ ਖਾਹਰਾ 'ਨਾਵਲ ਅਤੇ ਰੁਮਾਂਸ ਰਚਨਾ ਵਿੱਚ ਮੁੱਖ ਪਾਤਰ ਦੀ ਸਥਿਤੀ ਦਾ ਨਿਖੇੜਾ ਕਰਦੇ ਹੋਏ 'ਰੁਮਾਂਸ ਕਥਾ ਦੇ ਨਇਕ ਲਈ ਸ਼ਬਦ(Hero) ਨਾਇਕ ਅਤੇ ਨਾਵਲ ਦੇ ਮੁੱਖ ਪਾਤਰ ਲਈ ਵਰਤਿਆ ਜਾਂਦਾ ਪਰਿਭਾਸ਼ਿਕ ਸ਼ਬਦ (Protogonist) 'ਮੁੱਖ ਪਾਤਰ' ਦਸਦੇ ਹਨ।'[3] ਨਾਇਕ ਸ਼ਬਦ ਸਥਿਤੀ ਸ਼ੀਲਤਾ ਦਾ ਸੂਚਕ ਹੈ ਅਤੇ ਮੁੱਖ ਪਾਤਰ ਗਤੀਸ਼ੀਲ ਪ੍ਰਕਿਰਿਆ ਦਾ? ਨਾਵਲਿਟ ਵਿਚ ਪਾਤਰ ਦੀ ਨਾਇਕ ਵਜੋਂ ਸਥਿਤੀ ਦਾ ਰੁਮਾਨੀ ਬਿੰਬ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਵਲਿਟ ਦੀ ਵਿਧਾ ਇੱਕ ਪਾਤਰ 'ਤੇ ਕੇਂਦਰਿਤ ਕਰਨ ਵਾਲੀ ਅਤੇ ਇੱਕ ਪਾਤਰ ਦੀ ਪਛਾਣ ਨਾਲ ਜੁੜੀ ਹੋਈ ਇੱਕ ਵਿਲੱਖਣ ਵਿਧਾ ਹੈ। ਨਾਵਲਿਟ ਜੀਰੋ ਕੰਜਰੀ ਵਿਚ ਇਹ ਵਿਧਾਗਤ ਲੱਛਣ ਉੱਭਰਕੇ ਸਾਹਮਣੇ ਆਉਂਦਾ ਹੈ।

ਨਾਵਲਿਟ ਦਾ ਹਰ ਕਾਂਡ ਨਾਵਲਿਟ ਦੀ ਕਥਾ ਨੂੰ ਅੱਗੇ ਤੋਰਦਾ ਹੈ। ਹਰ ਕਾਂਡ ਦਾ ਨਾਮ ਲੇਖਕ ਨੇ ਪ੍ਰਤੀਕਾਤਮਕ ਢੰਗ ਨਾਲ ਰੱਖਿਆ ਹੈ ਜਿਵੇ 'ਕਿਸ਼ਤੀ ਦਾ ਰੁਦਨ', 'ਸਤਾਈਆਂ ਜਿੰਦਾਂ'. 'ਏਕ ਜੋਤਿ ਦੋਇ ਮੂਰਤੀ', 'ਇਕ ਰਾਜ ਹੰਸ ਦੀ ਅੰਤਿਮ ਯਾਤਰਾ' ਆਦਿ। ਹਰ ਕਾਂਡ ਦਾ ਨਾਮ ਉਸ ਕਾਂਡ ਵਿਚਲੇ ਘਟਨਾ ਕ੍ਰਮ ਦਾ ਪ੍ਰਤੀਕਾਤਮਕ ਪ੍ਰਗਟਾਅ ਹੈ। ਇਸ ਤਰਾਂ ਪ੍ਰਤੀਕ ਦੀ ਵਰਤੋਂ ਨਾਵਲਿਟ ਨੂੰ ਵਧੇਰੇ ਰੌਚਕ ਬਣਾ ਦਿੰਦੀ ਹੈ।




ਨਾਵਲਿਟ ਦੀ ਵਿਧਾ ਦਾ ਸਬੰਧ ਲੇਖਕ ਦੀ ਵਿਅਕਤੀਗਤ ਚੇਤਨਾ ਨਾਲ ਵਧੇਰੇ ਹੁੰਦਾ ਹੈ। ਲੇਖਕ ਦਾ ਨਿੱਜ ਰਚਨਾ 'ਤੇ ਹਾਵੀ ਹੁੰਦਾ ਹੈ। ਨਿੱਜ ਦੀ ਦ੍ਰਿਸ਼ਟੀ ਤੋਂ ਸਾਰੇ ਰਚਨਾ ਪਾਠ ਦੀ ਸਿਰਜਣਾ ਨਾਵਲਿਟ ਵਿਚ ਕੀਤੀ ਜਾਂਦੀ ਹੈ। ਬਹੁਤੀ ਵਾਰ ਪਾਤਰਾਂ ਦੇ ਭਾਸ਼ਾਈ ਮੁਹਾਂਦਰੇ ਉੱਪਰ ਵੀ ਲੇਖਕ ਦਾ ਨਿੱਜ ਭਾਰੂ ਹੁੰਦਾ ਹੈ। ਬਿਲਕੁਲ ਇਸੇ ਤਰਾਂ ਧਿਆਨ ਗੋਚਰ ਨਾਵਲਿਟ 'ਜੀਰੋ ਕੰਜਰੀ' ਦੇ ਭਾਸ਼ਾਈ ਮੁਹਾਦਰੇ ਨੂੰ ਜੇਕਰ ਦੇਖੀਏ ਤਾਂ ਲੇਖਕ ਬਹੁਤੀ ਵਾਰ ਵਾਰਤਾਲਾਪ ਵਿਚ ਵੀ ਪਾਤਰ ਅਨੁਕੂਲ ਭਾਸ਼ਾਈ ਮੁਹਾਂਦਰਾ ਵਰਤਣ ਦੀ ਥਾਂ ਨਿੱਜੀ ਭਾਸ਼ਾ ਦੀ ਵਰਤੋਂ ਕਰਦਾ ਹੈ ਜਿਸ ਕਾਰਨ ਰਚਨਾ ਵਿੱਚ ਇਕੋ ਤਰਾਂ ਦੀ ਦ੍ਰਿਸ਼ਟੀ ਦੇ ਵਿਦਮਾਨ ਹੋਣ ਅਤੇ ਲੇਖਕ ਦੇ ਨਿੱਜ ਦੇ ਭਾਰੂ ਹੋਣ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ ਤੇ ਰਚਨਾ ਦਾ ਸੁਭਾਅ ਵਧੇਰੇ ਰੁਮਾਂਟਿਕ ਹੋ ਜਾਂਦਾ ਹੈ। ਇਹ ਰੁਮਾਂਟਿਕ ਸੁਭਾਅ ਹੀ ਨਾਵਲਿਟ ਦੀ ਵਿਧਾ ਦਾ ਖਾਸਾ ਹੈ।

ਨਾਵਲਿਟ ਦਾ ਸਾਰਾ ਪਾਠ ਨਾਵਲਿਟਕਾਰ ਦੁਆਰਾ ਆਪਣੀਆਂ ਸਿਮਰਤੀਆਂ ਨੂੰ ਮੁੜ-ਸਿਰਜਣ ਦੀ ਪ੍ਰਕਿਰਿਆ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਸਿਮਰਤੀਆਂ ਨੂੰ ਸਿਰਜਣ ਦੀ ਵਿਧੀ ਵੀ ਰੁਮਾਂਸ ਦੀ ਵਿਧਾ ਦਾ ਅਧਾਰ ਬਣਦੀ ਹੈ। ਇਸ ਤਰਾਂ ਨਾਵਲਿਟ 'ਜੀਰੋ ਕੰਜਰੀ' ਜਿਥੇ ਸਿਮਰਤੀਆਂ ਦੇ ਸਿਰਜਣ ਰਾਹੀਂ ਭੂਤ ਪ੍ਰਤੀ ਰੁਮਾਂਸ ਦੇ ਭਾਵ ਪੈਦਾ ਕਰਦਾ ਹੈ ਉਥੇ ਸਮਕਾਲੀ ਨਾ-ਮੁੱਖੀ ਵਰਤਾਰਿਆਂ 'ਤੇ ਵਿਅੰਗ ਵੀ ਕਰਦਾ ਹੈ। ਇਹ ਨਾਵਲਿਟ ਪੰਜਾਬੀ ਨਾਵਲਿਟ ਪਰਪੰਰਾ ਵਿੱਚ ਇੱਕ ਗੌਲਣਯੋਗ ਵਾਧਾ ਹੈ।

**ਹਵਾਲੇ ਤੇ ਟਿੱਪਣੀਆਂ**


1. ਭੁਪਿੰਦਰ ਉਪਰਾਮ,ਜੀਰੋ **ਕੰਜਰੀ**, ਨਵਰੰਗ ਪਬਲੀਕੇਸ਼ਨ,ਸਮਾਣਾ, 2018,ਪੰਨਾ 73
2. ਉਹੀ, ਪੰਨਾ 78
3. ਡਾ.ਸੁਖਦੇਵ ਸਿੰਘ ਖਾਹਰਾ, ਪੰਜਾਬੀ **ਨਾਵਲ ਵਿਚ ਸਾਂਸਕ੍ਰਿਤਕ ਚੇਤਨਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988, ਪੰਨਾ-20


ਸੰਪਰਕ- 9878275100



## ਹੁੰਗਾਰਾ

ਤੁਸਾਂ 'ਕਹਾਣੀ ਧਾਰਾ' ਦੀ ਸੰਪਾਦਕੀ ਚ ਨਵੇਂ ਉੱਠ ਰਹੇ ਕਹਾਣੀਕਾਰਾਂ ਬਾਰੇ ਜੋ ਟਿੱਪਣੀ ਕੀਤੀ ਉਹ ਬੇਸ਼ੱਕ ਸਹੀ ਹੈ, ਪਰ ਉਨ੍ਹਾਂ ਦੇ ਸੰਦਰਭ 'ਚ ਕੁਝ ਜਿਆਦਤੀ ਵੀ ਹੈ। ਜਦੋਂ ਉਭਰ ਰਿਹਾ ਲੇਖਕ ਕਹਾਣੀਆਂ ਲਿਖਦਾ ਅਤੇ ਪਰਚਿਆਂ 'ਚ ਪ੍ਰਕਾਸ਼ਤ ਹੋਣ ਲਈ ਭੇਜਦਾ ਹੈ ਤਾਂ ਉਸਨੂੰ ਆਪਣੀ ਪ੍ਰਕਾਸ਼ਤ ਕਹਾਣੀ ਵੇਖ ਕੇ ਚੰਗਾ ਲਗਦਾ ਹੈ। ਹੌਂਸਲਾ ਬੱਝਦਾ ਹੈ। ਸਾਹਿਤ ਦੇ ਖੇਤਰ 'ਚ ਕੋਈ ਐਸਾ ਢੰਗ ਜਾਂ ਮਾਪ ਦੰਡ ਨਹੀਂ ਜਿਸ ਦੁਆਰਾ ਉਸ ਨੂੰ ਆਪਣੀ ਰਚਨਾ ਦੇ ਮਿਆਰ ਬਾਰੇ ਪਤਾ ਲੱਗ ਸਕੇ। ਰਚਨਾ ਚੰਗੀ ਜਾਂ ਮੰਦੀ ਦਾ, ਉਸ ਦੇ ਆਲੇ ਦੁਆਲੇ ਦੇ ਯਾਰ ਦੋਸਤ ਉਸ ਨੂੰ ਸਹੀ ਮੁਸ਼ਵਰਾ ਨਹੀਂ ਦੇਂਦੇ, ਇਹ ਸੋਚਦਿਆਂ ਕਿ ਕਿਤੇ ਨਰਾਜ਼ ਨਾ ਹੋ ਜਾਵੇ। ਹਰ ਲੇਖਕ ਦੀ ਇਹੀ ਇੱਛਾ ਹੁੰਦੀ ਹੈ ਕਿ ਉਹ ਇਕ ਕਹਾਣੀਕਾਰ ਦੇ ਤੌਰ ਤੇ ਜਾਣਿਆ ਜਾਵੇ। ਉਹ ਆਪਣੇ ਪੈਸੇ ਖਰਚ ਕੇ ਆਪਣਾ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਕਰਵਾਉਂਦਾ ਹੈ। ਉਸ ਤੋਂ ਬਾਅਦ ਦੂਸਰੀ ਸਟੇਜ ਆਉਂਦੀ ਹੈ ਕਿ ਉਸ ਦੇ ਕਹਾਣੀ ਸੰਗ੍ਰਹਿ ਦੀ ਚਰਚਾ ਹੋਵੇ, ਵਾਹ ਵਾਹ ਵੀ ਹੋਵੇ। ਜਦੋਂ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਮੇਰੀ.... ਵੀ ਇਹੀ ਸੀ। ਫੇਰ ਉਹ ਕਹਾਣੀਕਾਰ ਆਪਣੇ ਕਹਾਣੀ ਸੰਗ੍ਰਹਿ ਦੀ ਚਰਚਾ ਕਰਵਾਉਣ ਦੇ ਜੁਗਾੜ 'ਚ ਫਸ ਜਾਂਦਾ ਹੈ।

ਪਿਛਲੇ ਸਾਲ ਇਕ ਨਵਾਂ ਕਹਾਣੀਕਾਰ ਆਪਣੀਆਂ ਕਹਾਣੀਆਂ ਲੈ ਕੇ ਮੇਰੇ ਕੋਲ ਆਇਆ ਅਤੇ ਆਪਣੀਆਂ ਸਾਰੀਆਂ ਕਹਾਣੀਆਂ ਮੈਨੂੰ ਦੇ ਕੇ ਆਖਣ ਲੱਗਾ ਕਿ ਮੈਂ ਉਨ੍ਹਾਂ ਕਹਾਣੀਆਂ ਦੀਆਂ ਊਣਤਾਈਆਂ-ਚੰਗਿਆਈਆਂ ਬਾਰੇ ਅਤੇ ਕਹਾਣੀਆਂ ਨੂੰ ਸੁਧਾਰਨ, ਹੋਰ ਚੰਗੀਆਂ ਬਣਾਉਣ ਬਾਰੇ ਆਪਣੀ ਰਾਏ ਦੇਵਾਂ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਨਵੇਂ ਸਨ ਪਰ ਕਹਾਣੀ ਕਲਾ ਦੇ ਸੰਦਰਭ 'ਚ ਕਾਫ਼ੀ ਊਣਤਾਈਆਂ ਸਨ। ਉਸਨੇ ਦੁਬਾਰਾ ਮਿਹਨਤ ਕਰਕੇ ਕਹਾਣੀਆਂ 'ਚ ਸੁਧਾਰ ਕੀਤਾ ਜਿਥੋਂ ਤੱਕ ਉਸ ਤੋਂ ਸੰਭਵ ਹੋ ਸਕਿਆ। ਕੁਝ ਸਮੇਂ ਬਾਅਦ ਉਸ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਵੀ ਹੋ ਗਿਆ। ਜਿਸ ਤਰ੍ਹਾਂ ਤੁਸਾਂ ਲਿਖਿਆ, ਉਸ ਪੁਸਤਕ ਦਾ ਵਿਮੋਚਨ ਵੀ ਹੋਇਆ, ਅਤੇ ਉਸ ਦੇ ਆਲੇ ਦੁਆਲੇ ਦੇ ਆਲੋਚਕਾਂ ਅਤੇ ਲੇਖਕਾਂ ਨੇ ਉਸ ਦੀਆਂ ਸਿਫ਼ਤਾਂ ਵੀ ਕੀਤੀਆਂ। ਦਰਅਸਲ ਲੇਖਕ ਨੂੰ ਬਹੁਤ ਬਾਅਦ 'ਚ ਪਤਾ ਲਗਦਾ ਹੈ ਕਿ ਉਸ 'ਚ ਇਕ ਚੰਗੇ ਕਹਾਣੀਕਾਰ ਹੋਣ ਦੀ ਕਿੰਨੀ ਕੁ ਪ੍ਰਤਿਭਾ ਹੈ? ਮੇਰਾ ਇਹ ਕੁਝ ਲਿਖਣ ਦਾ ਮਕਸਦ ਇਹ ਹੈ ਕਿ ਉਹ ਪਹਿਲਾਂ ਲਿਖਣ ਵੇਲੇ ਮਿਹਨਤ ਕਰਦਾ ਹੈ ਅਤੇ ਫੇਰ ਆਪਣੇ ਪੈਸੇ ਖਰਚ ਕੇ ਦੌੜ ਭੱਜ ਕਰਕੇ ਉਹ ਪੁਸਤਕ ਦਾ ਵਿਮੋਚਨ ਕਰਾਉਂਦਾ ਹੈ। ਜੇ ਉਸ 'ਚ ਕੁਦਰਤੀ ਰੂਪ ਵਿਚ ਪ੍ਰਤਿਭਾ ਹੈ ਤਾਂ ਉਸਦਾ ਲਿਖਣਾ ਅਤੇ ਪ੍ਰਕਾਸ਼ਤ ਹੋਣਾ ਜਾਰੀ ਰਹੇਗਾ, ਨਹੀਂ ਤੇ ਖ਼ਤਮ। ਇਸ ਤਰ੍ਹਾਂ ਕਰਦਿਆਂ ਉਹ ਕਿਸੇ ਦਾ ਕੁਝ ਵਿਗਾੜਦਾ ਨਹੀਂ ਹੈ।

ਕਹਾਣੀ ਦੋ ਤਰੀਕਿਆਂ ਨਾਲ ਲਿਖੀ ਜਾਂਦੀ ਹੈ, ਇਕ ਨੂੰ 'ਹੁਨਰਮੰਦ ਕਾਰੀਗਰੀ' ਕਿਹਾ ਜਾਂਦਾ ਹੈ ਅਤੇ ਦੂਸਰੀ ਨੂੰ 'ਕਲਾ'। ਬਹੁਤ ਲੇਖਕ ਹੁਨਰਮੰਦੀ ਦੇ ਸਿਰ ਤੇ ਕਹਾਣੀਆਂ ਲਿਖਦੇ ਹਨ ਪਰ ਉਨ੍ਹਾਂ 'ਚ ਸੁਭਾਵਿਕ ਕਲਾਤਮਿਕਤਾ ਨਹੀਂ ਹੁੰਦੀ। ਇਕ ਇਹ 'ਕਲਾ' ਹੁੰਦੀ ਹੈ ਜਾਂ ਨਹੀਂ ਹੁੰਦੀ। ਇਸ ਨੂੰ ਯਤਨ ਨਾਲ ਪੈਦਾ ਨਹੀਂ ਕੀਤਾ ਜਾ ਸਕਦਾ। ਉਦਾਹਰਨ ਦੇਂਦਿਆਂ ਮੈਂ ਪੰਜਾਬੀ ਦੇ ਲੇਖਕਾਂ ਰਾਮ ਸਰੂਪ ਅਣਖੀ, ਕੁਲਵੰਤ ਸਿੰਘ ਵਿਰਕ, ਪ੍ਰੇਮ ਪ੍ਰਕਾਸ਼ ਅਤੇ ਹਿੰਦੀ 'ਚ ਭੀਸ਼ਮ ਸਾਹਨੀ, ਕਮਲੇਸ਼ਵਰ, ਰਾਜਿੰਦਰ ਸਿੰਘ ਬੇਦੀ ਦਾ ਨਾਂ ਲੈ ਸਕਦਾ ਹਾਂ। ਸਆਦਤ ਹਸਨ ਮੰਟੋ ਇਨ੍ਹਾਂ ਤੋਂ ਬਹੁਤ ਵੱਖਰਾ ਅਤੇ ਇਨ੍ਹਾਂ ਜਿੰਨਾ ਹੀ ਉੱਚਾ ਹੈ। ਨਵੇਂ ਉਠਦੇ ਲੇਖਕਾਂ 'ਚ ਹੋਰ ਵੀ ਹਨ, ਜਿਨ੍ਹਾਂ ਦਾ ਨਾਂ ਇਸ ਵੇਲੇ ਯਾਦ ਨਹੀਂ ਆ ਰਹੇ। ਇਨ੍ਹਾਂ 'ਚ ਕੁਝ



ਐਸੇ ਕਹਾਣੀਕਾਰ ਵੀ ਚੰਗੀਆਂ ਕਹਾਣੀਆਂ ਲਿਖਦੇ ਹਨ, ਪਰ ਜ਼ਿਆਦਾਤਰ ਹੁਨਰਮੰਦੀ ਦੇ ਸਿਰ ਤੇ। ਮੈਂ ਬਹੁਤੇ ਨਾਮ ਨਹੀਂ ਲੈ ਰਿਹਾ, ਉਂਝ ਹੋਰ ਵੀ ਕਈ ਚੰਗੇ ਕਹਾਣੀਕਾਰ ਹਨ।

ਹੁਣ ਮੈਂ ਜੋ ਕਹਿਣਾ ਚਾਹੁੰਦਾ ਹਾਂ ਕਿ ਜ਼ਿਆਦਾ ਗੰਦਗੀ, ਪ੍ਰਦੂਸ਼ਣ ਉਹ ਲੇਖਕ ਫੈਲਾ ਰਹੇ ਹਨ ਜੋ ਸਾਹਿਤ ਦੇ ਖੇਤਰ 'ਚ ਜਾਂ ਯੂਨੀਵਰਸਿਟੀਆਂ ਜਾਂ ਕਿਸੇ ਹੋਰ ਮਹਿਕਮਿਆਂ, ਸਾਹਿਤ ਅਕਾਦਮੀਆਂ 'ਚ ਉੱਚੀਆਂ ਕੁਰਸੀਆਂ 'ਤੇ ਬੈਠੇ ਹੋਏ ਹਨ। ਉਨ੍ਹਾਂ ਦੀ ਦੂਜੇ ਜਾਂ ਤੀਜੇ ਦਰਜੇ ਦੀ ਕਿਸੇ ਪੁਸਤਕ ਦੀਆਂ ਚਰਚਾਵਾਂ ਵੀ ਹੁੰਦੀਆਂ ਹਨ, ਚਾਪਲੂਸੀਏ ਲੇਖਕਾਂ, ਆਲੋਚਕਾਂ ਅਤੇ ਅਕਾਦਮੀਆਂ ਦੁਆਰਾ। ਉਨ੍ਹਾਂ ਦੀਆਂ ਇਹ ਤੀਜੇ ਦਰਜੇ ਦੀਆਂ ਪੁਸਤਕਾਂ ਕਾਲਜਾਂ ਦੇ ਕੋਰਸਾਂ 'ਚ ਲੱਗਦੀਆਂ ਹਨ ਅਤੇ ਸਾਰੇ ਸਾਹਿਤ ਜਗਤ 'ਚ ਚਾਪਲੂਸੀ ਭ੍ਰਿਸ਼ਟਾਚਾਰੀ ਦੇ ਪਸਾਰ ਦਾ ਕਾਰਨ ਬਣਦੀਆਂ ਹਨ। ਇਹੀ ਨਹੀਂ ਉਨ੍ਹਾਂ ਦਾ ਟੀਚਾ ਕੁਝ ਹੋਰ, ਬਹੁਤ ਉੱਚਾ ਹੁੰਦਾ ਹੈ। ਇਕੋ ਇਕ ਪੁਸਤਕ ਲਿਖਕੇ ਉਹ ਸਰਕਾਰਾ, ਸਾਹਿਤ ਅਕਾਦਮੀਆਂ 'ਚੋਂ ਇਨਾਮ ਸਨਮਾਨ ਵੀ ਪ੍ਰਾਪਤ ਕਰ ਲੈਂਦੇ ਹਨ। ਵਿਡੰਬਨਾ ਇਹ ਹੈ ਕਿ ਸਭ ਕੁਝ ਜਾਣਦਿਆਂ ਸਮਝਦਿਆਂ ਹੋਇਆ ਵੀ ਕੋਈ ਸਾਹਿਤਕ ਪਰਚਾ ਉਨ੍ਹਾਂ ਹਸਤੀਆਂ ਬਾਰੇ ਟਿਪਣੀਆਂ ਨਹੀਂ ਕਰਦਾ। ਆਪਸ 'ਚ ਗੱਲਾਂ ਬੇਸ਼ਕ ਕਰਦੇ ਰਹਿੰਦੇ ਹਨ। ਪਰ ਲਿਖਤੀ ਰੂਪ 'ਚ ਇਹ ਚੁੱਪ ਪੰਜਾਬੀ ਸਾਹਿਤ ਦੇ ਖੇਤਰ 'ਚ ਬਹੁਤ ਨੁਕਸਾਨ ਪੁਚਾ ਰਹੀ ਹੈ।

ਇਸ ਵੇਲੇ ਮੈਨੂੰ ਪੰਜਾਬੀ ਦੇ ਇਕ ਲੇਖਕ ਦਾ ਨਾਮ ਯਾਦ ਆ ਰਿਹਾ ਹੈ ਜਿਸ ਦੀ ਪ੍ਰਕਾਸ਼ਤ ਪੁਸਤਕ ਬਾਰੇ ਪੰਜਾਹ ਸੈਮੀਨਾਰ ਹੋਏ, ਆਲੋਚਕਾਂ ਦੁਆਰਾ ਇਕਵੰਜਾ ਲੇਖ ਲਿਖੇ ਗਏ। ਇਨਾਮ ਸਨਮਾਨ ਵੀ ਬਥੇਰੇ ਮਿਲੇ, ਜਿਨ੍ਹਾਂ ਬਾਰੇ ਮੈਨੂੰ ਯਾਦ ਨਹੀਂ। ਇਸ ਤਰ੍ਹਾਂ ਦੇ ਹੋਰ ਵੀ ਬਥੇਰੇ ਰਚਨਾਕਾਰ ਆਪਣੇ ਬੰਦੇ ਗੰਢਣ ਵਾਲੇ ਥਾਂ ਥਾਂ ਤੇ ਮਿਲ ਜਾਂਦੇ ਹਨ। ਪਰ ... ਪਰ ਇਕ ਚੰਗੇ ਲੇਖਕ ਦਾ ਅਸਲੀ ਫਰਜ਼ ਇਹੀ ਹੁੰਦਾ ਹੈ ਕਿ ਉਸ ਦੇ ਪਾਠਕ ਕਿੰਨੇ ਹਨ? ਕਿਸ ਤਰ੍ਹਾਂ ਦੇ ਹਨ।

ਐਨ. ਬੀ. ਟੀ. ਨਵੀਂ ਦਿੱਲੀ ਦੀ ਇਕ ਪੁਸਤਕ ਪ੍ਰਦਰਸ਼ਨੀ 'ਚ ਮੈਂ ਪੰਜਾਬੀ ਦੇ ਤਕਰੀਬਨ ਦਸ ਲੇਖਕਾਂ ਦੀਆਂ ਪੁਸਤਕਾਂ ਵੇਖੀਆਂ, ਜੋ ਹਿੰਦੀ 'ਚ ਅਨੁਵਾਦਤ ਕਰਵਾਈਆਂ ਗਈਆਂ ਹਨ। ਪੁੱਛਣ 'ਤੇ ਪਤਾ ਲੱਗਿਆ ਕਿ ਇਨ੍ਹਾਂ 'ਚ ਕੇਵਲ ਦੋ ਪੁਸਤਕਾਂ ਦੇ ਖਰੀਦਦਾਰ ਹੀ ਆਉਂਦੇ ਹਨ। ਬਾਕੀ ਦੀਆਂ ਬਕਸਿਆਂ 'ਚ ਹੀ ਬੰਦ ਰਹਿੰਦੀਆਂ ਹਨ। ਇਹ ਅੱਠ ਪੁਸਤਕਾਂ ਕਿਵੇਂ ਪ੍ਰਕਾਸ਼ਤ ਹੋਈਆਂ? ਇਸ ਦਾ ਅਨੁਵਾਦ ਕਿਵੇਂ ਕਰਵਾਇਆ ਗਿਆ, ਪਾਠਕ ਆਪ ਹੀ ਅੰਦਾਜ਼ਾ ਲਾ ਸਕਦੇ ਹਨ।

ਮੈਂ ਇਹ ਦਾਅਵਾ ਵੀ ਨਹੀਂ ਕਰਦਾ ਕਿ ਜੋ ਮੈਂ ਲਿਖਿਆ ਉਹ ਸਹੀ ਹੈ। ਪਰ ਆਪਣੀ ਸੀਮਤ ਸੂਝ ਅਤੇ ਅਨੁਭਵਾਂ ਅਨੁਸਾਰ ਜੋ ਸਮਝ 'ਚ ਆਇਆ ਲਿਖ ਦਿੱਤਾ ਹੈ। ਪਾਠਕਾਂ ਨੂੰ ਜੇ ਚੰਗਾ ਲੱਗੇ ਆਪਣਾ ਲੈਣ। ਜੇ ਚੰਗਾ ਨਾ ਲੱਗੇ ਉਸ ਨੂੰ ਖ਼ਾਰਜ ਕਰ ਦੇਣ।

**- ਮਨਮੋਹਨ ਬਾਵਾ ਵਾਈ-30, ਰੋਜ਼ ਖਾਸ , ਨਵੀਂ ਦਿੱਲੀ।**

'ਕਹਾਣੀ ਧਾਰਾ' ਅੰਕ 54 ਪੜ੍ਹਨ ਨੂੰ ਮਿਲਿਆ। ਇਸ ਵਾਰ ਤੁਸੀਂ ਚੰਗੀਆਂ ਕਹਾਣੀਆਂ ਛਾਪੀਆਂ ਹਨ। ਮੈਨੂੰ ਦਵਿੰਦਰ ਮੰਡ ਦੀ ਕਹਾਣੀ 'ਪੇਜ ਨੰਬਰ ਦੋ ਸੋ ਛਪੰਜਾ' ਬਹੁਤ ਅੱਛੀ ਲੱਗੀ ਹੈ। ਤੁਸੀਂ ਮੰਡ ਦੀ ਕਿਤਾਬ ਵੀ ਛਾਪੀ ਹੈ, ਮੈਨੂੰ ਉਹ ਜ਼ਰੂਰ ਭੇਜਣਾ। ਬਾਕੀ ਕਰਮਜੀਤ ਨਡਾਲਾ ਦੀ ਕਹਾਣੀ ਵੀ ਸੋਹਣੀ ਹੈ। ਦੋਵੇਂ ਕਹਾਣੀਆਂ ਔਰਤ ਮਰਦ ਦੇ ਸਬੰਧਾਂ ਦੀਆਂ ਕਈ ਪਰਤਾਂ ਖੋਹਲੀਆਂ ਹਨ। ਤੁਸੀਂ ਨਵੀਆਂ ਚੰਗੀਆਂ ਪੁਸਤਕਾਂ 'ਤੇ ਲੇਖ ਛਾਪਣ ਦਾ ਆਪਣਾ ਮਿਆਰ ਪਹਿਲਾਂ ਵਾਂਗ ਕਾਇਮ ਰੱਖਿਆ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਸਾਨੂੰ ਚੰਗੀਆਂ ਪੁਸਤਕਾਂ ਪੜ੍ਹਨ ਦਾ ਉਤਸ਼ਾਹ ਮਿਲਦਾ ਹੈ। ਮੇਰਾ ਸਟੱਡੀ ਟੇਬਲ ਵੀ ਨਵੀਆਂ ਪੁਸਤਕਾਂ ਤੇ ਪਰਚਿਆਂ ਬਾਰੇ ਜਾਣਕਾਰੀ ਦਿੰਦਾ ਹੈ। **-ਨਛੱਤਰ ਸਿੰਘ ਛੀਨਾ**, ਸੁਨੇਤ, ਲੁਧਿਆਣਾ